
ਕਿਉਂ ਕੀਤੋ ਵੇਸਾਹੁ ?



ਨਰੈਣ ਸਿੰਘ

ISBN 81-7205-003-8

ਪਹਿਲੀ ਵਾਰ ਫ਼ਰਵਰੀ 1986
ਚੌਥੀ ਵਾਰ ਦਸੰਬਰ 1990
ਸਤੰਬਰ 1992, ਮਾਰਚ 1995, ਮਈ 1998
ਅਠਵੀਂ ਵਾਰ ਫ਼ਰਵਰੀ 2003

ਮੁੱਲ : 40-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

ਪ੍ਰਿੰਟਰਜ਼ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

2

ਤਤਕਰਾ

ਅਰੰਭਕ ਸ਼ਬਦ

ਹਿੰਦੁਸਤਾਨ ਵਿਚ ਵੱਸਦੀਆਂ ਹੋਰ ਕੌਮਾਂ : ਹਿੰਦੂ, ਮੁਸਲਮਾਨ, ਬੋਧੀ, ਜੈਨੀ, ਈਸਾਈ ਆਦਿ ਦੇ ਮੁਕਾਬਲੇ ਵਿਚ ਸਿਖ ਇਕ ਅਤਿ ਨਿਆਣੀ ਅਤੇ ਘੱਟ-ਗਿਣਤੀ ਕੌਮ ਹੈ। ਇਸ ਦੀ ਉਮਰ ਦੂਜੀਆਂ ਹਜ਼ਾਰਾਂ ਬਰਸਾਂ ਦੀ ਆਯੂ ਵਾਲੀਆਂ ਕੌਮਾਂ ਦੇ ਸਾਹਮਣੇ ਕੇਵਲ ਪੰਜ ਕੁ ਸੌ ਵਰ੍ਹੇ ਹੈ ਅਤੇ ਗਿਣਤੀ ਦੇਸ਼ ਭਰ ਅੰਦਰ ਕੇਵਲ 1.8 ਫ਼ੀਸਦੀ ਹੈ। ਹਰ ਧਰਮ ਕੁੱਝ ਵਿਸ਼ੇਸ਼ ਚੰਗਿਆਈਆਂ ਅਤੇ ਗੁਣਾਂ, ਜੋ ਉਸ ਤੋਂ ਪਹਿਲੇ ਧਰਮ ਗੁਆ ਚੁੱਕੇ ਹੁੰਦੇ ਹਨ, ਦੇ ਪੁਨਰ-ਨਿਰਮਾਣ ਲਈ ਹੋਂਦ ਵਿਚ ਆਇਆ ਕਰਦਾ ਹੈ। ਇਉਂ ਹੀ ਜਦੋਂ ਹਿੰਦੂ ਮੁਸਲਮਾਨ ਆਦਿ ਧਰਮ ਆਪਣੇ ਅਸਲੇ ਤੋਂ ਥਿੜਕ ਚੁੱਕੇ ਸਨ ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਸਚੁ ਕਿਨਾਰੇ ਰਹਿ ਗਿਆ ਖ਼ਹਿ ਮਰਦੇ ਬਾਮ੍ਹਣਿ ਮਉਲਾਣੇ' (੧/੨੧), ਵਾਲੀ ਦਸ਼ਾ ਵਾਪਰ ਚੁੱਕੀ ਸੀ ਤਾਂ ਸਿਖ ਧਰਮ ਦਾ ਜਨਮ ਹੋਇਆ। ਇਸਦੇ ਨਿਰਮਾਤਾ ਜੀ ਨੇ ਪਹਿਲੇ ਧਰਮਾਂ ਵਿਚ ਆਈਆਂ ਊਣਤਾਈਆਂ ਦੂਰ ਕਰਨ ਅਤੇ ਮਨੁੱਖੀ ਸਮਾਨਤਾ ਤੇ ਆਪਸੀ ਪਿਆਰ ਪਰਸਾਰਨ ਦੇ ਜਤਨ ਕੀਤੇ।

ਇਹ ਸਮਾਨਤਾ ਬ੍ਰਾਹਮਣ ਤੇ ਮੌਲਵੀ ਦੀ ਸਮਾਜ ਅੰਦਰ ਬਣ ਚੁੱਕੀ ਵਡਿਆਈ ਲਈ ਭਾਰਾ ਚੈਲੰਜ ਸੀ, ਜਿਸਨੇ ਇਨ੍ਹਾਂ ਨੂੰ ਸਿਖ ਧਰਮ ਤੇ ਸਿਖ ਸਮਾਜ ਦੇ ਵਿਰੋਧ ਲਈ ਤਤਪਰ ਕਰ ਦਿੱਤਾ। ਇਹ ਵਿਰੋਧ ਏਨਾ ਜ਼ੋਰ ਫੜ ਚੁੱਕਾ ਹੈ ਕਿ ਸਿਖ ਦੀ ਹੋਂਦ ਉਨ੍ਹਾਂ ਲਈ ਖ਼ਤਰੇ ਦੀ ਘੰਟੀ ਪ੍ਰਤੀਤ ਹੁੰਦੀ ਹੈ। ਉਨ੍ਹਾਂ ਦਾ ਯਤਨ ਹੈ ਕਿ ਜਾਂ ਤਾਂ ਸਿਖ ਆਪਣੇ ਆਪ ਨੂੰ ਵਿਸ਼ਾਲ ਬਹੁ-ਗਿਣਤੀ ਅੰਦਰ ਸਮੋਇਆ ਗਿਆ ਸਮਝ ਕੇ ਆਪਣੇ ਵੱਖਰੇਪਣ ਵੱਲੋਂ ਹੱਥ ਧੋ ਲੈਣ ਅਤੇ ਜੇ ਉਹ ਇਉਂ ਨਾ ਕਰਨ ਤਾਂ ਉਨ੍ਹਾਂ ਨੂੰ ਦੇਸ਼ ਦਾ ਦੁਸ਼ਮਣ ਗਰਦਾਨ ਕੇ ਅਤੇ ਉਨ੍ਹਾਂ 'ਤੇ ਉਹ ਸਾਰੇ ਹਰਬੇ ਵਰਤੇ ਜਾਣ ਜੋ ਆਪਣੇ ਦੁਸ਼ਮਣ ਲਈ ਕੋਈ ਵਰਤਦਾ ਹੈ। ਅਜਿਹਾ ਕਰਨ ਲਈ ਸਭ ਤੋਂ ਸੌਖਾ ਸਾਧਨ ਵਿਰੋਧੀ ਦਾ ਵਿਸਾਹਘਾਤ ਕਰਨਾ ਹੁੰਦਾ ਹੈ, ਜਿਸ ਲਈ ਸਮੇਂ ਦੀ ਹਕੂਮਤ ਨੇ ਓਹੋ ਕੁੱਝ ਕੀਤਾ ਅਤੇ ਕਰ ਰਹੀ ਹੈ, ਜਿਸ ਰਾਹੀਂ ਉਨ੍ਹਾਂ ਨੂੰ ਸਫਲਤਾ ਪ੍ਰਾਪਤ ਹੋਵੇ।

ਇਸ ਦਾ ਵਿਸਥਾਰ ਦੇਣ ਹਿੱਤ *ਕਿਉਂ ਕੀਤੋ ਵੇਸਾਹੁ* ਦੇ ਸਿਰਲੇਖ ਹੇਠ ਇਹ ਪੁਸਤਕ ਪ੍ਰਕਾਸ਼ਤ ਕੀਤੀ ਜਾ ਰਹੀ ਹੈ, ਤਾਂਕਿ ਹਰ ਕੋਈ ਇਸਦੀ ਸੱਚਾਈ ਨੂੰ ਜਾਣ ਸਕੇ। ਇਸ ਵਿਚ ਦਰਜ ਹਰ ਵਾਕਿਆ ਅਤੇ ਹਰ ਕਥਨ ਲੋੜੀਂਦੇ ਹਵਾਲਿਆਂ ਸਹਿਤ ਪੇਸ਼ ਕੀਤਾ ਗਿਆ ਹੈ।

—ਨਰੈਣ ਸਿੰਘ

ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ

ਸੱਤਵੀਂ ਐਡੀਸ਼ਨ

ਇਹ ਪੁਸਤਕ ਪਿਛਲੀ ਅੱਧੀ ਸਦੀ ਵਿਚ ਸਿਖ ਕੌਮ ਨਾਲ ਕਮਾਏ ਗਏ ਧ੍ਰੋਹ ਦੀ ਗਾਥਾ ਨੂੰ ਬਿਨਾਂ ਕਿਸੇ ਪੱਖ-ਪਾਤ ਤੋਂ ਚਿਤਰਣ ਵਾਲੀ ਇਕ ਭਰੋਸੇਯੋਗ ਤੇ ਪਰਮਾਣਿਕ ਰਚਨਾ ਹੈ। ਵਿਦਵਾਨ-ਪਾਠਕਾਂ ਵੱਲੋਂ ਆ ਰਹੀ ਮੰਗ ਨੂੰ ਮੁੱਖ ਰੱਖਦਿਆਂ ਇਸ ਪੁਸਤਕ ਦਾ ਪੁਨਰ-ਪ੍ਰਕਾਸ਼ਨ ਕੀਤਾ ਜਾ ਰਿਹਾ ਹੈ। ਅਸੀਂ ਸਵਰਗੀਯ ਸ. ਨਰੈਣ ਸਿੰਘ ਜੀ ਦੇ ਸਪੁੱਤਰ ਸ. ਜੋਗਿੰਦਰ ਸਿੰਘ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਪੁਸਤਕ ਦੀ ਪੁਨਰ-ਪ੍ਰਕਾਸ਼ਨਾ ਦੀ ਆਗਿਆ ਫਿਰ ਸਾਨੂੰ ਦਿੱਤੀ ਹੈ। ਇਸ ਪੁਸਤਕ ਦੀ ਬਣਦੀ ਰਾਇਲਟੀ ਵੀ ਉਨ੍ਹਾਂ ਨੇ ਆਪ ਲੈਣ ਦੀ ਬਜਾਏ ਸ. ਨਰੈਣ ਸਿੰਘ ਮੈਮੋਰੀਅਲ ਟ੍ਰਸਟ (ਰਜਿ:), ਪਟਿਆਲਾ ਨੂੰ ਹੀ ਦਿਵਾਈ ਹੈ। ਉਨ੍ਹਾਂ ਦੇ ਇਸ ਫ਼ੈਸਲੇ ਦੀ ਪ੍ਰਸੰਸਾ ਕਰਨੀ ਬਣਦੀ ਹੈ।

—ਪ੍ਰਕਾਸ਼ਕ

(1)

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥ *(ਸਿਰੀਰਾਗੁ ਮ: ੧, ਪੰਨਾ 55)*

ਦੁਨੀਆ ਭਰ ਦੀ ਸਾਰੀ ਮਨੁੱਖ ਜਾਤੀ ਵਿਚ ਸਿੱਖਾਂ ਦੀ ਵਸੋਂ ਨਾਮ-ਮਾਤਰ ਹੀ ਹੈ। ਹਿੰਦੁਸਤਾਨ, ਜੋ ਸਿੱਖਾਂ ਦੀ ਜਨਮ-ਭੂਮੀ ਹੈ, ਵਿਚ ਵੀ ਸਿਖ ਆਬਾਦੀ 1.8 ਫ਼ੀਸਦੀ ਅਥਵਾ ਹਰ ਸੌ ਮਨੁੱਖਾਂ ਵਿਚ ਸਿਖ ਦੋ ਤੋਂ ਵੀ ਘੱਟ ਹਨ। ਪ੍ਰੰਤੂ ਏਨੀ ਘੱਟ ਗਿਣਤੀ ਹੁੰਦੇ ਹੋਏ ਸਿਖ ਆਪਣੀ ਸ਼ਕਲ-ਸੂਰਤ (ਦਾੜ੍ਹੀ ਅਤੇ ਸਿਰ ਪਰ ਕੇਸ ਤੇ ਦਸਤਾਰ) ਸਦਕਾ ਅਤੇ ਦਲੇਰੀ, ਸੂਰਬੀਰਤਾ, ਨਿਡਰਤਾ ਤੇ ਅਤੀਅੰਤ ਮਿਹਨਤੀ ਸੁਭਾ ਹੋਣ ਕਰਕੇ ਸਮੂਹ ਸੰਸਾਰ ਅੰਦਰ ਜਾਣੇ ਜਾਂਦੇ ਹਨ। ਪਹਿਲੇ ਸਮਿਆਂ ਅਥਵਾ ਅਠਾਰ੍ਹਵੀਂ ਸਦੀ ਦੇ ਅੰਤ ਤਕ ਇਨ੍ਹਾਂ ਦੀ ਸਚਾਈ ਇਕ ਮੰਨੀ ਹੋਈ ਗੱਲ ਸੀ ਅਤੇ ਆਪਣੇ ਸਿਰੜ ਵਿਚ ਏਨੇ ਪੱਕੇ ਸਨ ਕਿ ਜਾਨ ਬੇਸ਼ੱਕ ਚਲੀ ਜਾਏ, ਸਿਰੜ ਨਹੀਂ ਛੱਡਦੇ ਸਨ।

ਇਨ੍ਹਾਂ ਦੀਆਂ ਅਜਿਹੀਆਂ ਖ਼ੂਬੀਆਂ ਹੀਂ ਕਾਰਨ ਸਨ ਕਿ ਕੇਵਲ ਮੁੱਠੀ ਭਰ ਹੁੰਦੇ ਹੋਏ ਇਨ੍ਹਾਂ ਉਸ ਸਮੇਂ ਦੀ ਮੁਗ਼ਲ ਹਕੂਮਤ ਅਤੇ ਬਾਹਰ ਤੋਂ ਹਮਲੇ ਕਰਨ ਵਾਲੇ ਨਾਦਰ ਅਤੇ ਅਬਦਾਲੀ ਜਿਹੇ ਜਾਬਰ ਪਠਾਣਾਂ ਦੇ ਗੋਡੇ ਲੁਆ ਦਿੱਤੇ ਅਤੇ ਭਾਵੇਂ ਹਜ਼ਾਰਹਾ ਦੀ ਗਿਣਤੀ ਵਿਚ ਇਹ ਮਾਰੇ ਗਏ, ਬਲਕਿ ਅਠਾਰ੍ਹਵੀਂ ਸਦੀ ਵਿਚ ਸੰਬੰਧਤ ਹੁਕਮਰਾਨਾਂ ਵੱਲੋਂ ਵਾਰ-ਵਾਰ ਅਜਿਹੇ ਹੁਕਮ ਜਾਰੀ ਕਰਨ, ਕਿ ਸਿਖ ਜਿਥੇ ਵੀ ਨਜ਼ਰ ਪਵੇ, ਕਤਲ ਕਰ ਦਿੱਤਾ ਜਾਏ, ਦੇ ਬਾਵਜੂਦ, ਇਨ੍ਹਾਂ ਦੀ ਚੜ੍ਹਦੀ ਕਲਾ ਵਿਚ ਫ਼ਰਕ ਨਹੀਂ ਪਿਆ ਅਤੇ ਉਸ ਸਦੀ ਦੇ ਅੰਤਲੇ ਦਹਾਕਿਆਂ ਤਕ ਇਹ ਮੁੱਠੀ ਭਰ ਸਿਖ ਸਾਰੇ ਪੰਜਾਬ (ਦਿੱਲੀ ਤੋਂ ਕਾਬਲ ਤਕ) ਛਾ ਗਏ ਅਤੇ 1799 ਵਿਚ ਇਨ੍ਹਾਂ ਪੰਜਾਬ ਅੰਦਰ 'ਸਰਕਾਰ ਖ਼ਾਲਸਾ' ਕਾਇਮ ਕਰ ਲਈ। ਭਾਵੇਂ ਸਰਕਾਰ ਖ਼ਾਲਸਾ ਦੀ ਧਾਂਕ ਕੇਵਲ ਪੰਜਾਹ ਕੁ ਸਾਲ ਹੀ ਰਹਿ ਸਕੀ, ਜਿਸ ਪਿੱਛੋਂ ਇਨ੍ਹਾਂ ਦੀ ਆਪੋ ਵਿਚ ਦੀ ਫੁੱਟ ਅਤੇ ਭਰਾ-ਮਾਰੂ ਨੀਤੀ ਅਤੇ ਡੋਗਰੇ ਰਾਜਾ ਧਿਆਨ ਸਿੰਘ ਅਤੇ

ਸਿਖ ਫ਼ੌਜਾਂ ਦੇ ਭਈਏ ਜਰਨੈਲ ਲਾਲ ਸਿੰਘ ਦੇ ਵਿਸਾਹਘਾਤ ਕਾਰਨ ਇਨ੍ਹਾਂ ਨੂੰ ਹੇਠੀ ਦਾ ਮੂੰਹ ਵੇਖਣਾ ਪਿਆ ਅਤੇ ਇਹ ਆਪਣਾ ਰਾਜ-ਭਾਗ ਗਵਾ ਬੈਠੇ।

ਅੰਗਰੇਜ਼ ਦੀ ਕੂਟਲ ਨੀਤੀ ਤੇ ਆਪਸੀ ਫੁੱਟ ਕਾਰਨ ਭਾਵੇਂ ਇਹ ਰਾਜ ਵੱਲੋਂ ਤਾਂ ਹੱਥ ਧੋ ਬੈਠੇ, ਪਰ ਅੰਗਰੇਜ਼ ਦੇ ਮਨ 'ਤੇ ਇਨ੍ਹਾਂ ਆਪਣੀ ਦਲੇਰੀ ਤੇ ਸੂਰਬੀਰਤਾ ਦੀ ਐਸੀ ਛਾਪ ਲਾ ਦਿੱਤੀ ਸੀ ਕਿ ਥੋੜ੍ਹਾ ਸਮਾਂ ਹੋਰ ਬੀਤਣ ਉਪ੍ਰੰਤ ਅੰਗਰੇਜ਼ ਨੇ ਇਨ੍ਹਾਂ ਲਈ ਫ਼ੌਜੀ ਨੌਕਰੀ ਦਾ ਰਾਹ ਖੋਲ੍ਹ ਦਿੱਤਾ। ਅੰਗਰੇਜ਼ ਦੀਆਂ ਹਿੰਦੁਸਤਾਨੀ ਫ਼ੌਜਾਂ ਵਿਚ ਸਿਖ ਗਿਣਤੀ ਦਿਨੋ-ਦਿਨ ਵਧਣ ਲੱਗੀ ਅਤੇ ਥੋੜ੍ਹੇ ਸਮੇਂ ਵਿਚ ਹੀ ਇਹ 30 ਫ਼ੀਸਦੀ ਤਕ ਪੁੱਜ ਗਈ।

ਭਾਵੇਂ ਸਿੱਖਾਂ ਨੇ ਘਰਾਂ ਵਿਚ ਬੇਰੁਜ਼ਗਾਰ ਬੈਠੇ ਰਹਿਣ ਨਾਲੋਂ ਫ਼ੌਜੀ ਨੌਕਰੀ ਕਰ ਲੈਣ ਨੂੰ ਤਰਜੀਹ ਦਿੱਤੀ ਅਤੇ ਬਹੁਤ ਸਾਰੇ ਸਿਖ ਨੌਕਰ ਹੋ ਗਏ, ਪ੍ਰੰਤੂ ਵਿਚ-ਵਿਚ ਐਸੇ ਸਿੰਘ ਵੀ ਸਨ ਜੋ ਬਦੇਸ਼ੀ ਸਰਕਾਰ ਦਾ ਨੌਕਰ ਹੋਣ ਨੂੰ ਬੁਰਾ ਸਮਝਦੇ ਸਨ। ਇਨ੍ਹਾਂ ਵਿਚ ਹੀ ਬਾਬਾ ਰਾਮ ਸਿੰਘ ਨਾਮਧਾਰੀ ਸਨ। ਉਨ੍ਹਾਂ ਨੇ ਸਰਕਾਰ ਨਾਲ ਨਾ-ਮਿਲਵਰਤਣ ਦੀ ਲਹਿਰ ਉਸ ਸਮੇਂ ਚਲਾਈ, ਜਦੋਂ ਕਾਂਗਰਸ ਅਜੇ ਜਨਮੀ ਭੀ ਨਹੀਂ ਸੀ। ਇਸ ਦੇ ਨਾਲ ਹੀ ਨਾਮਧਾਰੀ ਸਿੰਘਾਂ ਨੂੰ ਸਰਕਾਰ ਦੇ ਵਿਰੋਧ ਲਈ ਇਹ ਬਹਾਨਾ ਭੀ ਮਿਲ ਗਿਆ ਸੀ ਕਿ ਉਨ੍ਹਾਂ ਬੁੱਚੜਖ਼ਾਨੇ ਚਾਲੂ ਕੀਤੇ ਅਤੇ ਇਨ੍ਹਾਂ ਵਿਚ ਗਊ-ਕਸ਼ੀ ਦੀ ਆਗਿਆ ਦੇ ਰੱਖੀ ਸੀ। ਨਾਮਧਾਰੀਆਂ ਬੁੱਚੜਖ਼ਾਨਿਆਂ 'ਤੇ ਹਮਲਾ ਕਰ ਕੇ ਕਈ ਬੁੱਚੜ ਮਾਰ ਦਿੱਤੇ ਅਤੇ ਇਕ ਫ਼ੌਜੀ ਸੈਂਟਰ ਅੰਦਰ ਭੀ ਬਗ਼ਾਵਤ ਕਰ ਦਿੱਤੀ, ਜਿਸ 'ਤੇ 95 ਨਾਮਧਾਰੀਆਂ ਦਾ ਕੋਰਟ ਮਾਰਸ਼ਲ ਹੋਇਆ। 1872 ਵਿਚ ਇਨ੍ਹਾਂ ਇਕ ਸਰਕਾਰੀ ਅਸਲਾ-ਘਰ ਲੁੱਟਿਆ ਅਤੇ ਕਈ ਹਥਿਆਰ ਲੈ ਗਏ, ਜਿਸ ਕਾਰਨ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਬਾਰਾਂ ਹੋਰ ਸਾਥੀਆਂ ਨੂੰ ਦੇਸ਼-ਨਿਕਾਲਾ ਦੇ ਕੇ ਬਰਮਾ ਅੰਦਰ ਕੈਦ ਕੀਤਾ ਗਿਆ ਅਤੇ ਅਸਲਾ ਲੁੱਟਣ ਵਾਲੇ 64 ਨਾਮਧਾਰੀ ਤੋਪਾਂ ਸਾਹਮਣੇ ਖੜੇ ਕਰ ਕੇ ਉੜਾ ਦਿੱਤੇ ਗਏ।

ਇਸ ਦੌਰਾਨ ਅੰਗਰੇਜ਼ ਨੂੰ ਦੋ ਵਿਸ਼ਵ ਜੰਗਾਂ—1914 ਤੇ 1939 ਵਿਚ ਭਾਗ ਲੈਣਾ ਪਿਆ ਅਤੇ ਹਿੰਦੁਸਤਾਨੀ ਫ਼ੌਜਾਂ, ਜਿਨ੍ਹਾਂ ਵਿਚ ਕਾਫ਼ੀ ਗਿਣਤੀ ਵਿਚ ਸਿਖ ਸਨ, ਨੂੰ ਯੂਰਪ, ਅਫ਼ਰੀਕਾ ਅਤੇ ਮੱਧ ਏਸ਼ੀਆ ਵਿਚ ਕਿਤਨੀਆਂ ਹੀ ਲੜਾਈਆਂ ਲੜਨੀਆਂ ਪਈਆਂ, ਜਿਨ੍ਹਾਂ ਵਿਚ ਸਿੱਖਾਂ ਦੀ ਬਹਾਦਰੀ ਦੀ ਧਾਂਕ ਪੈ ਗਈ। ਇਸੇ ਸਦਕਾ ਸਿਖ ਦੁਨੀਆ ਦੇ ਕੋਨੇ-ਕੋਨੇ ਅੰਦਰ ਜਾਣੇ ਜਾਣ ਲੱਗੇ।

ਉੱਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਅੰਦਰ ਹਿੰਦੁਸਤਾਨ ਨੂੰ ਅੰਗਰੇਜ਼ ਤੋਂ ਆਜ਼ਾਦ ਕਰਾਉਣ ਦੀ ਲਹਿਰ ਸ਼ੁਰੂ ਹੋ ਗਈ ਸੀ। ਇਹੋ ਸਮਾਂ ਹੀ ਪੰਜਾਬ ਅੰਦਰ ਈਸਾਈ ਮਿਸ਼ਨਰੀਆਂ, ਕਾਦੀਆਂ ਦੇ ਮਿਰਜ਼ਈਆਂ ਅਤੇ ਸੁਆਮੀ ਦਯਾ ਨੰਦ ਦੀ

ਚਲਾਈ ਆਰੀਆ ਸਮਾਜੀ ਲਹਿਰਾਂ ਦੇ ਜ਼ੋਰ ਫੜਨ ਦਾ ਸੀ, ਜਿਨ੍ਹਾਂ ਦੇ ਪ੍ਰਚਾਰ ਅਧੀਨ ਸਿਖ ਨੌਜਵਾਨਾਂ ਨੂੰ ਸਿੱਖੀ ਵੱਲੋਂ ਮੂੰਹ ਮੋੜ ਕੇ ਇਨ੍ਹਾਂ ਅੰਦਰ ਸ਼ਾਮਲ ਹੋਣ ਦੀ ਪ੍ਰੇਰਨਾ ਮਿਲ ਰਹੀ ਸੀ, ਜਿਸ ਤੋਂ ਸਿੱਖਾਂ ਨੂੰ ਸੁਚੇਤ ਕਰਨ ਲਈ ਸੰਨ 1872 ਵਿਚ ਸਿੰਘ ਸਭਾ ਦੀ ਸਥਾਪਨਾ ਹੋਈ ਅਤੇ ਥਾਂ-ਪਰ-ਥਾਂ ਸਿੰਘ ਸਭਾਵਾਂ ਕਾਇਮ ਹੋ ਕੇ ਸਿੱਖੀ ਪ੍ਰਚਾਰ ਅਰੰਭ ਹੋਇਆ। ਇਸ ਤੋਂ ਛੇਤੀ ਪਿੱਛੋਂ ਸਿਖ ਐਜੂਕੇਸ਼ਨਲ ਕਮੇਟੀ ਦੀ ਸਰਪ੍ਰਸਤੀ ਹੇਠ ਥਾਉਂ-ਥਾਈਂ ਖ਼ਾਲਸਾ ਸਕੂਲ ਖੋਲ੍ਹਣੇ ਅਰੰਭ ਹੋਏ।

ਇਸ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਟਾਵੇਂ-ਟਾਵੇਂ ਸਿਖ ਨੌਕਰੀਆਂ ਦੀ ਭਾਲ ਵਿਚ ਪਰਦੇਸੀਂ ਜਾਣੇ ਸ਼ੁਰੂ ਹੋ ਗਏ ਸਨ, ਪਹਿਲੋਂ ਸ਼ਿੰਘਾਈ, ਹਾਂਗਕਾਂਗ, ਸਿੰਗਾਪੁਰ ਆਦਿ ਥਾਈਂ, ਪਰ ਜਲਦੀ ਹੀ ਵਧੇਰੇ ਰੁਖ਼ ਕੈਨੇਡਾ ਵੱਲ ਹੋਇਆ ਅਤੇ ਬਹੁਤ ਸਾਰੇ ਸਿੱਖਾਂ ਨੇ ਕੈਨੇਡਾ ਵਿਚ ਫ਼ਾਰਮ ਕਾਇਮ ਕਰ ਲਏ ਅਤੇ ਕਈ ਤਰ੍ਹਾਂ ਦੇ ਹੋਰ ਵਿਹਾਰ-ਕਾਰ ਕਰਨੇ ਆਰੰਭ ਦਿੱਤੇ। ਸੰਨ 1914 ਦੀ ਕਾਮਾਗਾਟਾ ਮਾਰੂ ਜਹਾਜ਼ ਦੀ ਵਾਰਤਾ ਅਤੇ ਕੈਨੇਡਾ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਹਿਰ ਵਿਸ਼ੇਸ਼ ਕਰਕੇ ਉਥੇ ਜਾ ਵੱਸੇ ਸਿੱਖਾਂ ਵੱਲੋਂ ਚਲਾਈ ਗਈ ਸੀ, ਜਿਸ ਦੇ ਫਲ-ਸਰੂਪ ਪੰਜਾਬ ਅੰਦਰ ਕੈਨੇਡਾ ਤੋਂ ਵਾਪਸ ਮੁੜੇ ਬਹੁਤ ਸਾਰੇ ਸਿੱਖਾਂ ਤੇ ਸਾਜ਼ਸ਼ (Conspiracy) ਕੇਸ ਚਲਾਏ ਗਏ, ਜਿਸ ਦੇ ਸਿੱਟੇ ਵਜੋਂ ਕਿਤਨੇ ਹੀ ਸਿਖ ਫਾਂਸੀ ਲੱਗੇ, ਕਈ ਉਮਰ ਭਰ ਲਈ ਕਾਲੇ ਪਾਣੀ ਭੇਜੇ ਗਏ ਅਤੇ ਕਈਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ। 1914 ਤੋਂ 1918 ਦੇ ਵਿਸ਼ਵ ਜੰਗ, ਉਪ੍ਰੰਤ ਹਿੰਦੁਸਤਾਨ ਅੰਦਰ ਰੋਲਟ ਐਕਟ ਦਾ ਲਾਗੂ ਹੋਣਾ ਅਤੇ ਇਸ ਦੇ ਫਲ-ਸਰੂਪ 1919 ਦਾ ਪੰਜਾਬ ਅੰਦਰ ਮਾਰਸ਼ਲ-ਲਾਅ ਅਤੇ 13 ਅਪ੍ਰੈਲ 1919 ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲਾ ਬਾਗ਼ ਕਾਂਡ, ਇਸੇ ਦੇਸ਼ ਆਜ਼ਾਦ ਕਰਾਉਣ ਦੀ ਲਹਿਰ ਦੀਆਂ ਘਟਨਾਵਾਂ ਸਨ, ਜਿਨ੍ਹਾਂ ਵਿਚ ਸਿਖ ਆਪਣੀ ਅਤਿ ਕਲੀਲ ਗਿਣਤੀ ਦੇ ਬਾਵਜੂਦ ਸਾਰੀਆਂ ਹਿੰਦ ਵਾਸੀ ਕੌਮਾਂ (ਹਿੰਦੂ, ਮੁਸਲਮਾਨ, ਈਸਾਈ, ਬੋਧੀ, ਆਦਿ) ਤੋਂ ਪੇਸ਼ ਰਿਹਾ ਹੈ। ਦੇਸ਼ ਦੀ ਆਜ਼ਾਦੀ ਹਿੱਤ ਫਾਂਸੀ ਚੜ੍ਹਾਏ ਗਏ 121 ਸੂਰਬੀਰਾਂ ਵਿਚੋਂ 93 ਸਿਖ ਸਨ ਅਤੇ ਉਮਰ ਕੈਦ ਕਾਲੇ ਪਾਣੀ ਭੇਜੇ 2646 ਵਿਚੋਂ 2147 ਸਿਖ ਸਨ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ, ਜਿਨ੍ਹਾਂ ਉਪਰ ਬਜ ਬਜ (ਕਲਕੱਤਾ) ਦੇ ਘਾਟ 'ਤੇ ਗੋਲੀ ਚਲਾਈ ਗਈ ਸੀ, ਅੰਦਰ ਮਰੇ 22 ਮੁਸਾਫ਼ਰ ਸਾਰੇ ਹੀ ਸਿਖ ਸਨ ਅਤੇ ਜਲ੍ਹਿਆਂ ਵਾਲਾ ਬਾਗ਼ ਅੰਦਰ ਗੋਲੀ ਦਾ ਨਿਸ਼ਾਨਾ ਹੋ ਗਏ 1300 ਵਿਚੋਂ 739 ਸਿਖ ਸਨ। ਇਸ ਤਰ੍ਹਾਂ ਹੋਰ ਸਾਰੇ 1058 ਹਿੰਦ ਵਾਸੀਆਂ ਦੇ ਮੁਕਾਬਲੇ ਵਿਚ ਦੇਸ਼ ਹਿੱਤ ਕੁਰਬਾਨ ਹੋਏ ਸਿੱਖਾਂ ਦੀ ਗਿਣਤੀ 3031 ਸੀ।

ਇਹ ਸਾਰਾ ਕੁੱਝ ਦੇਸ਼ ਦੀ ਆਜ਼ਾਦੀ ਹਿੱਤ ਸਿੱਖਾਂ ਵੱਲੋਂ ਦਿੱਤੀ ਗਈ ਕੁਰਬਾਨੀ ਦੀ ਮਹੱਤਵਪੂਰਨ ਤਸਵੀਰ ਪੇਸ਼ ਕਰਦਾ ਹੈ।

ਉਪ੍ਰੰਤ ਸੰਨ 1920 ਤੋਂ 1925 ਤਕ ਗੁਰਦੁਆਰੇ ਆਜ਼ਾਦ ਕਰਾਉਣ ਹਿੱਤ ਸਿੱਖਾਂ ਨੇ ਜੋ ਘਾਲਣਾਂ ਘਾਲੀਆਂ—ਕਈ ਸੌ ਸਿੰਘ ਸ਼ਹੀਦ ਹੋ ਗਏ, 1700 ਸਿੰਘ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸੰਮਾਂ ਵਾਲੀਆਂ ਡਾਂਗਾਂ ਨਾਲ ਬੇਤਹਾਸ਼ਾ ਮਾਰੇ ਕੁੱਟੇ ਗਏ, ਕਈ ਅੰਗ-ਹੀਨ ਹੋਏ, ਕਈ ਉਮਰ ਭਰ ਲਈ ਨਕਾਰੇ ਤੇ ਰੋਗੀ ਹੋ ਗਏ, 5605 ਨੌਜਵਾਨ, ਬੁੱਢੇ ਤੇ ਬੱਚੇ ਜੇਲ੍ਹਾਂ ਅੰਦਰ ਸੁੱਟੇ ਗਏ, ਜਿਥੇ ਹੱਡ-ਭੰਨਵੀਂ ਮੁਸ਼ੱਕਤ ਨੇ ਕਈਆਂ ਨੂੰ ਸਦਾ ਲਈ ਨਕਾਰਾ ਕਰ ਦਿੱਤਾ। ਪ੍ਰੰਤੂ ਇਹ ਸਾਰਾ ਕੁੱਝ ਸਿੰਘਾਂ ਨੇ ਸਮੇਂ ਦੀ ਕਾਂਗਰਸ ਵੱਲੋਂ ਅਦਮ-ਤਸ਼ੱਦਦ (ਅੱਗੋਂ ਹੱਥ ਨਾ ਉਠਾਉਣ) ਦੇ ਫ਼ੈਸਲੇ ’ਤੇ ਫੁੱਲ ਚੜ੍ਹਾਉਂਦੇ ਹੋਏ ਕੀਤਾ, ਜਿਹੋ ਜਿਹਾ ਹੋਰ ਕਿਸੇ ਕੌਮ—ਹਿੰਦੂ ਮੁਸਲਮਾਨ ਤੋਂ ਨਹੀਂ ਬਣ ਸਰ ਸਕਿਆ। ਉਸ ਸਮੇਂ ਦੇ ਹਿੰਦੂ ਤੇ ਮੁਸਲਮਾਨ ਅਖ਼ਬਾਰ ਸਿੱਖਾਂ ਦੀਆਂ ਅਜਿਹੀਆਂ ਬੇਮਿਸਾਲ ਕੁਰਬਾਨੀਆਂ ਤੇ ਬਹਾਦਰੀਆਂ ਨੂੰ ਵੇਖ ਵੇਖ ਉਂਗਲਾਂ ਟੁੱਕਦੇ, ਸਗੋਂ ਉਨ੍ਹਾਂ ਨੇ ਆਪਣੇ ਅਖ਼ਬਾਰਾਂ ਵਿਚ ਵਿਸ਼ੇਸ਼ ਲੇਖ ਤੇ ਕਵਿਤਾਵਾਂ ਲਿਖੀਆਂ। ਨਮੂਨੇ-ਮਾਤਰ ਪੜ੍ਹੋ ਹੇਠਾਂ ਦਿੱਤੇ ਸ਼ੇਅਰ :

ਨੁਸਰਤ ਹਮ-ਰਕਾਬ ਉਠਾਉ ਜਿਧਰ ਕਦਮ,
ਤੁਮ ਕੋ ਮਿਲੇਗਾ ਫ਼ਤਹਿ ਕਾ ਤਮਗ਼ਾ ਅਕਾਲੀਓ।

ਸ੍ਵੈ-ਰਾਜ ਕਾ ਜੋ ਰਾਜ ਹੋ ਅਪਨੇ ਦੇਸ ਮੇਂ,
ਹੋਗਾ ਤੁਮਾਰੇ ਹਾਥ ਮੇਂ ਝੰਡਾ ਅਕਾਲੀਓ।

(‘ਬੰਦੇ ਮਾਤਰਮ’, ਲਾਲਾ ਲਾਜਪਤ ਰਾਇ, ਸੰਨ 1922)

ਤੇਰੀ ਕੁਰਬਾਨੀਉਂ ਕੀ ਧੂਮ ਹੈ ਆਜ ਜ਼ਮਾਨੇ ਮੇਂ,
ਬਹਾਦਰ ਹੈ ਅਗਰ ਕੋਈ ਤੋ ਵੁਹ ਤੂੰ ਐ ਅਕਾਲੀ ਹੈ।

(ਕਵੀ ਮੇਲਾ ਰਾਮ)

ਬਹਾਦਰੀ ਮੇਂ ਵੁਹ ਯਕਤਾ ਹੈਂ ਸਾਥ ਹੀ ਲੇਕਨ,
ਨਹੀਂ ਹੈਂ ਕੁਵਤੇ ਬਰਦਾਸ਼ਤ ਮੇਂ ਭੀ ਖ਼ਾਲੀ ਸਿਖ।

(ਸਈਅਦ ਹਬੀਬ, ਐਡੀਟਰ ‘ਸਿਆਸਤ’)

ਕੌਮ ਕੇ ਹਾਥ ਲਰਜ਼ਤੇ ਥੇ, ਅਕਾਲੀ ਸ਼ਾਬਾਸ਼,
ਖ਼ੂਬ ਸ੍ਵੈ-ਰਾਜੀਏ ਕੇ ਝੰਡੇ ਕੋ ਸੰਭਾਲਾ ਤੂ ਨੇ।

(ਮੁਸਲਮ ਅਖ਼ਬਾਰ ‘ਦਰਪਨ’)

ਦੂਜੇ ਵਿਸ਼ਵ ਜੰਗ ਸਮੇਂ ਸੰਨ 1942 ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਜਨਰਲ ਮੋਹਨ ਸਿੰਘ ਨੇ ਇੰਡੀਅਨ ਨੈਸ਼ਨਲ ਕੋਰ (I.N.A.) ਦੀ ਸਥਾਪਨਾ

ਕੀਤੀ, ਜਿਸ ਵਿਚ ਸ਼ਾਮਲ ਹੋਏ ਹਿੰਦੁਸਤਾਨੀ ਫ਼ੌਜਾਂ ਦੇ 42,000 ਬਾਗ਼ੀਆਂ ਵਿਚੋਂ 28,000 ਸਿਖ ਸਨ ਅਤੇ ਨੇਤਾ ਜੀ ਬੋਸ ਨੂੰ ਅਮਨ-ਅਮਾਨ ਅੰਗਰੇਜ਼ ਹੱਥੋਂ ਬਚਾ ਲੈ ਜਾਣ ਵਾਲੇ ਸਾਰੇ ਹੀ ਸਿਖ ਸਨ। ਉਸ ਸਮੇਂ ਇਸ ਨੈਸ਼ਨਲ ਕੋਰ ਦੀ ਸਥਾਪਨਾ ਹੀ ਅਸਲ ਕਾਰਨ ਸੀ ਅੰਗਰੇਜ਼ ਸਰਕਾਰ ਦੀ ਬੇਦਿਲੀ ਦਾ, ਜਿਸ ਨੇ ਅੰਗਰੇਜ਼ ਨੂੰ ਹਿੰਦੁਸਤਾਨ ਛੱਡ ਜਾਣ ਲਈ ਮਜਬੂਰ ਕੀਤਾ।

ਦੇਸ਼ ਦੀ ਆਜ਼ਾਦੀ ਹਿੱਤ ਸਿੱਖਾਂ ਦਾ ਰੋਲ ਏਨਾ ਮਹੱਤਵਪੂਰਨ ਰਿਹਾ ਸੀ ਕਿ ਕਾਂਗਰਸੀ ਨੇਤਾਵਾਂ ਵੱਲੋਂ ਸਿੱਖਾਂ ਦੀ ਵਾਰ-ਵਾਰ ਪ੍ਰਸੰਸਾ ਕੀਤੀ ਜਾਂਦੀ ਰਹੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਜਾਂਦਾ ਰਿਹਾ ਕਿ ਆਜ਼ਾਦ ਹਿੰਦ ਵਿਚ ਸਿੱਖਾਂ ਦੇ ਹੱਕਾਂ ਦਾ ਵਿਸ਼ੇਸ਼ ਖ਼ਿਆਲ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੀ ਦੇਸ਼ ਵਿਚ ਅਤਿ ਕਲੀਲ ਗਿਣਤੀ ਦੇ ਬਾਵਜੂਦ ਵੀ ਉਨ੍ਹਾਂ ਦਾ ਦੇਸ਼ ਦੇ ਰਾਜ-ਭਾਗ ਅੰਦਰ ਵਿਸ਼ੇਸ਼ ਥਾਉਂ ਹੋਵੇਗਾ। ਅਜਿਹਾ ਵਿਸ਼ਵਾਸ ਕਾਂਗਰਸੀ ਨੇਤਾਵਾਂ, ਜਿਨ੍ਹਾਂ ਵਿਚ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਜੈਸੇ ਮੁਖੀ ਵੀ ਸਨ, ਵੱਲੋਂ ਜ਼ਾਤੀ ਤੌਰ 'ਤੇ ਹੀ ਨਹੀਂ, ਦਿੱਤਾ ਗਿਆ ਸੀ; ਸਗੋਂ ਕਾਂਗਰਸ ਨੇ ਬਾ-ਹੈਸੀਅਤ ਮੁਖੀ ਨੈਸ਼ਨਲ ਜਮਾਤ ਹੋਣ ਦੇ ਸੰਨ 1929 ਦੇ ਲਾਹੌਰ ਵਿਚ ਹੋਏ ਆਪਣੇ ਸੈਸ਼ਨ ਅੰਦਰ ਇਕ ਮਤਾ ਪਾਸ ਕਰ ਕੇ ਸਿੱਖਾਂ ਨੂੰ ਇਹ ਭਰੋਸਾ ਦਿੱਤਾ ਸੀ। ਮਤਾ ਇਹ ਸੀ :

> "The Congress assures the Sikhs that no solution in any future Constitution will be acceptable to the Congress that does not give them full satisfaction."
>
> *(Indian Constitution Documents, Vol. II, by A.C. Banerjee)*

ਅਰਥਾਤ, "ਕਾਂਗਰਸ ਸਿੱਖਾਂ ਨੂੰ ਯਕੀਨ ਦਿਵਾਉਂਦੀ ਹੈ ਕਿ ਭਵਿੱਖ ਵਿਚ ਪ੍ਰਵਾਨ ਹੋਣ ਵਾਲਾ ਦੇਸ਼ ਦਾ ਕੋਈ ਵਿਧਾਨ (Constitution) ਕਾਂਗਰਸ ਸਵੀਕਾਰ ਨਹੀਂ ਕਰੇਗੀ ਜੋ ਸਿੱਖਾਂ ਲਈ ਪੂਰੇ ਤੌਰ 'ਤੇ ਤਸੱਲੀ-ਬਖ਼ਸ਼ ਨਹੀਂ ਹੋਵੇਗਾ।"

ਇਸ ਤੋਂ ਛੇਤੀ ਪਿੱਛੋਂ ਸੰਨ 1931 ਵਿਚ ਗੁਰਦੁਆਰਾ ਸੀਸ ਗੰਜ, ਦਿੱਲੀ ਅੰਦਰ ਜੁੜੀ ਸਿਖ ਸੰਗਤ ਨੂੰ ਸੰਬੋਧਨ ਕਰਦੇ ਹੋਏ ਮਹਾਤਮਾ ਗਾਂਧੀ ਨੇ ਕਿਹਾ :

> "I ask you to accept my word and the resolution of the Congress that it will not betray a single individual much less a community. If it ever thinks of doing so, it would only hasten to its own doom... I pray you to unbosom yourself of all doubts and apprehensions. Let God be the

witness to the bond that binds me and Congress to you. I venture to suggest that the non-Violence creed of the Congress is the surest guarantee of good faith, and our Sikh friends have no reason to fear that it would betray them. For the moment it does so, the Congress would not only thereby seal its own doom but that of the country too.

"More over the Sikhs are a brave people. They know how to safeguard their rights by the exercise of arms, if it should ever come to that." *(Young India, March 19, 1931)*

ਅਰਥਾਤ, "ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਅਤੇ ਤੁਸੀਂ ਮੇਰੇ ਲਫ਼ਜ਼ਾਂ ਅਤੇ ਕਾਂਗਰਸ ਵੱਲੋਂ ਪਾਸ ਕੀਤੇ ਗਏ ਮਤੇ 'ਤੇ ਯਕੀਨ ਲਿਆਓ ਕਿ ਕਾਂਗਰਸ ਕਿਸੇ ਜਮਾਤ ਨੂੰ ਤਾਂ ਕੀ, ਕਿਸੇ ਇਕ ਮਨੁੱਖ ਨਾਲ ਵੀ ਵਿਸਾਹਘਾਤ ਨਹੀਂ ਕਰੇਗੀ। ਇਸ ਵੱਲੋਂ ਐਸਾ ਸੋਚਿਆ ਜਾਣਾ ਹੀ ਇਸ ਦੀ ਕਿਆਮਤ ਆ ਜਾਣ ਦੇ ਤੁੱਲ ਹੋਵੇਗਾ।... ਮੈਂ ਤੁਹਾਡੇ ਪਾਸ ਦਰਖ਼ਾਸਤ ਕਰਦਾ ਹਾਂ ਕਿ ਤੁਸੀਂ ਅਜਿਹੇ ਸ਼ੱਕ, ਸ਼ਕੂਕ ਤੇ ਅੰਦੇਸ਼ੇ ਆਪਣੇ ਅੰਦਰੋਂ ਕੱਢ ਦਿਓ। ਤੁਹਾਡੇ, ਮੇਰੇ ਅਤੇ ਕਾਂਗਰਸ ਵਿਚਾਲੇ ਪਰਮਾਤਮਾ ਸਾਖੀ ਹੈ ਕਿ ਅਸੀਂ ਆਪਣੇ ਦਿੱਤੇ ਬਚਨਾਂ 'ਤੇ ਪੂਰੇ ਉਤਰਾਂਗੇ। ਮੈਂ ਇਹ ਕਹਿਣ ਦਾ ਭੀ ਹੌਸਲਾ ਕਰਦਾ ਹਾਂ ਕਿ ਕਾਂਗਰਸ ਦਾ ਅਪਣਾਇਆ ਅਦਮ-ਤਸ਼ੱਦਦ ਦਾ ਰਸਤਾ ਹੀ ਸਾਡੀ ਨੇਕ-ਨੀਯਤੀ ਦੀ ਯਕੀਨੀ ਗਾਰੰਟੀ ਹੈ ਅਤੇ ਸਾਡਾ ਸਿਖ ਭਰਾਵਾਂ ਦਾ ਕੋਈ ਐਸਾ ਖ਼ਦਸ਼ਾ ਰੱਖਣ ਦੀ ਕਿ ਕਾਂਗਰਸ ਉਨ੍ਹਾਂ ਨਾਲ ਵਿਸਾਹਘਾਤ ਕਰੇਗੀ, ਉੱਕੀ ਹੀ ਗੁੰਜਾਇਸ਼ ਨਹੀਂ। ਕਿਉਂਕਿ ਅਜਿਹਾ ਕਰਨ ਵਾਲੀ ਘੜੀ ਨਾ ਕੇਵਲ ਕਾਂਗਰਸ ਦੇ ਆਪਣੇ ਲਈ, ਸਗੋਂ ਸਾਰੇ ਦੇਸ਼ ਲਈ ਤਬਾਹੀ ਲੈ ਆਉਣ ਵਾਲੀ ਹੋਵੇਗੀ।

"ਇਸ ਦੇ ਨਾਲ ਹੀ (ਮੈਨੂੰ ਇਹ ਕਹਿਣ ਵਿਚ ਭੀ ਸੰਕੋਚ ਨਹੀਂ ਕਿ) ਸਿਖ ਬਹਾਦਰ ਲੋਕ ਹਨ ਅਤੇ ਜੇ ਕਦੀ ਸਮਾਂ ਬਣ ਭੀ ਜਾਏ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਸ਼ਸਤਰ ਦੁਆਰਾ ਵੀ ਕਰ ਸਕਦੇ ਹਨ।"

(ਯੰਗ ਇੰਡੀਆ, 19 ਮਾਰਚ 1931)

ਅਜਿਹੀ ਗੱਲ ਹੀ ਜੁਲਾਈ ਸੰਨ 1946 ਨੂੰ ਕਲਕੱਤੇ ਹੋਈ ਪ੍ਰੈਸ ਕਾਨਫ਼ਰੰਸ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਇਉਂ ਕਹੀ :

"The brave Sikhs of Punjab are entitled to special consideration. I see nothing wrong in an area and a set up

in the North, wherein the Sikhs can also experience the glow of freedom." *(Statesman Calcutta, July 7, 1946)*

ਅਰਥਾਤ, "ਪੰਜਾਬ ਦੇ ਬਹਾਦਰ ਸਿਖ ਵਿਸ਼ੇਸ਼ ਧਿਆਨ ਦਿੱਤੇ ਜਾਣ ਦੇ ਮੁਸਤਹਿਕ ਹਨ। ਮੈਨੂੰ ਇਹ ਗੱਲ ਗ਼ਲਤ ਨਹੀਂ ਜਾਪਦੀ ਕਿ ਦੇਸ਼ ਦੇ ਉੱਤਰ ਵਿਚ ਇਕ ਅਜਿਹਾ ਖਿੱਤਾ ਰਾਖਵਾਂ ਕਰ ਕੇ ਉਸ ਦਾ ਐਸਾ ਬੰਧਾਨ ਬੰਨ੍ਹ ਦਿੱਤਾ ਜਾਵੇ ਜਿਸ ਅੰਦਰ ਸਿਖ ਵੀ ਆਜ਼ਾਦੀ ਦੀ ਆਭਾ ਦਾ ਸੁਆਦ ਮਾਣ ਸਕਣ।"

ਇਕ ਹੋਰ ਮੌਕੇ 'ਤੇ ਪੰਡਤ ਨਹਿਰੂ ਨੇ ਕਿਹਾ ਸੀ :

> "Redistribution of provincial boundaries was essential and inevitable. I stand for semi-autonomous units as well. If the Sikhs desire to function as such a unit, I should like them to have semi-autonomous unit within the province so that they may have a sense of freedom."
>
> *(A National Book Club Publication, p. 147)*

ਅਰਥਾਤ, "ਸੂਬਿਆਂ ਦੀ ਹੱਦਬੰਦੀ ਨਵੇਂ ਸਿਰਿਉਂ ਕੀਤੀ ਜਾਣੀ ਜ਼ਰੂਰੀ ਅਤੇ ਅਵੱਸ਼ ਹੈ। ਮੈਂ ਇਸ ਦੇ ਹੱਕ ਵਿਚ ਹਾਂ ਕਿ ਕੁੱਝ ਇਲਾਕੇ Semi-autonomous (ਨੀਮ ਸਵੈ-ਨਿਰਭਰ) ਵੀ ਹੋਣ। ਅਗਰ ਸਿਖ ਆਪਣੇ ਵਾਸਤੇ ਅਜਿਹਾ ਯੂਨਿਟ ਰੱਖਣਾ ਪਸੰਦ ਕਰਦੇ ਹੋਣ ਤਾਂ ਮੈਂ ਚਾਹਵਾਂਗਾ ਕਿ ਉਹ ਆਪਣੇ ਸੂਬੇ ਅੰਦਰ ਇਸ ਪ੍ਰਕਾਰ ਦਾ ਯੂਨਿਟ ਸਥਾਪਤ ਕਰ ਲੈਣ ਤਾਂ ਕਿ ਉਹ ਵੀ ਪ੍ਰਤੀਤ ਕਰ ਸਕਣ ਕਿ ਉਹ ਆਜ਼ਾਦ ਹਨ।"

ਪੰਡਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀ ਵਿਧਾਨ-ਘੜਨੀ ਸਭਾ (Constituent Assembly) ਦੇ 9 ਦਸੰਬਰ 1946 ਦੇ ਸਮਾਗਮ ਵਿਚ ਹੇਠ ਦਰਜ ਮਤਾ ਪੇਸ਼ ਕੀਤਾ ਸੀ :

> "Adequate safeguards would be provided for minorities in India. It was a declaration, a pledge and an undertaking before the world, a contract with millions of Indians, and therefore, in the nature of an oath, which we must keep."
>
> *(Framing of Indian Constitution by B. Shiva Rao, p. 181)*

ਅਰਥਾਤ, "ਹਿੰਦੁਸਤਾਨ ਅੰਦਰ ਘੱਟ-ਗਿਣਤੀ ਜਮਾਤਾਂ ਦੀ ਸੁਰੱਖਿਆ ਲਈ ਮੁਨਾਸਬ ਕਾਨੂੰਨੀ ਧਾਰਾਵਾਂ ਹੋਣਗੀਆਂ। ਇਹ ਸਮੁੱਚੇ ਸੰਸਾਰ ਦੇ ਸਾਹਮਣੇ ਸਾਡਾ

(ਦੇਸ਼ ਦੀ ਬਹੁ-ਸੰਖਿਆ ਹਿੰਦੂ ਦਾ) ਲਖੂਖਹਾ ਹਿੰਦੁਸਤਾਨੀਆਂ ਪ੍ਰਤੀ ਇਕ ਐਲਾਨ, ਇਕ ਨੇਮ, ਇਕ ਬਚਨ, ਇਕ ਸੰਧੀ ਅਤੇ ਇਸ ਕਾਰਨ ਇਕ ਸੌਗੰਧ (oath) ਦੀ ਥਾਂ ਰੱਖਦਾ ਹੈ, ਜਿਸ ਸੌਗੰਧ ਨੂੰ ਅਸਾਂ ਨਿਬਾਹੁਣਾ ਹੈ।"

ਉਸੇ ਦਿਨ ਅਥਵਾ 9 ਦਸੰਬਰ 1946 ਨੂੰ Constituent Assembly ਦੇ ਅਰੰਭਕ ਇਜਲਾਸ ਵਿਚ ਪੰਡਤ ਨਹਿਰੂ ਵੱਲੋਂ ਹੀ ਉਹ ਮਤਾ ਪੇਸ਼ ਕੀਤਾ ਗਿਆ ਸੀ, ਜਿਸ ਵਿਚ ਅਸੈਂਬਲੀ ਨੂੰ ਇਹ ਐਲਾਨ ਕਰਨ ਲਈ ਕਿਹਾ ਗਿਆ ਸੀ:

> "That the various territories of the union of India would be autonomous units with residuary powers."

ਅਰਥਾਤ, "ਹਿੰਦ ਯੂਨੀਅਨ ਅੰਦਰ ਕੁਝ ਐਸੇ ਇਲਾਕੇ ਹੋਣਗੇ ਜੋ ਕਈ ਵਿਸ਼ੇਸ਼ ਅਧਿਕਾਰਾਂ ਨੂੰ ਛੱਡ ਕੇ ਬਾਕੀ ਪ੍ਰਬੰਧ ਲਈ ਸਵੈ-ਨਿਰਭਰ ਤੇ ਸੁਤੰਤਰ ਹੋਣਗੇ।"

ਇਹ ਦੋਵੇਂ ਮਤੇ ਪਾਸ ਹੋ ਗਏ ਸਨ।

5 ਜਨਵਰੀ 1947 ਨੂੰ ਕਾਂਗਰਸ ਕਮੇਟੀ ਦੇ ਪਾਸ ਕੀਤੇ ਮਤੇ ਵਿਚ ਦਰਜ ਸੀ:

> "The rights of the Sikhs in Panjab should not be jeopardised."

ਅਰਥਾਤ, "ਪੰਜਾਬ ਅੰਦਰ ਸਿਖ ਹੱਕਾਂ ਦੀ ਰਾਖੀ ਨੂੰ ਕੋਈ ਖ਼ਤਰਾ ਨਹੀਂ ਹੋਣਾ ਚਾਹੀਦਾ (ਸਿਖ ਹੱਕ ਹਰ ਪੱਖੋਂ ਮਹਿਫ਼ੂਜ਼ ਹੋਣੇ ਚਾਹੀਦੇ ਹਨ)।"

ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਦਿੱਲੀ ਵਿਚ ਜੁਲਾਈ 1947 ਵਿਚ ਹੋਈ ਇਕੱਤਰਤਾ ਵਿਚ ਹਿੰਦੂ ਮੈਂਬਰ ਸਿੱਖਾਂ ਦੇ ਨਾਲ ਸਨ, ਜਦੋਂ ਉਨ੍ਹਾਂ ਪਾਸ ਕੀਤਾ:

> "In the divided Indian Panjab special constitutional measures are imperative to meet the just aspirations and rights of the Sikhs."

ਅਰਥਾਤ, "(ਪੰਜਾਬ ਦਾ ਵੰਡਾਰਾ ਹੋਣ ਦੀ ਹਾਲਤ ਵਿਚ) ਭਾਰਤੀ ਪੰਜਾਬ ਦੇ ਵਿਧਾਨ ਵਿਚ ਅਜਿਹੀਆਂ ਧਾਰਾਵਾਂ ਦਾ ਹੋਣਾ ਅਵੱਸ਼ ਹੋਵੇਗਾ ਜੋ ਸਿੱਖਾਂ ਦੀਆਂ ਜਾਇਜ਼ ਇੱਛਾਵਾਂ ਅਤੇ ਹੱਕਾਂ ਦੀ ਰਾਖੀ ਕਰਨ।"

1947 ਦੇਸ਼ ਦੀ ਆਜ਼ਾਦੀ ਅਤੇ ਬਟਵਾਰੇ ਦਾ ਸਾਲ ਸੀ। ਕਾਂਗਰਸੀ ਮੁਖੀਆਂ ਅਤੇ ਮੁਸਲਿਮ-ਲੀਗੀਆਂ ਵਿਚਾਲੇ ਸਹਿਮਤੀ ਹੋ ਜਾਣ ਦੇ ਫਲਸਰੂਪ ਦੇਸ਼ ਦੋ ਹਿੱਸਿਆਂ—ਭਾਰਤ ਤੇ ਪਾਕਿਸਤਾਨ—ਵਿਚ ਵੰਡਿਆ ਗਿਆ, ਜਿਸ ਵੰਡ ਨੇ ਬੰਗਾਲ ਅਤੇ ਪੰਜਾਬ ਦੇ ਵੀ ਦੋ-ਦੋ ਹਿੱਸੇ ਕਰ ਦਿੱਤੇ ਅਤੇ ਫ਼ੈਸਲਾ ਕੀਤਾ ਗਿਆ ਕਿ ਭਾਰਤੀ ਬੰਗਾਲ ਤੇ ਪੰਜਾਬ ਦੇ ਮੁਸਲਮਾਨ ਅਤੇ ਪਾਕਿਸਤਾਨੀ ਬੰਗਾਲ ਤੇ ਪੰਜਾਬ ਅੰਦਰ

ਵੱਸਦੇ ਹਿੰਦੂ ਸਿਖ ਕ੍ਰਮ ਅਨੁਸਾਰ ਪਾਕਿਸਤਾਨ ਅਤੇ ਭਾਰਤ ਵਿਚ ਚਲੇ ਜਾਣ। ਆਬਾਦੀਆਂ ਦੇ ਇਸ ਤਬਾਦਲੇ ਨੇ ਹਿੰਦੂ, ਮੁਸਲਮਾਨ ਤੇ ਸਿੱਖਾਂ ਦੀ ਜੋ ਜਾਨੀ ਤੇ ਮਾਲੀ ਤਬਾਹੀ ਕੀਤੀ, ਕਹਿਣ ਕਥਨ ਤੋਂ ਬਾਹਰ ਹੈ। ਪਰ ਸਿੱਖਾਂ ਨੂੰ ਇਸ ਤੋਂ ਇਲਾਵਾ ਧਰਮ ਦੇ ਪੱਖੋਂ ਜੋ ਨੁਕਸਾਨ ਪਹੁੰਚਿਆ, ਉਹ ਉਨ੍ਹਾਂ ਦੇ ਦੋ ਸੌ ਦੇ ਕਰੀਬ ਨਨਕਾਣਾ ਸਾਹਿਬ ਜਿਹੇ ਪਵਿੱਤਰ ਅਸਥਾਨਾਂ ਤੋਂ ਉਨ੍ਹਾਂ ਨੂੰ ਸਦਾ ਲਈ ਵਾਂਝ ਦੇਣ ਦਾ ਸੀ।

Constituent Assembly (ਵਿਧਾਨ-ਘੜਨੀ ਸਭਾ) ਦੀ 23 ਨਵੰਬਰ 1948 ਦੀ ਰੀਪੋਰਟ ਵਿਚ ਸਿੱਖਾਂ ਬਾਰੇ ਦਰਜ ਸ਼ਬਦਾਂ ਦਾ ਪੰਜਾਬੀ ਅਨੁਵਾਦ ਇਉਂ ਹੈ: "ਪੰਜਾਬ ਦਾ ਵੰਡਾਰਾ ਹੋਣ ਤੋਂ ਪਹਿਲੋਂ ਅਤੇ ਉਸ ਪਿੱਛੋਂ ਵੀ ਸਿੱਖਾਂ ਨੂੰ ਜਿਨ੍ਹਾਂ ਅਤਿ ਦੁਖਦਾਈ ਘਟਨਾਵਾਂ ਦਾ ਸਾਹਮਣਾ ਹੋਇਆ ਹੈ, ਉਸ ਤੋਂ ਅਸੀਂ ਭਲੀ ਤਰ੍ਹਾਂ ਜਾਣੂੰ ਹਾਂ। ਪੱਛਮੀ ਪੰਜਾਬ ਅੰਦਰ ਉਸ ਸਮੇਂ ਹੋਈ ਤਬਾਹੀ ਵਿਚ ਉਨ੍ਹਾਂ ਦੀਆਂ ਕਿਤਨੀਆਂ ਹੀ ਕੀਮਤੀ ਜਾਨਾਂ ਗਈਆਂ ਅਤੇ ਬਹੁਤ ਵੱਡੇ ਪਦਾਰਥ ਦੀ ਹਾਨੀ ਹੋਈ, ਪਰ ਸਭ ਤੋਂ ਵਿਸ਼ੇਸ਼ ਦੁਖਦਾਈ ਘਟਨਾ ਜੋ ਸਿੱਖਾਂ ਪ੍ਰਤੀ ਵਾਪਰੀ, ਉਹ ਉਨ੍ਹਾਂ ਦੇ ਕਿਤਨੇ ਹੀ ਪਵਿੱਤਰ ਧਰਮ-ਅਸਥਾਨਾਂ ਤੋਂ ਉਨ੍ਹਾਂ ਦਾ ਵਿਛੋੜਿਆ ਜਾਣਾ ਸੀ।"

ਆਜ਼ਾਦੀ ਤੋਂ ਪਹਿਲੋਂ ਸਿੱਖਾਂ ਨੂੰ ਅੰਗਰੇਜ਼ ਸਰਕਾਰ ਵੱਲੋਂ ਚੋਣ ਗੁਣਾ ਦਿੱਤਾ ਗਿਆ ਸੀ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿਖ ਸਟੇਟ ਕਾਇਮ ਕਰਾ ਲੈਣ। ਅਤੇ ਇਸ ਗੱਲ ਨੂੰ ਅਮਲੀ ਰੂਪ ਦੇਣ ਲਈ ਸ: ਬਲਦੇਵ ਸਿੰਘ, ਜੋ ਸਿੱਖਾਂ ਦੇ ਨੁਮਾਇੰਦੇ ਵਜੋਂ ਪੰਡਤ ਜਵਾਹਰ ਲਾਲ ਨਹਿਰੂ ਅਤੇ ਮੁਹੰਮਦ ਅਲੀ ਜਿਨਾਹ ਆਦਿਕ ਮੁਖੀਆਂ ਦੇ ਨਾਲ ਇੰਗਲੈਂਡ ਗਿਆ ਹੋਇਆ ਸੀ ਅਤੇ ਉਥੋਂ ਵਾਪਸ ਪਰਤਣ ਸਮੇਂ ਪੰਡਤ ਨਹਿਰੂ ਨਾਲ ਜਹਾਜ਼ ਵਿਚ ਬੈਠਣ ਲਈ ਤਿਆਰ ਸੀ, ਨੂੰ ਸੈਕਟਰੀ ਆਫ਼ ਸਟੇਟ ਨੇ ਸਿੱਖਾਂ ਦੀ ਵੱਖਰੀ ਸਟੇਟ ਬਣਾ ਦੇਣ ਦੀ ਗੱਲ ਕਰਨ ਵਾਸਤੇ ਰੁਕ ਜਾਣ ਲਈ ਕਿਹਾ। ਸੈਕਟਰੀ ਆਫ਼ ਸਟੇਟ ਦੇ ਸ਼ਬਦ ਸਨ:

> "If he stays behind, arrangements might be made so as to enable the Sikhs to have political feet of their own, on which they may walk into the current of world history."

ਅਰਥਾਤ, "ਅਗਰ ਉਹ ਠਹਿਰ ਜਾਵੇ ਤਾਂ ਐਸੇ ਪ੍ਰਬੰਧ ਕੀਤੇ ਜਾ ਸਕਣਗੇ ਜਿਹੜੇ ਸਿੱਖਾਂ ਨੂੰ ਇਸ ਯੋਗ ਬਣਾ ਦੇਣ ਕਿ ਉਹ ਭੀ ਆਪਣੇ ਪੈਰਾਂ 'ਤੇ ਖੜੇ ਹੋ ਕੇ ਦੁਨੀਆ ਦੇ ਇਤਿਹਾਸ ਵਿਚ ਆਜ਼ਾਦਾਨਾ ਵਿਚਰ ਸਕਣ।"

ਇਹ ਗੱਲ ਬਲਦੇਵ ਸਿੰਘ ਨੇ ਪੰਡਤ ਨਹਿਰੂ ਨੂੰ ਦੱਸ ਦਿੱਤੀ ਅਤੇ ਪੰਡਤ ਦੇ ਵਰਗਲਾਉਣ 'ਤੇ ਉਸ ਨੇ ਰੁਕਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਅਸੀਂ ਆਪਣਾ ਨਿਪਟਾਰਾ ਕਾਂਗਰਸ ਨਾਲ ਆਪੇ ਕਰ ਲਵਾਂਗੇ।

ਮੁਸਲਿਮ ਲੀਗ ਭੀ ਸਹਿਮਤ ਸੀ ਅਤੇ ਉਨ੍ਹਾਂ ਇਹ ਵੀ ਚਾਹਿਆ ਸੀ ਕਿ ਜੇ ਸਿਖ ਵੱਖਰੀ ਸਟੇਟ ਨਾ ਬਣਾਉਣਾ ਚਾਹੁਣ ਤਾਂ ਪਾਕਿਸਤਾਨ ਨਾਲ ਮਿਲ ਜਾਣ ਅਤੇ ਪਾਕਿਸਤਾਨ ਸਰਕਾਰ ਸਿੱਖਾਂ ਨੂੰ ਪਾਕਿਸਤਾਨ ਅੰਦਰ autonomous (ਸਵੈ-ਨਿਰਭਰ) ਸਟੇਟ ਬਣਾ ਦੇਵੇਗੀ।

ਇਸ ਮਾਮਲੇ ਵਿਚ ਸ: ਬਲਦੇਵ ਸਿੰਘ ਦੇ ਗਏ-ਗੁਜ਼ਰੇ ਰੋਲ ਦੇ ਪ੍ਰਭਾਵ ਅਧੀਨ ਹੀ ਲੌਨਰਡ ਮੋਸਲੇ ਆਪਣੀ ਪੁਸਤਕ ਦੇ ਸਫ਼ਾ 146-47 'ਤੇ ਸਿੱਖਾਂ ਬਾਰੇ ਅਜਿਹੇ ਸ਼ਬਦ ਲਿਖਣ ਲਈ ਮਜਬੂਰ ਹੋਇਆ ਜਾਪਦਾ ਹੈ, "Is there any such thing as a far-seeing Sikh ?" ਅਰਥਾਤ, "ਕੀ ਕੋਈ ਐਸੀ ਗੱਲ ਹੈ ਕਿ ਕੋਈ ਦੂਰ-ਅੰਦੇਸ਼ ਸਿਖ ਭੀ ਹੋਵੇਗਾ ?" ਕਿੰਨਾ ਵੱਡਾ ਧੱਬਾ ਹਨ, ਇਹ ਸ਼ਬਦ ਸਿਖ-ਸੋਚਣੀ 'ਤੇ! ਪਰ ਕਾਸ਼ ਕਿ ਅਸੀਂ ਇਸ ਤੋਂ ਹੀ ਕੁੱਝ ਸਿਖਿਆ ਹੁੰਦਾ।

ਪ੍ਰੰਤੂ ਕਾਂਗਰਸ ਅਤੇ ਕਾਂਗਰਸੀ ਨੇਤਾਵਾਂ ਵੱਲੋਂ ਦਿੱਤੇ ਉਪਰ ਦਰਜ ਭਰੋਸਿਆਂ ਕਾਰਨ ਸਿਖ ਮੁਖੀਆਂ ਨੇ ਕਾਂਗਰਸ ਨਾਲ ਹੀ ਮਿਲਣ ਅਤੇ ਭਾਰਤ ਅੰਦਰ ਰਹਿਣ ਦਾ ਫ਼ੈਸਲਾ ਕੀਤਾ ਅਤੇ ਇਉਂ ਪੂਰਬੀ ਪੰਜਾਬ, ਜਿਸ ਅੰਦਰ ਸਿਖ ਵਧੇਰੇ ਕਰਕੇ ਵੱਸਦੇ ਸਨ, ਭਾਰਤ ਨਾਲ ਸ਼ਾਮਲ ਕੀਤਾ ਗਿਆ। ਦੇਸ਼-ਵੰਡ ਦੇ ਵਿਚਾਰ-ਵਟਾਂਦਰੇ ਅੰਦਰ ਮੁਸਲਮਾਨ ਤੇ ਸਿਖ ਮੁਖੀਆਂ ਦੀ ਆਪੋ ਵਿਚ ਦੀ ਇਕ ਮਿਲਣੀ ਸਮੇਂ, ਜਦੋਂ ਸਿਖ ਲੀਡਰਾਂ ਨੇ ਆਪਣਾ ਇਲਾਕਾ ਭਾਰਤ ਅੰਦਰ ਮਿਲਾਏ ਜਾਣ ਲਈ ਸਹਿਮਤੀ ਪ੍ਰਗਟ ਕਰ ਦਿੱਤੀ ਸੀ ਤਾਂ ਮੁਸਲਿਮ ਲੀਡਰ ਮੁਹੰਮਦ ਅਲੀ ਜਿਨਾਹ ਨੇ ਕੁੱਝ ਅਜਿਹੇ ਸ਼ਬਦ ਸਿੱਖਾਂ ਨੂੰ ਕਹੇ ਸਨ :

> "You have seen Hindus as your co-slaves, but now, when they will be masters and you their slaves, you will realize their true nature."

ਅਰਥਾਤ, "ਤੁਸਾਂ ਹਿੰਦੂ ਨੂੰ ਤੁਹਾਡੇ ਜਿਹਾ ਗ਼ੁਲਾਮ ਹੋਣ ਦੀ ਦਸ਼ਾ ਵਿਚ ਵੇਖਿਆ ਹੈ, ਪਰ ਹੁਣ ਜਦੋਂ ਹਿੰਦੂ ਮਾਲਕ (ਹਾਕਮ) ਹੋਵੇਗਾ ਅਤੇ ਤੁਸੀਂ ਉਸ ਦੇ ਗ਼ੁਲਾਮ, ਤਾਂ ਤੁਹਾਨੂੰ ਹਿੰਦੂ ਦੀ ਖ਼ਸਲਤ ਦਾ ਠੀਕ ਪਤਾ ਲੱਗੇਗਾ।"

ਜਿਨਾਹ ਦੇ ਉਕਤ ਸ਼ਬਦਾਂ ਦੀ ਘੋਖ ਲਈ ਜ਼ਰੂਰੀ ਹੈ ਕਿ ਇਤਿਹਾਸ ਦੇ ਕੁੱਝ ਪਿਛਲੇ ਪੰਨੇ ਫਰੋਲੇ ਜਾਣ। ਇਸ ਦੇ ਲਈ ਅਸੀਂ ਸੋਲ੍ਹਵੀਂ ਸਦੀ ਈਸਵੀ ਦੇ ਅਰੰਭ ਤੋਂ ਹੀ ਫੋਲਾ-ਫਾਲੀ ਕਰਨ ਦੀ ਲੋੜ ਸਮਝਦੇ ਹਾਂ ਕਿਉਂਕਿ ਇਹੋ ਸਮਾਂ ਸੀ ਜਦੋਂ ਸਿਖ ਵਿਚਾਰ-ਧਾਰਾ ਨੇ ਸਮੇਂ ਦੀਆਂ ਪ੍ਰਚੱਲਤ ਮਨੌਤਾਂ ਉਪਰ ਨਵੀਂ ਛਾਪ ਲਾਉਣੀ ਅਰੰਭੀ ਸੀ। ਦੇਸ਼ ਅੰਦਰ ਪਠਾਣ ਅਤੇ ਛੇਤੀ ਪਿੱਛੋਂ ਮੁਗ਼ਲ ਮੁਸਲਮਾਨੀ ਹਕੂਮਤ ਦਾ ਇਹ ਕਾਲ

ਸੀ ਅਤੇ ਹਿੰਦੂ ਇਨ੍ਹਾਂ ਦਾ ਮਹਿਕੂਮ (ਰਿਆਇਆ) ਸੀ। ਰਿਆਇਆ ਭੀ ਐਸੀ, ਜਿਸ ਦੀ ਤਸਵੀਰ ਗੁਰੂ ਨਾਨਕ ਦੇਵ ਜੀ ਨੇ ਇਕ ਸਤਰ ਵਿਚ ਇਉਂ ਖਿੱਚੀ ਹੈ:

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥੨॥੧੧॥

(ਆਸਾ ਦੀ ਵਾਰ)

ਇਸ ਸਾਹਸ-ਹੀਣ 'ਮੁਰਦਾਰ' ਹੋ ਚੁੱਕੀ ਹਿੰਦੂ ਰੱਯਤ, ਜੋ ਹਰ ਛੋਟੇ ਤੋਂ ਵੱਡੇ ਤਕ, ਮੁਸਲਮਾਨ ਹਾਕਮਾਂ ਦਾ ਹੀ ਪਾਣੀ ਭਰਦੀ ਸੀ, ਵਿਚ ਇਕ ਅਜਿਹੀ ਸ਼੍ਰੇਣੀ ਵੀ ਸੀ, ਜੋ ਜੁਗ-ਜੁਗਾਂਤਰਾਂ ਤੋਂ ਬਣੀ ਆਪਣੀ ਜਾਤ-ਵਡਿਆਈ (ਬ੍ਰਾਹਮਣ ਹੋਣ) ਕਾਰਨ ਹੋਰ ਸਾਰੀਆਂ ਹਿੰਦੂ ਜਾਤੀਆਂ ਨੂੰ ਆਪਣੇ ਦਬਾ ਹੇਠ ਰੱਖਦੀ ਸੀ, ਪਰ ਮੁਸਲਮਾਨ ਹਾਕਮਾਂ ਦੀਆਂ ਉਹ ਵੀ ਚਿਲਮਾਂ ਭਰਦੀ ਸੀ। ਇਨ੍ਹਾਂ ਦਾ ਹੀ ਨਕਸ਼ਾ ਗੁਰੂ ਨਾਨਕ ਜੀ ਨੇ ਇਹ ਕਹਿ ਕੇ ਚਿਤਰਿਆ ਹੈ:

ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥੨॥੧੬॥ *(ਆਸਾ ਦੀ ਵਾਰ)*

ਗੁਰੂ ਨਾਨਕ ਦੇਵ, ਜਾਤ-ਵਰਣ ਕਾਰਨ ਪਏ ਊਚ-ਨੀਚ ਦੇ ਵਿਤਕਰੇ ਖ਼ਤਮ ਕਰ ਕੇ ਨੀਚ ਤੋਂ ਨੀਚ ਜਾਣੇ ਜਾਂਦੇ ਮਨੁੱਖਾਂ ਨੂੰ ਉੱਚਿਆਂ ਦੇ ਸਮਾਨ ਬੈਠੇ ਵੇਖਣਾ ਚਾਹੁੰਦੇ ਸਨ। ਬ੍ਰਾਹਮਣ ਜਾਤੀ, ਜਿਨ੍ਹਾਂ ਦੀ ਬਣ ਚੁੱਕੀ ਸਮਾਜਿਕ ਤੇ ਆਰਥਿਕ ਦਸ਼ਾ ਦਾ ਸਹਾਰਾ ਹੀ ਇਹੋ ਜਾਤ-ਵਰਣ ਦੇ ਵਿਤਕਰੇ ਸਨ, ਉਹ ਗੁਰੂ ਨਾਨਕ ਦੇ ਘਰ ਦੀ ਅਜਿਹੀ ਤਾਲੀਮ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ ? ਉਨ੍ਹਾਂ ਲਈ ਸਾਰੀਆਂ ਜਾਤੀਆਂ, ਬਲਕਿ ਹਿੰਦੂ ਮੁਸਲਮਾਨ ਦਾ ਸਮਾਨ ਬੈਠਣਾ ਅਤੇ ਇਕੱਠੇ ਬੈਠ ਕੇ ਖਾਣਾ (ਸੰਗਤ ਤੇ ਪੰਗਤ ਦੇ ਅਦਾਰੇ) ਕਾਬਲੇ-ਬਰਦਾਸ਼ਤ ਨਹੀਂ ਸਨ। ਉਹ ਇਸ ਨੂੰ ਜੁਗ-ਜੁਗਾਂਤਰਾਂ ਤੋਂ ਚੱਲਦੀ ਆ ਰਹੀ ਸ਼ਾਸਤਰ-ਮਰਯਾਦਾ ਅਤੇ ਰਹੁ-ਰੀਤ ਦੇ ਉਲਟ ਸਮਝਦੇ ਅਤੇ ਇਸ ਨੂੰ ਘੋਰ ਅਪਰਾਧ ਮੰਨਦੇ ਸਨ। ਜਦੋਂ ਇਨ੍ਹਾਂ ਡਿੱਠਾ ਕਿ ਸੰਗਤ ਤੇ ਪੰਗਤ ਦੇ ਅਦਾਰੇ ਦਿਨੋ-ਦਿਨ ਜ਼ੋਰ ਫੜਦੇ ਗਏ ਸਨ ਅਤੇ ਬੀਤੇ ਸੌ ਕੁ ਸਾਲ ਅੰਦਰ ਉਹ ਲੋਕ, ਜਿਨ੍ਹਾਂ ਦੀਆਂ ਭੇਟਾਵਾਂ 'ਤੇ ਇਹ ਪਲਦੇ ਆਏ ਸਨ ਅਤੇ ਜੋ ਹੋਰ ਹਰ ਤਰ੍ਹਾਂ ਇਨ੍ਹਾਂ ਦਾ ਪਾਣੀ ਭਰਦੇ ਸਨ, ਇਨ੍ਹਾਂ ਵੱਲ ਕੰਡ ਕਰਦੇ ਜਾ ਰਹੇ ਸਨ ਤਾਂ ਇਨ੍ਹਾਂ ਸਮੇਂ ਦੀ ਹਕੂਮਤ ਦੀ ਓਟ ਤਕਾਈ ਅਤੇ ਦਿੱਲੀ ਬਾਦਸ਼ਾਹ ਅਕਬਰ ਦੇ ਦਰਬਾਰ ਅੰਦਰ ਪੁਕਾਰ ਜਾ ਕੀਤੀ। ਇਹ ਗੁਰੂ ਅਮਰਦਾਸ ਜੀ ਦਾ ਸਮਾਂ ਸੀ। ਤਲਬੀ ਹੋਣ 'ਤੇ ਆਪ ਨੇ ਭਾਈ ਜੇਠਾ ਜੀ ਨੂੰ, ਗੁਰੂ-ਘਰ ਦਾ ਨੁਕਤਾ-

ਨਿਗਾਹ ਪੇਸ਼ ਕਰਨ ਲਾਹੌਰ ਭੇਜ ਦਿੱਤਾ (ਕਿਉਂਕਿ ਬਾਦਸ਼ਾਹ ਲਾਹੌਰ ਆਇਆ ਹੋਇਆ ਸੀ), ਜਿਨ੍ਹਾਂ ਨੇ ਬਾਦਸ਼ਾਹ ਦੀ ਹਰ ਪੱਖ ਤੋਂ ਤਸੱਲੀ ਕਰਾ ਦਿੱਤੀ, ਬਲਕਿ ਅਕਬਰ ਇਤਨਾ ਪ੍ਰਭਾਵਤ ਹੋਇਆ ਕਿ ਲਾਹੌਰ ਤੋਂ ਚੱਲ ਕੇ ਖ਼ੁਦ ਗੋਇੰਦਵਾਲ ਪੁੱਜਾ ਅਤੇ ਜੋ ਕੁੱਝ ਭਾਈ ਜੇਠਾ ਜੀ ਨੇ ਗੁਰੂ-ਘਰ ਦੀ ਵਡਿਆਈ ਵਿਚ ਬਾਦਸ਼ਾਹ ਨੂੰ ਦੱਸਿਆ ਸੀ, ਉਸ ਦੀ ਨਿੱਜੀ ਤੌਰ 'ਤੇ ਤਸਦੀਕ ਕਰ ਲਈ ਅਤੇ ਬ੍ਰਾਹਮਣਾਂ ਦਾ ਦਾਹਵਾ ਖ਼ਾਰਜ ਕਰ ਦਿੱਤਾ।

ਏਥੋਂ ਅਰੰਭ ਹੁੰਦੀ ਹੈ ਸਿਖ ਧਰਮ ਦੇ ਵਿਰੋਧ ਦੀ ਨੀਤੀ, ਜੋ ਚਾਰ ਸੌ ਸਾਲ ਤੋਂ ਬ੍ਰਾਹਮਣ ਸ਼੍ਰੇਣੀ ਅਤੇ ਇਸ ਤੋਂ ਪ੍ਰਭਾਵਤ ਸਮੁੱਚੀ ਹਿੰਦੂ ਜਾਤੀ ਵੱਲੋਂ ਸਿੱਖਾਂ ਵੱਲ ਵਰਤੀ ਜਾਂਦੀ ਰਹੀ ਹੈ। ਭਾਵੇਂ ਸਿਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਤੋਂ ਪਿੱਛੋਂ ਪੰਥ ਖ਼ਾਲਸਾ ਵਲੋਂ ਸਰਬ-ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੀ ਨੀਤੀ ਨੂੰ ਕਦੀ ਭੀ ਹੱਥੋਂ ਜਾਣ ਨਹੀਂ ਦਿੱਤਾ ਗਿਆ, ਇਤਿਹਾਸ ਦੇ ਜਾਣਕਾਰਾਂ ਨੂੰ ਇਸ ਦੀ ਕੋਈ ਭੁੱਲ ਨਹੀਂ। ਨਮੂਨੇ ਮਾਤਰ ਇਨ੍ਹਾਂ ਦੇ ਸਿਖ ਧਰਮ ਵੱਲ ਅਤੇ ਸਿੱਖਾਂ ਦੇ ਇਨ੍ਹਾਂ ਵੱਲ ਵਰਤਾਉ ਦੇ ਕੁਝ ਕੁ ਇਤਿਹਾਸਕ ਹਵਾਲੇ ਦੇਣੇ ਕੁਥਾਏਂ ਨਹੀਂ ਹੋਣਗੇ:

(ੳ) ਗੋਇੰਦੇ ਖੱਤਰੀ, ਜਿਸ ਦੀ ਪ੍ਰੇਰਨਾ 'ਤੇ ਗੁਰੂ ਅਮਰਦਾਸ ਜੀ ਨੇ ਗੋਇੰਦੇ ਦੀ ਮਾਲਕੀ ਧਰਤੀ 'ਤੇ ਗੋਇੰਦਵਾਲ ਵਸਾਇਆ ਸੀ, ਦੇ ਪੁੱਤਰਾਂ ਪਾਸੋਂ ਲਾਹੌਰ ਦੇ ਹਾਕਮ ਜਾਫ਼ਰ ਬੇਗ਼ ਪਾਸ ਗੁਰੂ ਜੀ 'ਤੇ ਦਾਹਵਾ ਕਰਵਾਇਆ ਗਿਆ ਕਿ ਗੁਰੂ ਜੀ ਨੇ ਉਨ੍ਹਾਂ ਦੀ ਧਰਤੀ ਧੱਕੇ ਨਾਲ ਕਬਜ਼ੇ ਕਰ ਰੱਖੀ ਹੈ, ਉਹ ਵੀ ਖ਼ਾਰਜ ਹੋ ਗਿਆ ਸੀ।

(ਅ) ਭਾਵੇਂ ਨਕਸ਼ਬੰਦੀ ਸ਼ੇਖ਼ ਅਹਿਮਦ ਸਰਹਿੰਦੀ ਦੀ ਚੁੱਕ 'ਤੇ ਬਾਦਸ਼ਾਹ ਜਹਾਂਗੀਰ ਗੁਰੂ ਅਰਜਨ ਦੇਵ ਜੀ ਨੂੰ ਇਸਲਾਮ ਦੀ ਤਬਲੀਗ਼ (ਪ੍ਰਚਾਰ) ਲਈ ਹਾਨੀਕਾਰਕ ਸਮਝਣ ਲੱਗ ਗਿਆ ਸੀ, ਪਰ ਗੁਰੂ ਜੀ ਦੀ ਜਾਤ ਦੇ ਉਲਟ ਚੰਦੂ ਸੁਆਹੀ ਦਾ ਰੋਲ, ਅਤੇ ਭੜਕਾਹਟ ਜੋ ਉਸ ਵੱਲੋਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਅਤੇ ਗੁਰੂ ਜੀ ਦੇ ਗੁਰਮਤਿ ਪ੍ਰਚਾਰ ਦੇ ਹੋਰ ਸਾਧਨਾਂ ਬਾਰੇ ਦਿੱਤੀ ਗਈ, ਦਾ ਕੋਈ ਘੱਟ ਅਸਰ ਨਹੀਂ ਸੀ। ਗੁਰੂ ਜੀ ਦੇ ਉਲਟ ਲੂਤੀਆਂ ਲਾਉਣ ਦਾ ਮੁਖ ਰੋਲ ਚੰਦੂ ਦਾ ਹੀ ਸੀ।

(ੲ) ਪਹਿਲੀ ਲੜਾਈ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਲੜਨੀ ਪਈ ਉਹ ਭੰਗਾਣੀ ਦੇ ਮੁਕਾਮ 'ਤੇ ਹਿੰਦੂ ਰਾਜੇ ਭੀਮ ਚੰਦ ਅਤੇ ਉਸ ਦੇ ਸਾਥੀ ਦੂਜੇ ਹਿੰਦੂ ਰਾਜਿਆਂ ਵੱਲੋਂ ਗੁਰੂ ਜੀ 'ਤੇ ਅਕਾਰਨ ਹਮਲਾ ਕਰਨ 'ਤੇ ਹੋਈ, ਜਿਸ ਵਿਚ ਮੁਸਲਮਾਨ ਪੀਰ ਬੁਧੂ ਸ਼ਾਹ ਆਪਣੇ ਸੱਤ ਸੌ ਮੁਰੀਦਾਂ ਸਮੇਤ ਗੁਰੂ ਜੀ ਦੀ ਮਦਦ ਨੂੰ ਆਇਆ ਸੀ।

(ਸ) ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਰਹਿਣ ਦੇ ਕਾਲ ਸਮੇਂ

ਕਰੀਬਨ ਇਕ ਦਰਜਨ ਲੜਾਈਆਂ, ਜੋ ਗੁਰੂ ਜੀ ਨੂੰ ਆਪਣੇ ਬਚਾਉ ਲਈ ਲੜਨੀਆਂ ਪਈਆਂ, ਸਾਰੀਆਂ ਹੀ ਪਹਾੜੀ ਹਿੰਦੂ ਰਾਜਿਆਂ ਜਾਂ ਉਨ੍ਹਾਂ ਦੀ ਚੁੱਕ 'ਤੇ ਆਈਆਂ ਮੁਗ਼ਲੀਆ ਫ਼ੌਜਾਂ ਨਾਲ ਲੜੀਆਂ ਗਈਆਂ ਸਨ।

(ਹ) ਅਨੰਦਪੁਰ ਸਾਹਿਬ ਦੀ ਆਖ਼ਰੀ ਲੜਾਈ ਸਮੇਂ ਆਟੇ ਦੀ ਗਊ ਬਣਾ ਕੇ ਭੇਜਣ ਅਤੇ ਗਊ ਦੀ ਸਹੁੰ ਖਾ ਕੇ ਗੁਰੂ ਜੀ ਤੋਂ ਕਿਲ੍ਹਾ ਛੁਡਵਾ ਕੇ ਵਿਸਾਹਘਾਤ ਕਰਨ ਵਾਲੇ ਹਿੰਦੂ ਪਹਾੜੀ ਰਾਜੇ ਹੀ ਸਨ।

(ਕ) ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਓਸ ਦੇ ਘਰ ਹੋਣ ਦੀ ਮੁਖ਼ਬਰੀ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾਉਣ ਵਾਲਾ ਗੰਗੂ ਬ੍ਰਾਹਮਣ ਹੀ ਸੀ।

(ਖ) ਸੂਬਾ ਸਰਹੰਦ ਵੱਲੋਂ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਕੰਧਾਂ ਅੰਦਰ ਚਿਣਵਾ ਕੇ ਸ਼ਹੀਦ ਕਰਾਉਣ ਦਾ ਸਮਰਥਕ ਵੀ ਦੀਵਾਨ ਸੁੱਚਾ ਨੰਦ ਹਿੰਦੂ ਹੀ ਸੀ, ਜਦੋਂ ਕਿ ਇਸ ਦੇ ਉਲਟ ਆਵਾਜ਼ ਉਠਾਉਣ ਵਾਲਾ ਮਲੇਰਕੋਟਲੇ ਦਾ ਮੁਸਲਮਾਨ ਨਵਾਬ ਸੀ।

(ਗ) ਅਠਾਰ੍ਹਵੀਂ ਸਦੀ ਅੰਦਰ ਲਖਪਤ ਤੇ ਜਸਪਤ ਦੋਹਾਂ ਭਰਾਵਾਂ ਦਾ ਸਿਖ ਵਿਰੋਧੀ ਰੋਲ ਸੂਰਜ-ਵਤ ਰੌਸ਼ਨ ਹੈ।

ਇਹ ਹਨ ਕੁੱਝ ਕੁ ਵਾਕਿਆਤ, ਦੇਸ਼ ਅੰਦਰ ਮੁਸਲਮਾਨੀ ਹਕੂਮਤ ਸਮੇਂ ਸਿੱਖਾਂ ਪ੍ਰਤੀ ਹਿੰਦੂ ਵਰਤਾਉ ਦੇ; ਪ੍ਰੰਤੂ ਐਸਾ ਹੋਣ ਦੇ ਬਾਵਜੂਦ ਵੀ ਹਿੰਦੂ ਪ੍ਰਤੀ ਸਿਖ ਰਵੱਈਏ ਲਈ ਪੜ੍ਹੋ :

(ੳ) ਸ਼ਹੀਦੀ ਵਾਰਤਾ ਗੁਰੂ ਤੇਗ਼ ਬਹਾਦਰ ਸਾਹਿਬ, ਜਿਸ ਬਾਰੇ ਅੰਕਤ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥

(ਬਚਿਤ੍ਰ ਨਾਟਕ)

(ਅ) ਸਾਹਿਬ ਅਜੀਤ ਸਿੰਘ ਜੀ ਦਾ ਬ੍ਰਾਹਮਣ ਲੜਕੀ ਨੂੰ ਜ਼ਾਲਮਾਂ ਹੱਥੋਂ ਛੁਡਾਉਣਾ।

(ੲ) ਸ: ਜੱਸਾ ਸਿੰਘ ਦਾ ਹਜ਼ਾਰਾਂ ਮਰਹੱਟੇ ਤੇ ਜਾਟ ਲੜਕੇ ਲੜਕੀਆਂ ਦਾ ਅਬਦਾਲੀ ਹੱਥੋਂ ਛੁਡਾ ਕੇ ਉਨ੍ਹਾਂ ਦੇ ਘਰੋ-ਘਰੀ ਪਹੁੰਚਾਉਣਾ।

(ਸ) ਬ੍ਰਾਹਮਣ ਲੜਕੀ ਦੇ ਬਚਾਉ ਲਈ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖ਼ਾਲਸੇ ਦਾ ਗੁਰਮਤਾ, ਕਸੂਰ 'ਤੇ ਚੜ੍ਹਾਈ ਤੇ ਬ੍ਰਾਹਮਣ ਲੜਕੀ ਨੂੰ ਨਵਾਬ ਹੱਥੋਂ ਛੁਡਾਉਣਾ।

(ਹ) ਸਿਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਹਿੰਦੂਆਂ ਪ੍ਰਤੀ ਨੀਤੀ :

(1) ਡੋਗਰੇ ਧਿਆਨ ਸਿੰਘ, ਪੰਡਤ ਦੀਨਾ ਨਾਥ, ਦੀਵਾਨ ਸਾਵਨ ਮੱਲ ਤੇ ਮੂਲ ਰਾਜ ਆਦਿ ਨੂੰ ਪ੍ਰਧਾਨ ਤੇ ਹੋਰ ਮੰਤਰੀਆਂ, ਗਵਰਨਰੀ ਅਤੇ ਫ਼ੌਜੀ ਉੱਚ ਪਦਵੀਆਂ 'ਤੇ ਨਿਯੁਕਤਣਾ।

(2) ਹਿੰਦੂ ਮੰਦਰਾਂ ਲਈ ਸੋਨਾ ਅਤੇ ਹੋਰ ਅਨੇਕ ਪਦਾਰਥ ਭੇਟ ਕਰਨਾ। ਇਸ ਦੇ ਉਲਟ ਮਹਾਰਾਜਾ ਰਣਜੀਤ ਸਿੰਘ ਦੇ ਚਲਾਣਾ ਕਰ ਜਾਣ ਪਿੱਛੋਂ ਮਹਾਰਾਜੇ ਦੇ ਹਿੰਦੂ ਦਰਬਾਰੀ ਡੋਗਰਿਆਂ ਅਤੇ ਯੂ.ਪੀ. ਦੇ ਭਈਆਂ ਰਾਜਾ ਤੇਜ ਸਿੰਘ ਤੇ ਲਾਲ ਸਿੰਘ ਆਦਿ ਦਾ ਸਿਖ ਰਾਜ ਦੇ ਖ਼ਾਤਮੇ ਲਈ ਅਦਾ ਕੀਤਾ ਰੋਲ ਕਿਸੇ ਤੋਂ ਭੁੱਲਿਆ ਹੋਇਆ ਨਹੀਂ।

ਹੁਣ ਲਓ ਅੰਗਰੇਜ਼ ਕਾਲ ਅਤੇ ਉਸ ਤੋਂ ਪਿੱਛੋਂ ਦੀ ਵਾਰਤਾ:

(1) ਅੰਗਰੇਜ਼ ਦੇਸ਼ ਦੀਆਂ ਪਹਿਲੀਆਂ ਹਕੂਮਤਾਂ ਨਾਲੋਂ ਵਧੇਰੇ ਨੀਤੀਵਾਨ ਸੀ। ਉਸ ਨੇ ਮੁਸਲਮਾਨਾਂ ਵਾਂਗ ਆਪਣੇ ਧਰਮ (ਈਸਾਈਅਤ) ਨੂੰ ਸਟੇਟ ਰਿਲੀਜਨ (ਦੇਸ਼ ਦਾ ਧਰਮ) ਬਣਾਉਣ ਦਾ ਕੋਈ ਵਿਸ਼ੇਸ਼ ਜਤਨ ਨਹੀਂ ਕੀਤਾ, ਨਾ ਨੰਗੇ ਤੌਰ 'ਤੇ ਦੇਸ਼ ਦੇ ਕਿਸੇ ਧਰਮ ਦੀ ਵਿਰੋਧਤਾ ਕੀਤੀ। ਅਗਰ ਅੱਡੋ-ਅੱਡ ਧਰਮਾਂ ਦੇ ਆਪਸ ਵਿਚਲੇ ਕਿਸੇ ਵਿਰੋਧ ਤੋਂ ਹਕੂਮਤ ਨੂੰ ਕੋਈ ਲਾਭ ਪੁੱਜਦਾ ਨਜ਼ਰ ਆਇਆ ਤਾਂ ਉਸ ਨੂੰ ਸ਼ਹਿ ਜ਼ਰੂਰ ਦਿੱਤੀ। ਜਿਵੇਂ ਕਿ ਮਿਰਜ਼ਾ ਕਾਦੀਆਂ ਦਾ ਆਪਣੇ ਆਪ ਨੂੰ ਨਬੀ ਜਤਾਉਂਦੇ ਹੋਏ ਮੁਸਲਮਾਨਾਂ ਅੰਦਰ ਮਿਰਜ਼ਈ ਸ਼੍ਰੇਣੀ ਦਾ ਉਭਰਨਾ ਅਤੇ ਬ੍ਰਹਮੋ ਸਮਾਜ, ਦੇਵ ਸਮਾਜ ਅਤੇ ਰਾਧਾ ਸੁਆਮੀ ਸੰਪਰਦਾਵਾਂ ਦੀ ਸਥਾਪਨਾ। ਪਰ ਇਨ੍ਹਾਂ ਸਾਰਿਆਂ ਤੋਂ ਵਡੇਰਾ ਰੋਲ, ਜਿਸ ਨੇ ਸਿਖ ਸਮਾਜ 'ਤੇ ਸਿੱਧੀ ਚੋਟ ਕੀਤੀ, ਸਵਾਮੀ ਦਯਾ ਨੰਦ ਦੇ ਵੇਦਕ ਧਰਮ ਦੇ ਪੁਨਰ-ਨਿਰਮਾਣ ਦੇ ਨਾਮ ਹੇਠ ਚਾਲੂ ਕੀਤਾ ਆਰੀਆ ਸਮਾਜ ਦੇ ਸਥਾਪੇ ਜਾਣ ਦਾ ਸੀ, ਜਿਸ ਨੇ ਉਸ ਸਮੇਂ ਦੇ ਵਿਸ਼ਾਲ ਪੰਜਾਬ ਨੂੰ ਆਪਣਾ ਰਣ-ਖੇਤਰ ਇਸ ਲਈ ਬਣਾਇਆ ਕਿ ਪੰਜਾਬ ਸਿੱਖਾਂ ਦੀ ਜਨਮ-ਭੂਮੀ ਸੀ, ਜਿਸ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਸਿੱਖੀ ਪ੍ਰਚਾਰ ਦਾ ਮਾਧਿਅਮ ਬਣਾ ਕੇ ਵੇਦ ਬਾਣੀ, ਜੋ ਸੰਸਕ੍ਰਿਤ ਵਿਚ ਸੀ, ਵੱਲੋਂ ਪੰਜਾਬ-ਵਾਸੀਆਂ ਦਾ ਮੂੰਹ ਮੋੜਿਆ ਸੀ ਅਤੇ ਜਿਨ੍ਹਾਂ ਨੇ 'ਜਪੁਜੀ' ਅਤੇ 'ਸੁਖਮਨੀ' ਜੈਸੀਆਂ ਨਿੱਜ-ਭਾਸ਼ਾ ਦੀਆਂ ਸੁਖੈਨ ਬਾਣੀਆਂ ਦੇ ਲੜ ਲੱਗ ਕੇ 'ਗੀਤਾ' ਅਤੇ ਹੋਰ ਵੇਦ ਮੰਤਰਾਂ ਨੂੰ ਤਿਆਗ ਦਿੱਤਾ ਸੀ। ਆਪਣੇ ਆਸ਼ੇ ਦੀ ਪੂਰਤੀ ਲਈ ਇਨ੍ਹਾਂ ਰਾਵਲਪਿੰਡੀ ਵਿਚ ਹੋਈ ਆਰੀਆ ਸਮਾਜ ਦੀ ਇਕ ਇਕੱਤਰਤਾ ਸਮੇਂ ਇਹ ਨਿਰਣਾ ਲਿਆ ਸੀ, "ਕਿਸੇ ਵੀ ਧਰਮ ਦੇ ਪ੍ਰਸਾਰ ਵਿਚ ਇਸਤਰੀ-ਜਾਤ ਦਾ ਸਭ ਤੋਂ ਮਹਾਨ ਰੋਲ ਹੋਇਆ ਕਰਦਾ ਹੈ ਅਤੇ ਜੇ ਅਸੀਂ ਸਹੀ ਤੌਰ 'ਤੇ ਵੇਦਕ ਧਰਮ ਦਾ ਪੁਨਰ ਨਿਰਮਾਣ ਕਰਨਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਕਿ ਸਾਡੀਆਂ ਇਸਤਰੀਆਂ 'ਜਪੁਜੀ' ਤੇ 'ਸੁਖਮਨੀ' ਪੜ੍ਹਨਾ ਛੱਡਣ, ਜੋ ਤਦੋਂ ਤਕ ਸੰਭਵ ਨਹੀਂ ਜਦ ਤਕ ਗੁਰਮੁਖੀ ਸਾਡੇ ਘਰਾਂ ਵਿਚੋਂ ਨਹੀਂ ਨਿਕਲਦੀ। ਸੋ ਸਭ ਤੋਂ ਪਹਿਲੀ ਗੱਲ ਗੁਰਮੁਖੀ ਦਾ ਤਿਆਗਣਾ ਹੈ ਤਾਂ ਹੀ ਅਸੀਂ ਵੇਦਕ ਧਰਮ ਬਾਰੇ ਕੋਈ ਅਗਲਾ ਕਦਮ ਪੁੱਟ ਸਕਾਂਗੇ।"

ਇਹ ਸੀ ਆਰੀਆ ਸਮਾਜ ਦਾ ਪਹਿਲਾ ਨਿਰਣਾ, ਜਿਸ ਨੇ ਇਨ੍ਹਾਂ ਨੂੰ ਸਿੱਖਾਂ ਤੋਂ ਦੂਰ ਕੀਤਾ ਅਤੇ ਹਿੰਦੂ ਸਿਖ ਦੇ ਸਦੀਵੀ ਮਤ-ਭੇਦ ਦਾ ਬੀਜ ਬੀਜਿਆ, ਜਿਸ ਦਾ ਸਿੱਟਾ ਹੀ ਉਹ ਸਾਰਾ ਕੁੱਝ ਹੈ ਜੋ ਅਸੀਂ ਵੇਖ ਚੁੱਕੇ ਹਾਂ ਅਤੇ ਅੱਗੋਂ ਵੇਖਾਂਗੇ। (ਇਸ ਦਾ ਹੋਰ ਵਿਸਥਾਰ ਪਾਠਕ ਅੱਗੇ ਪੜ੍ਹਨਗੇ।)

ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੀ ਸੀ.ਆਈ.ਡੀ. ਦਾ ਸਹਾਇਕ ਡਾਇਰੈਕਟਰ ਮਿਸਟਰ ਡੀ. ਪੈਟਰੀ 1900 ਤੋਂ 1911 ਦੀ ਆਪਣੀ ਇਕ ਰੀਪੋਰਟ ਵਿਚ 11 ਅਗਸਤ 1911 ਨੂੰ ਉਸ ਸਮੇਂ ਦੇ ਹਿੰਦੂ ਸਿਖ ਤਅੱਲਕਾਤ ਬਾਰੇ ਇਉਂ ਲਿਖਦਾ ਹੈ :

> "Hinduism has always been hostile to Sikhism, whose Gurus powerfully and successfully attacked the Hindu principle of caste, which is the foundation on which the whole fabric of Brahmanism has been reared. The activities of Hindus have, therefore, been constantly directed to the undermining of Sikhism both by preventing the children of Sikh fathers from taking the *pahul* and by seducing professed Sikhs from their allegiance to their faith. Hinduism has strangled Buddhism, once a formidable rival of it and it has already made serious inroads into domains of Sikhism."

ਅਰਥਾਤ, "ਹਿੰਦੂ-ਮਤ ਸਿਖ-ਮਤ ਬਾਰੇ ਹਮੇਸ਼ਾ ਵਿਰੋਧੀ ਰੋਲ ਅਦਾ ਕਰਦਾ ਰਿਹਾ ਹੈ, ਕਿਉਂਕਿ ਸਿਖ ਗੁਰੂ ਸਾਹਿਬਾਨ ਨੇ ਹਿੰਦੂਆਂ ਦੇ ਜਾਤ-ਵਰਣ ਦੇ ਵਿਤਕਰਿਆਂ ਵਿਰੁੱਧ ਜ਼ਬਰਦਸਤ ਤੇ ਸਫਲ ਕਦਮ ਉਠਾਏ ਸਨ ਜਦੋਂ ਕਿ ਬ੍ਰਾਹਮਣੀ ਵਿਚਾਰਧਾਰਾ ਦਾ ਸਾਰਾ ਢਾਂਚਾ ਹੀ ਇਨ੍ਹਾਂ ਵਿਤਕਰਿਆਂ 'ਤੇ ਉਸਰਦਾ ਸੀ। ਇਸੇ ਕਾਰਨ ਹਿੰਦੂ ਵਰਤਾਰਾ ਹਮੇਸ਼ਾ ਹੀ ਸਿਖ ਧਰਮ ਦੀ ਹੇਠੀ ਵਾਲਾ ਰਿਹਾ ਹੈ। ਹਿੰਦੂਆਂ ਵੱਲੋਂ ਸਿਖ ਮਾਪਿਆਂ ਦੇ ਬੱਚਿਆਂ ਨੂੰ ਪਾਹੁਲ ਲੈਣ (ਅੰਮ੍ਰਿਤ ਛਕਣ) ਤੋਂ ਰੋਕਣ ਅਤੇ ਸਿਖ ਕਹਾਉਣ ਵਾਲੇ ਹੋਰ ਲੋਕਾਂ ਨੂੰ ਸਿੱਖੀ ਵੱਲ ਕੰਡ ਕਰਨ ਦੀ ਪ੍ਰੇਰਨਾ ਦੇਣਾ ਇਨ੍ਹਾਂ ਦਾ ਕੰਮ ਰਿਹਾ ਹੈ। ਹਿੰਦੂ ਧਰਮ ਨੇ ਬੁੱਧ-ਮਤ, ਜੋ ਇਸ ਦਾ ਖ਼ਤਰਨਾਕ ਵਿਰੋਧੀ ਸੀ, ਦਾ ਗਲਾ ਤਾਂ ਘੁੱਟ ਹੀ ਦਿੱਤਾ ਹੋਇਆ ਸੀ ਅਤੇ ਹੁਣ ਇਸ ਨੇ ਸਿਖ-ਮਤ ਨਾਲ ਓਹੋ ਵਰਤਾਉ ਕਰਨ ਲਈ ਵੱਡੇ ਚਿੰਤਾਜਨਕ ਰਸਤੇ ਅਪਣਾਅ ਲਏ ਹੋਏ ਹਨ।

(2) ਅੰਗਰੇਜ਼ ਦੀ ਦੂਜੀ ਵਿਸ਼ੇਸ਼ਤਾ ਗੁਣ (merit) ਦੀ ਕਦਰ ਕਰਨਾ ਸੀ। ਅੰਗਰੇਜ਼ ਨੂੰ ਇਹ ਨਿਸਚੇ ਹੋ ਚੁੱਕਾ ਸੀ ਕਿ ਸਿਖ ਸਮੁੱਚੇ ਤੌਰ 'ਤੇ ਬਹਾਦਰ ਤੇ ਵਫ਼ਾਦਾਰ

(faithful) ਹਨ। ਸੋ ਉਸ ਨੇ ਸਿੱਖਾਂ ਨੂੰ ਆਪਣੀਆਂ ਫ਼ੌਜਾਂ ਅੰਦਰ ਵਿਸ਼ੇਸ਼ ਥਾਉਂ ਦਿੱਤਾ ਅਤੇ ਭਰਤੀ ਹੋਏ ਹਰ ਸਿਖ ਨੂੰ ਸਿੱਖੀ ਰਹਿਤ-ਰਹਿਣੀ ਅਤੇ ਇਸ ਵਿਚ ਪਰਪੱਕ ਹੋਣ ਦੀ ਚੇਤਨਾ ਦਿੱਤੀ, ਜਿਸ ਨੇ ਸਿੱਖਾਂ ਦੀ ਮਾਰਸ਼ਲ ਸਪਿਰਿਟ ਅਤੇ ਸਿੱਖੀ ਜੀਵਨ ਧਾਰੇ ਰੱਖਣ ਨੂੰ ਬਲ ਦਿੱਤਾ। ਇਸ ਦਾ ਫਲ ਸੀ ਕਿ ਦੇਸ਼ ਦੀ ਸਾਰੀ ਵੱਸੋਂ ਅੰਦਰ ਤਦੋਂ 1.5 ਫ਼ੀਸਦੀ ਥਾਉਂ ਰੱਖਦੇ ਹੋਏ ਵੀ ਫ਼ੌਜਾਂ ਵਿਚ ਸਿਖ ਗਿਣਤੀ 30 ਫ਼ੀਸਦੀ ਤਕ ਚਲੀ ਗਈ ਅਤੇ ਅੰਗਰੇਜ਼ ਦੀ ਨਜ਼ਰ ਵਿਚ ਹਿੰਦੂ ਮੁਸਲਮਾਨ ਦੇ ਮੁਕਾਬਲੇ ਦੀ ਸਿਖ ਦੇਸ਼ ਦੀ ਤੀਜੀ ਕੌਮ ਗਿਣੀ ਗਈ। ਬਲਕਿ ਦੇਸ਼ ਛੱਡ ਜਾਣ ਅਥਵਾ ਦੇਸ਼ ਨੂੰ ਆਜ਼ਾਦ ਕਰ ਦੇਣ ਸਮੇਂ (1947) ਵੀ ਅੰਗਰੇਜ਼ ਚਾਹੁੰਦਾ ਰਿਹਾ ਕਿ ਜੇ ਦੇਸ਼ ਦਾ ਬਟਵਾਰਾ ਹੋਣਾ ਹੀ ਹੈ ਤਾਂ ਹਿੰਦੂ ਦੇ ਭਾਰਤ ਅਤੇ ਮੁਸਲਮਾਨ ਦੇ ਪਾਕਿਸਤਾਨ ਵਿਚਾਲੇ ਸਿੱਖਾਂ ਦੀ ਵੱਖਰੀ ਸਿਖ ਸਟੇਟ ਕਾਇਮ ਹੋ ਜਾਵੇ। ਪ੍ਰੰਤੂ ਅੰਗਰੇਜ਼ ਦੀ ਇਸ ਪੇਸ਼ਕਸ਼ ਦਾ ਜੋ ਹਸ਼ਰ ਹੋਇਆ, ਉਹ ਪਾਠਕ ਪਿੱਛੇ ਪੜ੍ਹ ਚੁੱਕੇ ਹਨ।

ਦੇਸ਼ ਦੇ ਬਟਵਾਰੇ ਸਮੇਂ ਵੱਖਰੀ ਸਿਖ ਸਟੇਟ ਨਾ ਬਣਨ ਦਾ ਕਾਰਨ ਮੁਖ ਰੂਪ ਵਿਚ ਭਾਵੇਂ ਕਾਂਗਰਸੀ ਮੁਖੀਆਂ ਵੱਲੋਂ ਦਿੱਤੇ ਭਰੋਸੇ ਹੀ ਸਨ, ਪਰ ਮੁੱਢਲੇ ਤੌਰ 'ਤੇ (basically) ਸਿਖ ਦਾ ਦੇਸ਼ ਪਿਆਰ (ਹੁਬੁਲ ਵਤਨੀ) ਅਤੇ ਦੇਸ਼ ਹਿੱਤ ਆਪਣਾ ਆਪ ਕੁਰਬਾਨ ਕਰ ਦੇਣ ਦੀ ਸਪਿਰਿਟ ਹੀ ਸੀ, ਜਿਸ ਦਾ ਸਬੂਤ ਪਿੱਛੇ ਵਰਣੇ ਵਾਕਿਆਤ ਤੋਂ ਮਿਲਦਾ ਹੈ। ਵੇਖ ਕੇ ਅਣਡਿੱਠ ਕਰਨਾ ਸਿਖ ਸੁਭਾਉ ਦਾ ਆਦਿ ਤੋਂ ਖ਼ਾਸਾ ਰਿਹਾ ਹੈ। ਅਸੀਂ ਰੋਜ਼ਾਨਾ ਕੀਤੀ ਜਾਂਦੀ ਅਰਦਾਸ ਵਿਚ 'ਵੇਖ ਕੇ ਅਣਡਿੱਠ ਕਰਨ ਵਾਲਿਆਂ ਦਾ ਧਿਆਨ ਧਰਦੇ' ਅਤੇ ਉਨ੍ਹਾਂ ਦੀ ਪ੍ਰਸੰਸਾ ਕਰਦੇ ਹਾਂ। ਆਪਣੇ ਇਸ ਗੁਣ ਨੂੰ ਸਿੱਖਾਂ ਨੇ ਹਿੰਦੂ ਲੀਡਰਸ਼ਿਪ ਨੂੰ ਮੁਆਫ਼ ਕਰ ਦੇਣ ਹਿੱਤ ਜਿਤਨਾ ਕੁ ਵਰਤਿਆ ਹੈ, ਇਸ ਦੀ ਮਿਸਾਲ ਨਹੀਂ ਮਿਲਦੀ। ਉਦਾਹਰਣ ਮਾਤਰ ਇਕ ਅਹਿਮ ਵਾਕਿਆ ਦਾ ਜ਼ਿਕਰ ਕਰ ਦੇਣਾ ਹੀ ਕਾਫ਼ੀ ਹੋਵੇਗਾ:

ਸੰਨ 1936 ਵਿਚ ਡਾਕਟਰ ਅੰਬੇਦਕਰ ਦੀ ਵਾਹਿਦ ਲੀਡਰਸ਼ਿਪ ਹੇਠ ਦੇਸ਼ ਦੀਆਂ ਅਛੂਤ ਜਾਤੀਆਂ, ਜਿਨ੍ਹਾਂ ਦੀ ਗਿਣਤੀ ਤਦੋਂ ਨੌਂ ਕਰੋੜ ਦੱਸੀ ਜਾਂਦੀ ਸੀ, ਨੇ ਸਿਖ ਧਰਮ ਗ੍ਰਹਿਣ ਕਰ ਲੈਣ ਦਾ ਫ਼ੈਸਲਾ ਕਰ ਲੀਤਾ ਸੀ, ਜਿਸ ਦਾ ਐਲਾਨ ਡਾਕਟਰ ਨੇ ਅੰਮ੍ਰਿਤਸਰ ਵਿਚ ਸੰਨ 1936 ਵਿਚ ਹੋਈ ਗੁਰਮਤਿ ਪ੍ਰਚਾਰ ਕਾਨਫ਼ਰੰਸ ਵਿਚ ਕਰ ਕੇ ਅਛੂਤਾਂ ਅੰਦਰ ਗੁਰਮਤਿ ਦੇ ਪ੍ਰਚਾਰ ਦੀ ਟ੍ਰੇਨਿੰਗ ਲਈ ਆਪਣੇ ਪੜ੍ਹੇ ਲਿਖੇ 14 ਸੱਜਣਾਂ ਨੂੰ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਦਾਖ਼ਲ ਵੀ ਕਰਵਾ ਦਿੱਤਾ ਸੀ। ਡਾਕਟਰ ਵੱਲੋਂ ਸਰਬ ਹਿੰਦ ਸਿਖ ਮਿਸ਼ਨ ਪਾਸੋਂ ਕੀਤੀਆਂ ਮੰਗਾਂ (1) ਬੰਬਈ ਵਿਚ ਉਨ੍ਹਾਂ ਲਈ ਕਾਲਜ ਦੀ ਸਥਾਪਨਾ ਅਤੇ (2) ਉਨ੍ਹਾਂ ਦੇ ਅਖ਼ਬਾਰ 'ਜਨਤਾ' ਵਾਸਤੇ ਛਾਪਾਖ਼ਾਨਾ ਲਾ ਦੇਣਾ, ਮਿਸ਼ਨ ਨੇ ਪ੍ਰਵਾਨ ਕਰ ਕੇ ਇਨ੍ਹਾਂ ਵਾਸਤੇ

ਦਾਦਰ ਅਤੇ ਮਾਟੂੰਗਾ ਦੀਆਂ ਕਾਲੋਨੀਆਂ ਵਿਚ ਥਾਵਾਂ ਭੀ ਖ਼ਰੀਦ ਲਈਆਂ ਸਨ ਅਤੇ ਇਹ ਗੱਲ ਤੈਅ ਹੋਈ ਜਾਪਦੀ ਸੀ ਕਿ ਨੌਂ ਕਰੋੜ ਅਛੂਤ ਸਿੰਘ ਸਜ ਜਾਣਗੇ।

ਮਾਸਟਰ ਤਾਰਾ ਸਿੰਘ ਚਾਹੁੰਦੇ ਸਨ ਕਿ ਇਸ ਲਈ ਹਿੰਦੂ ਲੀਡਰਾਂ ਦਾ ਸਹਿਯੋਗ ਵੀ ਪ੍ਰਾਪਤ ਕਰ ਲਿਆ ਜਾਵੇ। ਚੁਨਾਂਚਿ ਉਨ੍ਹਾਂ ਮਿਸ਼ਨ ਦੇ ਜਨਰਲ ਸਕੱਤਰ ਮਾਸਟਰ ਸੁਜਾਨ ਸਿੰਘ ਨੂੰ ਮਹਾਤਮਾ ਗਾਂਧੀ ਪਾਸ ਇਸ ਪਰਥਾਏ ਉਨ੍ਹਾਂ ਦੀ ਸੰਮਤੀ ਲੈਣ ਹਿੱਤ ਭੇਜਿਆ। ਇਸ ਤੋਂ ਪਹਿਲਾਂ ਪੰਡਤ ਮਾਲਵੀਆ ਅਤੇ ਸ੍ਰੀ ਜੁਗਲ ਕਿਸ਼ੋਰ ਬਿਰਲਾ ਦੀ ਸਹਿਮਤੀ ਉਹ ਲੈ ਚੁੱਕੇ ਸਨ, ਬਲਕਿ ਬਿਰਲਾ ਜੀ ਨੇ ਇਸ ਕੰਮ ਲਈ ਪੰਝੀ ਹਜ਼ਾਰ ਰੁਪਏ ਭੀ ਮਾਸਟਰ ਜੀ ਨੂੰ ਭੇਜੇ ਸਨ।

ਮਹਾਤਮਾ ਜੀ ਦੀ ਇਸ ਨਾਲ ਸਹਿਮਤੀ ਯਕੀਨੀ ਸਮਝੀ ਜਾਂਦੀ ਸੀ, ਕਿਉਂਕਿ ਇਸ ਤੋਂ ਪਹਿਲੋਂ ਮਾਸਟਰ ਜੀ ਦੇ ਇਕ ਪੱਤਰ ਦੇ ਉੱਤਰ ਵਿਚ ਮਹਾਤਮਾ ਜੀ ਨੇ ਸਪੱਸ਼ਟ ਕੀਤਾ ਸੀ ਕਿ ਮੈਂ ਹਿੰਦੂ ਹੋਣ ਦੇ ਨਾਤੇ ਨਹੀਂ, ਬਲਕਿ ਇੰਡੀਅਨ ਨੈਸ਼ਨਲਿਸਟ ਹੋਣ ਦੇ ਨਾਤੇ ਹਰ ਗੱਲ ਕਰਦਾ ਹਾਂ ਅਤੇ ਮੇਰੇ ਲਈ ਹਿੰਦ ਵਾਸੀ–ਹਿੰਦੂ ਹੋਵੇ, ਮੁਸਲਮਾਨ ਜਾਂ ਸਿੱਖ, ਸਾਰੇ ਸਮਾਨ ਹਨ।

ਮਾਸਟਰ ਸੁਜਾਨ ਸਿੰਘ ਮਹਾਤਮਾ ਜੀ ਨੂੰ ਮਿਲੇ ਅਤੇ ਜੋ ਸੰਖੇਪ ਗੱਲਬਾਤ ਉਨ੍ਹਾਂ ਵਿਚਾਲੇ ਹੋਈ, ਉਹ ਮਾਸਟਰ ਜੀ ਦੀ ਜ਼ਬਾਨੀ, ਜਿਵੇਂ ਕਿ ਉਨ੍ਹਾਂ ਮੇਰੇ ਨਾਲ ਜ਼ਾਤੀ ਤੌਰ 'ਤੇ ਕੀਤੀ, ਇਉਂ ਸੀ :

ਮਾਸਟਰ : ਮਹਾਤਮਾ ਜੀ, ਮੈਂ ਆਪ ਦੀ ਸੰਮਤੀ ਲੈਣ ਆਇਆ ਹਾਂ ਕਿ ਅਗਰ ਅਛੂਤ ਲੋਕ ਸਿਖ ਧਰਮ ਗ੍ਰਹਿਣ ਕਰ ਲੈਣ ਤਾਂ ਆਪ ਨੂੰ ਇਸ ਵਿਚ ਕੋਈ ਇਤਰਾਜ਼ ਤਾਂ ਨਹੀਂ ?

ਮਹਾਤਮਾ ਜੀ : ਕਿਆ ਸਿਖ ਹਿੰਦੂ ਹੈਂ ?

ਮਾਸਟਰ : ਨਹੀਂ।

ਮਹਾਤਮਾ ਜੀ : ਤੋ ਵੁਹ ਸਿਖ ਕਿਉਂ ਬਨੇਂ ? ਅਗਰ ਉਨ੍ਹੋਂ ਨੇ ਹਿੰਦੂ ਧਰਮ ਛੋੜਨਾ ਹੀ ਹੈ, ਤੋ ਵੁਹ ਮੁਸਲਮਾਨ ਕਿਉਂ ਨ ਬਨ ਜਾਏਂ ?

ਮਾਸਟਰ : ਮਹਾਤਮਾ ਜੀ, ਆਪ ਤੋ ਨੈਸ਼ਨਲਿਸਟ ਹੈਂ, ਆਪ ਕੀ ਨਜ਼ਰ ਮੇਂ ਸਭ ਲੋਗ ਸਮਾਨ ਹੈਂ। ਆਪ ਕੋ ਸਿਖ ਔਰ ਮੁਸਲਮਾਨ ਮੇਂ ਫ਼ਰਕ ਕਿਉਂ ਨਜ਼ਰ ਪੜਤਾ ਹੈ ? ਸਿਖ ਬਨ ਕਰ ਭੀ ਵੁਹ ਹਿੰਦੁਸਤਾਨੀ ਤੋ ਰਹੇਂਗੇ ਹੀ।

ਮਹਾਤਮਾ ਜੀ : ਯਿਹ ਕੈਸੇ ਹੋ ਸਕਦਾ ਹੈ ? ਸਿਖ ਬਨ ਜਾਨੇ ਸੇ ਵੁਹ ਹਿੰਦੂ ਤੋ ਨਹੀਂ ਰਹੇਂਗੇ।

ਮਾਸਟਰ ਸੁਜਾਨ ਸਿੰਘ ਨੂੰ ਮਹਾਤਮਾ ਜੀ ਦੇ ਇਹ ਵਿਚਾਰ ਸੁਣ ਕੇ ਨਿਸਚਾ

ਹੋ ਗਿਆ ਕਿ ਨੈਸ਼ਨਲਿਸਟ ਹੋਣ ਵਾਲੀ ਮਹਾਤਮਾ ਦੀ ਗੱਲ ਮਹਿਜ਼ ਵਿਖਾਵਾ ਹੀ ਸੀ। ਸੋ ਉਹ ਉਠ ਖੜਾ ਹੋਇਆ ਅਤੇ ਇਹ ਕਹਿੰਦਾ ਹੋਇਆ ਚਲਾ ਗਿਆ, "ਅਗਰ ਹਿੰਦੂ ਸਿਖ ਮੇਂ ਆਪ ਕੋ ਭੇਦ ਨਜ਼ਰ ਆਤਾ ਹੈ ਤੋ ਆਪ ਇੰਡੀਅਨ ਨੈਸ਼ਨਲਿਸ਼ਟ ਕੈਸੇ ਹੈਂ, ਆਪ ਹਿਪੋਕ੍ਰਿਟ (Hypocrite=ਦੰਭੀ) ਹੈਂ ?"

ਦੂਜੇ ਬੰਨੇ ਡਾਕਟਰ ਨੂੰ ਦਿੱਤੇ ਬਚਨ ਅਨੁਸਾਰ ਸਿੱਖਾਂ ਵੱਲੋਂ ਪ੍ਰੈਸ ਖ਼ਰੀਦ ਕੇ ਦਾਦਰ ਵਾਲੇ ਪਲਾਟ ਵਿਚ ਲਗਾ ਦਿੱਤਾ ਗਿਆ ਸੀ, ਜਿਥੇ ਉਨ੍ਹਾਂ ਦਾ ਪਰਚਾ 'ਜਨਤਾ' ਛਪਣਾ ਸ਼ੁਰੂ ਹੋ ਗਿਆ ਸੀ ਅਤੇ ਮਾਟੂੰਗਾ ਕਾਲੋਨੀ ਵਿਚ 'ਗੁਰੂ ਨਾਨਕ ਕਾਲਜ' ਦੀ ਬਿਲਡਿੰਗ ਉਸਾਰਨੀ ਸ਼ੁਰੂ ਹੋ ਚੁੱਕੀ ਸੀ, ਜਿਸ ਦੀ ਨਿਗਰਾਨੀ ਹਿੱਤ ਇਸ ਲੇਖਕ ਨੂੰ ਬੰਬਈ ਭੇਜਿਆ ਗਿਆ ਸੀ, ਜਿਥੇ ਦੂਏ ਤੀਏ ਡਾ: ਅੰਬੇਦਕਰ ਕਾਲਜ ਕੈਂਪਸ 'ਤੇ ਆਉਂਦਾ ਅਤੇ ਘੰਟਾ ਘੰਟਾ, ਦੋ ਦੋ ਘੰਟੇ ਕਾਲਜ ਸੰਬੰਧੀ ਅਤੇ ਹੋਰ ਸਿਖ ਵਿਸ਼ਿਆਂ 'ਤੇ ਵਿਚਾਰ ਹੁੰਦੇ ਰਹਿੰਦੇ।

ਮਈ 1937 ਦੇ ਅੰਤ ਤਕ ਕਾਲਜ ਇਮਾਰਤ ਦੀਆਂ ਦੋ ਮੰਜ਼ਲਾਂ ਮੁਕੰਮਲ ਹੋ ਕੇ ਤੀਜੀ ਦੀ ਛੱਤ ਪਾਉਣੀ ਬਾਕੀ ਸੀ, ਜਦੋਂ ਪੰਜਾਬ ਤੋਂ ਨਨਕਾਣਾ ਸਾਹਿਬ ਕਮੇਟੀ ਦਾ ਪ੍ਰਧਾਨ ਜਥੇਦਾਰ ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਜਿਨ੍ਹਾਂ ਦੀ ਇਸ ਕਾਲਜ ਵਾਸਤੇ ਨਿਯੁਕਤੀ, ਬਤੌਰ ਪ੍ਰਿੰਸੀਪਲ, ਵੀ ਕੀਤੀ ਜਾ ਚੁੱਕੀ ਸੀ ਅਤੇ ਸ: ਈਸ਼ਰ ਸਿੰਘ ਮਝੈਲ ਬੰਬਈ ਪੁੱਜ ਗਏ। ਇਹ ਡਾਕਟਰ ਨਾਲ ਗੱਲ ਕਰਨਾ ਤੇ ਇਹ ਜਾਣਨਾ ਚਾਹੁੰਦੇ ਸਨ ਕਿ ਉਹ ਕਦੋਂ ਸਿੰਘ ਸਜੇਗਾ।

ਦੂਜੇ ਬੰਨੇ ਮਹਾਤਮਾ ਗਾਂਧੀ, ਪੰਡਤ ਮਦਨ ਮੋਹਨ ਮਾਲਵੀਆ ਰਾਹੀਂ, ਜੋ ਗਵਰਨਰ ਜਨਰਲ ਦੀ ਕੈਬਨਿਟ ਦਾ ਮੈਂਬਰ ਸੀ, ਹਿੰਦ ਸਰਕਾਰ 'ਤੇ ਜ਼ੋਰ ਪਾ ਰਿਹਾ ਸੀ ਕਿ ਸਰਕਾਰ ਅਛੂਤ ਜਾਤੀਆਂ ਨੂੰ ਵਿਸ਼ੇਸ਼ ਹਕੂਕ ਦਿੱਤੇ ਜਾਣ ਦਾ ਐਲਾਨ ਕਰੇ ਅਤੇ ਇਹ ਦਬਾਉ ਦੇਣ ਲਈ ਉਸ ਨੇ ਮਰਨ ਵਰਤ ਰੱਖ ਦਿੱਤਾ ਸੀ। ਅਖ਼ੀਰ ਮਹਾਤਮਾ ਦੇ ਇੱਕੀ ਦਿਨਾਂ ਦੇ ਵਰਤ ਉਪ੍ਰੰਤ ਸਰਕਾਰ ਨੇ ਇਹ ਐਲਾਨ ਕਰ ਦਿੱਤਾ। ਇਸੇ ਦੌਰਾਨ ਕਈ ਅਛੂਤ ਲੀਡਰਾਂ ਨੂੰ ਡਾ: ਅੰਬੇਦਕਰ ਨਾਲੋਂ ਪਾੜ ਕੇ ਬਹੁਤ ਸਾਰੇ ਅਛੂਤਾਂ ਨੂੰ ਹਿੰਦੂ ਅਛੂਤ ਰਹਿਣਾ ਮੰਨ ਲਿਆ ਗਿਆ ਸੀ। ਸਰਕਾਰੀ ਐਲਾਨ ਨੇ ਉਨ੍ਹਾਂ ਦੇ ਹੱਥ ਹੋਰ ਮਜ਼ਬੂਤ ਕਰ ਦਿੱਤੇ ਅਤੇ ਡਾ: ਅੰਬੇਦਕਰ ਵੱਲੋਂ ਸਿੱਖਾਂ ਨਾਲ ਕੀਤੇ ਵਾਹਿਦੇ ਮੁਆਹਿਦੇ ਪੀਤੇ ਗਏ। ਇਹ ਗੱਲ ਪੰਜਾਬ ਤੋਂ ਡਾਕਟਰ ਨੂੰ ਮਿਲਣ ਗਏ ਲੀਡਰਾਂ ਨੂੰ, ਜਿਨ੍ਹਾਂ ਵਿਚ ਦਾਸ ਵੀ ਸ਼ਾਮਲ ਸੀ, ਉਸ ਵੱਲੋਂ ਦੱਸੀ ਗਈ ਅਤੇ ਮਹਾਤਮਾ ਗਾਂਧੀ ਦੇ ਮਰਨ ਵਰਤ ਨੇ ਅਛੂਤਾਂ ਦੇ ਸਿਖ ਬਣਨ ਵਾਲੇ ਕਾਂਡ ਦਾ ਭੋਗ ਪਾ ਦਿੱਤਾ।

ਇਹ ਸਾਰਾ ਬਿਰਤਾਂਤ 1937 ਦਾ ਹੈ, ਪਰ ਸਿੱਖਾਂ ਦੀ ਯਾਦਦਾਸ਼ਤ ਏਨੀ

ਕਮਜ਼ੋਰ ਅਤੇ ਵੇਖ ਕੇ ਅਣਡਿੱਠ ਕਰ ਦੇਣ ਦੀ ਸ਼ਕਤੀ ਏਨੀ ਤੀਖਣ ਸੀ ਕਿ 1947 ਦੀ ਦੇਸ਼-ਵੰਡ ਤਕ ਇਨ੍ਹਾਂ ਸਭ ਕੁੱਝ ਭੁੱਲ-ਭੁਲਾ ਦਿੱਤਾ ਅਤੇ ਉਨ੍ਹਾਂ ਹੀ ਕਾਂਗਰਸੀ, ਪਰ ਵਾਸਤਵ ਵਿਚ ਕੱਟੜ ਫ਼ਿਰਕੂ ਹਿੰਦੂਆਂ ਦੇ ਬਚਨਾਂ 'ਤੇ ਭਰੋਸਾ ਕਰ ਕੇ ਆਪਣਾ ਭਵਿੱਖ ਇਨ੍ਹਾਂ ਨਾਲ ਜੋੜ ਕੇ, ਸਿੱਖਾਂ ਨੂੰ ਹਮੇਸ਼ਾ ਲਈ ਇਨ੍ਹਾਂ ਦਾ ਮੁਥਾਜ ਕਰ ਦਿੱਤਾ। ਇਨ੍ਹਾਂ ਦੇ ਮਨਾਂ 'ਤੇ ਮੁਹੰਮਦ ਅਲੀ ਜਿਨਾਹ ਦੇ ਉਹ ਸ਼ਬਦ ਵੀ ਕੋਈ ਕਾਟ ਨਾ ਕਰ ਸਕੇ, ਜੋ ਉਸ ਨੇ ਨਵੇਂ ਬਣ ਰਹੇ ਭਾਰਤ ਵਿਚ ਸਿੱਖਾਂ ਦੇ ਹਿੰਦੂ ਹਾਕਮਾਂ ਦੇ ਗ਼ੁਲਾਮ ਬਣ ਜਾਣ ਬਾਰੇ ਇਕ ਤਰ੍ਹਾਂ ਦੀ ਭਵਿੱਖਬਾਣੀ ਕਰਦੇ ਹੋਏ ਕਹੇ ਸਨ।

ਦੇਸ਼ ਦੇ 1947 ਦੇ ਬਟਵਾਰੇ ਅਤੇ ਪੂਰਬੀ ਪੰਜਾਬ ਦੇ ਭਾਰਤ ਦਾ ਭਾਗ ਬਣ ਜਾਣ ਉਪ੍ਰੰਤ ਪਹਿਲਾ ਪ੍ਰਸ਼ਾਦ ਜੋ ਸਿੱਖਾਂ ਨੂੰ ਦੇਸ਼ ਦੀ ਸਰਕਾਰ ਪਾਸੋਂ ਮਿਲਿਆ, ਉਹ ਸਰਕਾਰ ਵੱਲੋਂ ਜ਼ਿਲਾ ਅਫ਼ਸਰਾਂ ਦੇ ਨਾਮ ਜਾਰੀ ਹੋਇਆ ਉਹ ਹੁਕਮ ਸੀ ਜਿਸ ਵਿਚ ਪੱਛਮੀ ਪੰਜਾਬ ਤੋਂ ਆਏ ਸਿੱਖਾਂ ਦੇ ਜੁਰਮ ਕਰਨ ਦੇ ਆਦੀ ਹੋਣ ਦੇ ਸ਼ੱਕ ਦਾ ਪ੍ਰਗਟਾਵਾ ਸੀ ਅਤੇ ਹਿਦਾਇਤ ਸੀ ਕਿ ਇਨ੍ਹਾਂ ਉਪਰ ਨਜ਼ਰ ਰੱਖੀ ਜਾਵੇ।

ਮੈਂ ਨਹੀਂ ਕਹਿ ਸਕਦਾ ਕਿ ਇਹ ਸਰਕਾਰੀ ਸਰਕੁਲਰ ਤੋਂ ਸਮੁੱਚੇ ਤੌਰ 'ਤੇ ਸਿੱਖਾਂ ਨੂੰ ਕੀ-ਕੀ ਖੇਦ ਵਾਪਰੇ, ਪ੍ਰੰਤੂ ਫ਼ਰਵਰੀ 1948 ਵਿਚ ਜਦੋਂ ਮੈਂ ਸਹਾਰਨਪੁਰ ਲਾਗੇ ਆਪਣੀ ਖ਼ਰੀਦੀ ਹੋਈ ਜ਼ਮੀਨ ਵਿਚ ਖੇਤੀ ਕਰਨ ਦੇ ਖ਼ਿਆਲ ਨਾਲ ਪਰਿਵਾਰ ਸਮੇਤ ਗਿਆ ਤਾਂ ਅਗਲੇ ਦਿਨ ਹੀ ਮੇਰੇ ਦੋ ਲੜਕੇ (ਉਮਰ 23 ਤੇ 18 ਸਾਲ) ਇਕ ਹੋਰ ਰਿਸ਼ਤੇਦਾਰ ਅਤੇ ਇਕ ਮੇਰੇ ਉਸੇ ਜ਼ਮੀਨ ਦੀ ਖ਼ਰੀਦ ਵਿਚ ਭਾਈਵਾਲ— ਚਾਰ ਨੌਜਵਾਨਾਂ ਨੂੰ ਪੁਲੀਸ ਗ੍ਰਿਫ਼ਤਾਰ ਕਰ ਕੇ ਲੈ ਗਈ ਅਤੇ ਸਹਾਰਨਪੁਰ ਜੇਲ੍ਹ ਅੰਦਰ ਬੰਦ ਕਰ ਦਿੱਤੇ। ਬਾਅਦ ਵਿਚ ਦਫ਼ਾ 107 ਹੇਠ ਉਨ੍ਹਾਂ ਦੀਆਂ ਜ਼ਮਾਨਤਾਂ ਹੋ ਜਾਣ 'ਤੇ ਹੀ ਉਹ ਰਿਹਾਅ ਹੋ ਸਕੇ।

ਆਜ਼ਾਦੀ ਤੋਂ ਛੇਤੀ ਪਿੱਛੋਂ ਆਜ਼ਾਦ ਭਾਰਤ ਦਾ ਵਿਧਾਨ ਤਿਆਰ ਕਰਨ ਲਈ Constituent Assembly (ਵਿਧਾਨ-ਘੜਨੀ ਕਮੇਟੀ) ਸਥਾਪਤ ਕੀਤੀ ਗਈ, ਜਿਸ ਵਿਚ ਦੋ ਸਿੱਖਾਂ ਸ: ਹੁਕਮ ਸਿੰਘ ਤੇ ਸ: ਭੂਪਿੰਦਰ ਸਿੰਘ ਨੂੰ ਮੈਂਬਰ ਲਿਆ ਗਿਆ। ਲੰਬੇ ਵਿਚਾਰ-ਵਟਾਂਦਰੇ ਪਿੱਛੋਂ ਜੋ ਵਿਸ਼ੇਸ਼ ਫ਼ੈਸਲਾ ਲਿਆ ਗਿਆ, ਉਹ ਦੇਸ਼ ਦੀ ਸਰਕਾਰ ਦਾ ਗਣਤੰਤਰੀ ਆਧਾਰ 'ਤੇ ਸਾਂਝੀ ਚੋਣ-ਪ੍ਰਣਾਲੀ ਦੁਆਰਾ ਨਿਯੁਕਤ ਕੀਤਾ ਜਾਣਾ ਅਤੇ ਹਰ ਬਾਲਗ਼ ਮਨੁੱਖ ਇਸਤਰੀ ਲਈ ਵੋਟ ਦਾ ਹੱਕ ਸੁਰੱਖਿਅਤ ਕਰਨਾ ਸੀ। ਭਾਰਤ ਦੀ ਜਨ-ਸੰਖਿਆ (ਆਬਾਦੀ) ਵਿਚ ਹਿੰਦੂ ਗਿਣਤੀ 82 ਫ਼ੀਸਦੀ ਅਤੇ ਬਾਕੀ ਦੇ ਸਾਰੇ ਧਰਮਾਂ ਦੇ ਲੋਕ 18 ਫ਼ੀਸਦੀ ਸਨ, ਜਿਨ੍ਹਾਂ ਵਿਚ ਸਿਖ ਆਬਾਦੀ ਕੇਵਲ 1.8 ਫ਼ੀਸਦੀ ਅਥਵਾ ਦੋ ਤੋਂ ਕੁੱਝ ਘੱਟ ਸੀ ਅਤੇ ਮੈਂਬਰ ਸਾਂਝੀ ਚੋਣ-ਪ੍ਰਣਾਲੀ ਦੁਆਰਾ ਚੁਣੇ ਜਾਣੇ ਸਨ, ਇਸ ਦਾ ਸਪੱਸ਼ਟ ਭਾਵ ਭਾਰਤ

ਅੰਦਰ ਹਿੰਦੂ ਧਰਮ ਵਾਲਿਆਂ ਦਾ ਰਾਜ ਸਥਾਪਤ ਕਰਨਾ ਸੀ। ਭਾਵੇਂ ਘੱਟ-ਗਿਣਤੀਆਂ (ਮੁਸਲਮਾਨ, ਈਸਾਈ, ਸਿਖ, ਪਾਰਸੀ, ਆਦਿ) ਦਾ ਧਰਵਾਸ ਬੰਨ੍ਹਾਉਣ ਲਈ ਇਹ ਫ਼ੈਸਲਾ ਲਿਆ ਗਿਆ ਕਿ ਭਾਰਤ ਸੈਕੂਲਰ ਦੇਸ਼ ਹੋਵੇਗਾ, ਅਰਥਾਤ ਇਸ ਵਿਚ ਮਜ਼ਹਬ ਦੇ ਵਿਚਾਰ ਨੂੰ ਕੋਈ ਥਾਉਂ ਨਹੀਂ ਹੋਵੇਗਾ।

ਜ਼ਰਾ ਸੋਚਣ ਵਾਲੀ ਗੱਲ ਹੈ ਕਿ ਜਿਸ ਦੇਸ਼ ਦੇ 82 ਫ਼ੀਸਦੀ ਲੋਕਾਂ ਦੇ ਧਰਮ ਵਿਚਾਰ, ਵਿਹਾਰ, ਰਸਮਾਂ, ਗੀਤਾਂ, ਤਿਉਹਾਰ, ਰਹਿਣੀ, ਪੁਸ਼ਾਕ (ਪਹਿਰਾਵਾ) ਇਕ-ਸਾਰ ਅਤੇ ਬਾਕੀ ਦੇ 18 ਫ਼ੀਸਦੀ ਤੋਂ ਵੱਖਰੇ ਹੋਣ, ਉਨ੍ਹਾਂ ਦੇ ਧਰਮ ਨਿਰਪੇਖ (Secular) ਹੋਣ ਦੇ ਕੀ ਅਰਥ ਰਹਿ ਜਾਂਦੇ ਹਨ? ਹਾਂ, ਦੂਜੇ ਧਰਮਾਂ—ਸਿਖ, ਮੁਸਲਮਾਨ ਆਦਿ ਦੇ ਧਰਮ ਕਰਮਾਂ ਉੱਤੇ ਧਰਮ ਨਿਰਪੇਖਤਾ ਵਾਲੀ ਨੀਤੀ ਜ਼ਰੂਰੀ ਆਪਣਾ ਅਸਰ ਰੱਖੇਗੀ, ਜੈਸਾ ਕਿ ਛੇਤੀ ਪਿੱਛੋਂ ਪਰਤੱਖ ਹੋਣਾ ਸ਼ੁਰੂ ਹੋ ਗਿਆ।

ਸੰਵਿਧਾਨ ਘੜਨੀ ਸਭਾ ਵੱਲੋਂ 27 ਜਨਵਰੀ 1948 ਨੂੰ ਇਕ 50 ਮੈਂਬਰੀ ਸਲਾਹਕਾਰ ਕਮੇਟੀ ਸਥਾਪਤ ਕੀਤੀ ਗਈ ਸੀ। ਇਸ ਕਮੇਟੀ ਨੇ ਆਪਣੀ ਪਹਿਲੀ ਰੀਪੋਰਟ 8 ਅਗਸਤ 1948 ਨੂੰ ਦੇਂਦੇ ਹੋਏ ਹੇਠਾਂ ਦਰਜ ਮੁੱਖ ਸਿਫ਼ਾਰਸ਼ਾਂ ਕੀਤੀਆਂ:

(1) ਚੋਣਾਂ ਸਾਂਝੀ ਪ੍ਰਣਾਲੀ ਅਧੀਨ ਹੋਣਗੀਆਂ।

(2) ਕੈਬਨਿਟ ਵਿਚ ਕੋਈ ਰਾਖਵੀਂ ਸੀਟ ਨਹੀਂ ਹੋਵੇਗੀ, ਪਰ ਇਹ ਪ੍ਰੰਪਰਾ ਕਾਇਮ ਕੀਤੀ ਜਾਵੇਗੀ ਕਿ ਘੱਟ-ਗਿਣਤੀਆਂ ਨੂੰ ਯੋਗ ਪ੍ਰਤੀਨਿਧਤਾ ਮਿਲ ਸਕੇ।

(3) ਨੌਕਰੀਆਂ ਵਿਚ ਘੱਟ-ਗਿਣਤੀਆਂ ਦੇ ਕਲੇਮ ਨੂੰ ਧਿਆਨ ਨਾਲ ਇਕਸਾਰਤਾ ਵਿਚ ਰੱਖਿਆ ਜਾਵੇਗਾ।

ਸਲਾਹਕਾਰ ਕਮੇਟੀ ਦੀ ਰੀਪੋਰਟ ਦੇ ਪੈਰਾ 4 ਵਿਚ ਕਮੇਟੀ ਦੇ ਚੇਅਰਮੈਨ ਸਰਦਾਰ ਪਟੇਲ ਨੇ ਸਪੱਸ਼ਟ ਕੀਤਾ ਕਿ 'ਸਾਂਝੀ ਚੋਣ-ਪ੍ਰਣਾਲੀ ਦੇ ਪ੍ਰਭਾਵ ਤੋਂ ਘੱਟ-ਗਿਣਤੀਆਂ ਨੂੰ ਚਿੰਤਾਤੁਰ ਹੋਣ ਦੀ ਲੋੜ ਨਹੀਂ, ਕਿਉਂਕਿ ਸੀਟਾਂ ਰਾਖਵੀਆਂ ਕੀਤੀਆਂ ਜਾ ਰਹੀਆਂ ਹਨ।'

ਮੁਸਲਮਾਨ ਮੈਂਬਰਾਂ ਵੱਲੋਂ ਰਾਖਵੀਆਂ ਸੀਟਾਂ ਸੰਬੰਧੀ ਮਿਸਟਰ ਆਈਂਗਰ ਨੇ ਕਿਹਾ:

"ਹਿੰਦੂ ਇਹ ਮਹਿਸੂਸ ਕਰਦੇ ਹਨ ਕਿ ਉਹ ਵੀ ਇਨਸਾਨ ਹਨ। ਜਦ ਦੇਸ਼ ਦਾ ਬਟਵਾਰਾ ਹੋ ਗਿਆ ਤਾਂ ਮੁਸਲਮਾਨਾਂ ਦੀ ਸੁਰੱਖਿਆ ਕਿਸ ਵਾਸਤੇ ਕੀਤੀ ਜਾਵੇ। ਇਸ ਕੰਮ ਨੂੰ ਪਰੇ ਸੁੱਟ ਦਿੱਤਾ ਜਾਵੇ। ਮੈਂ ਘੱਟ-ਗਿਣਤੀ ਦੇ ਸ਼ਬਦ ਨੂੰ ਬਿਲਕੁਲ ਪਸੰਦ ਨਹੀਂ ਕਰਦਾ।"

ਇਸੇ ਤਰ੍ਹਾਂ ਮਹਾਂਵੀਰ ਤਿਆਗੀ ਨੇ ਕਿਹਾ ਕਿ:

(1) ਸਾਨੂੰ ਇਹ ਕਿਉਂ ਕਿਹਾ ਜਾਂਦਾ ਹੈ ਕਿ ਵੱਖਰੀ ਚੋਣ-ਪ੍ਰਣਾਲੀ ਬਣਾਈ ਜਾਵੇ।

(2) ਘੱਟ-ਗਿਣਤੀਆਂ ਵਾਸਤੇ ਕੇਵਲ ਇਹੋ ਹੀ ਰਸਤਾ ਹੈ ਕਿ ਉਹ ਬਹੁ-ਗਿਣਤੀ ਦੀ ਵਫ਼ਾਦਾਰ ਬਣ ਕੇ ਰਹੇ ਅਤੇ ਬਹੁ-ਗਿਣਤੀ ਦੇ ਭਰੋਸੇ ਨੂੰ ਜਿੱਤਣ ਲਈ ਉਸ ਨਾਲ ਸਹਿਯੋਗ ਕੀਤਾ ਕਰੇ।

(3) ਘੱਟ-ਗਿਣਤੀਆਂ ਨੂੰ ਅਸੀਂ ਕੱਢ ਦੇਣ ਵਿਚ ਜਾਂ ਵੱਡੀ ਪੱਧਰ 'ਤੇ ਕਤਲ ਕਰ ਦੇਣ ਵਿਚ ਵਿਸ਼ਵਾਸ ਨਹੀਂ ਰੱਖਦੇ, ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ।

ਸਰਦਾਰ ਪਟੇਲ ਨੇ ਸਪੱਸ਼ਟ ਕੀਤਾ ਕਿ :

(1) ਜਦ ਪਾਕਿਸਤਾਨ ਬਣ ਗਿਆ ਤਾਂ ਇਹ ਸਮਝਿਆ ਗਿਆ ਕਿ ਬਾਕੀ ਭਾਰਤ ਵਿਚ ਕੇਵਲ ਇੱਕੋ ਕੌਮ ਰਹਿ ਜਾਂਦੀ ਹੈ। ਹਿੰਦੂਆਂ ਦੀ ਜਨ-ਸੰਖਿਆ 80 ਪ੍ਰਤੀਸ਼ਤ ਹੈ।

(2) ਅਸੀਂ ਵੱਖਰੀ ਚੋਣ-ਪ੍ਰਣਾਲੀ ਦੀ ਸਰਕਾਰ ਨੂੰ ਕਦੀ ਵੀ ਪ੍ਰਵਾਨ ਨਹੀਂ ਕਰ ਸਕਦੇ।

ਸਿੱਖਾਂ ਲਈ (i) ਵੱਖਰੀ ਚੋਣ-ਪ੍ਰਣਾਲੀ, (ii) ਸਿੱਖਾਂ ਲਈ ਰਾਖਵੀਆਂ ਸੀਟਾਂ ਨਿਸ਼ਚਿਤ ਕਰਨ, ਅਤੇ (iii) ਫ਼ੌਜ ਵਿਚ ਸਿੱਖਾਂ ਵਾਸਤੇ ਰਾਖਵੀਆਂ ਸੇਵਾਵਾਂ ਨੀਯਤ ਕਰਨ ਦੀਆਂ ਤਿੰਨੇ ਮੰਗਾਂ ਠੁਕਰਾ ਦਿੱਤੀਆਂ ਗਈਆਂ ਅਤੇ ਸਲਾਹਕਾਰ ਕਮੇਟੀ ਵੱਲੋਂ ਬਣਾਈ ਸਪੈਸ਼ਲ ਸਬ-ਕਮੇਟੀ ਦੀ ਰੀਪੋਰਟ 30 ਦਸੰਬਰ 1948 ਨੂੰ ਵਿਚਾਰਦੇ ਹੋਏ ਸਰਦਾਰ ਪਟੇਲ ਨੇ ਸਪੱਸ਼ਟ ਕਹਿ ਦਿੱਤਾ ਕਿ ਕਿਸੇ ਵੀ ਧਾਰਮਕ ਘੱਟ-ਗਿਣਤੀ ਲਈ ਰਾਖਵੀਆਂ ਸੀਟਾਂ ਨਹੀਂ ਰੱਖੀਆਂ ਜਾ ਸਕਦੀਆਂ।

[ਉਕਤ ਜਾਣਕਾਰੀ ਸ: ਹੁਕਮ ਸਿੰਘ ਜੀ ਦੀ ਤਕਰੀਰ ਵਿਚੋਂ ਲਈ ਗਈ ਹੈ]

ਕਾਨਸਟੀਚੂਐਂਟ ਅਸੈਂਬਲੀ ਦੇ ਸਿਖ ਮੈਂਬਰਾਂ ਨੇ ਇਸ ਗੱਲ ਨੂੰ ਛੇਤੀ ਭਾਂਪ ਲਿਆ ਅਤੇ ਉਹ ਵਾਹਿਦੇ ਮੁਆਹਿਦੇ, ਜੋ ਆਜ਼ਾਦੀ ਮਿਲਣ ਤੋਂ ਪਹਿਲੋਂ ਕਾਂਗਰਸ ਅਤੇ ਕਾਂਗਰਸੀ ਨੇਤਾ ਸਿੱਖਾਂ ਨਾਲ ਕਰਦੇ ਆਏ ਸਨ, ਦੇ ਚਿਤਾਰੇ ਜਾਣ ਦੇ ਬਾਵਜੂਦ ਵੀ ਜਦੋਂ ਅਸੈਂਬਲੀ ਨੇ ਸਿੱਖਾਂ ਨੂੰ ਕੋਈ ਰਾਹ ਨਾ ਦਿੱਤਾ ਤਾਂ ਉਨ੍ਹਾਂ ਦੋਨਾਂ ਨੇ ਪ੍ਰਵਾਨ ਹੋਏ ਵਿਧਾਨ ਦੀ ਇਹ ਕਹਿੰਦੇ ਹੋਏ ਕਿ "The Sikhs do not accept the Constitution, the Sikhs reject this Constitution Act" ਅਰਥਾਤ, "ਸਿੱਖਾਂ ਨੂੰ ਇਹ ਵਿਧਾਨ ਪ੍ਰਵਾਨ ਨਹੀਂ, ਸਿਖ ਇਸ ਵਿਧਾਨ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ" ਕਹਿ ਕੇ ਇਸ ਦੀ ਵਿਰੋਧਤਾ ਕੀਤੀ, ਪਰ 82 ਦੇ ਸਾਹਮਣੇ ਦੋ ਮਨੁੱਖਾਂ ਦੀ ਆਵਾਜ਼ ਨਗਾਰਖ਼ਾਨੇ ਵਿਚ ਤੂਤੀ ਦੇ ਸਮਾਨ ਵੀ ਨਾ ਵੇਖ, ਉਨ੍ਹਾਂ ਨੇ ਵਿਧਾਨ 'ਤੇ ਦਸਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਹੋਰ ਉਹ ਕਰ ਵੀ ਕੀ ਸਕਦੇ ਸਨ ?

ਕਾਨਸਟੀਚੂਐਂਟ ਅਸੈਂਬਲੀ ਵਿਚ ਇਹ ਵੀ ਪਾਸ ਕੀਤਾ ਗਿਆ ਸੀ ਕਿ ਭਾਰਤ ਵਿਚ ਵੱਸਦੇ ਨੌਂ ਕਰੋੜ ਕਹੇ ਜਾਂਦੇ ਨੀਚ-ਜਾਤ ਲੋਕ, ਜਿਨ੍ਹਾਂ ਤੋਂ ਸੁਰਨ-ਜਾਤ ਹਿੰਦੂ ਛੂਆ-ਛਾਤ ਕਰਦੇ ਸਨ ਅਤੇ ਜੋ ਇਕਤਸਾਦੀ ਤੌਰ 'ਤੇ ਅਤਿ ਗ਼ਰੀਬ ਸਨ, ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਣ ਅਤੇ ਉਨ੍ਹਾਂ ਤੋਂ ਛੂਤ-ਛਾਤ ਨਾ ਕੀਤੀ ਜਾਵੇ।

ਇਹ ਭੀ ਕਿਹਾ ਗਿਆ ਕਿ ਇਹ ਆਪਣੇ ਅਸਲੇ ਵਿਚ ਹਿੰਦੂ ਹਨ।

ਧਰਮ-ਨਿਰਪੇਖਤਾ (Secularism) ਦਾ ਦਾਹਵਾ ਕਰਨ ਵਾਲੀ ਸਰਕਾਰ ਲਈ ਇਨ੍ਹਾਂ ਪੱਛੜੇ ਹੋਏ ਲੋਕਾਂ ਨੂੰ 'ਹਿੰਦੂ' ਕਹਿਣਾ ਆਪਣੇ ਆਪ ਵਿਚ ਹੀ ਧਰਮ ਨਿਰਪੇਖਤਾ ਦੀ ਬਜਾਏ ਹਿੰਦੂ-ਪੱਖੀ ਹੋਣ ਵਾਲੀ ਗੱਲ ਸੀ, ਕਿਉਂਕਿ ਇਉਂ ਕਰ ਕੇ ਉਹ ਨਾ ਕੇਵਲ ਨੌਂ ਕਰੋੜ ਮਨੁੱਖਾਂ ਨੂੰ ਹਿੰਦੂ ਦੱਸ ਕੇ ਦੇਸ਼ ਦੀ ਹਿੰਦੂ ਆਬਾਦੀ ਵਿਚ ਵਾਧਾ ਕਰ ਰਹੇ ਸਨ, ਸਗੋਂ ਨੌਂ ਕਰੋੜ ਹਿੰਦੂਆਂ ਨੂੰ ਵਿਸ਼ੇਸ਼ ਰਿਆਇਤਾਂ ਦੇ ਕੇ ਦੇਸ਼ ਦਾ ਸਾਂਝਾ ਧਨ ਹਿੰਦੂ ਜਾਤੀ ਦੀ ਉੱਨਤੀ ਲਈ ਵਰਤ ਰਹੇ ਸਨ।

ਇਸ ਦਾ ਜੋ ਫ਼ੌਰੀ ਅਸਰ ਹੋਇਆ ਅਤੇ ਜਿਸ ਨੇ ਘੱਟ-ਗਿਣਤੀ ਕੌਮਾਂ— ਯਥਾ ਸਿੱਖਾਂ ਤੇ ਮੁਸਲਮਾਨਾਂ ਨੂੰ ਭਾਰੀ ਸੱਟ ਮਾਰੀ, ਉਹ ਇਨ੍ਹਾਂ ਪੱਛੜੇ ਹੋਏ ਕਹੇ ਜਾਂਦੇ ਅਛੂਤਾਂ ਵਿਚੋਂ ਜੋ ਲੋਕ ਸਿਖ ਜਾਂ ਮੁਸਲਮਾਨ ਬਣੇ ਹੋਏ ਸਨ, ਉਨ੍ਹਾਂ ਆਪਣੇ ਹੋਰ ਅਛੂਤ ਭਰਾਵਾਂ ਨੂੰ ਰਿਆਇਤਾਂ ਮਿਲਦੀਆਂ ਵੇਖ ਝੱਟ ਆਪਣੇ ਹਿੰਦੂ ਹੋਣ ਦਾ ਐਲਾਨ ਕੀਤਾ ਅਤੇ ਸਿਖ ਤਥਾ ਮੁਸਲਮਾਨ-ਮਤ, ਜਿਸ ਵਿਚ ਉਹ ਪਰਵੇਸ਼ ਕਰ ਚੁੱਕੇ ਹੋਏ ਸਨ, ਨੂੰ ਤਿਆਗ ਦਿੱਤਾ।

ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਯੂ.ਪੀ. ਦੇ ਕਈ ਲੱਖ ਅਛੂਤ, ਜਿਨ੍ਹਾਂ ਨੇ ਸਿੱਖੀ ਕਬੂਲ ਲਈ ਹੋਈ ਸੀ ਅਤੇ ਅੰਮ੍ਰਿਤ ਛਕ ਕੇ ਕੇਸਾਧਾਰੀ ਸਿੰਘ ਸਜ ਗਏ ਹੋਏ ਸਨ, ਸਾਰਿਆਂ ਨੇ ਕੁੱਝ ਦਿਨਾਂ ਦੇ ਅੰਦਰ ਅੰਦਰ ਕੇਸ ਕਤਲ ਕਰਾ ਕੇ ਸਿੱਖੀ ਵੱਲੋਂ ਮੂੰਹ ਮੋੜ ਲਿਆ। ਇਹ ਸੀ ਭਾਰਤ ਦੀ ਧਰਮ-ਨਿਰਪੇਖਤਾ ਦੇ ਦਾਹਵੇ ਵਾਲੀ ਸਰਕਾਰ ਦਾ ਪਹਿਲਾ ਵਾਰ, ਜੋ ਸਿੱਖਾਂ 'ਤੇ ਹੋਇਆ।

ਹੋਰ ਲਓ: ਭਾਰਤੀ ਵਿਧਾਨ (Constitution) ਅੰਦਰ ਦੇਸ਼-ਵਾਸੀ ਮੁਸਲਮਾਨਾਂ ਅਤੇ ਈਸਾਈਆਂ ਨੂੰ ਆਪੋ-ਆਪ ਵੱਖਰੀ ਕੌਮੀਅਤ ਰੱਖਣ ਦਾ ਅਧਿਕਾਰ ਪ੍ਰਾਪਤ ਹੈ ਅਤੇ ਉਨ੍ਹਾਂ ਉਪਰ ਹਿੰਦੂ ਕੋਡ ਦੀਆਂ ਧਾਰਾਵਾਂ ਲਾਗੂ ਨਹੀਂ, ਪਰ ਸਿੱਖਾਂ ਉਪਰ ਇਹ ਹਿੰਦੂ ਧਾਰਾਵਾਂ ਉਵੇਂ ਹੀ ਲਾਗੂ ਹਨ ਜਿਵੇਂ ਬੋਧੀਆਂ ਤਥਾ ਜੈਨੀਆਂ ਉਪਰ (ਵੇਖੋ, ਵਿਧਾਨ ਦੀ ਧਾਰਾ 25)। ਜਿਸ ਦਾ ਸਪੱਸ਼ਟ ਭਾਵ ਸਿਖ ਦੀ ਅੱਡਰੀ ਕੌਮੀਅਤ ਨੂੰ ਖ਼ਤਮ ਕਰ ਕੇ ਸਿਖ ਨੂੰ ਹਿੰਦੂ ਦੀ ਇਕ ਸ਼ਾਖ਼ ਜਾਂ ਸੰਪਰਦਾ ਹੋਣ ਦੀ ਵਿਧਾਨਕ ਪ੍ਰਵਾਨਗੀ ਦੇਣਾ ਹੈ। ਸਿਖ ਕਹੀ ਜਾਣ 'ਹਮ ਹਿੰਦੂ ਨਹੀਂ' ਅਤੇ ਸਿਖ Scriptures (ਧਰਮ ਗ੍ਰੰਥ) ਵਿਚ ਪਿਆ ਲਿਖਿਆ ਰਹੇ—'ਨ ਹਮ ਹਿੰਦੂ ਨ

ਮੁਸਲਮਾਨ', ਪਰ ਭਾਰਤ ਦਾ ਵਿਧਾਨ ਕਹਿੰਦਾ ਹੈ, ਸਿਖ ਹਿੰਦੂ ਹਨ, ਇਸ ਲਈ ਕਾਨੂੰਨ ਦੀ ਦੁਨੀਆ ਵਿਚ ਸਿਖ ਵੱਖਰੀ ਕੌਮੀਅਤ ਰੱਖਣ ਦਾ ਦਾਹਵਾ ਹਰਗਿਜ਼ ਨਹੀਂ ਕਰ ਸਕਦਾ।

ਆਜ਼ਾਦ ਭਾਰਤ ਦੀ ਗਣਤੰਤਰੀ ਅਤੇ ਕਹੀ ਜਾਂਦੀ ਸੈਕੂਲਰ ਸਰਕਾਰ ਦਾ ਇਹ ਸੀ ਤੀਜਾ ਅਹਿਮ ਫ਼ੈਸਲਾ, ਜਿਸ ਨੇ ਸਿਖ ਦੀ ਅੱਡਰੀ ਹੋਂਦ ਰੱਖਣ ਦਾ ਹੀ ਫ਼ਾਤਿਹਾ ਪੜ੍ਹ ਦਿੱਤਾ, ਤਾਂ ਕਿ ਨਾ ਬਾਂਸ ਹੋਵੇ ਅਤੇ ਨਾ ਸਿਖ ਦੀ ਬਾਂਸਰੀ ਬਜੇ। ਮੁਗ਼ਲ, ਪਠਾਣ ਤੇ ਅੰਗਰੇਜ਼ ਕਹੀ ਜਾਣ ਕਿ ਸਿਖ, ਮੁਸਲਮਾਨ ਤੇ ਹਿੰਦੂ ਤੋਂ ਵੱਖਰੀ ਦੇਸ਼ ਦੀ ਤੀਜੀ ਕੌਮ ਹੈ, ਪਰ ਜੇ ਆਜ਼ਾਦ ਭਾਰਤ ਦਾ ਵਿਧਾਨ ਕਹਿੰਦਾ ਹੈ ਕਿ ਸਿਖ ਹਿੰਦੂ ਹਨ ਤਾਂ ਕੌਣ ਹੈ ਜੋ ਇਸ ਨੂੰ ਚੈਲੰਜ ਕਰ ਸਕੇਗਾ ?

ਸੰਨ 1954 ਵਿਚ ਜਦੋਂ ਸਿਖ ਲੀਡਰ ਮਾਸਟਰ ਤਾਰਾ ਸਿੰਘ ਨੇ ਪੰਡਤ ਨਹਿਰੂ ਨੂੰ ਉਸ ਦੇ ਅਤੇ ਕਾਂਗਰਸ ਦੇ 1947 ਤੋਂ ਪਹਿਲੋਂ ਸਿੱਖਾਂ ਨੂੰ ਦਿੱਤੇ ਬਚਨਾਂ ਅਤੇ ਖਾਧੀਆਂ ਸਹੁੰਆਂ ਚਿਤਾਰੀਆਂ ਤਾਂ ਨਹਿਰੂ ਨੇ ਜਵਾਬ ਵਿਚ ਮਾਸਟਰ ਜੀ ਨੂੰ ਕਿਹਾ, 'now circumstances have changed' (ਹੁਣ ਹਾਲਾਤ ਬਦਲ ਚੁੱਕੇ ਹਨ) ਅਤੇ ਗ੍ਰਹਿ ਮੰਤਰੀ ਕਾਟਜੂ ਨੇ ਤਾਂ ਸਾਫ਼ ਹੀ ਕਹਿ ਦਿੱਤਾ ਕਿ ਸਿੱਖਾਂ ਦਾ ਭਵਿੱਖ ਹੁਣ ਮੰਗ ਕਰਦਾ ਹੈ ਅਤੇ ਸਿੱਖਾਂ ਦੀ ਭਲਾਈ ਵੀ ਇਸੇ ਵਿਚ ਹੈ ਕਿ ਉਹ ਆਪਣੀ ਨਿਆਰੀ ਹੋਂਦ ਨੂੰ ਛੱਡ ਕੇ ਹਿੰਦੂ ਧਰਮ ਦੀ ਸਰਬ-ਪੱਖੀ ਜਮਹੂਰੀਅਤ ਵਿਚ ਸ਼ਾਮਲ ਹੋ ਜਾਣ।

ਨਿਰਾਦ ਚੌਧਰੀ ਨੇ ਆਪਣੀ ਪੁਸਤਕ *The Island of Circle* ਵਿਚ ਉਸ ਸਮੇਂ ਹੀ ਕੁੱਝ ਅਜਿਹੇ ਸ਼ਬਦ ਲਿਖੇ ਸਨ :

> "Hindus are the masters and rulers of India. They have regained political power after many centuries, and are fully aware of it, perhaps over aware......As the current jargon describes all the non-Hindus, they are only minorities."

ਅਰਥਾਤ, "ਇਸੇ ਵੇਲੇ ਹਿੰਦੂ, ਹਿੰਦੁਸਤਾਨ ਦੇ ਮਾਲਕ ਅਤੇ ਹੁਕਮਰਾਨ ਹਨ, ਉਨ੍ਹਾਂ ਨੂੰ ਇਹ ਰਾਜ-ਸਤਾ ਕਈ ਸਦੀਆਂ ਪਿੱਛੋਂ ਮਿਲੀ ਹੈ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਗਿਆਨ, ਸ਼ਾਇਦ ਲੋੜ ਤੋਂ ਵੱਧ ਗਿਆਨ ਹੈ। ਪ੍ਰਚੱਲਤ ਜੱਟ-ਭਾਸ਼ਾ ਅਨੁਸਾਰ ਗ਼ੈਰ ਹਿੰਦੂ ਹਨ ਤਾਂ ਮਾਮੂਲੀ ਘੱਟ-ਗਿਣਤੀ।"

ਅਜਿਹੇ ਬੋਲ ਸੁਣ ਪੜ੍ਹ ਕੇ ਹੀ ਸ: ਕਪੂਰ ਸਿੰਘ ਇਉਂ ਕਹਿਣ ਲਈ ਮਜਬੂਰ ਹੋਇਆ ਸੀ ਕਿ ਇਸ ਆਜ਼ਾਦ ਹਿੰਦ ਵਿਚ ਹੁਣ ਸਿੱਖਾਂ ਦੀ ਕਿਹੜੀ ਥਾਂ ਹੈ ? ਕੀ ਸਿਖ ਹੁਣ ਚੁੱਪ-ਚਾਪ ਅਤੇ ਵੱਡੀ ਅਧੀਨਗੀ ਸਹਿਤ ਆਪਣੀ ਨਿਆਰੀ ਹੋਂਦ ਵੱਲੋਂ ਹੱਥ

ਧੋਂਦੇ ਹੋਏ ਆਪਣੇ ਧਰਮ ਦਾ ਸ੍ਵੈ-ਘਾਤ ਹੋਇਆ ਪ੍ਰਵਾਨ ਕਰ ਕੇ ਇਸਦੇ ਬਚਾਉ ਹਿੱਤ ਕੁੱਝ ਕਰਨ ਦਾ ਖ਼ਿਆਲ ਹੀ ਛੱਡ ਦੇਣ ਅਤੇ ਆਪਣੀ ਮੌਤ ਹੋ ਗਈ ਸਮਝ ਲੈਣ ?

ਫਿਰ ਆਇਆ ਬੋਲੀ ਦੇ ਆਧਾਰ 'ਤੇ ਦੇਸ਼ ਦੇ ਸੂਬਿਆਂ ਦੀ ਵੰਡ ਦਾ ਸਵਾਲ। ਅਜਿਹਾ ਹੋਣ ਦੀ ਸੰਭਾਵਨਾ ਨੂੰ ਇਨ੍ਹਾਂ ਲੋਕਾਂ ਨੇ ਪਹਿਲੋਂ ਹੀ ਭਾਂਪ ਲਿਆ ਹੋਇਆ ਸੀ। ਇਹ ਜਾਣਦੇ ਸਨ ਕਿ ਸਿੱਖਾਂ ਦੀ ਮਾਤ-ਭਾਸ਼ਾ ਪੰਜਾਬੀ ਹੈ, ਇਨ੍ਹਾਂ ਦੇ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ ਆਦਿ) ਵੀ ਪੰਜਾਬੀ ਵਿਚ ਹਨ, ਜਿਸ ਦੀ ਲਿੱਪੀ ਗੁਰਮੁਖੀ ਹੈ, ਜੋ ਹੋਰ ਕਿਸੇ ਭਾਸ਼ਾ ਦੀ ਲਿੱਪੀ ਨਹੀਂ। ਜੇ ਪੰਜਾਬੀ ਬੋਲੀ ਦਾ ਅੱਡਰਾ ਸੂਬਾ ਬਣ ਗਿਆ ਤਾਂ ਉਸ ਵਿਚ ਹਰ ਪੱਧਰ 'ਤੇ (ਸਕੂਲਾਂ ਕਾਲਜਾਂ ਵਿਚ ਅਤੇ ਸਰਕਾਰੇ ਦਰਬਾਰੇ) ਪੰਜਾਬੀ (ਗੁਰਮੁਖੀ ਅੱਖਰਾਂ ਵਿਚ) ਹੀ ਪੜ੍ਹਾਈ ਜਾਵੇਗੀ, ਜਿਸ ਨਾਲ ਸਿਖ ਧਰਮ ਦੀ ਉੱਨਤੀ ਹੋਣੀ ਵਧੇਰੇ ਸੰਭਵ ਹੋਵੇਗੀ। ਇਉਂ ਸੋਚਦੇ ਹੋਏ ਇਨ੍ਹਾਂ ਪੰਜਾਬੀ ਭਾਸ਼ਾ ਦਾ ਸੂਬਾ ਬਣਾਏ ਜਾਣ ਦੇ ਵਿਰੋਧ ਲਈ ਲੱਕ ਬੱਧਾ ਅਤੇ ਇਸ ਦੇ ਲਈ ਪਹਿਲੀ ਗੱਲ ਇਹ ਕੀਤੀ ਕਿ ਪੰਜਾਬ ਅੰਦਰ ਵੱਸਦਾ ਕੋਈ ਹਿੰਦੂ ਮਰਦਮ-ਸ਼ੁਮਾਰੀ ਸਮੇਂ, ਜੋ 1961 ਵਿਚ ਹੋਣੀ ਸੀ, ਆਪਣੀ ਭਾਸ਼ਾ ਪੰਜਾਬੀ ਨਾ ਦਰਸਾਏ, ਬਲਕਿ ਹਿੰਦੀ ਲਿਖਵਾਏ (ਭਾਵੇਂ ਘਰਾਂ ਵਿਚ ਅਤੇ ਨਿੱਤ ਦੇ ਵਿਹਾਰ-ਕਾਰ ਵਿਚ ਉਹ ਪੰਜਾਬੀ ਹੀ ਬੋਲਦੇ ਸਨ)। ਜਦੋਂ ਪੰਜਾਬ (ਜਿਸ ਵਿਚ ਉਸ ਸਮੇਂ ਮੌਜੂਦਾ ਹਰਿਆਣਾ ਅਤੇ ਹਿਮਾਚਲ ਦੇ ਸਾਰੇ ਇਲਾਕੇ ਸ਼ਾਮਲ ਸਨ) ਦੇ ਸਾਰੇ ਹਿੰਦੂਆਂ ਨੇ ਆਪਣੀ ਭਾਸ਼ਾ ਹਿੰਦੀ ਲਿਖਵਾਈ ਤਾਂ ਪੰਜਾਬੀ ਬੋਲੀ ਲਿਖਵਾਉਣ ਵਾਲਿਆਂ (ਜੋ ਕੇਵਲ ਸਿਖ ਹੀ ਸਨ) ਦੀ ਗਿਣਤੀ ਏਨੀ ਥੋੜ੍ਹੀ ਰਹਿ ਗਈ ਕਿ ਪੰਜਾਬੀ ਦਾ ਵੱਖਰਾ ਸੂਬਾ ਬਣਾਉਣ ਦੀ ਬਜਾਏ ਪੰਜਾਬ ਨੂੰ ਦੋ-ਭਾਸ਼ੀ ਸੂਬਾ ਮੰਨ ਲਿਆ ਗਿਆ।

ਸਿੱਖਾਂ ਨੇ ਇਸ ਨੂੰ ਬਹੁਤ ਬੁਰਾ ਮਨਾਇਆ ਅਤੇ ਪੰਜਾਬੀ ਸੂਬਾ ਅੰਦੋਲਨ ਸ਼ੁਰੂ ਹੋ ਗਿਆ, ਜਿਸ ਅੰਦਰ ਹਜ਼ਾਰਹਾ ਸਿਖ ਜੇਲ੍ਹਾਂ ਅੰਦਰ ਸੁੱਟੇ ਗਏ ਅਤੇ ਕਿਤਨੀਆਂ ਹੀ ਜਾਨਾਂ ਗਈਆਂ। ਪੰਡਤ ਜਵਾਹਰ ਲਾਲ ਨਹਿਰੂ, ਜੋ ਤਦੋਂ ਪ੍ਰਧਾਨ ਮੰਤਰੀ ਸੀ ਅਤੇ ਜਿਸ ਨੇ ਦੇਸ਼ ਆਜ਼ਾਦ ਹੋਣ ਤਕ ਸਿੱਖਾਂ ਨੂੰ ਕਿਤਨੇ ਹੀ ਸਬਜ਼-ਬਾਗ਼ ਵਿਖਾਏ ਸਨ, ਇਕ-ਦਮ ਸਿੱਖਾਂ ਦੇ ਇਸ ਅੰਦੋਲਨ ਦੇ ਵਿਰੋਧ ਵਿਚ ਉਤਰ ਆਇਆ ਅਤੇ 2 ਅਕਤੂਬਰ 1962 ਨੂੰ ਇਥੋਂ ਤਕ ਕਹਿ ਦਿੱਤਾ ਕਿ ਉਹ ਦੇਸ਼ ਅੰਦਰ ਸਿਵਲ ਵਾਰ ਤਾਂ ਬਰਦਾਸ਼ਤ ਕਰ ਸਕਦਾ ਸੀ, ਪਰ ਪੰਜਾਬੀ ਸੂਬਾ ਨਹੀਂ। (ਵੇਖੋ, ਅਖ਼ਬਾਰ *Times London* ਦੇ ਪੱਤਰਕਾਰ ਨਾਲ ਪੰਡਤ ਜੀ ਦਾ ਇੰਟਰਵੀਊ)। ਪੰਡਤ ਨਹਿਰੂ ਨੇ ਨਿਰਾ ਇਉਂ ਕਿਹਾ ਹੀ ਨਹੀਂ, ਬਲਕਿ ਸਿਰਕੱਢ ਸਿੱਖਾਂ ਨੂੰ ਐਸਾ ਚੋਗਾ ਪਾਇਆ, ਜਿਸ ਨੂੰ ਚੁਗਣ ਦੇ ਲਾਲਚ ਅੰਦਰ ਉਹ ਇਹ ਵੀ ਭੁੱਲ ਗਏ ਕਿ ਉਹ ਕਿੰਨੇ ਵੱਡੇ ਜਾਲ ਅੰਦਰ ਫਸਾਏ ਜਾ ਰਹੇ ਸਨ, ਜੋ ਸਾਰੀ ਕੌਮ ਨੂੰ ਹੀ ਅਣਟੁੱਟ ਬੇੜੀਆਂ ਪਾ

ਦੇਵੇਗਾ। ਸ: ਹੁਕਮ ਸਿੰਘ ਨੂੰ ਡਿਪਟੀ ਸਪੀਕਰ, ਸ: ਉਜਲ ਸਿੰਘ ਨੂੰ ਗਵਰਨਰ ਆਦਿ ਲਗਾ ਦਿੱਤਾ ਅਤੇ ਸ: ਹੁਕਮ ਸਿੰਘ, ਜਿਸ ਨੇ 'Sikhs reject this Constitution' ਕਹਿ ਕੇ ਇਸ 'ਤੇ ਦਸਖ਼ਤ ਕਰਨੋਂ ਇਨਕਾਰ ਕੀਤਾ ਸੀ, ਉਸੇ ਕਾਨਸਟੀਚੂਸ਼ਨ ਦੇ ਵਫ਼ਾਦਾਰ ਰਹਿਣ ਦੀ ਸਹੁੰ ਖਾ ਕੇ ਡਿਪਟੀ ਸਪੀਕਰ ਦੀ ਕੁਰਸੀ 'ਤੇ ਜਾ ਬੈਠਾ। ਅਜਿਹੇ ਚੋਗੇ ਸਰਕਾਰਾਂ ਸਦਾ ਹੀ ਪਾਉਂਦੀਆਂ ਰਹਿੰਦੀਆਂ ਹਨ ਅਤੇ ਕੁਰਸੀ ਦੇ ਭੁੱਖੇ 'ਮਛੁਲੀ ਜਾਲੁ ਨ ਜਾਣਿਆ' ਵਾਂਗ ਇਸ ਅੰਦਰ ਫਸਦੇ ਰਹਿੰਦੇ ਹਨ।

ਜੁਲਾਈ 1983 ਵਿਚ ਪਰਦੇਸੀਂ ਵੱਸਦੇ ਦੋ ਹਿੰਦੂ ਵਿਦਵਾਨਾਂ (ਕੇ.ਟੀ. ਲਾਲਵਾਨੀ ਪੀ-ਐਚ.ਡੀ. ਪ੍ਰੈਜ਼ੀਡੈਂਟ ਇੰਡੀਅਨ ਮਰਚੈਂਟ ਐਸੋਸੀਏਸ਼ਨ ਯੂ.ਕੇ. ਅਤੇ ਐਸ. ਰਘੂਨਾਥ ਆਇੰਗਰ ਵਾਈਸ ਪ੍ਰੈਜ਼ੀਡੈਂਟ ਇੰਡੀਅਨ ਮਰਚੈਂਟ ਐਸੋਸੀਏਸ਼ਨ ਨਾਈਜੀਰੀਆ, ਜੋ ਪੰਜਾਬ ਅੰਦਰ ਪੈ ਚੁੱਕੇ ਹਿੰਦੂ ਸਿਖ ਪਾੜੇ ਦੀ ਜਾਂਚ ਕਰਨ ਲਈ ਭਾਰਤ ਆਏ ਸਨ, ਨੇ ਇਕ ਟ੍ਰੈਕਟ "Independent Study of Hindu-Sikh Conflict in Punjab" ਪ੍ਰਕਾਸ਼ਤ ਕੀਤਾ ਸੀ, ਜਿਸ ਵਿਚ ਦਰਜ ਸੀ :

> "We did not find much difficulty in tracing the roots of this Conflict way back to over 30 years ago at time, when perhaps not even one Hindi daily paper existed in the State, when suddenly a vast majority of Punjabi Hindus influenced by Arya Samaj and local R.S.S. falsely claimed to be Hindi speaking... and Hindus alienated themselves from the Sikhs by adopting a new Hindi language of which the majority then had little knowledge, if any. This unfortunate development saw the beginning of friction between the two Communities."

ਅਰਥਾਤ, "ਇਹ ਗੱਲ ਜਾਣ ਲੈਣ ਵਿਚ ਸਾਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਈ ਕਿ ਮੌਜੂਦਾ ਹਿੰਦੂ ਸਿਖ ਝਗੜੇ ਦੀਆਂ ਜੜ੍ਹਾਂ, ਕੇਵਲ ਤੀਹ ਕੁ ਸਾਲ ਹੋਏ ਉਦੋਂ ਪੁੰਗਰੀਆਂ ਜਦੋਂ ਇਸ ਸੂਬੇ (ਪੰਜਾਬ) ਅੰਦਰ ਇਕ ਵੀ ਹਿੰਦੀ ਦਾ ਰੋਜ਼ਾਨਾ ਅਖ਼ਬਾਰ ਨਹੀਂ ਅਤੇ ਜਦੋਂ ਅਚਾਨਚਕ ਆਰੀਆ ਸਮਾਜ ਅਤੇ ਸਥਾਨਕ ਆਰ.ਐਸ.ਐਸ. (ਰਾਸ਼ਟਰੀ ਸਵੈਮ ਸੇਵਕ ਸੰਘ) ਦੇ ਪ੍ਰਭਾਵ ਅਧੀਨ ਪੰਜਾਬੀ ਹਿੰਦੂਆਂ ਨੇ ਆਪਣੀ ਭਾਸ਼ਾ ਹਿੰਦੀ ਹੋਣ ਦਾ ਦਾਹਵਾ ਕੀਤਾ... ਅਤੇ ਬਾਵਜੂਦ ਇਸ ਗੱਲ ਦੇ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਹਿੰਦੀ ਦੀ ਉੱਕੀ ਹੀ ਜਾਣ-ਪਛਾਣ ਨਹੀਂ ਸੀ, ਹਿੰਦੂਆਂ ਨੇ ਆਪਣੀ ਨਵੀਂ ਭਾਸ਼ਾ ਹਿੰਦੀ ਦਰਜ ਕਰਾ ਕੇ ਆਪਣੇ ਆਪ ਨੂੰ ਸਿੱਖਾਂ ਤੋਂ ਵੱਖਰਾ

ਕਰ ਲਿਆ। ਇਸ ਤਰ੍ਹਾਂ ਪੈਦਾ ਹੋਏ ਮੰਦਭਾਗੀ ਹਾਲਾਤ ਤੋਂ ਸ਼ੁਰੂ ਹੋਇਆ ਸੀ ਦੋਹਾਂ ਕੌਮਾਂ (ਹਿੰਦੂ ਸਿੱਖਾਂ) ਦਾ ਆਪਸੀ ਵਿਰੋਧ।"

ਹੋਰ ਉਹ ਲਿਖਦੇ ਹਨ, "ਡਾਕਟਰ ਜੀ.ਪੀ. ਮਨਸੁਖਾਨੀ ਨੇ ਇਸ ਬਾਰੇ ਸਾਨੂੰ ਦੱਸਿਆ ਸੀ :

> "If you were to trace the background of a reporter or an editor behind a particular anti-Sikh report, you would probably find him to be an Arya Samajist or a member of Punjab-Haryana R.S.S.

ਅਰਥਾਤ, "ਅਗਰ ਤੁਸੀਂ ਕਿਸੇ ਐਸੇ ਰੀਪੋਰਟਰ ਜਾਂ ਐਡੀਟਰ, ਜਿਸ ਨੇ ਕੋਈ ਵਿਸ਼ੇਸ਼ ਸਿਖ ਵਿਰੋਧੀ ਰੀਪੋਰਟ ਪ੍ਰਕਾਸ਼ਤ ਕੀਤੀ ਹੋਵੇ, ਦਾ ਪਿਛੋਕੜ ਜਾਣਨਾ ਚਾਹੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਹ ਕੋਈ ਆਰੀਆ ਸਮਾਜੀ ਜਾਂ ਪੰਜਾਬ ਹਰਿਆਣਾ ਦੇ ਆਰ.ਐਸ.ਐਸ. ਦਾ ਮੈਂਬਰ ਹੀ ਸੀ।"

ਇਨ੍ਹਾਂ ਪਰਦੇਸੀਂ ਵੱਸਦੇ ਹਿੰਦੂ ਵਿਦਵਾਨਾਂ ਵੱਲੋਂ ਪ੍ਰਕਾਸ਼ਤ ਹੋਏ ਟ੍ਰੈਕਟ ਵਿਚ ਦਰਜ ਹੈ :

> "I wonder how many Arya Samajists in the garb of Hinduism have helped influence the Hindu opinion through their Controlled media, and also affect the Government's judgement and its decisions through the positions they may hold in ruling party and senior posts they hold in Civil Service."

ਅਰਥਾਤ, "ਮੈਨੂੰ ਯਕੀਨ ਹੈ ਕਿ ਕਿਤਨੇ ਹੀ ਆਰੀਆ ਸਮਾਜੀਆਂ ਨੇ ਹਿੰਦੂਪੁਣੇ ਦੇ ਲਿਬਾਸ ਵਿਚ ਆਪਣੇ ਨਿੱਜੀ ਪੱਤਰਾਂ ਤੇ ਬਿਆਨਾਂ ਰਾਹੀਂ ਹਿੰਦੂ ਵਿਚਾਰਾਂ ਨੂੰ ਪ੍ਰਭਾਵਤ ਕੀਤਾ ਹੋਵੇਗਾ, ਬਲਕਿ ਸਿਵਲ ਸਰਵਿਸਿਜ਼ ਅੰਦਰ ਅਹੁਦੇ ਅਤੇ ਹੁਕਮਰਾਨ ਪਾਰਟੀ ਵਿਚ ਪ੍ਰਭਾਵਸ਼ਾਲੀ ਪੁਜ਼ੀਸ਼ਨਾਂ ਰੱਖਦੇ ਹੋਣ ਕਰਕੇ ਸਰਕਾਰ ਦੀਆਂ ਸੋਚਣੀਆਂ ਅਤੇ ਫ਼ੈਸਲਿਆਂ 'ਤੇ ਆਪਣੇ ਵਿਚਾਰਾਂ ਦੀ ਛਾਪ ਜ਼ਰੂਰ ਲਾਈ ਹੋਵੇਗੀ।"

ਪੰਡਤ ਨਹਿਰੂ ਦੇ ਬਾਅਦ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਪੰਜਾਬੀ ਸੂਬੇ ਸੰਬੰਧੀ ਸਰਕਾਰ ਦੀ ਨੀਤੀ ਵਿਚ ਕੋਈ ਫ਼ਰਕ ਨਹੀਂ ਆਇਆ। ਲੋਕ ਸਭਾ ਵੱਲੋਂ ਪੰਜਾਬੀ ਸੂਬੇ ਦੇ ਸੰਬੰਧ ਵਿਚ ਰੀਪੋਰਟ ਕਰਨ ਲਈ ਇਕ ਪਾਰਲੀਮੈਂਟਰੀ ਕਮੇਟੀ ਨੀਯਤ ਹੋਈ, ਜਿਸ ਦਾ ਪ੍ਰਧਾਨ ਸ: ਹੁਕਮ ਸਿੰਘ

ਸਪੀਕਰ ਨੂੰ ਮੁਕੱਰਰ ਕੀਤਾ ਗਿਆ। ਇਸ ਪ੍ਰਥਾਏ ਸ੍ਰੀਮਤੀ ਇੰਦਰਾ ਗਾਂਧੀ ਆਪਣੀ ਪੁਸਤਕ *My Truth* ਦੇ ਸਫ਼ਾ 17 'ਤੇ ਲਿਖਦੀ ਹੈ:

> "Unfortunately Mr. Shastri had made S. Hukam Singh the Speaker of the Lower House, chairman of the Parliamentary Committee on Punjabi Suba, although he was very biased in favour of Punjabi Suba...I went to Mr. Chavan and said, I had heard that Hukam Singh was going to give a report in favour of Punjabi Suba and that should be stopped...Once the Prime Minister's appointee had declared himself in favour of Punjabi Suba, how could we get out of it...It was very bothered and I went round seeing everybody. Of course once the report came, it was too late to change it."

ਅਰਥਾਤ, "ਸਾਡੀ ਬਦਕਿਸਮਤੀ ਇਹ ਸੀ ਕਿ ਮਿਸਟਰ ਸ਼ਾਸਤਰੀ ਨੇ ਲੋਕ ਸਭਾ ਦੇ ਸਪੀਕਰ ਸ: ਹੁਕਮ ਸਿੰਘ, ਜੋ ਜ਼ਾਤੀ ਤੌਰ 'ਤੇ ਪੰਜਾਬੀ ਸੂਬੇ ਦੇ ਹੱਕ ਵਿਚ ਸੀ, ਨੂੰ ਪੰਜਾਬੀ ਸੂਬੇ ਬਾਰੇ ਵਿਚਾਰ ਕਰਨ ਹਿੱਤ ਬਣੀ ਪਾਰਲੀਮੈਂਟਰੀ ਕਮੇਟੀ ਦਾ ਪ੍ਰਧਾਨ ਥਾਪ ਦਿੱਤਾ ਸੀ।... ਮੈਂ ਸ੍ਰੀ ਚਵਾਨ ਕੋਲ ਗਈ ਤੇ ਉਸ ਨੂੰ ਦੱਸਿਆ ਕਿ ਮੈਂ ਸੁਣਿਆ ਹੈ ਕਿ ਸ: ਹੁਕਮ ਸਿੰਘ ਪੰਜਾਬੀ ਸੂਬੇ ਦੇ ਹੱਕ ਵਿਚ ਰੀਪੋਰਟ ਦੇਣਾ ਚਾਹੁੰਦਾ ਹੈ। ਉਸ ਨੂੰ ਇਸ ਤੋਂ ਰੋਕਣਾ ਚਾਹੀਦਾ ਹੈ।... ਜੇ ਇਕ ਵਾਰ ਵੀ ਪ੍ਰਧਾਨ ਮੰਤਰੀ ਵੱਲੋਂ ਨਿਯੁਕਤੇ ਆਦਮੀ ਨੇ ਫ਼ੈਸਲਾ ਪੰਜਾਬੀ ਸੂਬੇ ਦੇ ਹੱਕ ਵਿਚ ਦੇ ਦਿੱਤਾ, ਤਾਂ ਇਸ ਤੋਂ ਅਸੀਂ ਫਿਰ ਪਿੱਛੇ ਕਿਵੇਂ ਹਟ ਸਕਾਂਗੇ ?... ਮੈਂ ਬਹੁਤ ਘਬਰਾਈ ਹੋਈ ਸਾਂ ਅਤੇ ਮੈਂ ਇਸ ਦੇ ਲਈ ਹਰ ਕਿਸੇ ਪਾਸ ਦੌੜੀ ਫਿਰੀ, ਇਹ ਯਕੀਨੀ ਗੱਲ ਸੀ ਕਿ ਇਕ ਵਾਰ ਰੀਪੋਰਟ ਨਿਕਲ ਗਈ ਤਾਂ ਇਸ ਨੂੰ ਬਦਲਣਾ ਸੰਭਵ ਨਹੀਂ ਹੋਵੇਗਾ।"

ਸ੍ਰੀ ਸ਼ਾਸਤਰੀ, ਸ੍ਰੀਮਤੀ ਗਾਂਧੀ ਅਤੇ ਸ੍ਰੀ ਗੁਲਜ਼ਾਰੀ ਲਾਲ ਨੰਦਾ ਨੇ ਸ: ਹੁਕਮ ਸਿੰਘ ਨੂੰ ਹਰ ਚੰਦ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਇਸ ਵਿਚ ਸਫਲਤਾ ਨਾ ਹੋਈ। ਇਸ 'ਤੇ ਕਾਂਗਰਸ ਨੇ ਪਹਿਲ ਕਰਦੇ ਹੋਏ ਪਾਰਲੀਮੈਂਟਰੀ ਕਮੇਟੀ ਦੀ ਰੀਪੋਰਟ ਉਡੀਕੇ ਬਿਨਾਂ ਹੀ ਮਾਰਚ ਦੀ ਨੌਂ ਤਾਰੀਖ਼ ਵਿਚ ਇਕ ਗੋਲ-ਮੋਲ ਜਿਹਾ ਮਤਾ ਪਾ ਕੇ ਪੰਜਾਬ ਦੀ ਨਵੀਂ ਹੱਦਬੰਦੀ ਕਰ ਦੇਣ ਦਾ ਫ਼ੈਸਲਾ ਲੈ ਲਿਆ, ਹਾਲਾਂਕਿ ਕਮੇਟੀ ਦੀ ਰੀਪੋਰਟ 'ਤੇ ਇਕ ਹਫ਼ਤਾ ਪਿੱਛੋਂ, ਅਥਵਾ, 15 ਮਾਰਚ 1966 ਨੂੰ ਦਸਖ਼ਤ ਹੋਏ।

ਸਰਕਾਰ ਪੰਜਾਬੀ ਸੂਬੇ ਦੇ ਖ਼ਿਲਾਫ਼ ਰੀਪੋਰਟ ਲੈਣ ਲਈ ਏਨੀ ਉਤਸਕ ਕਿਉਂ

ਸੀ, ਸ੍ਰੀਮਤੀ ਗਾਂਧੀ ਦੇ *My Truth* ਦੇ ਸਫ਼ਾ 117 'ਤੇ ਲਿਖੇ ਆਪਣੇ ਸ਼ਬਦਾਂ ਤੋਂ ਸਪੱਸ਼ਟ ਹੋ ਜਾਂਦਾ ਹੈ। ਉਹ ਸ਼ਬਦ ਇਹ ਹਨ:

> "The Congress found herself in a dilemma, to concede to the Akali demand would mean abandoning a position to which it was firmly committed and letting down its Hindu supporters in the Punjabi Suba. The merits were no consideration, as the Policy of the Congress, as enunciated in 1949 by Jawahar Lal, Vallabh Bhai and Patta Bhai Sitaramayyia had been not to concede reorganisation of North India, whatever the merit of such a proposal might be." (JVP report 1.4.49)

ਅਰਥਾਤ, "ਕਾਂਗਰਸ ਆਪਣੇ ਆਪ ਵਿਚ ਬਹੁਤ ਕੁਥਾਏਂ ਫਸੀ ਮਹਿਸੂਸ ਕਰਦੀ ਸੀ, ਕਿਉਂਕਿ ਕਾਂਗਰਸ ਲਈ ਅਕਾਲੀਆਂ ਦੀ ਪੰਜਾਬੀ ਸੂਬਾ ਬਣਾਉਣ ਦੀ ਮੰਗ ਨੂੰ ਮੰਨ ਲੈਣ ਦਾ ਮਤਲਬ ਆਪਣੀ ਉਸ ਸਥਿਤੀ (ਪੁਜ਼ੀਸ਼ਨ) ਦਾ ਤਿਆਗਣਾ ਅਥਵਾ ਉਸ ਤੋਂ ਮੁਕਰਨਾ ਸੀ, ਜਿਸ ਵਾਸਤੇ ਉਹ ਪੱਕੇ ਤੌਰ 'ਤੇ ਬਚਨ ਦੇ ਚੁੱਕੀ ਹੋਈ ਸੀ ਅਤੇ ਜਿਸ ਤੋਂ ਫਿਰਨ ਨਾਲ ਉਹ ਪੰਜਾਬ ਦੇ ਹਿੰਦੂ ਸਹਾਇਕਾਂ (ਵੋਟਰਾਂ) ਦੀ ਹੇਠੀ ਕਰਦੀ (ਤਥਾ ਵੋਟ ਗਵਾਉਂਦੀ) ਸੀ। ਏਥੇ ਇਸ ਗੱਲ ਦਾ ਤਾਂ ਵਿਚਾਰ ਹੀ ਨਹੀਂ ਸੀ ਕਿ ਇਉਂ ਕਰਨਾ ਜਾਇਜ਼ ਸੀ ਜਾਂ ਨਾਜਾਇਜ਼, ਕਿਉਂਕਿ ਕਾਂਗਰਸ ਦੀ ਜੋ ਪਾਲਿਸੀ ਜਵਾਹਰ ਲਾਲ, ਵੱਲਭ ਭਾਈ (ਪਟੇਲ) ਅਤੇ ਸੀਤਾ ਭਾਈ ਰਾਮਈਆ ਨੇ ਸੰਨ 1949 ਵਿਚ ਉਲੀਕੀ ਸੀ, ਉਹ ਇਹ ਸੀ ਕਿ ਭਾਵੇਂ ਕੁੱਝ ਭੀ ਹੋਵੇ, ਜਾਇਜ਼ ਜਾਂ ਨਾਜਾਇਜ਼, ਭਾਰਤ ਦੇ ਉੱਤਰੀ ਭਾਗ ਵਿਚ ਸੂਬਾ-ਬੰਦੀ ਨਵੇਂ ਸਿਰਿਉਂ ਨਹੀਂ ਕੀਤੀ ਜਾਵੇਗੀ।" (ਜੇ.ਵੀ.ਪੀ. ਰੀਪੋਰਟ ਮਿਤੀ 1.4.49)

ਪਰ ਇਸ ਸਾਰੇ ਕੁੱਝ ਦੇ ਬਾਵਜੂਦ ਜਦੋਂ ਕਾਂਗਰਸ ਮਜਬੂਰ ਹੋ ਗਈ ਅਤੇ 9 ਮਾਰਚ ਨੂੰ ਉਸ ਨੂੰ ਪੰਜਾਬ ਦੀ ਹੱਦਬੰਦੀ ਨਵੇਂ ਸਿਰਿਉਂ ਕਰਨ ਦਾ ਮਤਾ ਪਾਸ ਕਰਨਾ ਹੀ ਪਿਆ, ਤਾਂ ਪੰਜਾਬ ਦਾ ਹਿੰਦੂ ਤੜਪ ਉਠਿਆ ਅਤੇ ਉਸ ਸਮੇਂ ਦੇ ਹੋਮ ਮਨਿਸਟਰ ਗੁਲਜ਼ਾਰੀ ਲਾਲ ਨੰਦਾ (ਜੋ ਪੰਜਾਬੀ ਹੀ ਸੀ) ਦੇ ਗਲ ਪਿਆ ਤਾਂ ਨੰਦੇ ਨੇ ਉਨ੍ਹਾਂ ਨੂੰ ਧੀਰਜ ਦੇਂਦੇ ਹੋਏ ਕਿਹਾ, "ਤੁਸੀਂ ਫ਼ਿਕਰ ਨਾ ਕਰੋ, ਮੈਂ ਪੰਜਾਬੀ ਸੂਬਾ ਐਸਾ ਬਣਾਵਾਂਗਾ ਜਿਸ 'ਤੇ ਸਿੱਖ ਹਮੇਸ਼ਾ ਰੋਂਦੇ ਰਹਿਣਗੇ।"

ਚੁਨਾਂਚਿ ਪੰਜਾਬ ਦੀ ਨਵੀਂ ਹੱਦਬੰਦੀ ਕਰਨ ਲਈ ਇਸ ਦਾ ਆਧਾਰ 1961 ਦੀ ਮਰਦਮ-ਸ਼ੁਮਾਰੀ, ਜਿਸ ਵਿਚ ਪੰਜਾਬ ਵਾਸੀ ਸਾਰੇ ਹਿੰਦੂਆਂ ਨੇ ਆਪਣੀ ਭਾਸ਼ਾ

ਹਿੰਦੀ ਦਰਜ ਕਰਾਈ ਸੀ, ਬਣਾ ਕੇ ਹਿੰਦੀ ਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਵੰਡ ਕੀਤੀ ਗਈ ਅਤੇ ਇਸ ਵੰਡ ਲਈ ਸੁਪ੍ਰੀਮ ਕੋਰਟ ਦੇ ਇਕ ਜੱਜ ਅਧੀਨ ਕਮਿਸ਼ਨ ਸਥਾਪਤ ਕੀਤਾ ਗਿਆ, ਜੋ 'ਸ਼ਾਹ ਕਮਿਸ਼ਨ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਬਜਾਏ ਇਹ ਨਿਖੇੜਾ ਪਿੰਡ-ਵਾਰ ਕਰਨ ਦੇ, ਤਸੀਲ ਨੂੰ ਇਕਾਈ ਮੰਨ ਕੇ, ਜਿਸ ਤਸੀਲ ਵਿਚ ਹਿੰਦੀ ਭਾਸ਼ਾ ਵਾਲੇ ਪਿੰਡਾਂ ਦੀ ਗਿਣਤੀ ਪੰਜਾਬੀ ਦੇ ਮੁਕਾਬਲੇ ਵਧੇਰੇ ਸੀ, ਸਾਰੀ ਤਸੀਲ ਨੂੰ ਹੀ ਹਿੰਦੀ ਭਾਸ਼ਾ ਦਾ ਏਰੀਆ ਕਰਾਰ ਦਿੱਤਾ ਗਿਆ, ਜਿਸ ਨਾਲ ਸੈਂਕੜੇ ਪੰਜਾਬੀ ਸਿੱਖਾਂ ਦੇ ਪਿੰਡ ਹਿੰਦੀ ਏਰੀਏ ਵਿਚ ਚਲੇ ਗਏ ਅਤੇ ਅਜਿਹੀ ਕੀਤੀ ਗਈ ਹੱਦਬੰਦੀ ਵਿਚੋਂ ਦੋ ਨਵੇਂ ਹਿੰਦੀ ਸੂਬੇ ਹਰਿਆਣਾ ਅਤੇ ਹਿਮਾਚਲ, ਜਿਨ੍ਹਾਂ ਵਿਚ ਅਨੇਕਾਂ ਪੰਜਾਬੀ ਭਾਸ਼ਾ ਵਾਲੇ ਸਿਖ ਪਿੰਡ ਸਨ, ਕਾਇਮ ਕਰ ਲਏ ਗਏ।

ਪੰਜਾਬ ਦੇ ਕੇਵਲ ਛੇ ਜ਼ਿਲਿਆਂ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਫ਼ੀਰੋਜ਼ਪੁਰ ਦੇ ਪੰਜਾਬੀ ਸੂਬੇ ਵਿਚ ਦੇਸੀ ਰਿਆਸਤਾਂ (ਪੈਪਸੂ) ਸ਼ਾਮਲ ਕਰ ਕੇ ਇਸ ਨੂੰ ਪੰਜਾਬੀ ਸੂਬੇ ਦਾ ਨਾਮ ਦੇ ਦਿੱਤਾ, ਪ੍ਰੰਤੂ ਇਸ ਵਿਚ ਹੋਰ ਹੁਸ਼ਿਆਰੀ ਇਹ ਕੀਤੀ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਸੈਂਟਰ ਦੇ ਅਧਿਕਾਰ ਵਿਚ ਲੈ ਲਿਆ। ਇਸ ਤਰ੍ਹਾਂ ਨਾ ਕੇਵਲ ਕਿਤਨੇ ਹੀ ਪੰਜਾਬੀ ਬੋਲਦੇ ਲੋਕ, ਜੋ ਪੱਛਮੀ ਪੰਜਾਬ ਤੋਂ ਆਉਣ ਪਿੱਛੋਂ ਹਿਸਾਰ, ਕਰਨਾਲ, ਅੰਬਾਲਾ, ਸਰਸਾ ਅਤੇ ਰੋਹਤਕ ਵਿਚ ਜਾਂ ਨਵੇਂ ਬਣਾਏ ਹਿਮਾਚਲ ਦੇ ਪਹਾੜੀ ਇਲਾਕਿਆਂ ਮੰਡੀ, ਕਾਂਗੜਾ, ਸ਼ਿਮਲਾ, ਸੋਲਨ ਅਤੇ ਚੰਡੀਗੜ੍ਹ ਵਿਚ ਆਬਾਦ ਹੋਏ ਸਨ, ਜਿਨ੍ਹਾਂ ਵਿਚ ਹੀ ਕਈ ਲੱਖ ਸਿਖ ਸਨ, ਪੰਜਾਬੀ ਸੂਬੇ ਤੋਂ ਬਾਹਰ ਕੱਢੇ ਗਏ, ਬਲਕਿ ਹਿੰਦੀ ਨੂੰ ਇਨ੍ਹਾਂ ਇਲਾਕਿਆਂ ਦੀ ਮਾਤ-ਭਾਸ਼ਾ ਕਰਾਰ ਦੇ ਕੇ ਉਨ੍ਹਾਂ ਪੰਜਾਬੀ ਬੋਲਦਿਆਂ ਲੋਕਾਂ ਉਪਰ ਹਿੰਦੀ ਠੋਸੀ ਗਈ। ਇਸ ਉਪਰ ਹੋਰ ਤਅੱਸਬ ਦੀ ਗੱਲ ਇਹ ਕਿ ਇਨ੍ਹਾਂ ਇਲਾਕਿਆਂ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਥਾਂ ਵੀ ਨਹੀਂ ਦਿੱਤਾ ਗਿਆ। ਸਗੋਂ ਹਰਿਆਣਾ ਪ੍ਰਾਂਤ ਵਿਚ ਦੂਜੀ ਭਾਸ਼ਾ ਦਾ ਸਥਾਨ ਦੱਖਣੀ ਬੋਲੀ ਤਾਮਿਲ ਨੂੰ ਦਿੱਤਾ ਗਿਆ, ਜੋ ਹਰਿਆਣੇ ਦਾ ਕੋਈ ਵਸਨੀਕ ਭੀ ਨਹੀਂ ਬੋਲਦਾ ਅਤੇ ਇਸ ਪ੍ਰਾਂਤ ਅੰਦਰ ਵੱਸਦੇ ਗਿਆਰਾਂ ਲੱਖ ਦੇ ਕਰੀਬ ਸਿਖ ਅਤੇ ਏਨੇ ਕੁ ਹੋਰ ਪੰਜਾਬੀ ਬੋਲਦੇ ਲੋਕਾਂ ਨੂੰ ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਪੜ੍ਹਨ-ਲਿਖਣ ਤੋਂ ਹਮੇਸ਼ਾ ਲਈ ਵਾਂਝ ਦਿੱਤਾ। ਸਰਕਾਰ ਦੇ ਇਸ ਕਰਤੱਵ ਨੇ ਗਿਆਰਾਂ ਲੱਖ ਸਿੱਖਾਂ ਨੂੰ ਆਪਣੇ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦੇ ਅਧਿਐਨ ਤੋਂ ਵਾਂਝ ਕੇ ਸਿੱਖੀ ਦੇ ਪ੍ਰਚਾਰ ਨੂੰ ਐਸੀ ਸੱਟ ਮਾਰੀ ਹੈ ਜਿਹੋ ਜਿਹੀ ਦੇਸ਼ ਦੀਆਂ ਪਹਿਲੀਆਂ ਹਕੂਮਤਾਂ ਨਹੀਂ ਮਾਰ ਸਕੀਆਂ ਸਨ—ਇਹ ਹੈ ਭਾਰਤ ਸਰਕਾਰ ਦੇ ਧਰਮ-ਨਿਰਪੇਖਤਾ (Secularism) ਦਾ ਇਕ ਹੋਰ ਉਦਾਹਰਣ।

ਪੰਜਾਬੀ ਬੋਲਦੇ ਲਖੂਖਹਾ ਹਿੰਦੂ ਸਿੱਖਾਂ ਨਾਲ ਐਸਾ ਵਰਤਾਉ ਅਤੇ ਪੰਜਾਬ

ਨੂੰ ਉਸ ਦੀ ਰਾਜਧਾਨੀ ਚੰਡੀਗੜ੍ਹ ਤੋਂ ਭੀ ਲਾਂਭੇ ਕਰ ਦੇਣਾ ਫ਼ੌਰੀ ਕਾਰਨ ਬਣੇ ਪੰਜਾਬੀ ਦੀ ਨਿਰਾਸਤਾ ਅਤੇ ਅੰਦੋਲਨਾਂ ਦੇ। ਸਰਕਾਰ ਦੀ ਅਜਿਹੀ ਪੰਜਾਬ-ਵਿਰੋਧੀ ਨੀਤੀ ਦੇ ਉਲਟ ਸੰਘਰਸ਼ ਜਾਰੀ ਹੋ ਗਿਆ, ਖ਼ਾਸ ਕਰ ਸਿੱਖਾਂ ਵੱਲੋਂ ਜਿਨ੍ਹਾਂ ਨਾਲ ਕਾਂਗਰਸ ਅਤੇ ਕਾਂਗਰਸੀ ਨੇਤਾਵਾਂ ਨੇ ਆਜ਼ਾਦੀ ਤੋਂ ਪਹਿਲੋਂ ਖਾਧੀਆਂ ਸਹੁੰਆਂ ਸੁਗੰਧਾਂ ਨੂੰ ਛਿੱਕੇ ਧਰ ਦਿੱਤਾ ਸੀ।

ਸ: ਦਰਸ਼ਨ ਸਿੰਘ ਫੇਰੂਮਾਨ ਜੈਸੇ ਕਾਂਗਰਸੀ ਸਿਖ ਨੇਤਾ ਨੇ ਗਾਂਧੀ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਮਰਨ-ਵਰਤ ਰੱਖ ਲਿਆ ਅਤੇ 74 ਦਿਨਾਂ ਦੇ ਹੱਠ ਪਿੱਛੋਂ ਕਾਂਗਰਸੀ ਹਕੂਮਤ ਦੇ ਸਿਰ ਭਾਂਡਾ ਭੰਨਦੇ ਹੋਏ 27 ਅਕਤੂਬਰ 1968 ਨੂੰ ਚੁੜ੍ਹ ਚੁੜ੍ਹ ਕੇ ਮੌਤ ਲਾੜੀ ਨੂੰ ਪਰਣਾਅ ਲਿਆ, ਪਰ ਇਹ ਹਕੂਮਤ ਟਸ ਤੋਂ ਮਸ ਨਾ ਹੋਈ। ਕਿਤਨੀਆਂ ਹੀ ਹੋਰ ਜਾਨਾਂ ਗਈਆਂ ਅਤੇ ਅਨੇਕ ਗੁਰੂ ਕੇ ਲਾਲਾਂ ਨੇ ਸੀਖਾਂ ਪਿੱਛੇ ਬੈਠ ਕੇ ਕਾਲ ਕੋਠੜੀਆਂ ਦੇ ਤਸੀਹੇ ਸਹੇ।

ਪਰ ਜੋ ਲੋਕ ਧਰਮ ਹਾਰ ਦੇਣ ਅਤੇ ਜਿਨ੍ਹਾਂ ਦੀ ਜ਼ਿੰਦਗੀ ਦਾ ਸ਼ੇਵਾ ਹੀ ਭੋਲੇ-ਭਾਲੇ ਤੇ ਸਿੱਧੇ ਲੋਕਾਂ ਦਾ ਵਿਸਾਹਘਾਤ ਕਰਨਾ ਬਣ ਗਿਆ ਹੋਵੇ, ਉਨ੍ਹਾਂ ਨੂੰ ਕਿਸੇ ਦਾ ਦੁਖ ਕਿਵੇਂ ਪੋਹ ਸਕਦਾ ਹੈ?

ਜਿਸ ਤਰ੍ਹਾਂ ਅਸੀਂ ਪਿੱਛੇ ਭੀ ਲਿਖ ਚੁੱਕੇ ਹਾਂ ਅਤੇ ਜਿਸ ਦੀ ਤਸਦੀਕ ਆਪਣੇ ਮਰਨ ਕਾਲ ਤੋਂ ਪਹਿਲੋਂ ਸ: ਹੁਕਮ ਸਿੰਘ ਸਾਬਕਾ ਸਪੀਕਰ ਲੋਕ ਸਭਾ ਵੱਲੋਂ ਭੀ ਕੀਤੀ ਗਈ ਦੱਸੀ ਜਾਂਦੀ ਹੈ (ਜੋ ਬਿਆਨ ਉਨ੍ਹਾਂ ਨੇ ਸ਼ਾਇਦ ਆਪਣੇ ਪਿਛਲੇ ਧੋਣੇ ਧੋਣ ਲਈ ਹੀ ਦਿੱਤਾ ਹੋਵੇ), ਇੰਦਰਾ ਕਾਂਗਰਸ ਸਿੱਖਾਂ ਨੂੰ ਘੱਟੋ-ਘੱਟ ਪੰਜਾਹ ਸਾਲ ਲਈ ਮੁੜ ਕੇ ਸਿਰ ਨਾ ਚੁੱਕ ਸਕਣ ਜੋਗਾ ਬਣਾ ਦੇਣ ਲਈ, ਪਾਕਿਸਤਾਨ ਜੰਗ ਛੇੜ ਕੇ ਭਾਰਤੀ ਫ਼ੌਜਾਂ ਨੂੰ ਬਾਰਡਰ ਤੋਂ ਏਨਾ ਕੁ ਪਿੱਛੇ ਲੈ ਜਾਣ ਦੀ ਵਿਉਂਤ ਕੀਤੇ ਹੋਏ ਸੀ, ਜਿਸ ਨਾਲ ਸਿਖ-ਪੰਜਾਬ (ਅੰਮ੍ਰਿਤਸਰ ਤੋਂ ਪਟਿਆਲੇ ਤਥਾ ਅੰਬਾਲੇ ਤਕ) ਦਲੀਆ ਮਲੀਆ ਹੋ ਜਾਵੇ। ਪਰ ਕਿਸੇ ਦਾ ਮੰਦਾ ਚਿਤਵਨ ਵਾਲਾ ਆਪਣਾ ਹੀ ਮੰਦਾ ਕਰ ਰਿਹਾ ਹੁੰਦਾ ਹੈ, ਇਹ ਗੱਲ ਕੋਈ ਵਿਰਲਾ ਹੀ ਸਮਝਦਾ ਹੈ।

ਭਾਵੇਂ ਪਾਕਿਸਤਾਨ ਨੇ ਭਾਰਤ ਸਰਕਾਰ ਦੀ ਸਿਖ ਕਤਲਾਮ (genocide) ਦੀ ਵਿਉਂਤ ਨੂੰ ਸਿਰੇ ਲਾਉਣ ਵਿਚ ਸਹਾਇਤਾ ਨਾ ਕੀਤੀ, ਪਰ ਸਿੱਖਾਂ ਨੂੰ ਸਬਕ ਸਿਖਾਉਣਾ ਤਾਂ ਜ਼ਰੂਰੀ ਸੀ, ਸੋ ਇੰਦਰਾ ਸਰਕਾਰ ਨੇ ਪਹਿਲੋਂ ਅੰਮ੍ਰਿਤਸਰ ਅਤੇ ਹੋਰ ਸਿਖ ਗੁਰਦੁਆਰਿਆਂ ਅੰਦਰ ਅਤੇ ਫਿਰ ਸਾਰੇ ਭਾਰਤ ਦੀ ਸਿਖ ਵੱਸੋਂ ਵਾਲੇ ਥਾਵੇਂ ਉਹੋ ਕੁੱਝ ਕੀਤਾ ਜੋ ਉਹ ਪਾਕਿਸਤਾਨ ਨੂੰ ਵਿਚ ਪਾ ਕੇ ਕਰਨਾ ਚਾਹੁੰਦੀ ਸੀ, ਕਿਉਂਕਿ ਸਿੱਖਾਂ ਨੂੰ ਸਬਕ ਤਾਂ ਸਿਖਾਉਣਾ ਹੀ ਸਿਖਾਉਣਾ ਸੀ।

ਇਹ ਆਮ ਹੀ ਹੋਇਆ ਕਰਦਾ ਹੈ ਕਿ ਜਦੋਂ ਕਿਸੇ ਨੂੰ ਕੋਈ ਕਰਾਰੀ ਸੱਟ

ਮਾਰੀ ਜਾਏ ਤਾਂ ਉਸ ਨੂੰ ਉਸ ਦੇ ਪੁਰਾਣੇ ਭੁੱਲੇ ਵਿਸਰੇ ਦੁਖੜੇ ਵੀ ਚੇਤੇ ਆ ਜਾਂਦੇ ਹਨ, ਜੋ ਸੱਟ ਮਾਰਨ ਵਾਲੇ ਦੇ ਉਲਟ ਤੂਫ਼ਾਨ ਜਿਹਾ ਖੜਾ ਕਰ ਦੇਂਦੇ ਹਨ। ਅਜਿਹੀ ਗੱਲ ਹੀ ਸਿੱਖਾਂ ਨਾਲ ਵਾਪਰੀ ਅਤੇ ਸਾਰੇ ਰੰਜ, ਜੋ ਉਨ੍ਹਾਂ ਦੇ ਅੰਦਰ ਭਰੇ ਹੋਏ ਸਨ, ਅੱਗ ਵਰਸਾਉਂਦੇ ਪਹਾੜ ਦੇ ਲਾਵੇ ਵਾਂਗ ਉੱਭਰ ਪਏ। ਸਿੱਖ ਨੂੰ ਮਹਿਸੂਸ ਹੋਇਆ ਕਿ ਸਿਖ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਤੀਸਰ ਪੰਥ ਚਲਾਇਆ' ਅਤੇ 'ਅਕਾਲ ਪੁਰਖ ਕੀ ਫ਼ਉਜ' ਕਹਿ ਕੇ ਨਿਆਰੇ ਹੋਣ ਦਾ ਮਾਣ ਬਖ਼ਸ਼ਿਆ ਸੀ ਅਤੇ ਜਿਸ ਦੇ ਨਿਆਰੇਪਣ ਨੂੰ ਦੇਸ਼ ਦੀਆਂ ਮੁਗ਼ਲ, ਪਠਾਣ ਤੇ ਅੰਗਰੇਜ਼ ਹਕੂਮਤਾਂ ਤਸਲੀਮ ਕਰਦੀਆਂ ਆਈਆਂ ਸਨ ਅਤੇ ਜਿਸ ਦਾ 1947 ਦੀ ਦੇਸ਼ ਵੰਡ ਸਮੇਂ ਭੀ ਅੰਗਰੇਜ਼ ਨੇ ਅੱਡਰੀ ਤੀਜੀ ਕੌਮ ਹੋਣਾ ਸਵੀਕਾਰ ਕੀਤਾ ਸੀ, ਨੂੰ ਦੇਸ਼ ਦੇ ਵਿਧਾਨ ਅੰਦਰ ਬੋਧੀਆਂ, ਜੈਨੀਆਂ ਵਾਂਗ ਹਿੰਦੂ ਕੌਮ ਦਾ ਇਕ ਫ਼ਿਰਕਾ ਕਰਾਰ ਦੇ ਦਿੱਤਾ ਗਿਆ ਹੈ। ਇਸ ਗੱਲ ਨੇ ਸਿੱਖਾਂ ਨੂੰ ਇਹ ਕਹਿਣ ਲਈ ਮਜਬੂਰ ਕੀਤਾ ਹੈ ਕਿ ਉਹ ਹਿੰਦੂ ਨਹੀਂ, ਬਲਕਿ ਇਕ ਵੱਖਰੀ ਕੌਮ ਹਨ, ਜਿਸ ਤੋਂ ਸਿੱਖਾਂ ਉੱਤੇ ਉਨ੍ਹਾਂ ਦੇ ਵੱਖਵਾਦੀ ਹੋਣ ਦਾ ਦੋਸ਼ ਲਾਇਆ ਗਿਆ ਹੈ ਅਤੇ ਬਾਵਜੂਦ ਇਸ ਗੱਲ ਦੇ ਸਿੱਖਾਂ ਦੀ ਨੁਮਾਇੰਦਾ ਜਮਾਤ ਅਕਾਲੀ ਦਲ ਨੇ ਵਾਰ ਵਾਰ ਇਹ ਕਿਹਾ ਹੈ ਕਿ ਸਿਖ ਭਾਰਤ ਦਾ ਅੰਗ ਹਨ ਅਤੇ ਅੰਗ ਰਹਿਣਗੇ, ਹਿੰਦੂ ਪ੍ਰੈਸ ਅਤੇ ਕਾਂਗਰਸ ਸਿੱਖਾਂ ਦੇ ਵੱਖਵਾਦੀ ਹੋਣ ਦੀ ਰਟ ਲਾਈ ਜਾਂਦੇ ਹਨ, ਪ੍ਰੰਤੂ ਆਪਣੀ ਗ਼ਲਤੀ ਕਿ 'ਸਿਖ ਹਿੰਦੂਆਂ ਦਾ ਇਕ ਫ਼ਿਰਕਾ ਹਨ,' ਨੂੰ ਸੋਧਣ ਲਈ ਤਿਆਰ ਨਹੀਂ। ਇਉਂ ਕਹਿ ਕੇ ਉਹ ਸਿੱਖਾਂ ਦੇ, ਦੇਸ਼ ਦੀ ਇਕ Minority (ਘੱਟ-ਗਿਣਤੀ ਕੌਮ) ਹੋਣ ਦੇ ਹੱਕ ਨੂੰ ਚੈਲੰਜ ਕਰਨਾ ਚਾਹੁੰਦੇ ਹਨ, ਤਾਂ ਕਿ ਘੱਟ-ਗਿਣਤੀ ਹੋਣ ਦੇ ਨਾਤੇ ਸਿਖ ਵੱਖਰੇ ਹੱਕ ਨਾ ਮੰਗ ਸਕਣ। ਪਰ ਝੂਠੇ ਦੀ ਚੇਤਾ-ਸ਼ਕਤੀ ਮਾਰੀ ਜਾਇਆ ਕਰਦੀ ਹੈ। ਇਨ੍ਹਾਂ ਨੂੰ ਇਹ ਭੁੱਲ ਗਿਆ ਹੈ ਕਿ ਜੇ ਸਿਖ ਹਿੰਦੂਆਂ ਦਾ ਹੀ ਫ਼ਿਰਕਾ ਸਨ ਤਾਂ ਪਛੜੀਆਂ ਜਾਤੀਆਂ, ਜਿਨ੍ਹਾਂ ਦਾ ਹਿੰਦੂ ਹੋਣਾ ਇਨ੍ਹਾਂ ਦ੍ਰਿੜ ਕੀਤਾ ਹੋਇਆ ਹੈ, ਵਿਚੋਂ ਸਿੱਖੀ ਅੰਦਰ ਪ੍ਰਵੇਸ਼ ਕੀਤੇ ਆਦਮੀਆਂ ਨੂੰ ਪਛੜੀਆਂ ਸ਼੍ਰੇਣੀਆਂ ਵਾਲੀਆਂ ਵਿਸ਼ੇਸ਼ ਰਿਆਇਤਾਂ ਦੇਣ ਤੋਂ ਕਿਉਂ ਇਨਕਾਰ ਕੀਤਾ ਗਿਆ ਸੀ, ਜਿਸ ਇਨਕਾਰ ਨੇ ਲੱਖਾਂ ਸਿਖ ਬਣ ਚੁੱਕੇ ਪਛੜੀ ਸ਼੍ਰੇਣੀ ਦੇ ਬੰਦਿਆਂ ਨੂੰ ਸਿੱਖੀ ਤਿਆਗ ਦੇਣ ਲਈ ਮਜਬੂਰ ਕੀਤਾ।

ਫਿਰ ਹੋਰ ਲਓ : ਸਿਖ ਜਿਨ੍ਹਾਂ ਦੀ ਫ਼ੌਜ ਅੰਦਰ ਭਰਤੀ ਅੰਗਰੇਜ਼ ਸਰਕਾਰ ਵੇਲੇ 30 ਫ਼ੀਸਦੀ ਦੇ ਕਰੀਬ ਸੀ ਅਤੇ ਦੇਸ਼ ਆਜ਼ਾਦ ਹੋਣ ਪਿੱਛੋਂ 12 ਫ਼ੀਸਦੀ ਤਕ ਚਲੀ ਗਈ ਦੱਸੀ ਜਾਂਦੀ ਹੈ, ਨੂੰ 1974 ਵਿਚ ਫ਼ੌਜੀ ਭਰਤੀ ਦਾ ਤਨਾਸਬ ਮੁਕੱਰਰ ਕਰਦੇ ਹੋਏ ਪੰਜਾਬ ਵਿਚ ਉਸ ਦੀ ਆਬਾਦੀ ਅਨੁਸਾਰ 1.8 ਫ਼ੀਸਦੀ ਕੀਤਾ ਗਿਆ ਹੈ। ਜੇ ਸਿਖ ਹਿੰਦੂ ਦਾ ਹੀ ਫ਼ਿਰਕਾ ਹਨ ਤਾਂ ਫ਼ੌਜੀ ਭਰਤੀ ਵੇਲੇ ਸਿੱਖਾਂ ਦਾ

ਹਿੰਦੂ ਤੋਂ ਨਿਖੇੜਾ ਕਿਉਂ ? ਹਾਲਾਂਕਿ ਇਹ ਭੀ ਮੰਨਿਆ ਗਿਆ ਹੋਇਆ ਹੈ ਕਿ ਸਿਖ ਦੇਸ਼ ਦੀ ਇਕ ਮਾਰਸ਼ਲ ਕੌਮ ਹੈ। ਘੱਟ-ਗਿਣਤੀ ਦੇ ਹੱਕ ਮੰਗਣਾ ਸਿੱਖਾਂ ਲਈ ਜਾਇਜ਼ ਨਹੀਂ, ਕਿਉਂਕਿ ਸਿੱਖਾਂ ਨੂੰ ਵੱਖਰੀ ਕੌਮ ਨਹੀਂ ਕਿਹਾ ਜਾ ਸਕਦਾ, ਪ੍ਰੰਤੂ ਫ਼ੌਜੀ ਭਰਤੀ ਵਿਚ ਸਿੱਖਾਂ ਦੀ ਗਿਣਤੀ ਘੱਟ ਕਰਨ ਲਈ ਸਿੱਖਾਂ ਨੂੰ ਵੱਖਰੀ ਕੌਮ ਦਰਸਾਇਆ ਜਾਂਦਾ ਹੈ, ਉਨ੍ਹਾਂ ਦੀ ਆਬਾਦੀ ਅਨੁਸਾਰ ਉਨ੍ਹਾਂ ਦੀ ਭਰਤੀ ਲਈ ਜਾਂਦੀ ਹੈ। ਇਹ ਹੈ ਸਤਾਧਾਰੀ ਪਾਰਟੀ ਦਾ ਇਨਸਾਫ਼!

ਭਾਰਤ ਦੀ ਹਿੰਦੂ ਸਰਕਾਰ, ਹਿੰਦੂ ਪ੍ਰੈਸ ਅਤੇ ਸਮੁੱਚੇ ਤੌਰ 'ਤੇ ਹਿੰਦੂ ਜਾਤੀ ਦੇ ਅਜਿਹੇ ਰਵੱਈਏ ਤੇ ਕਾਂਗਰਸੀ ਲੀਡਰਾਂ ਦੇ ਵਿਸਾਹਘਾਤ, ਤੇ ਸੁਪ੍ਰੀਮ ਕੋਰਟ ਦੇ ਜੱਜ ਦੀ ਪ੍ਰਧਾਨਗੀ ਹੇਠ ਬਣੀ ਸ਼ਾਹ ਕਮਿਸ਼ਨ ਦੀ ਪੰਜਾਬ ਦੀ ਵੰਡ ਸੰਬੰਧੀ ਰੀਪੋਰਟ ਨੇ, ਇਨ੍ਹਾਂ ਉਪਰ ਸਿੱਖਾਂ ਦੇ ਬਣੇ ਵਿਸ਼ਵਾਸਾਂ ਨੂੰ ਕਾਰੀ ਚੋਟ ਲਾਈ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ 20 ਜੁਲਾਈ 1966 ਦੀ ਇਕੱਤ੍ਰਤਾ ਵਿਚ ਇਹ ਪਾਸ ਕੀਤਾ ਕਿ "After having carefully viewed the findings, the reports, and judgements of judicial and quasi Judicial judgements and Forums that have dealt with matters and cases involing important Sikh interests, the Akali Dal comes to the conclusion that the entire judicial machinery and the judicial process of the independent India, under influence of certain sections of political Hindus, is prejudicial and has been perverted against the Sikh people in India in relation to their just and legal rights." ਅਰਥਾਤ, "ਵਿਸ਼ੇਸ਼ ਸਿਖ ਭਲਾਈ ਦੇ ਮਸਲਿਆਂ ਦੇ ਨਜਿੱਠਣ ਹਿੱਤ ਬਣੇ ਅਦਾਲਤੀ ਅਤੇ ਨੀਮ ਅਦਾਲਤੀ ਟ੍ਰੀਬਯੂਨਲਾਂ ਅਤੇ ਫ਼ੋਰਮਾਂ ਵੱਲੋਂ ਦਿੱਤੇ ਗਏ ਨਤੀਜਿਆਂ ਬਾਰੇ ਪ੍ਰਕਾਸ਼ਤ ਕੀਤੀਆਂ ਰੀਪੋਰਟਾਂ ਅਤੇ ਫ਼ੈਸਲਿਆਂ ਨੂੰ ਪੂਰੇ ਗ਼ੌਰ ਨਾਲ ਵਿਚਾਰਦੇ ਹੋਏ ਅਕਾਲੀ ਦਲ ਇਸ ਸਿੱਟੇ 'ਤੇ ਪੁੱਜਾ ਹੈ ਕਿ ਆਜ਼ਾਦ ਭਾਰਤ ਦੀ ਸਮੁੱਚੀ ਅਦਾਲਤੀ ਮਸ਼ੀਨਰੀ ਅਤੇ ਉਸ ਵੱਲੋਂ ਕੀਤੀ ਅਦਾਲਤੀ ਘੋਖ, ਸਿਆਸਤ-ਗ੍ਰਸਤ ਹਿੰਦੂਆਂ ਦੇ ਟੋਲੇ ਦੇ ਅਸਰ ਹੇਠ ਕੀਤੀ ਗਈ ਹੈ ਅਤੇ ਇਹ ਅਦਾਲਤੀ ਘੋਖ ਸਿੱਖਾਂ ਦੇ ਹੱਕੀ ਤੇ ਕਾਨੂੰਨ-ਆਧਾਰਤ ਹਕੂਕ ਸੰਬੰਧੀ ਪੱਖਪਾਤੀ ਰਵੱਈਏ ਨਾਲ ਕੀਤੀ ਗਈ ਹੈ, ਅਤੇ ਜੋ ਸਿਖ ਮੁਫ਼ਾਦ ਦੇ ਉਲਟ ਹੈ।"

ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਪੰਜਾਬ ਅੰਦਰ ਸਿਖ ਵੱਸਦੇ ਹਨ, ਵਰਨਾ ਪੰਜਾਬੀ ਭਾਸ਼ਾ ਦਾ ਸੂਬਾ ਭੀ ਦੇਸ਼ ਦੇ ਬਾਕੀ ਸੂਬਿਆਂ ਦੇ ਨਾਲ ਹੀ ਬਣ ਜਾਣਾ ਸੀ ਅਤੇ ਹੁਣ ਜਦੋਂ ਇਹ ਬਣਿਆ ਹੀ ਬਣਿਆ ਹੈ ਤਾਂ ਇਸ ਨੂੰ ਕਮਜ਼ੋਰ

ਕਰਨ ਲਈ ਲਖੂਖਹਾ ਪੰਜਾਬੀ ਬੋਲਦੇ ਲੋਕਾਂ ਨੂੰ ਇਸ ਸੂਬੇ ਤੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਮਾਂ-ਬੋਲੀ ਤੋਂ ਦੂਰ ਕਰਨ ਲਈ ਉਨ੍ਹਾਂ ਲਈ ਪੰਜਾਬੀ ਨੂੰ ਦੂਜੀ ਬੋਲੀ ਦਾ ਥਾਂ ਭੀ ਨਹੀਂ ਦਿੱਤਾ ਗਿਆ, ਸਗੋਂ ਉਨ੍ਹਾਂ ਉਪਰ ਮੱਲੋ-ਮੱਲੀ ਹਿੰਦੀ ਠੋਸੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਜੋ ਪੰਜਾਬ ਪਾਸੋਂ ਲਾਹੌਰ ਖੋਹੇ ਜਾਣ ਕਾਰਨ ਪੰਜਾਬ ਵਾਸਤੇ ਉਸਾਰੀ ਗਈ ਸੀ, ਇਸ ਤੋਂ ਖੋਹੀ ਗਈ ਹੈ ਅਤੇ ਹੁਣ ਸ਼ਰਤ ਲਾਈ ਗਈ ਕਿ ਜੇ ਪੰਜਾਬ ਨੇ ਚੰਡੀਗੜ੍ਹ ਲੈਣਾ ਹੈ ਤਾਂ ਅਬੋਹਰ ਤੇ ਫ਼ਾਜ਼ਿਲਕਾ ਦੇ ਇਲਾਕੇ, ਜੋ ਪੰਜਾਬੀ ਹਨ ਤੇ ਹਰਿਆਣੇ ਦੇ ਨਾਲ ਲਗਵੇਂ ਭੀ ਨਹੀਂ, ਸਗੋਂ ਕਈ ਮੀਲ ਦੂਰ ਹਨ, ਹਰਿਆਣੇ ਨੂੰ ਦਿੱਤੇ ਜਾਣ।

ਏਥੇ ਹੀ ਬਸ ਨਹੀਂ, ਪੰਜਾਬ ਦੇ ਦਰਿਆਵਾਂ ਰਾਵੀ ਤੇ ਬਿਆਸ ਦੇ ਪਾਣੀਆਂ ਦਾ ਵਧੇਰਾ ਹਿੱਸਾ ਵੀ ਹਰਿਆਣੇ ਤੇ ਰਾਜਸਥਾਨ ਨੂੰ ਦੇ ਕੇ ਇਸ ਪੱਖੋਂ ਭੀ ਪੰਜਾਬ ਦੇ ਕਾਸ਼ਤਕਾਰ ਦਾ ਲੱਕ ਤੋੜਨ ਦੇ ਬਾਨ੍ਹਣੂ ਬੰਨ੍ਹ ਲਏ ਗਏ ਹਨ। ਇਹੋ ਹਾਲ ਪੰਜਾਬ ਵਾਸਤੇ ਉਪਜਾਈ power (ਬਿਜਲੀ) ਦਾ ਹੈ। ਇਸ ਨੂੰ ਹੋਰ ਪੱਕੇ ਪੈਰਾਂ 'ਤੇ ਕਰਨ ਅਤੇ ਪੰਜਾਬ ਨੂੰ ਉੱਕਾ ਹੀ ਯਤੀਮ ਬਣਾ ਦੇਣ ਲਈ ਪੰਜਾਬ ਦੇ ਪਾਣੀਆਂ ਦੀ ਵੰਡ ਅਤੇ ਇਸ ਦਾ ਪ੍ਰਬੰਧ ਕੇਂਦਰ ਸਰਕਾਰ ਨੇ ਆਪਣੇ ਹੱਥ ਵਿਚ ਰੱਖ ਲਿਆ ਹੋਇਆ ਹੈ, ਜੈਸਾ ਕਿ ਦੇਸ਼ ਦੇ ਹੋਰ ਕਿਸੇ ਸੂਬੇ ਵਿਚ ਨਹੀਂ। Power ਤੇ Irrigation (ਬਿਜਲੀ ਤੇ ਸਿੰਚਾਈ) State subjects (ਸੂਬਿਆਂ ਦੇ ਅਧਿਕਾਰ ਦੇ ਮਸਲੇ) ਹਨ ਅਤੇ ਹਰ ਸੂਬੇ ਦੇ ਇਸ ਪ੍ਰਥਾਏ ਆਪਣੇ ਬੋਰਡ ਬਣੇ ਹੋਏ ਹਨ, ਪ੍ਰੰਤੂ ਪੰਜਾਬ ਹੀ ਇਕ ਅਜਿਹਾ ਸੂਬਾ ਹੈ ਜਿਸ ਦਾ ਬੋਰਡ ਕੇਂਦਰ ਦੇ ਅਧੀਨ ਹੈ। ਕੀ ਇਹ ਇਸ ਲਈ ਨਹੀਂ ਕਿ ਏਥੇ ਦਾ ਵਾਹੀ-ਕਾਰ ਵਧੇਰੇ ਕਰਕੇ ਸਿਖ ਹੈ ?

ਫਿਰ ਪੰਜਾਬ ਦਾ Cotton zone (ਕਪਾਹ-ਉਪਜਾਊ ਖਿੱਤਾ), ਜਿਸ ਵਿਚ ਅਬੋਹਰ ਤੇ ਫ਼ਾਜ਼ਿਲਕਾ ਦੇ ਇਲਾਕੇ ਦਾ ਵਿਸ਼ੇਸ਼ ਥਾਂ ਹੈ, ਟਨਾਂ ਮੂੰਹੀਂ ਕਪਾਹ ਪੈਦਾ ਕਰ ਕੇ ਅਹਿਮਦਾਬਾਦ (ਗੁਜਰਾਤ) ਦੀਆਂ ਕਾਟਨ ਮਿੱਲਾਂ ਚਲਾ ਰਿਹਾ ਹੈ—ਕੀ ਪੰਜਾਬ ਦੀ ਧਰਤੀ ਇਸ ਯੋਗ ਨਹੀਂ ਕਿ ਇਹ ਆਪਣਾ 'ਅਹਿਮਦਾਬਾਦ' ਕਾਇਮ ਕਰ ਲਵੇ ਅਤੇ ਪੰਜਾਬੀਆਂ ਨੂੰ ਵਧੇਰੇ ਰਜਵੀਂ ਰੋਟੀ ਦੇਣ ਦੇ ਸਮਰੱਥ ਹੋ ਸਕੇ ? ਪਰ ਇਸ ਦਾ ਬਹੁਤਾ ਲਾਭ ਕਿਸ ਨੂੰ ਹੋਵੇਗਾ ? ਪੰਜਾਬ ਦੇ ਮਿਹਨਤੀ ਸਿਖ ਨੂੰ, ਜੋ ਅਣ-ਭਾਉਂਦੀ ਗੱਲ ਹੈ। ਸੋ ਸਰਕਾਰ ਐਸਾ ਕਿਉਂ ਸੋਚੇਗੀ ?

ਇਹ ਅਤੇ ਐਸੀਆਂ ਕਈ ਹੋਰ ਗੱਲਾਂ, ਜੋ ਸਮੁੱਚੇ ਤੌਰ 'ਤੇ ਪੰਜਾਬੀਆਂ ਦੇ ਭਲੇ ਅਤੇ ਪੰਜਾਬ ਦੀ ਆਰਥਕ ਉੱਨਤੀ ਵਾਸਤੇ ਜ਼ਰੂਰੀ ਹਨ, ਤੋਂ ਛੁਟ ਕਈ ਅਜਿਹੀਆਂ ਗੱਲਾਂ ਭੀ ਹਨ ਜਿਨ੍ਹਾਂ ਦਾ ਕੇਵਲ ਸਿੱਖਾਂ ਨਾਲ ਸੰਬੰਧ ਹੈ ਅਤੇ ਜੋ ਉਨ੍ਹਾਂ ਦੀ ਧਰਮ ਦੀ ਵਰਿਧੀ ਲਈ ਜ਼ਰੂਰੀ ਹਨ, ਜਿਨ੍ਹਾਂ ਦੇ ਮੰਨੇ ਜਾਣ ਨਾਲ ਕਿਸੇ ਦੂਸਰੀ ਜਾਤੀ ਜਾਂ

ਸੰਪਰਦਾ ਨੂੰ ਕੋਈ ਨੁਕਸਾਨ ਵੀ ਨਹੀਂ ਪੁੱਜਦਾ, ਯਥਾ (ੳ) ਅੰਮ੍ਰਿਤਸਰ ਸ਼ਹਿਰ ਕਈ ਹਿੰਦੂ ਸ਼ਹਿਰਾਂ ਕੁਰਕਸ਼ੇਤਰ, ਹਰਿਦੁਆਰ, ਵਾਰਾਨਸੀ ਵਾਂਗ ਪਵਿੱਤਰ ਸ਼ਹਿਰ ਕਰਾਰ ਦਿੱਤਾ ਜਾਵੇ, (ਅ) ਦੇਸ਼ ਅੰਦਰ ਵਾਕਿਆ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਇਕ ਸਰਬ-ਹਿੰਦ ਗੁਰਦੁਆਰਾ ਕਾਨੂੰਨ ਬਣਾ ਦਿੱਤਾ ਜਾਵੇ ਤਾਂ ਕਿ ਸਿੱਖਾਂ ਦੇ ਸਾਰੇ ਧਰਮ ਅਸਥਾਨ ਇੱਕੋ ਧਾਰਮਿਕ ਮਰਯਾਦਾ ਅਧੀਨ ਲਿਆਏ ਜਾ ਸਕਣ, (ੲ) ਸਿੱਖਾਂ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਸ਼ਬਦ ਕੀਰਤਨ ਆਕਾਸ਼ਬਾਣੀ ਦੁਆਰਾ ਪ੍ਰਸਾਰਣ ਹਿੱਤ ਏਥੇ ਇਕ ਆਕਾਸ਼ਬਾਣੀ ਕੇਂਦਰ ਸਥਾਪਤ ਕੀਤਾ ਜਾਵੇ, ਜਿਸ 'ਤੇ ਹੋਣ ਵਾਲਾ ਸਾਰਾ ਖ਼ਰਚ ਸਿਖ ਅਦਾ ਕਰਨਗੇ ਅਤੇ ਜਿਸ ਦਾ ਕੰਟਰੋਲ ਕੇਂਦਰੀ ਆਕਾਸ਼ਬਾਣੀ ਪ੍ਰਬੰਧਕ ਬੋਰਡ ਦੇ ਹੱਥ ਹੋਵੇਗਾ। [ਕਈ ਦੂਸਰੇ ਦੇਸ਼ਾਂ, ਯਥਾ ਕੈਨੇਡਾ, ਅਮਰੀਕਾ ਵਿਚ ਬ੍ਰਾਡ-ਕਾਸਟਿੰਗ (ਪ੍ਰੋਗਰਾਮ ਪ੍ਰਸਾਰਣ) ਦਾ ਕੰਮ ਪ੍ਰਾਈਵੇਟ ਏਜੰਸੀਆਂ ਕਰਦੀਆਂ ਹਨ ਅਤੇ ਉਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਦਾ ਅਜਿਹੇ ਪ੍ਰਸਾਰਣ ਵਿਚ ਕੋਈ ਦਖ਼ਲ ਨਹੀਂ ਹੁੰਦਾ], (ਸ) ਸਿੱਖਾਂ ਨੂੰ ਹਿੰਦੂ ਕੌਮ ਦਾ ਇਕ ਫ਼ਿਰਕਾ ਕਹਿਣ ਦੀ ਬਜਾਏ ਉਨ੍ਹਾਂ ਦਾ ਇਕ ਵੱਖਰੀ ਕੌਮ ਹੋਣਾ ਭਾਰਤ ਦੇ ਵਿਧਾਨ ਅੰਦਰ ਦਰਜ ਕੀਤਾ ਜਾਵੇ, ਜਿਸ ਤਰ੍ਹਾਂ ਮੁਸਲਮਾਨ ਅਤੇ ਈਸਾਈ ਵੱਖਰੀਆਂ ਜਮਾਇਤਾਂ ਹਨ, (ਹ) ਕਿਰਪਾਨ ਪਹਿਨਣਾ ਸਿਖ ਦੇ ਪੰਜ ਕਰਾਰਾਂ ਵਿਚ ਸ਼ਾਮਲ ਹੈ, ਇਸ ਨੂੰ ਕਿਸੇ ਸੂਰਤ ਵਿਚ ਕਿਸੇ ਥਾਉਂ ਸਰੀਰ ਤੋਂ ਲਾਂਭੇ ਨਹੀਂ ਕੀਤਾ ਜਾ ਸਕਦਾ, ਨਾ ਇਸ ਦੀ ਲੰਬਾਈ ਨਿਸ਼ਚਿਤ ਹੋ ਸਕਦੀ ਹੈ।

ਅਜਿਹੀਆਂ ਧਾਰਮਿਕ ਮੰਗਾਂ ਅਤੇ ਉਪਰ ਦਰਜ ਸਮੁੱਚੇ ਪੰਜਾਬ ਦੀਆਂ ਸਾਂਝੀਆਂ ਮੰਗਾਂ ਤੋਂ ਇਲਾਵਾ ਸਿੱਖਾਂ ਦੀ ਇਕ ਬਹੁਤ ਥੋੜ੍ਹੀ ਗਿਣਤੀ ਵਾਲੀ ਜਮਾਤ ਹੋਣ ਕਰਕੇ ਇਹ ਵੀ ਮੰਗ ਸੀ ਕਿ ਉਨ੍ਹਾਂ ਨੂੰ ਘੱਟ-ਗਿਣਤੀ ਕੌਮ ਸਮਝਦੇ ਹੋਏ ਕੁਝ ਵਿਸ਼ੇਸ਼ ਰਿਆਇਤਾਂ, ਜੈਸਾ ਕਿ ਦੇਸ਼ ਆਜ਼ਾਦ ਹੋਣ ਤੋਂ ਪਹਿਲੋਂ ਪੰਡਤ ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ ਅਤੇ ਸਮੁੱਚੇ ਤੌਰ 'ਤੇ ਇੰਡੀਅਨ ਨੈਸ਼ਨਲ ਕਾਂਗਰਸ ਨੇ ਉਨ੍ਹਾਂ ਨੂੰ ਬਚਨ ਦਿੱਤੇ ਸਨ, ਦਿੱਤੀਆਂ ਜਾਣ ਅਤੇ ਉਨ੍ਹਾਂ ਲਈ ਦੇਸ਼ ਅੰਦਰ ਅਜਿਹਾ ਸਥਾਨ ਤੇ ਬੰਧਾਨ ਨੀਯਤ ਕਰ ਦਿੱਤੇ ਜਾਣ, ਜਿਥੇ ਉਹ ਭੀ ਆਜ਼ਾਦ ਭਾਰਤੀ ਸ਼ਹਿਰੀ ਹੋਣ ਦੀ ਆਭਾ ਮਾਣ ਸਕਣ।

ਇਨ੍ਹਾਂ ਮੰਗਾਂ ਨੂੰ ਇਕ ਸੰਪੂਰਨ ਰੂਪ ਦੇਣ ਹਿੱਤ ਸ਼੍ਰੋਮਣੀ ਅਕਾਲੀ ਦਲ ਨੇ 16 ਤੇ 17 ਅਕਤੂਬਰ 1973 ਨੂੰ ਇਕ ਮਤਾ ਪਾਸ ਕੀਤਾ, ਜੋ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦੇ ਵਿਸ਼ੇਸ਼ ਧਿਆਨ ਯੋਗ ਅੰਕ ਇਹ ਹਨ :

1. Shiromani Akali Dal strongly advocates that all key industries should be brought under the Public Sector.

2. Every Industrial unit beyond worth 'one crore' assets should be brought under Public Sector.

3. It is of the opinion that basic consumer industries should be immediately nationalized to stabilize the prices of the consumer goods and to save the poor consumer from exploitation at the hands of industrialists and the Middle Man.

(ੳ) ਸ਼੍ਰੋਮਣੀ ਅਕਾਲੀ ਦਲ ਦੀ ਇਹ ਠੋਸ ਰਾਇ ਹੈ ਕਿ ਵੱਡੇ ਵੱਡੇ ਸਾਰੇ ਕਾਰਖ਼ਾਨਿਆਂ ਦਾ ਤੁਰੰਤ ਕੌਮੀਕਰਨ ਕਰ ਦਿੱਤਾ ਜਾਵੇ।

(ਅ) ਇਕ ਕਰੋੜ ਤੋਂ ਉਪਰ ਦੀਆਂ ਤਮਾਮ ਫ਼ੈਕਟਰੀਆਂ ਵੀ ਨੈਸ਼ਨਲਾਈਜ਼ ਕੀਤੀਆਂ ਜਾਣ।

(ੲ) ਰੋਜ਼ਮਰਾ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਦੀਆਂ ਸਾਰੀਆਂ ਫ਼ੈਕਟਰੀਆਂ ਦਾ ਵੀ ਤੁਰੰਤ ਰਾਸ਼ਟਰੀਕਰਨ ਹੋਣਾ ਚਾਹੀਦਾ ਹੈ, ਜਿਸ ਤੋਂ ਬਿਨਾਂ ਨਾ ਤਾਂ ਕੀਮਤਾਂ 'ਤੇ ਹੀ ਕੰਟਰੋਲ ਹੋ ਸਕਦਾ ਹੈ ਅਤੇ ਨਾ ਹੀ ਜਨ-ਸਾਧਾਰਨ ਨੂੰ ਕਾਰਖ਼ਾਨੇਦਾਰਾਂ ਅਤੇ ਬਿਜ਼ਨੈਸਮੈਨਾਂ (middlemen) ਦੀ ਲੁੱਟ ਤੋਂ ਬਚਾਇਆ ਜਾ ਸਕਦਾ ਹੈ।

ਮਤੇ ਦਾ ਰਾਜਨੀਤਿਕ ਪੱਖ ਇਨ੍ਹਾਂ ਸ਼ਬਦਾਂ ਵਿਚ ਅੰਕਤ ਹੈ:

> "In this 'new Punjab' and in the other states the Centre's interference would be restricted to Defence, Foreign Relations, Currency and General Communications...all other Departments would be in the jurisdiction of Punjab (and other states), which would be fully entitled to frame their own Laws on the subjects for administration."

ਅਰਥਾਤ, "ਕੇਂਦਰ, ਡੀਫ਼ੈਂਸ, ਖ਼ਜ਼ਾਨਾ, ਬਦੇਸ਼ ਨੀਤੀ ਅਤੇ ਸੰਚਾਰ (ਰੇਲਵੇ, ਡਾਕ, ਟੈਲੀਫ਼ੋਨ) ਆਪਣੇ ਪਾਸ ਰੱਖੇਗਾ। ਇਨ੍ਹਾਂ ਤੋਂ ਛੁੱਟ ਬਾਕੀ ਸਾਰੇ ਮਹਿਕਮੇ ਪੰਜਾਬ ਤਥਾ ਦੂਜੇ ਸੂਬਿਆਂ ਦੇ ਆਪਣੇ ਆਪਣੇ ਅਧਿਕਾਰਾਂ ਵਿਚ ਹੋਣਗੇ ਅਤੇ ਇਨ੍ਹਾਂ ਸੰਬੰਧੀ ਰਾਜ ਪ੍ਰਬੰਧ ਚਲਾਉਣ ਲਈ ਉਹ ਆਪੋ ਆਪ ਕਾਨੂੰਨ ਬਣਾ ਸਕਣ ਦੇ ਅਧਿਕਾਰੀ ਹੋਣਗੇ।"

ਮਤੇ ਦਾ ਅਗਲਾ ਭਾਗ, ਜਿਸ ਨੂੰ 'Political goal' ਦਾ ਨਾਮ ਦਿੱਤਾ ਹੈ, ਇਉਂ ਹੈ:

"The Political goal of Panth, without doubt is enshrined

in the Commandments of Tenth Lord, in the pages of the Sikh history and in the very heart of the Khalsa Panth, the ultimate objective of which is the pre-eminence of the Khalsa.

"The fundamental policy of the Shiromani Akali Dal is to seek the realization of the birth right of the Khalsa through creation of Congenial environments and a political set up."

ਅਰਥਾਤ, "ਬਿਲਾ ਸ਼ੱਕ ਪੰਥ ਦਾ ਪੋਲੀਟੀਕਲ ਨਿਸ਼ਾਨਾ ਜੋ ਦਸਵੇਂ ਪਾਤਸ਼ਾਹ ਜੀ ਦੇ ਫ਼ੁਰਮਾਨਾਂ ਅੰਦਰ ਅੰਕਤ ਹੈ ਅਤੇ ਸਿੱਖਾਂ ਦੇ ਇਤਿਹਾਸ ਅਤੇ ਖ਼ਾਲਸਾ ਪੰਥ ਦੇ ਹਿਰਦੇ 'ਤੇ ਉਕਰਿਆ ਪਿਆ ਹੈ, ਉਹ ਹੈ, ਖ਼ਾਲਸਾ ਜੀ ਦੇ ਬੋਲ ਬਾਲੇ।

"ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਨੀਤੀ ਖ਼ਾਲਸੇ ਲਈ ਚੜ੍ਹਦੀ ਕਲਾ ਦਾ ਵਾਤਾਵਰਣ ਪੈਦਾ ਕਰਨਾ ਅਤੇ ਅਜਿਹਾ ਰਾਜਸੀ ਬੰਧਾਨ ਬੰਨ੍ਹਣਾ ਹੈ ਜੋ ਖ਼ਾਲਸੇ ਨੂੰ ਉਸਦੇ ਜਮਾਂਦਰੂ ਹੱਕ ਦੀ ਪ੍ਰਾਪਤੀ ਕਰਾਵੇ।"

ਮਤੇ ਦੇ ਉਕਤ ਭਾਗ ਵਿਚ ਖ਼ਾਲਸਾ ਜੀ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਸਿੱਖਾਂ ਦੀ ਨਿਤਾਪ੍ਰਤੀ ਦੋ ਵਕਤ ਕੀਤੀ ਜਾਂਦੀ ਅਰਦਾਸ ਦੇ ਭਾਗ ਹਨ ਅਤੇ ਉਕਤ ਮਤੇ ਦੇ ਅੰਤਲੇ ਸ਼ਬਦ *ਸਟੇਟਸਮੈਨ* (ਕਲਕੱਤਾ) ਦੇ 7-7-46 ਦੇ ਪਰਚੇ ਵਿਚ ਪੰਡਤ ਜਵਾਹਰ ਲਾਲ ਨਹਿਰੂ ਦੇ ਛਪੇ ਸ਼ਬਦਾਂ ਨਾਲ ਮੁਤਾਬਕਤ ਰੱਖਦੇ ਹਨ। ਪੰਡਤ ਜੀ ਦੇ ਸ਼ਬਦ, ਜਿਵੇਂ ਕਿ ਪਹਿਲੋਂ ਲਿਖਿਆ ਜਾ ਚੁੱਕਾ ਹੈ, ਇਸ ਤਰ੍ਹਾਂ ਹਨ:

> "I see nothing wrong in an area and a set up in the North, wherein the Sikhs can also experience the glow of freedom."

ਹੁਣ ਵੇਖਣਾ ਇਹ ਹੈ ਕਿ ਅਕਾਲੀ ਦਲ ਦੇ ਅਨੰਦਪੁਰ ਸਾਹਿਬ ਦੇ (ਉਪਰ ਦਰਜ), ਮਤੇ ਵਿਚ ਕਿਹੜੀ ਅਜਿਹੀ ਗੱਲ ਹੈ ਜੋ ਸਿੱਖਾਂ ਨੂੰ ਵੱਖਵਾਦੀ ਬਣਾਉਂਦੀ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਵਿਰੋਧ ਕਰਦੀ ਹੈ। ਅਕਾਲੀ ਦਲ ਦੀ ਤਾਂ ਮੰਗ ਇਹੋ ਹੀ ਹੈ ਕਿ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਦੇ ਹੋਏ ਸਿੱਖਾਂ ਨੂੰ ਵੀ ਦੇਸ਼ ਦਾ ਆਜ਼ਾਦ ਸ਼ਹਿਰੀ ਹੋਣ ਦੀ ਵਿਵਸਥਾ ਪ੍ਰਾਪਤ ਹੋਵੇ, ਜੋ ਗੱਲ ਨਹਿਰੂ ਜੀ ਵੀ ਕਹਿੰਦੇ ਹਨ, ਤਾਂ ਇਸ ਵਿਚ ਸਿੱਖਾਂ ਲਈ ਦੇਸ਼ ਦੇ ਖੰਡਤ ਕਰਨ ਅਥਵਾ ਨਿਵੇਕਲਾ ਦੇਸ਼ ਸਥਾਪਨ ਦੀ ਗੱਲ ਕਿਥੋਂ ਆ ਗਈ ? ਇਹ ਐਸਾ ਕਹਿਣ ਵਾਲਿਆਂ ਦੇ ਆਪਣੇ ਮਨਾਂ ਦੇ ਭਰਮ ਤੋਂ ਵੱਧ ਹੋਰ ਕੋਈ ਗੱਲ ਨਹੀਂ ਹੈ।

ਅਕਾਲੀ ਦਲ ਨੇ ਇਹ ਮਤਾ ਪਾਸ ਕਰ ਕੇ ਭਾਰਤ ਸਰਕਾਰ ਦਾ ਧਿਆਨ ਵਾਰ-ਵਾਰ ਇਸ ਵੱਲ ਦਿਵਾਇਆ ਅਤੇ ਇਸ ਤਰ੍ਹਾਂ ਨੌਂ-ਦਸ ਸਾਲ ਉਡੀਕ ਕੀਤੀ ਕਿ ਸਰਕਾਰ ਉਨ੍ਹਾਂ ਵੱਲ ਨਿਆਉਂ ਵਾਲੀ ਨੀਤੀ ਅਪਣਾਏ, ਪਰ ਬਜਾਏ ਇਸ ਦੇ ਕਿ ਸਰਕਾਰ ਹੱਥੋਂ ਸਿੱਖਾਂ ਨੂੰ ਇਨਸਾਫ਼ ਮਿਲਦਾ, ਸਰਕਾਰ ਨੇ ਆਪਣੇ ਗੁਪਤ ਸਾਧਨਾਂ ਦੁਆਰਾ ਸਿਖ ਧਰਮ ਅਤੇ ਖ਼ਾਲਸਾ ਪੰਥ ਨੂੰ ਹਰ ਪੱਖੋਂ ਨੀਚਾ ਵਿਖਾਉਣ ਦੀ ਨੀਤੀ ਅਪਣਾਈ। ਸਿੱਖਾਂ ਦੀ ਇਕੋ ਇਕ ਜਮਾਤ ਸ਼੍ਰੋਮਣੀ ਅਕਾਲੀ ਦਲ ਸੀ, ਜੋ ਕਾਂਗਰਸ ਅਤੇ ਕਾਂਗਰਸੀ ਹਕੂਮਤ ਦੇ ਵਿਰੋਧ ਵਿਚ ਕੁੱਝ ਹਿਲਦੀ ਜੁਲਦੀ ਸੀ। ਐਮਰਜੈਂਸੀ ਕਾਲ ਵਿਚ ਸਾਰੇ ਦੇਸ਼ ਅੰਦਰ ਇਕੋ ਇਕ ਸ਼੍ਰੋਮਣੀ ਅਕਾਲੀ ਦਲ ਹੀ ਸੀ ਜਿਸ ਨੇ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਲਾਇਆ ਤੇ ਸਾਰਾ ਸਮਾਂ ਜਾਰੀ ਰੱਖਿਆ ਸੀ। ਸਰਕਾਰ ਵੱਲੋਂ ਇਸ ਨੂੰ ਕਮਜ਼ੋਰ ਕਰਨ ਦਾ ਸਾਧਨ 'ਪਾੜੋ ਤੇ ਰਾਜ ਕਰੋ' ਦੀ ਨੀਤੀ ਵਿਚ ਵੇਖਿਆ ਗਿਆ। ਦਿੱਲੀ ਵਿਚ ਹੀ ਆਪਣੇ ਹੱਥ-ਠੋਕੇ (stooge) ਸੰਤੋਖ ਸਿੰਘ ਨੂੰ ਅੱਗੇ ਲਾ ਕੇ 'ਮਾਸਟਰ ਤਾਰਾ ਸਿੰਘ ਅਕਾਲੀ ਦਲ' ਖੜਾ ਕਰਵਾ ਦਿੱਤਾ (ਭਾਵੇਂ ਮਾਸਟਰ ਤਾਰਾ ਸਿੰਘ ਦੀ ਆਪਣੀ ਲੜਕੀ ਬੀਬੀ ਰਾਜਿੰਦਰ ਕੌਰ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇ ਰਹੀ ਸੀ ਅਤੇ ਦੇ ਰਹੀ ਹੈ)। ਇਸ ਦੇ ਨਾਲ ਹੀ ਹਰਿਆਣੇ ਅੰਦਰ ਵੱਸਦੇ ਸਿੱਖਾਂ ਦਾ 'ਹਰਿਆਣਾ ਅਕਾਲੀ ਦਲ' ਖੜਾ ਕਰਵਾਇਆ ਗਿਆ। ਪੰਜਾਬ ਅੰਦਰ ਹੀ ਇਕ ਦਾਨੇਵਾਲੀਆ ਦਲ ਅਤੇ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਦੇ ਵੀ ਦੋ ਹਿੱਸੇ (ਤਲਵੰਡੀ ਅਤੇ ਲੌਂਗੋਵਾਲ ਦਲ) ਬਣਵਾ ਕੇ ਸਮੁੱਚੀ ਪੰਥਕ ਤਾਕਤ ਨੂੰ ਖੇਰੂੰ-ਖੇਰੂੰ ਕੀਤਾ ਗਿਆ। ਏਥੇ ਹੀ ਬਸ ਨਹੀਂ ਕੀਤੀ। ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ 'ਦਲ ਖ਼ਾਲਸਾ' ਦੀ ਸਥਾਪਨਾ ਦਾ ਅਰੰਭ ਵੀ ਪੰਜਾਬ ਸਰਕਾਰ ਦੀ ਕਾਢ ਸੀ।

ਦਲ ਖ਼ਾਲਸਾ ਦਾ ਅਰੰਭ ਸੰਤ ਭਿੰਡਰਾਂਵਾਲੇ ਦੀ ਸਰਕਰਦਗੀ ਹੇਠ ਭਾਵੇਂ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਵਿਰੋਧਤਾ ਲਈ ਕਰਾਇਆ ਗਿਆ ਸੀ ਅਤੇ ਇਲੈਕਸ਼ਨਾਂ ਦੇ ਸਿਲਸਿਲੇ ਵਿਚ ਇਸ ਦਲ ਨੇ ਭਾਵੇਂ ਕਾਂਗਰਸ ਦੀ ਮਦਦ ਭੀ ਡੱਟ ਕੇ ਕੀਤੀ, ਪ੍ਰੰਤੂ ਸੰਤ ਭਿੰਡਰਾਂਵਾਲੇ ਨੂੰ ਥੋੜ੍ਹੇ ਸਮੇਂ ਅੰਦਰ ਹੀ ਸਰਕਾਰ ਦੀ ਇਸ ਘਿਣਾਉਣੀ ਨੀਤੀ ਦੀ ਸੂਝ ਹੋ ਗਈ ਸੀ। ਇਸ ਦੇ ਨਾਲ ਹੀ ਕਈ ਅਜਿਹੇ ਵਾਕਿਆਤ, ਯਥਾ ਚੰਦੋਕਲਾਂ ਅੰਦਰ ਗੁਰਮਤਿ ਸਾਹਿਤ ਤੇ ਗੁਰਬਾਣੀ ਦੇ ਗ੍ਰੰਥਾਂ ਦਾ ਫੂਕਿਆ ਜਾਣਾ, ਹੋ ਗਏ ਸਨ, ਜਿਸ ਕਰਕੇ ਭਿੰਡਰਾਂਵਾਲੇ ਨੂੰ ਸਰਕਾਰ ਦਾ ਸਾਥ ਛੱਡਣ ਲਈ ਮਜਬੂਰ ਹੋਣਾ ਪਿਆ। ਛੇਤੀ ਪਿੱਛੋਂ ਦਲ ਖ਼ਾਲਸਾ ਨੂੰ ਖ਼ਿਲਾਫ਼ੇ-ਕਾਨੂੰਨ ਜਮਾਤ ਕਰਾਰ ਦੇ ਦਿੱਤਾ ਤੇ ਇਸ ਦੇ ਵਰਕਰ ਫੜ ਲਏ ਗਏ। ਇਹੋ ਹਾਲ 'ਸਿਖ ਸਟੂਡੈਂਟਸ ਫ਼ੈਡਰੇਸ਼ਨ', ਜਿਸ ਦਾ ਪ੍ਰਧਾਨ ਭਾਈ ਅਮਰੀਕ ਸਿੰਘ ਸੀ, ਨਾਲ ਹੋਇਆ।

ਇਨ੍ਹਾਂ ਦੋਹਾਂ ਦੀ ਬੇਤਹਾਸ਼ਾ ਫੜੋ-ਫੜੀ ਅਤੇ ਕਈਆਂ ਦੇ ਫ਼ਰਜ਼ੀ ਪੁਲੀਸ ਮੁਕਾਬਲਿਆਂ ਅੰਦਰ ਮਾਰੇ ਜਾਣ ਨੇ ਸਰਕਾਰ-ਵਿਰੋਧੀ ਸਿਖ ਵਿਚਾਰਾਂ ਤੇ ਲਹਿਰ ਨੂੰ ਹੋਰ ਬਲ ਦਿੱਤਾ।

ਇਕ ਹੋਰ ਸਰਕਾਰੀ ਏਜੰਸੀ ਜੋ 'ਨਿਰੰਕਾਰੀ' ਨਾਮ ਹੇਠ ਬਹੁਤ ਪਹਿਲੇ ਤੋਂ ਸਿਖ ਧਰਮ ਨੂੰ ਖਲਤ-ਮਲਤ ਕਰਨ 'ਤੇ ਲਗਾਈ ਹੋਈ ਸੀ ਅਤੇ ਜੋ ਸਿਖ ਲਿਬਾਸ ਅੰਦਰ ਸਿਖ ਗੁਰਬਾਣੀ ਦੇ ਅਨ-ਅਰਥਾਂ ਦੇ ਪ੍ਰਚਾਰ ਦੁਆਰਾ ਭੋਲੇ-ਭਾਲੇ ਸਿੱਖਾਂ ਨੂੰ ਆਪਣੇ ਕਲਾਵੇ ਅੰਦਰ ਲੈ ਰਹੀ ਸੀ, ਨੇ ਭੀ ਇਸ ਸਮੇਂ ਅੰਦਰ ਹੀ ਤੇਜ਼ੀ ਫੜੀ, ਜਿਸ ਦਾ ਇਕ ਸਿੱਟਾ 1978 ਵਿਚ ਵਿਸਾਖੀ ਦੇ ਦਿਨ ਅੰਮ੍ਰਿਤਸਰ ਅੰਦਰ ਵਾਪਰੀ ਘਟਨਾ ਸੀ, ਜਿਸ ਵਿਚ ਭਿੰਡਰਾਂਵਾਲੇ ਜਥੇ ਦੇ ਦੋ ਸਿੰਘ ਅਤੇ ਅਖੰਡ ਕੀਰਤਨੀ ਜਥੇ ਦੇ ਗਿਆਰਾਂ ਸਿੰਘ ਮਾਰੇ ਗਏ।

ਇਸੇ ਅਪ੍ਰੈਲ 1978 ਦੇ ਅਖ਼ੀਰ ਹਫ਼ਤੇ ਚੰਡੀਗੜ੍ਹ ਤੋਂ ਪ੍ਰਕਾਸ਼ਤ ਹੁੰਦੇ ਰੋਜ਼ਾਨਾ *ਇੰਡੀਅਨ ਐਕਸਪ੍ਰੈਸ* ਵਿਚ ਫ਼ਿਰੋਜ਼ਪੁਰ ਨਿਵਾਸੀ ਇਕ ਹਿੰਦੂ ਮੁਖੀ ਸਤਪਾਲ ਬਾਗੀ ਵੱਲੋਂ ਨਿਰੰਕਾਰੀਆਂ ਸੰਬੰਧੀ ਹੇਠਾਂ ਦਿੱਤਾ ਨੋਟ ਪ੍ਰਕਾਸ਼ਤ ਹੋਇਆ ਸੀ :

> "The genesis of the real trouble between Nirankaris and Akalis goes back to the years, when Mrs. Indra Gandhi headed the union Govt. She wanted to weaken the Shiromani Akali Dal but found that Akalis could not be brought to heel. She thought of an elaborate plan to strengthen the Nirankari sect not only in Punjab but throughout the country and abroad also. Official patronage was extended to the Nirankaris much to the chagrin of Akalis, who have always considered the Nirankaris as heretics.
>
> "In pursuit of this policy of divide and rule Mrs. Gandhi personally gave clearance for a diplomatic passport to be issued to the Nirankari Chief and the Indian High Commissioners and Ambassadors abroad were instructed to show him respect and regard. This was meant to help the sect to improve its image and increase its following abroad.
>
> "During Mrs. Gandhi's regime, the Nirankaris were known

to be receiving financial help from secret Govt. funds not open to audit or scrutiny by Parliament.

"During the Emergency, the recalcitrant attitude of the Akalis further annoyed Mrs. Gandhi and Mr. Sanjay Gandhi. Efforts for building a parallel organization among the Sikhs of Punjab as counter-blast to the Akalis were intensified. At the instance of Mrs. Gandhi, the Congress regime in Punjab, led by Giani Zail Singh began giving greater official patronage to the Nirankaris' sect. Mr. H.S. Chhina, a staunch Nirankari was appointed Chief secretary to the Punjab Govt. in 1976.

"As a result of open official patronage and support this sect got a considerable boost within the administrative set up of the Punjab govt. Mr. Chhina appointed Mr. Niranjan Singh as D.C. of Gurdaspur. Mr. Niranjan Singh tried his best to enlarge the field of operation of the Nirankaris......"

ਅਰਥਾਤ, "ਨਿਰੰਕਾਰੀਆਂ ਨਾਲ ਅਕਾਲੀਆਂ ਦੇ ਵਿਰੋਧ ਦਾ ਅਰੰਭ ਉਨ੍ਹਾਂ ਸਾਲਾਂ ਵਿਚ ਹੁੰਦਾ ਹੈ ਜਦੋਂ ਭਾਰਤ ਦੀ ਹਕੂਮਤ ਦੀ ਵਾਗ-ਡੋਰ ਸ੍ਰੀਮਤੀ ਇੰਦਰਾ ਗਾਂਧੀ ਦੇ ਹੱਥ ਵਿਚ ਸੀ। ਉਹ ਅਕਾਲੀ ਦਲ ਨੂੰ ਬਲ-ਹੀਨ ਕਰਨਾ ਚਾਹੁੰਦੀ ਸੀ, ਪਰ ਉਹ ਉਸ ਦੇ ਕਾਬੂ ਨਹੀਂ ਆ ਰਹੇ ਸਨ। ਉਸ ਨੇ ਨਿਰੰਕਾਰੀਆਂ ਨੂੰ ਨਾ ਕੇਵਲ ਪੰਜਾਬ ਵਿਚ ਹੀ, ਸਗੋਂ ਸਾਰੇ ਭਾਰਤ ਵਿਚ ਅਤੇ ਬਦੇਸ਼ਾਂ ਅੰਦਰ ਭੀ ਸਮਰੱਥਾਵਾਨ ਬਣਾਉਣ ਦੀ ਵਿਸ਼ਾਲ ਵਿਉਂਤ (Plan) ਉਲੀਕੀ। ਸਰਕਾਰੀ ਤੌਰ 'ਤੇ ਨਿਰੰਕਾਰੀਆਂ ਦੀ ਪਿੱਠ ਪੂਰਨ ਦੀ ਸਕੀਮ ਘੜੀ, ਜਿਸ 'ਤੇ ਅਕਾਲੀ ਬਹੁਤ ਔਖੇ ਹਨ, ਕਿਉਂਕਿ ਅਕਾਲੀ ਉਨ੍ਹਾਂ ਨੂੰ ਸਿਖ-ਵਿਰੋਧੀ ਧੜਾ ਸਮਝਦੇ ਸਨ।

"ਇਸ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅਪਣਾਉਂਦੇ ਹੋਏ ਸ੍ਰੀਮਤੀ ਗਾਂਧੀ ਨੇ ਨਿਰੰਕਾਰੀ ਬਾਬੇ ਨੂੰ ਬਦੇਸ਼ਾਂ ਦੀ ਯਾਤਰਾ ਲਈ ਖੁੱਲ੍ਹ ਖੇਡ ਰਾਹਦਾਰੀ (Passport) ਦਿਵਾਈ ਅਤੇ ਬਦੇਸ਼ ਭੇਜੇ ਭਾਰਤੀ ਸਫ਼ੀਰਾਂ ਤੇ ਹਾਈ ਕਮਿਸ਼ਨਰਾਂ ਨੂੰ ਉਨ੍ਹਾਂ ਦੇ ਸੰਬੰਧਤ ਦੇਸ਼ਾਂ ਵਿਚ ਉਸ ਨੂੰ ਪੂਰਾ ਮਾਣ ਸਤਿਕਾਰ ਦਿਵਾਏ ਜਾਣ ਦੀਆਂ ਹਿਦਾਇਤਾਂ ਜਾਰੀ ਕਰਾ ਦਿੱਤੀਆਂ। ਇਹ ਸਾਰਾ ਕੁੱਝ ਬਦੇਸ਼ਾਂ ਅੰਦਰ ਉਸ ਦੀ ਸੇਵਕੀ ਵਧਾਉਣ ਲਈ ਸੀ।

"ਸ੍ਰੀਮਤੀ ਗਾਂਧੀ ਦੇ ਰਾਜ-ਕਾਲ ਅੰਦਰ ਸਰਕਾਰ ਦੇ ਗੁਪਤ ਫ਼ੰਡਾਂ, ਜਿਨ੍ਹਾਂ ਬਾਰੇ ਪੁੱਛ-ਪੜਤਾਲ ਦਾ ਹੱਕ ਲੋਕ ਸਭਾ ਨੂੰ ਵੀ ਨਹੀਂ ਹੁੰਦਾ, ਵਿਚੋਂ ਮਾਇਕ ਸਹਾਇਤਾ ਨਿਰੰਕਾਰੀਆਂ ਨੂੰ ਦਿੱਤੀ ਜਾਂਦੀ ਰਹੀ।

"ਦੇਸ਼ ਅੰਦਰ ਐਮਰਜੈਂਸੀ ਲੱਗੇ ਹੋਣ ਦੇ ਸਮੇਂ ਅਕਾਲੀਆਂ ਵੱਲੋਂ ਸਰਕਾਰ ਵਿਰੋਧੀ ਮੋਰਚਾ ਲਗਾਏ ਰੱਖਣ ਨੇ ਸ੍ਰੀਮਤੀ ਇੰਦਰਾ ਗਾਂਧੀ ਤੇ ਸ੍ਰੀ ਸੰਜੇ ਗਾਂਧੀ ਨੂੰ ਹੋਰ ਚਿੜ ਦਿੱਤੀ। ਪੰਜਾਬ ਦੇ ਸਿੱਖਾਂ ਅੰਦਰ ਹੀ ਅਕਾਲੀਆਂ ਦੇ ਵਿਰੋਧ ਲਈ ਉਨ੍ਹਾਂ ਦੇ ਬਰਾਬਰ ਦੇ ਧੜੇ ਖੜੇ ਕਰਨ ਦੇ ਜਤਨਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ। ਸ੍ਰੀਮਤੀ ਗਾਂਧੀ ਵੱਲੋਂ ਪੰਜਾਬ ਦੀ ਕਾਂਗਰਸ ਸਰਕਾਰ, ਜਿਸ ਦਾ ਮੁਖੀ (ਚੀਫ਼ ਮਨਿਸਟਰ) ਗਿਆਨੀ ਜ਼ੈਲ ਸਿੰਘ ਸੀ, ਨੂੰ ਨਿਰੰਕਾਰੀ ਟੋਲੇ ਦੀ ਵਧੇਰੇ ਪਿੱਠ ਪੂਰਨ ਲਈ ਕਿਹਾ ਗਿਆ। ਸ੍ਰੀ ਐਚ.ਐਸ. ਛੀਨਾ ਆਈ.ਏ.ਐਸ., ਜੋ ਇਕ ਕੱਟੜ ਨਿਰੰਕਾਰੀ ਸੀ, ਨੂੰ ਪੰਜਾਬ ਦਾ ਚੀਫ਼ ਸੈਕ੍ਰੇਟਰੀ 1976 ਵਿਚ ਨਿਯੁਕਤਿਆ ਗਿਆ।

"ਇਸ ਗੱਲ ਨੇ ਪੰਜਾਬ ਦੇ ਪ੍ਰਬੰਧਕੀ ਢਾਂਚੇ ਵਿਚ ਨਿਰੰਕਾਰੀਆਂ ਨੂੰ ਚੋਖੀ ਹੱਲਾ-ਸ਼ੇਰੀ ਦਿੱਤੀ। ਸ੍ਰੀ ਛੀਨਾ ਨੇ ਇਕ ਸ੍ਰੀ ਨਿਰੰਜਨ ਸਿੰਘ ਨੂੰ ਗੁਰਦਾਸਪੁਰ ਦਾ ਡੀ.ਸੀ. ਲਗਾ ਦਿੱਤਾ, ਜਿਸ ਨੇ ਨਿਰੰਕਾਰੀਆਂ ਦੇ (ਸਿਖ-ਵਿਰੋਧੀ) ਕੰਮਾਂ-ਕਾਰਾਂ ਵਿਚ ਉਨ੍ਹਾਂ ਦਾ ਖ਼ਾਸੀ ਮਦਦ ਕੀਤੀ।"

ਪੰਜਾਬ ਸਰਕਾਰ ਦੀ ਇਸ ਨੀਤੀ ਦਾ ਹੀ ਸਿੱਟਾ ਸੀ ਕਿ 1978 ਵਿਸਾਖੀ ਦੇ ਦਿਨ 13 ਸਿੱਖਾਂ ਦਾ ਖ਼ੂਨ ਨਿਰੰਕਾਰੀਆਂ ਹੱਥੋਂ ਹੋਇਆ। ਸਿੱਖਾਂ ਦੇ ਇਨ੍ਹਾਂ ਕਾਤਲਾਂ ਵਿਰੁੱਧ ਮੁਕੱਦਮਾ ਵੀ ਪੰਜਾਬ ਦੀ ਬਜਾਏ ਹਰਿਆਣੇ ਵਿਚ, ਕਰਨਾਲ ਦੇ ਇਕ ਹਿੰਦੂ ਜੱਜ ਨੂੰ ਸੌਂਪਿਆ ਗਿਆ, ਜਿਸ ਨੇ ਸਾਰੇ ਕਤਲ-ਦੋਸ਼ੀ ਬਰੀ ਕਰ ਦਿੱਤੇ। ਜਿਸ ਫ਼ੈਸਲੇ ਦੀ ਨਜ਼ਰਸਾਨੀ ਜਾਂ ਅਪੀਲ ਦੀ ਸਰਕਾਰ ਨੇ ਲੋੜ ਨਹੀਂ ਸਮਝੀ, ਕਿਉਂਕਿ ਕਤਲ ਦੇ ਦੋਸ਼ੀ ਨਿਰੰਕਾਰੀ ਬਾਬਾ ਅਤੇ ਉਸ ਦੇ ਸਾਥੀ ਸਨ। ਇਉਂ 13 ਮਨੁੱਖਾਂ ਦੇ ਦਿਨ-ਦੀਵੀਂ ਹੋਏ ਕਤਲ 'ਤੇ ਸੁਆਹ ਪਾ ਦਿੱਤੀ ਗਈ। ਇਹ ਗੱਲ ਧਿਆਨ ਯੋਗ ਹੈ ਕਿ ਉਸ ਕਤਲ ਤੋਂ ਪਿੱਛੋਂ ਨਿਰੰਕਾਰੀ ਬਾਬੇ ਤੇ ਉਸ ਦੇ ਸਾਥੀ ਕਾਤਲਾਂ ਨੂੰ ਅਮਨ-ਅਮਾਨ ਅੰਮ੍ਰਿਤਸਰ ਤੋਂ ਦਿੱਲੀ ਪਹੁੰਚਾਣ ਵਾਲੇ ਵੀ ਸਰਕਾਰੀ ਕਰਮਚਾਰੀ ਹੀ ਸਨ।

ਇਹ ਸਾਰਾ ਕੁੱਝ ਸਿੱਖਾਂ, ਖ਼ਾਸ ਕਰ ਸ਼੍ਰੋਮਣੀ ਅਕਾਲੀ ਦਲ ਨੂੰ ਨੀਚਾ ਦਿਖਾਉਣ ਲਈ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸਰਕਾਰ ਨੇ ਪੰਜਾਬੀਆਂ ਦੇ ਵਿਰੋਧ ਵਿਚ ਹੋਰ ਵੀ ਕਈ ਕਦਮ ਪੁੱਟੇ। ਪ੍ਰਧਾਨ ਮੰਤਰੀ ਨੇ ਆਪਣੇ ਇਕ ਫ਼ੈਸਲੇ ਦੁਆਰਾ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ 'ਤੇ ਇਹ ਨਵੀਂ ਸ਼ਰਤ ਲਾਗੂ ਕਰ ਦਿੱਤੀ ਕਿ ਐਸਾ ਤਾਂ ਹੀ ਹੋ ਸਕੇਗਾ ਜੇ ਪੰਜਾਬ ਆਪਣੇ ਇਲਾਕੇ ਅਬੋਹਰ ਤੇ ਫ਼ਾਜ਼ਿਲਕਾ ਹਰਿਆਣੇ ਨੂੰ ਦੇਵੇ, ਭਾਵੇਂ ਇਹ ਹਰਿਆਣੇ ਨਾਲ ਜੁੜਵੇਂ (Contiguous) ਇਲਾਕੇ

ਨਹੀਂ ਵੀ ਸਨ। ਇਸ ਦੇ ਨਾਲ ਹੀ ਪੰਜਾਬ ਦੇ ਦਰਿਆਵਾਂ—ਰਾਵੀ ਬਿਆਸ ਦੇ ਪਾਣੀ ਨੂੰ ਹਰਿਆਣਾ ਦੀ ਧਰਤੀ ਦੀ ਸਿੰਚਾਈ ਵਾਸਤੇ ਲੈ ਜਾਣ ਲਈ ਲਿੰਕ ਨਹਿਰ ਖੁਦਵਾਉਣ ਤੇ ਪੱਕੇ ਕਰਨ ਦਾ ਕੰਮ ਅਰੰਭ ਦਿੱਤਾ। ਇਸ 'ਤੇ ਪੰਜਾਬ ਦੇ ਕਿਸਾਨ ਨੂੰ ਆਪਣੀ ਰੋਟੀ ਜਾਂਦੀ ਵੇਖ ਮਜਬੂਰ ਹੋਣਾ ਪਿਆ ਕਿ ਉਹ ਆਪਣੇ ਹੱਕਾਂ ਦੀ ਰਾਖੀ ਕਰੇ, ਜੋ ਨਵੇਂ ਮੋਰਚੇ ਦੇ ਅਰੰਭ ਦਾ ਫ਼ੌਰੀ ਕਾਰਨ ਬਣ ਗਿਆ। ਸੋ ਪਿੱਛੇ ਕੀਤੀਆਂ ਗਈਆਂ ਮੰਗਾਂ ਅਤੇ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਨੂੰ ਆਪਣਾ ਟੀਚਾ ਮਿਥ ਕੇ ਇਨ੍ਹਾਂ ਨੂੰ 'ਧਰਮ ਯੁੱਧ' ਦਾ ਐਲਾਨ ਕਰਨਾ ਪਿਆ, ਜੋ 4 ਅਗਸਤ ਸੰਨ 1982 ਤੋਂ ਬਾਕਾਇਦਾ ਅੰਦੋਲਨ ਦੇ ਰੂਪ ਵਿਚ ਸ਼ੁਰੂ ਹੋ ਗਿਆ।

ਇਸ ਦੌਰਾਨ ਕਈ ਹਿੰਸਕ ਘਟਨਾਵਾਂ ਪੰਜਾਬ ਅੰਦਰ ਵਾਪਰੀਆਂ, ਜਿਨ੍ਹਾਂ ਅੰਦਰ ਕਈ ਹਿੰਦੂ ਤੇ ਸਿਖ ਮਾਰੇ ਗਏ। ਅਤੇ ਭਾਵੇਂ ਇਨ੍ਹਾਂ ਪਿੱਛੇ ਆਪੋ ਆਪ ਕੋਈ ਭੀ ਕਾਰਨ ਸੀ ਅਤੇ ਇਨ੍ਹਾਂ ਘਟਨਾਵਾਂ ਲਈ ਕੋਈ ਭੀ ਜ਼ਿੰਮੇਵਾਰ ਸੀ, ਸਰਕਾਰ ਨੇ ਇਨ੍ਹਾਂ ਸਭ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨਾ ਚਾਹਿਆ, ਤਾਂ ਕਿ ਅਕਾਲੀ ਦਲ ਦੇ ਅੰਦੋਲਨ ਨੂੰ ਕਮਜ਼ੋਰ ਕੀਤਾ ਤੇ ਬਦਨਾਮਿਆ ਜਾਵੇ। ਇਸੇ ਸਿਲਸਿਲੇ ਵਿਚ ਸਿਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੁਖੀ ਭਾਈ ਅਮਰੀਕ ਸਿੰਘ (ਜੋ ਸੰਤ ਭਿੰਡਰਾਂਵਾਲੇ ਦਾ ਵਿਸ਼ੇਸ਼ ਸਮਰਥਕ ਵੀ ਸੀ) ਅਤੇ ਬਹੁਤ ਸਾਰੇ ਹੋਰ ਮੈਂਬਰਾਂ ਨੂੰ ਫੜ ਲਿਆ ਗਿਆ ਅਤੇ ਤਫ਼ਤੀਸ਼ ਦੇ ਬਹਾਨੇ ਇਨ੍ਹਾਂ ਉਪਰ ਪੁਲੀਸ ਵੱਲੋਂ ਅਸਹਿ ਅੱਤਿਆਚਾਰ ਕੀਤੇ ਜਾਣ ਲੱਗੇ ਅਤੇ ਕਈ ਹੋਰ ਕੇਸ ਇਨ੍ਹਾਂ 'ਤੇ ਪਾ ਕੇ ਇਨ੍ਹਾਂ ਉਪਰ ਭਾਂਤ-ਭਾਂਤ ਦੇ ਮੁਕੱਦਮੇ ਦਾਇਰ ਹੋ ਗਏ। ਦੂਜੇ ਬੰਨੇ ਸੰਤ ਭਿੰਡਰਾਂਵਾਲੇ ਵੱਲੋਂ ਭਾਈ ਅਮਰੀਕ ਸਿੰਘ ਆਦਿ ਦੀ ਰਿਹਾਈ ਲਈ ਅੰਦੋਲਨ ਦਾ ਪ੍ਰੋਗਰਾਮ ਉਲੀਕਿਆ ਗਿਆ, ਜੋ ਜੁਲਾਈ 1982 ਨੂੰ ਰੋਜ਼ਾਨਾ ਗ੍ਰਿਫ਼ਤਾਰੀਆਂ ਦੇਣ ਨਾਲ ਅਰੰਭ ਹੋਇਆ ਅਤੇ 4 ਅਗਸਤ 1982 ਦੇ 'ਧਰਮ ਯੁੱਧ' ਮੋਰਚੇ ਦੇ ਐਲਾਨ ਉਪ੍ਰੰਤ ਭਿੰਡਰਾਂਵਾਲੇ ਦੇ ਅਰੰਭ ਕੀਤੇ ਮੋਰਚੇ ਨੂੰ 'ਧਰਮ ਯੁੱਧ' ਦੇ ਅੰਦੋਲਨ ਵਿਚ ਸ਼ਾਮਲ ਕਰ ਕੇ ਭਾਈ ਅਮਰੀਕ ਸਿੰਘ ਆਦਿ ਦੀ ਰਿਹਾਈ ਦੀ ਮੰਗ ਵੀ 'ਧਰਮ ਯੁੱਧ' ਅੰਦੋਲਨ ਦੀਆਂ ਮੰਗਾਂ ਵਿਚ ਸ਼ਾਮਲ ਕਰ ਲਈ ਗਈ।

ਇਥੇ ਇਹ ਦੱਸਣਾ ਵੀ ਕੁਥਾਵੇਂ ਨਹੀਂ ਹੋਵੇਗਾ ਕਿ ਕਈ ਮਹੀਨਿਆਂ ਦੀ ਮੁਕੱਦਮਿਆਂ ਦੀ ਧਰੂਹ-ਘਸੀਟ ਪਿੱਛੋਂ ਅਦਾਲਤ ਨੇ ਭਾਈ ਅਮਰੀਕ ਸਿੰਘ ਤੇ ਉਸਦੇ ਸਾਥੀ ਬਾਬਾ ਥਾਰਾ ਸਿੰਘ ਨੂੰ ਨਿਰਦੋਸ਼ ਕਰਾਰ ਦੇਂਦੇ ਹੋਏ ਰਿਹਾਅ ਕਰ ਦਿੱਤਾ। ਇਉਂ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਜਿਨ੍ਹਾਂ ਨੂੰ ਚੌਕ ਮਹਿਤੇ ਦੇ ਦੀਵਾਨ ਵਿਚੋਂ ਐਡੀਟਰ ਜਗਤ ਨਾਰਾਇਣ ਦੇ ਕਤਲ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ, ਵੀ ਕੁਝ ਸਮੇਂ ਉਪ੍ਰੰਤ ਨਿਰਦੋਸ਼ ਸਮਝਿਆ ਜਾ ਕੇ ਰਿਹਾਅ ਕੀਤਾ ਗਿਆ ਸੀ। ਇਨ੍ਹਾਂ ਦੋਹਾਂ ਰਿਹਾਈਆਂ ਦਾ ਏਥੇ ਨਿਰਣਾ ਦੇਣ ਦਾ ਭਾਵ ਏਨਾ ਹੀ ਹੈ ਕਿ ਇਹ ਦੋਵੇਂ

ਸੱਜਣ, ਜਿਨ੍ਹਾਂ ਨੂੰ ਅਤਿਵਾਦੀਆਂ ਦੇ ਮੁਖੀ ਸਮਝ ਕੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦਾ 5-6 ਜੂਨ ਦਾ ਖ਼ੂਨੀ ਕਾਂਡ ਵਰਤਾਇਆ ਗਿਆ ਹੈ, ਸਰਕਾਰੀ ਅਦਾਲਤਾਂ ਵੱਲੋਂ ਨਿਰਦੋਸ਼ ਨਿਰੂਪੇ ਜਾ ਚੁੱਕੇ ਹੋਏ ਸਨ।

ਹੁਣ ਲਓ ਇਨ੍ਹਾਂ ਦੇ ਸਿਰ ਲਗਾਏ ਇਸ ਦੋਸ਼ ਦੀ ਪੜਚੋਲ ਕਿ ਇਨ੍ਹਾਂ ਨੇ ਆਪਣੇ ਆਦਮੀਆਂ ਰਾਹੀਂ ਕਈ ਥਾਈਂ ਬੇਦੋਸ਼ੇ ਹਿੰਦੂਆਂ ਦਾ ਕਤਲ ਕਰਾਇਆ। ਇਸ ਦੋਸ਼ ਨੂੰ ਬਿਨਾਂ ਇਸ ਦੀ ਜੁਡੀਸ਼ਲ ਜਾਂਚ ਦੇ (ਜਿਸ ਦੇ ਲਈ 'ਧਰਮ ਯੁੱਧ' ਦੇ ਡਿਕਟੇਟਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨੇ ਕਈ ਵਾਰ ਸਰਕਾਰ ਨੂੰ ਚੈਲੰਜ ਵੀ ਕੀਤਾ ਹੈ, ਪ੍ਰੰਤੂ ਜਿਸ ਦੀ ਜੁਡੀਸ਼ਲ ਪੜਤਾਲ ਕਰਾਉਣ ਤੋਂ ਸਰਕਾਰ ਹੁਣ ਤਕ ਆਕੀ ਰਹੀ ਹੈ) ਸੰਤ ਭਿੰਡਰਾਂਵਾਲੇ ਆਦਿ ਸਿਰ ਮੜ੍ਹਨਾ ਨਿਆਇਸ਼ੀਲ ਨਹੀਂ ਹੈ। ਜੇ ਸਰਕਾਰ ਸੱਚਮੁੱਚ ਹੀ ਇਨ੍ਹਾਂ ਨੂੰ ਹਿੰਦੂਆਂ ਦੇ ਕਤਲ ਦਾ ਦੋਸ਼ੀ ਸਮਝਦੀ ਸੀ ਤਾਂ ਇਸ ਦੀ ਜੁਡੀਸ਼ਲ ਪੜਤਾਲ ਕਰਾਏ ਜਾਣ ਤੋਂ ਸਰਕਾਰ ਨੂੰ ਕਿਉਂ ਸੰਕੋਚ ਰਿਹਾ ? ਇਹ ਗੱਲ ਆਪਣੇ ਆਪ ਵਿਚ ਸਿੱਧ ਕਰਦੀ ਹੈ ਕਿ ਸਰਕਾਰ ਇਨ੍ਹਾਂ ਦੇ ਦੋਸ਼ੀ ਹੋਣ ਬਾਰੇ ਸਪੱਸ਼ਟ ਨਹੀਂ ਸੀ ਅਤੇ ਪਹਿਲੋਂ ਅਦਾਲਤਾਂ ਵੱਲੋਂ ਉਨ੍ਹਾਂ ਨੂੰ ਨਿਰਦੋਸ਼ ਜਾਣ ਕੇ ਰਿਹਾਅ ਕੀਤੇ ਹੋਣ ਦਾ ਸ਼ੰਕਾ ਸਰਕਾਰ ਨੂੰ ਇਨ੍ਹਾਂ ਬਾਰੇ ਜੁਡੀਸ਼ਲ ਪੜਤਾਲ ਕਰਾਉਣ ਤੋਂ ਰੋਕਦਾ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਹਿੰਦੂਆਂ ਦੇ ਕਤਲ ਦੇ ਉਹ ਜ਼ਿੰਮੇਵਾਰ ਨਹੀਂ ਤਾਂ ਉਨ੍ਹਾਂ ਨੂੰ ਕਿਸ ਨੇ ਮਾਰਿਆ ? ਪਹਿਲੀ ਗੱਲ ਤਾਂ ਇਹ ਹੈ ਕਿ ਪਾਲਿਟਿਕਸ ਵਿਚ ਧਰਮ ਨਿਆਂ ਦੀ, ਕੋਈ ਥਾਂ ਨਹੀਂ ਹੁੰਦੀ ਅਤੇ ਜੇ ਇਸ ਦੇ ਲਈ ਦਸ ਵੀਹ ਤੀਹ ਬੰਦੇ ਅਜਾਈਂ ਮੌਤੇ ਮਾਰ ਕੇ ਵੀ ਪਾਰਟੀ ਪਾਲਿਟਿਕਸ ਵਿਚ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ ਤਾਂ ਐਸਾ ਕਰ ਲੈਣ ਵਿਚ ਕੋਈ ਹਰਜ ਨਹੀਂ ਸਮਝਿਆ ਜਾਂਦਾ। ਇਸ ਦੀਆਂ ਮਿਸਾਲਾਂ ਸੰਸਾਰ ਅੰਦਰ ਬੇਅੰਤ ਮਿਲਦੀਆਂ ਹਨ, ਪਰ ਦੂਰ ਨਾ ਜਾਈਏ, ਪੰਜਾਬ ਦੇ ਸਾਬਕਾ ਮੁਖ ਮੰਤਰੀ ਸ: ਪ੍ਰਤਾਪ ਸਿੰਘ ਕੈਰੋਂ ਨੂੰ ਹੀ ਲੈ ਲਵੋ, ਕੀ ਉਸਦਾ ਕਤਲ ਪੁਲੀਟੀਕਲ ਨਹੀਂ ਸੀ ? ਕੀ ਪ੍ਰਧਾਨ ਮੰਤਰੀ ਸ਼ਾਸਤਰੀ ਦੀ ਮੌਤ ਪੁਲੀਟੀਕਲ ਨਹੀਂ ਸੀ ? ਕੀ ਕੈਪਟਨ ਨਾਗਰਵਾਲ ਦੀ ਮੌਤ ਪੁਲੀਟੀਕਲ ਨਹੀਂ ਸੀ ? ਪਰ ਛੱਡੋ ਇਹ ਗੱਲਾਂ।

ਸਾਡੀ ਕਾਂਗਰਸ (ਆਈ) ਸਰਕਾਰ ਦੀ ਮੁਖ ਨੇਤਾ ਪੰਜਾਬ ਅੰਦਰ ਆਪਣੀ ਪਾਰਟੀ ਦੀ ਜਿੱਤ ਹਿੰਦੂਆਂ ਨੂੰ ਸਿੱਖਾਂ ਨਾਲੋਂ ਪਾੜਨ ਅਤੇ ਆਪਣੇ ਆਪ ਨੂੰ ਹਿੰਦੂਆਂ ਦੀ ਹਿਤੈਸ਼ੀ ਸਾਬਤ ਕਰਨ ਵਿਚ ਵੇਖਦੀ ਸੀ ਅਤੇ ਐਸਾ ਕਰਨ ਵਿਚ ਜੇ ਦਸ ਵੀਹ ਹਿੰਦੂਆਂ ਦੀ ਮੌਤ ਹੋ ਜਾਏ ਅਤੇ ਉਸ ਨੂੰ ਸਿੱਖਾਂ ਦੇ ਨਾਮ ਮੜ੍ਹ ਦਿੱਤਾ ਜਾਏ (ਜੋ ਭੜਕੇ ਹੋਏ ਹਾਲਾਤ ਵਿਚ ਐਨ ਸੰਭਵ ਸੀ) ਤਾਂ ਇਸ ਤੋਂ ਸਸਤਾ ਸੌਦਾ ਹੋਰ ਕੀ ਹੋ ਸਕਦਾ ਸੀ ? ਸੋ ਸਿਖ ਰੂਪ ਵਿਚ ਪੰਜ ਦਸ ਬਦਮਾਸ਼ਾਂ ਹੱਥੋਂ ਹਿੰਦੂਆਂ ਦਾ ਹੋਰ

ਹਮ-ਸਫ਼ਰ ਮੁਸਾਫ਼ਰਾਂ ਤੋਂ ਅੱਡਰਾ ਕਰ ਕੇ ਮਰਵਾ ਦੇਣਾ ਕੋਈ ਮੁਸ਼ਕਲ ਜਾਂ ਅਸਚਰਜ ਗੱਲ ਨਹੀਂ ਸੀ, ਨਾਮ ਤਾਂ ਸਿਖ ਅਤਿਵਾਦੀਆਂ ਦਾ ਹੀ ਹੋਣਾ ਸੀ, ਜਿਨ੍ਹਾਂ ਨੂੰ ਭਿੰਡਰਾਂਵਾਲੇ ਦੇ ਨਾਮ ਨਾਲ ਜੋੜਨਾ ਅਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਜਿਨ੍ਹਾਂ ਦਾ ਛੁਪ ਜਾਣਾ ਸਿੱਧ ਕਰਨਾ ਕੋਈ ਔਖਾ ਕੰਮ ਨਹੀਂ ਸੀ, ਐਸਾ ਕਰ ਕੇ ਆਪਣੇ ਆਪ ਨੂੰ ਹਿੰਦੂਆਂ ਦਾ ਹਮਦਰਦ ਅਤੇ ਸਿੱਖਾਂ ਨੂੰ ਉਨ੍ਹਾਂ ਦਾ ਦੁਸ਼ਮਣ ਸਿੱਧ ਕਰਨਾ ਇਕ ਪੱਥਰ ਨਾਲ ਦੋ ਜਨੌਰ ਮਾਰਨ ਵਾਲੀ ਗੱਲ ਸੀ।

ਉਕਤ ਹਿੰਦੂ ਕਤਲਾਂ ਦੇ ਦੌਰਾਨ ਇਹ ਗੱਲ ਵੀ ਸਪੱਸ਼ਟ ਹੋਈ ਦੱਸੀ ਜਾਂਦੀ ਹੈ ਕਿ ਕਈ ਕਾਤਲ ਨਿਹੰਗਾਂ ਦੇ ਪਹਿਰਾਵੇ ਵਿਚ ਪਾਕਿਸਤਾਨੀ ਮੁਸਲਮਾਨ ਸਨ, ਜਿਨ੍ਹਾਂ ਦਾ ਮੰਤਵ ਵੀ ਹਿੰਦੂ ਸਿੱਖਾਂ ਵਿਚ ਨਫ਼ਰਤ ਫੈਲਾਉਣਾ ਅਤੇ ਉਨ੍ਹਾਂ ਨੂੰ ਪਾੜ ਕੇ ਦੇਸ਼ ਨੂੰ ਕਮਜ਼ੋਰ ਕਰਨਾ ਸੀ, ਜੋ ਕਿ ਗ਼ੈਰ-ਦੇਸ਼ਾਂ ਦੀ ਨੀਤੀ ਆਮ ਤੌਰ 'ਤੇ ਹੀ ਹੋਇਆ ਕਰਦੀ ਹੈ।

ਮਿਤੀ 11-11-83 ਦੇ *ਟ੍ਰਿਬਿਊਨ* ਅਖ਼ਬਾਰ ਵਿਚ ਛਪੀ ਰੀਪੋਰਟ 'Discovery bf Turbans' ਤੋਂ ਡਾ: ਲਾਲਵਾਨੀ ਤੇ ਐਸ. ਆਇੰਗਰ ਇਸ ਗੱਲ ਨੂੰ ਮੰਨ ਲੈਣਾ ਯੋਗ ਸਮਝਦੇ ਹਨ ਕਿ ਬੱਸ ਵਿਚੋਂ ਕੱਢ ਕੇ ਮਾਰੇ ਗਏ ਹਿੰਦੂ ਮੁਸਾਫ਼ਰਾਂ ਨੂੰ ਮਾਰਨ ਵਾਲੇ ਸਿਖ ਨਹੀਂ ਸਨ, ਬਲਕਿ ਇਹ ਗ਼ੈਰ-ਸਿਖ ਅਤਿਵਾਦੀ ਸਨ, ਜਿਨ੍ਹਾਂ ਪੱਗਾਂ ਬੰਨ੍ਹੀਆਂ ਸਨ। ਸਿੱਖਾਂ ਦੇ ਭੇਸ ਵਿਚ ਬਦੇਸ਼ੀ ਏਜੰਟ ਹੋਣੇ ਵੀ ਸੰਭਵ ਸਨ।

ਸਰਬ ਹਿੰਦ ਕਾਂਗਰਸ (ਆਈ) ਵੱਲੋਂ ਪ੍ਰਕਾਸ਼ਤ ਹੋਈ ਰੀਪੋਰਟ 'Conspiracy Exposed' ਵਿਚ ਲਿਖਿਆ ਹੈ : (ਬ-ਹਵਾਲਾ *ਇੰਡੀਅਨ ਐਕਸਪ੍ਰੈਸ,* 4 ਸਤੰਬਰ 1984)

> "Pakistani agents disguised as Sikhs were trained in Kasur area of Pakistan by a brigadier artillery regiment. These men, in batches of 300 to 400 were given three to four months intensive training. Most of those trained in these camps and training centres were smugglers, proclaimed offenders and criminals..."

ਅਰਥਾਤ, "ਪਾਕਿਸਤਾਨੀ ਏਜੰਟਾਂ ਨੂੰ ਸਿਖ ਸਰੂਪ ਦੇ ਕੇ ਪਾਕਿਸਤਾਨ ਦੇ ਕਸੂਰ ਦੇ ਇਲਾਕੇ ਵਿਚ ਪਾਕਿਸਤਾਨੀ ਤੋਪਖ਼ਾਨੇ ਦੇ ਇਕ ਬਿਰਗੇਡੀਅਰ ਪਾਸੋਂ ਟ੍ਰੇਨਿੰਗ ਦਿਵਾਈ ਜਾਂਦੀ ਸੀ। ਇਥੇ ਤਿੰਨ ਤੋਂ ਚਾਰ ਸੌ ਬੰਦਿਆਂ ਦੇ ਇਕ ਇਕ ਗਰੋਹ ਨੂੰ ਤਿੰਨ ਤੋਂ ਚਾਰ ਮਹੀਨੇ ਸਰਬ-ਪੱਖੀ ਟ੍ਰੇਨਿੰਗ ਦਿਵਾ ਕੇ, ਇਨ੍ਹਾਂ ਨੂੰ ਪੰਜਾਬ, ਜੰਮੂ ਤੇ ਰਾਜਸਥਾਨ ਦੇ ਸਰਹੱਦੀ ਜ਼ਿਲਿਆਂ ਵਿਚ ਅਮਲੀ ਕਾਰਵਾਈ ਕਰਨ (to conduct

operations) ਭੇਜਿਆ ਜਾਂਦਾ ਸੀ। ਇਨ੍ਹਾਂ ਕੈਂਪਾਂ ਅਤੇ ਟ੍ਰੇਨਿੰਗ ਸੈਂਟਰਾਂ ਵਿਚ ਸਿਖਲਾਈ ਪਾਉਣ ਵਾਲੇ ਸਮੱਗਲਰ, ਇਸ਼ਤਿਹਾਰੀ ਮੁਜਰਮ ਅਤੇ ਫ਼ੌਜਦਾਰੀ ਕਰਨ ਦੇ ਆਦੀ ਹੁੰਦੇ ਸਨ। ਅਜਿਹੇ ਟ੍ਰੇਨਿੰਗ ਕੈਂਪ ਗੁਜਰਾਂਵਾਲਾ ਜ਼ਿਲੇ ਵਿਚ ਅਤੇ ਰਹੀਮ ਯਾਰ ਖ਼ਾਨ, ਕਿਲ੍ਹਾ ਅਟਕ, ਕਿਲ੍ਹਾ ਦਾਊਦ, ਸ਼ੇਖ਼ੂਪੁਰੇ ਸ਼ਹਿਰ ਅਤੇ ਐਬਟਾਬਾਦ ਮਿਲਟਰੀ ਕਾਲਜ ਵਿਚ ਵੀ ਸਨ।"

ਜੈਸਾ ਕਿ ਅਸੀਂ ਪਹਿਲੇ ਭੀ ਲਿਖ ਚੁੱਕੇ ਹਾਂ, ਬੱਸਾਂ ਵਿਚੋਂ ਉਤਾਰ ਕੇ ਜਾਂ ਹੋਰ ਥਾਈਂ ਕਤਲ ਹੋਏ ਹਿੰਦੂਆਂ ਦੇ ਕਾਤਲ ਇਹੋ ਸਿਖ ਸਰੂਪ ਰੱਖਦੇ ਅਤੇ ਪਾਕਿਸਤਾਨ ਅੰਦਰ ਸਿਖਲਾਈ ਲਏ ਹੋਏ ਮੁਸਲਮਾਨ ਹੀ ਸਨ, ਜੋ ਪਾਕਿਸਤਾਨ ਤੋਂ ਭਾਰਤ ਅੰਦਰ ਹਿੰਦੂ ਸਿੱਖਾਂ ਵਿਚਾਲੇ ਪਾੜਾ ਪਾਉਣ ਲਈ ਭੇਜੇ ਜਾਂਦੇ ਸਨ, ਜਿਸ ਦਾ ਇਕ ਸਬੂਤ ਕਾਂਗਰਸ ਦੀ ਆਪਣੀ ਪ੍ਰਕਾਸ਼ਤ ਕੀਤੀ ਉਕਤ ਰੀਪੋਰਟ ਹੈ:

ਸ੍ਰੀ S.M. Sathananthan, ਮੈਨੇਜਿੰਗ ਐਡੀਟਰ Transatlantic India 15-12-83 ਨੂੰ ਲਿਖੀ 'Hindu-Sikh Conflict in Punjab, Causes and Cure' ਨਾਮ ਦੇ ਟ੍ਰੈਕਟ ਦੀ ਭੂਮਿਕਾ ਵਿਚ ਲਿਖਦਾ ਹੈ:

> "Sikh Leaders claim that the recent killings of innocent Hindus in the bus, near the border were not committed by the Sikhs, appears to be credible and thought provoking."

ਅਰਥਾਤ, "ਸਿਖ ਮੁਖੀਆਂ ਦਾ ਇਹ ਦਾਹਵਾ ਕਿ ਪਿੱਛੇ ਜਿਹੇ ਸਰਹੱਦ ਨੇੜੇ ਬੇਦੋਸ਼ੇ ਹਿੰਦੂਆਂ ਨੂੰ ਬੱਸ ਵਿਚੋਂ ਉਤਾਰ ਕੇ ਕੀਤੇ ਕਤਲ ਸਿੱਖਾਂ ਨੇ ਨਹੀਂ ਕੀਤੇ, ਮੰਨਣ ਯੋਗ ਤੇ ਹੋਰ ਸੋਧ ਦੇਣ ਵਾਂਲਾ ਹੈ।"

ਮਈ 1985 ਦੇ ਮੈਗਜ਼ੀਨ *ਸੂਰੀਆ* ਦੇ ਸਫ਼ਾ 42 'ਤੇ ਛਪੇ, ਹੇਠ ਦਰਜ ਸ਼ਬਦ ਤਾਂ ਇਸ ਪ੍ਰਥਾਏ ਕੁੱਝ ਸੋਧ ਦੇਂਦੇ ਹਨ:

> "Mrs. Gandhi had decided that she was to take on a new role in her life the role of the protector of Hindus... She had planned that there shall be a conflict between the Hindus and Sikhs, in which the grand strategy was that the Hindus shall be first left unprotected, let them be killed for a while, let them become angry, so angry that they will seek revenge. The Hindus and Sikhs will then go at each other's throat. And then I will tell the Hindus, 'Look, I can only protect you.' "

ਅਰਥਾਤ, "ਸ੍ਰੀਮਤੀ ਗਾਂਧੀ ਨੇ ਆਪਣੇ ਜੀਵਨ ਅੰਦਰ ਇਕ ਨਵੀਂ ਖੇਡ ਖੇਡਣੀ ਠਾਣੀ। ਇਹ ਖੇਡ ਸੀ ਆਪਣੇ ਆਪ ਨੂੰ ਹਿੰਦੂਆਂ ਦੀ ਜਾਨ-ਪਨਾਹ (ਰੱਖਿਅਕ) ਦਰਸਾਉਣ ਦੀ।... ਇਸ ਦੇ ਲਈ ਉਸ ਨੇ ਹਿੰਦੂਆਂ ਤੇ ਸਿੱਖਾਂ ਨੂੰ ਆਪੋ ਵਿਚ ਉਲਝਾ ਦੇਣ ਦੀ ਵਿਉਂਤ ਉਲੀਕੀ, ਜਿਸ ਅੰਦਰ ਸ਼ਾਨਦਾਰ ਨੁਕਤਾ (point) ਇਹ ਸੀ ਕਿ ਪਹਿਲੋਂ ਹਿੰਦੂਆਂ ਨੂੰ ਬੇਪਨਾਹ (ਨਿਆਸਰੇ) ਰੱਖ ਕੇ ਉਨ੍ਹਾਂ ਵਿਚੋਂ ਕਈਆਂ ਦਾ ਕਤਲ ਹੋਣ ਦਿੱਤਾ ਜਾਵੇ, ਜਿਸ ਤੋਂ ਉਨ੍ਹਾਂ ਦਾ ਰੋਹ ਜਾਗ ਪਵੇ–ਰੋਹ ਭੀ ਏਨਾ ਕਿ ਉਨ੍ਹਾਂ ਅੰਦਰ ਬਦਲੇ ਦੀ ਅੱਗ ਸੁਲਗ ਪਵੇ ਅਤੇ ਹਿੰਦੂ ਤੇ ਸਿਖ ਇਕ ਦੂਜੇ ਦਾ ਗਲਾ ਕੱਟਣ ਦੇ ਰਾਹੇ ਪੈ ਜਾਣ। ਤਦੋਂ ਮੈਂ ਹਿੰਦੂਆਂ ਨੂੰ ਕਹਵਾਂਗੀ, 'ਵੇਖ ਲਵੋ, ਹੁਣ ਮੇਰੇ ਬਗ਼ੈਰ ਤੁਹਾਡੀ ਜਾਨ ਕੋਈ ਨਹੀਂ ਬਚਾ ਸਕਦਾ।' "

ਫਿਰ ਅਜਿਹੇ ਸਮੇਂ ਜਦੋਂ ਹਰ ਗੱਲ ਦਾ ਦੋਸ਼ੀ ਸਿਖ ਨੂੰ ਠਹਿਰਾਉਣਾ ਸਰਕਾਰ ਦੀ ਨੀਤੀ ਹੀ ਬਣ ਗਈ ਹੋਵੇ ਤਾਂ ਜੁਰਮ ਕਰਨ ਦੇ ਆਦੀ ਲੋਕਾਂ; ਨਕਸਲਵਾੜੀਆਂ ਆਦਿ ਦਾ ਮੈਦਾਨ ਵਿਚ ਕੁੱਦ ਪੈਣਾ ਅਨਹੋਣੀ ਗੱਲ ਨਹੀਂ ਸੀ। ਖ਼ਾਸ ਕਰ ਜਦੋਂ ਲੁੱਟ-ਮਾਰ ਦੇ ਮਾਲ ਤੋਂ ਹੱਥ ਰੰਗਣ ਦਾ ਮੌਕਿਆ ਭੀ ਬਣ ਜਾਵੇ ਤਾਂ ਐਸੇ ਲੋਕਾਂ ਲਈ ਮਨੁੱਖੀ ਜੀਵਨ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ। ਇਸ ਸਮੇਂ ਅੰਦਰ ਹੋਈ ਬੈਂਕਾਂ ਦੀ ਲੁੱਟ, ਬੱਸਾਂ ਤੇ ਗੱਡੀਆਂ ਦੇ ਮੁਸਾਫ਼ਰਾਂ ਦੀ ਖੋਹ-ਮੋਹ, ਸਕੂਟਰਾਂ ਤੇ ਮੋਟਰ ਗੱਡੀਆਂ ਦੀ ਡਾਕਾਜ਼ਨੀ ਆਦਿਕ, ਇਸ ਤਰ੍ਹਾਂ ਹੋਈਆਂ ਮੌਤਾਂ ਦਾ ਸਪੱਸ਼ਟ ਸਬੂਤ ਹਨ। ਇਨ੍ਹਾਂ ਸਾਰਿਆਂ ਨੂੰ ਭਿੰਡਰਾਂਵਾਲੇ ਦੇ ਜਾਂ ਸਮੁੱਚੇ ਤੌਰ 'ਤੇ ਸਿੱਖਾਂ ਦੇ ਨਾਮ ਨਾਲ ਜੋੜਨਾ ਬੇ-ਇਨਸਾਫ਼ੀ ਹੈ। ਹਾਂ, ਇਹ ਮੰਨ ਲੈਣ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਕਿ ਨਿਰੰਕਾਰੀ (ਜਿਨ੍ਹਾਂ ਹੱਥੋਂ 1978 ਵਿਚ ਕਈ ਬੇਦੋਸ਼ੇ ਕੀਰਤਨੀ ਸਿੰਘ ਮਾਰੇ ਗਏ ਸਨ), ਜਾਂ ਪੁਲੀਸ ਦੇ ਕਰਮਚਾਰੀ (ਜਿਨ੍ਹਾਂ ਸਿਖ ਨੌਜਵਾਨਾਂ ਨਾਲ ਜਾਇਜ਼-ਨਾਜਾਇਜ਼ ਵਰਤਾਰਾ ਵਰਤ ਕੇ ਉਨ੍ਹਾਂ ਨੂੰ ਤਸੀਹੇ ਦਿੱਤੇ ਤੇ ਕਈ ਜਾਨੋਂ ਮਾਰ ਦਿੱਤੇ ਸਨ), ਜਾਂ ਹੋਰ ਐਸੇ ਲੋਕ (ਜਿਨ੍ਹਾਂ ਨੇ ਸਮੁੱਚੇ ਤੌਰ 'ਤੇ ਸਿੱਖਾਂ ਨੂੰ ਨੀਚਾ ਦਿਖਾਉਣ ਵਿਚ ਕੋਈ ਕਸਰ ਨਹੀਂ ਛੱਡੀ ਤੇ ਉਨ੍ਹਾਂ ਦਾ ਨਾਜਾਇਜ਼ ਤੌਰ 'ਤੇ ਵਿਰੋਧ ਕੀਤਾ ਸੀ) ਨੂੰ ਹੋਏ ਨੁਕਸਾਨ ਦਾ ਦੋਸ਼ ਦਿੱਤਾ ਜਾ ਸਕਦਾ ਹੈ। ਅਜਿਹੀ ਬਦਲਾ ਲੈਣ ਦੀ ਸਪਿਰਿਟ ਆਮ ਤੌਰ 'ਤੇ ਮਨੁੱਖਾਂ ਵਿਚ ਹੁੰਦੀ ਹੈ, ਜਿਸ ਵਿਚ ਪੰਜਾਬ ਅਤੇ ਖ਼ਾਸ ਤੌਰ 'ਤੇ ਸਿੰਘਾਂ ਦਾ ਵਿਸ਼ੇਸ਼ ਥਾਉਂ ਹੈ। ਸਿੰਘ, ਜਿਸ ਦੇ ਡੌਲੇ ਆਮ ਤੌਰ 'ਤੇ ਹੀ ਮਜ਼ਲੂਮ ਦੀ ਸਹਾਇਤਾ ਹਿੱਤ ਫਰਕ ਪੈਂਦੇ ਹਨ, ਜੋ ਇਕ ਸਜ-ਵਿਆਹੀ ਬ੍ਰਾਹਮਣੀ ਦੀ ਇੱਜ਼ਤ ਦੀ ਰਾਖੀ ਲਈ ਕਸੂਰ ਦੇ ਪਠਾਣਾਂ ਨਾਲ ਟੱਕਰ ਲੈਣ ਤੋਂ ਸੰਕੋਚ ਨਹੀਂ ਕਰਦਾ ਜੋ ਹਜ਼ਾਰਾਂ ਮਰਹੱਟਾ ਤੇ ਜਾਟ ਲੜਕੇ-ਲੜਕੀਆਂ ਨੂੰ ਜਾਬਰ ਅਬਦਾਲੀ ਹੱਥੋਂ ਖ਼ਲਾਸੀ ਦਿਵਾਉਣ ਲਈ ਉਸ ਦੀਆਂ ਜੇਤੂ ਫ਼ੌਜਾਂ 'ਤੇ ਟੁੱਟ ਪੈਂਦਾ ਅਤੇ ਆਪਣੇ

ਆਪ ਨੂੰ ਖ਼ਤਰੇ ਵਿਚ ਪਾ ਲੈਂਦਾ ਹੈ, ਉਹ ਆਪਣੇ ਸਿੰਘ ਭਰਾਵਾਂ ਦੇ ਨਿਰਦੋਸ਼ ਮਾਰੇ ਜਾਣ ਤੇ ਉਨ੍ਹਾਂ ਦਾ ਬਦਲਾ ਚੁਕਾਏ ਬਿਨਾਂ ਕਿਸ ਤਰ੍ਹਾਂ ਰਹਿ ਸਕਦਾ ਸੀ। ਇਹ ਸੀ ਬਦਲੇ ਦੀ ਸਪਿਰਿਟ, ਜਿਸ ਨੇ ਭਿੰਡਰਾਂਵਾਲੇ ਦੇ ਬੰਦਿਆਂ ਨੂੰ ਟਾਵੇਂ ਟਾਵੇਂ ਨਿਰੰਕਾਰੀਆਂ ਅਤੇ ਹੋਰ ਸਿੰਘ-ਵਿਰੋਧੀਆਂ 'ਤੇ ਵਾਰ ਕਰਨ ਲਈ ਮਜਬੂਰ ਕੀਤਾ ਅਤੇ ਅਜਿਹੇ ਬੰਦਿਆਂ ਦੀ ਫ਼ਹਿਰਿਸਤ (ਜਿਸ ਨੂੰ ਹਿਟ ਲਿਸਟ ਕਿਹਾ ਗਿਆ ਹੈ) ਉਨ੍ਹਾਂ ਬਣਾਈ। ਵਾਸਤਵ ਵਿਚ ਨਾ ਉਹ ਖ਼ਾਲਿਸਤਾਨੀ ਸਨ ਅਤੇ ਨਾ ਸਮੁੱਚੇ ਤੌਰ 'ਤੇ ਭਾਰਤ ਸਰਕਾਰ ਦਾ ਵਿਰੋਧ ਉਨ੍ਹਾਂ ਦਾ ਨਿਸ਼ਾਨਾ। ਪਰ ਜਦੋਂ ਸਰਕਾਰ ਨੰਗੇ ਤੌਰ 'ਤੇ ਹੀ ਨਿਰੰਕਾਰੀ ਅਤੇ ਹੋਰ ਸਿਖ-ਵਿਰੋਧੀ ਅਨਸਰਾਂ ਦੀ ਮਦਦ 'ਤੇ ਉਤਰ ਪਈ, ਬਲਕਿ 1978 ਵਿਸਾਖੀ ਦੇ ਦਿਨ ਨਿਰੰਕਾਰੀਆਂ ਵੱਲੋਂ ਦਿਨ-ਦੀਵੀਂ ਕੀਤੇ ਸਿੰਘਾਂ ਦੇ ਕਾਤਲਾਂ ਨੂੰ ਬੇਗੁਨਾਹ ਕਰਾਰ ਦੇ ਕੇ ਸਾਰੇ ਦੇ ਸਾਰੇ ਹੀ ਬਰੀ ਕਰ ਦਿੱਤੇ ਗਏ ਅਤੇ ਇਸ ਇਨਸਾਫ਼ ਦੀ ਵਡਿਆਈ ਹਿੰਦੂ ਅਖ਼ਬਾਰਾਂ ਤੇ ਹੋਰ ਕਈਆਂ ਵੱਲੋਂ ਨੰਗੇ ਮੂੰਹ ਕੀਤੀ ਜਾਣੀ ਸ਼ੁਰੂ ਹੋ ਗਈ, ਜੋ ਸਿੰਘਾਂ ਦੀ ਅਣਖ ਨੂੰ ਵੱਡੀ ਭਾਰੀ ਚੁਣੌਤੀ ਸੀ ਤਾਂ ਕਈ ਭੜਕੇ ਹੋਏ ਸਿੰਘਾਂ ਨੇ ਨਿਰੰਕਾਰੀਆਂ ਤੇ ਪੁਲੀਸ ਦੇ ਵਿਰੋਧ ਵਿਚ ਕੁੱਝ ਘਿਣਾਉਣੀਆਂ ਕਾਰਵਾਈਆਂ ਕੀਤੀਆਂ। ਉਨ੍ਹਾਂ ਜੋ ਵੀ ਕੀਤਾ, ਕ੍ਰੋਧ ਤੇ ਬਦਲੇ ਦੀਆਂ ਭਾਵਨਾਵਾਂ ਦੇ ਦਬਾਅ ਹੇਠ ਕੀਤਾ, ਜਿਸ ਦਾ ਪ੍ਰਤੱਖ ਸਬੂਤ ਇਹ ਹੈ ਕਿ ਉਨ੍ਹਾਂ ਕਈ ਵਾਰ ਆਪਣੇ ਕੀਤੇ ਦਾ ਲਿਖਤੀ ਇਕਬਾਲ ਵੀ ਕੀਤਾ, ਜੋ ਅਖ਼ਬਾਰਾਂ ਵਿਚ ਛਪਿਆ। ਪਰ ਇਸ ਕਾਂਡ ਅੰਦਰ ਵੱਡੀ ਅਫ਼ਸੋਸਨਾਕ ਗੱਲ ਇਹ ਹੈ ਕਿ ਪੰਜਾਬ ਵਿਚ ਹੋਈਆਂ ਵਾਰਦਾਤਾਂ ਨੂੰ ਭਾਵੇਂ ਉਹ ਹਿੰਦੂਆਂ ਦੇ ਉਲਟ ਸਨ, ਪੁਲੀਸ ਤਥਾ ਨਿਰੰਕਾਰੀਆਂ ਦੇ ਉਲਟ ਜਾਂ ਬੈਂਕਾਂ ਆਦਿ ਦੀ ਲੁੱਟ-ਮਾਰ, ਸਮੁੱਚੇ ਤੌਰ 'ਤੇ ਹੀ ਸਿੱਖਾਂ ਦੇ ਨਾਮ ਨਾਲ ਜੋੜਿਆ ਗਿਆ ਅਤੇ ਹਰਿਆਣਾ ਸਰਕਾਰ ਦੀ ਸ਼ਹਿ 'ਤੇ ਹਰਿਆਣਵੀ ਹਿੰਦੂਆਂ ਨੇ ਰਾਹ-ਗੁਜ਼ਰ ਸਿੱਖਾਂ ਨੂੰ ਨਿਰਾ ਕਤਲ ਹੀ ਨਹੀਂ ਕੀਤਾ, ਬਲਕਿ ਸਿਖ ਮਜ਼ਹਬ ਦੀ ਤੌਹੀਨ ਕਰਨ ਲਈ ਬੱਸਾਂ ਅਤੇ ਗੱਡੀਆਂ ਅੰਦਰ ਸਫ਼ਰ ਕਰਦੇ ਸਿਖ ਮੁਸਾਫ਼ਰਾਂ ਦੀਆਂ ਦਾੜ੍ਹੀਆਂ ਤੇ ਮੁੱਛਾਂ ਮੁੰਨੀਆਂ ਅਤੇ ਸਿਖ ਇਸਤਰੀਆਂ ਦੀ ਬੇਪਤੀ ਕੀਤੀ ਅਤੇ ਇਹ ਸਾਰਾ ਕੁੱਝ ਪੁਲੀਸ ਅਫ਼ਸਰਾਂ ਤੇ ਪੁਲੀਸ ਫ਼ੋਰਸ ਦੀ ਹਾਜ਼ਰੀ ਵਿਚ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲਾ ਕਰਨਾਲ, ਖ਼ਾਸ ਕਰ ਪਾਨੀਪਤ ਸ਼ਹਿਰ ਦੇ ਕਈ ਗੁਰਦੁਆਰੇ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਫੂਕ ਦਿੱਤੇ ਗਏ। ਅਤੇ ਕੁੱਝ ਸਿੰਘ ਜੋ ਗੁਰਦੁਆਰੇ ਅੰਦਰ ਸਨ, ਮੌਤ ਦੇ ਘਾਟ ਉਤਾਰੇ ਗਏ। ਇਸ ਤੋਂ ਇਲਾਵਾ ਸਿੱਖਾਂ ਦੀਆਂ ਕਈ ਦੁਕਾਨਾਂ ਤੇ ਮਕਾਨ ਲੁੱਟੇ ਤੇ ਸਾੜੇ ਗਏ। ਇਸ ਤੋਂ ਪਹਿਲੋਂ ਵੀ ਜਦੋਂ ਦਿੱਲੀ ਵਿਚ ਏਸ਼ੀਆਡ ਖੇਡਾਂ ਹੋਈਆਂ ਸਨ, ਪੰਜਾਬ ਸਾਈਡ ਤੋਂ ਦਿੱਲੀ ਨੂੰ ਜਾਂਦੇ ਜਾਂ ਦਿੱਲੀ ਤੋਂ ਵਾਪਸ ਮੁੜਦੇ ਹਰ ਸਿਖ ਨੂੰ,

ਭਾਵੇਂ ਕੋਈ ਫ਼ੌਜੀ ਜਾਂ ਸਿਵਿਲੀਅਨ ਅਫ਼ਸਰ ਸੀ ਜਾਂ ਸਾਧਾਰਨ ਰਾਹ-ਗੁਜ਼ਰ, ਹਰ ਕਿਸੇ ਨੂੰ ਗੱਡੀ ਤਥਾ ਬੱਸਾਂ ਜਾਂ ਪ੍ਰਾਈਵੇਟ ਕਾਰਾਂ ਤੇ ਟੈਕਸੀਆਂ ਵਿਚੋਂ ਉਤਾਰ ਕੇ ਉਸ ਦੀ ਤਲਾਸ਼ੀ ਲਈ ਜਾਂਦੀ ਅਤੇ ਹੋਰ ਹਰ ਤਰ੍ਹਾਂ ਬੇਇੱਜ਼ਤ ਕੀਤਾ ਜਾਂਦਾ ਤੇ ਨੀਚਾ ਦਿਖਾਇਆ (humiliate) ਜਾਂਦਾ ਰਿਹਾ ਸੀ, ਜੋ ਹਰਿਆਣਾ ਜਾਂ ਸੈਂਟ੍ਰਲ ਸਰਕਾਰ ਦੇ ਹੁਕਮ ਅਧੀਨ ਸਰਕਾਰੀ ਤਥਾ ਪੁਲੀਸ ਕਰਮਚਾਰੀ ਕਰਦੇ ਸਨ, ਜਿਸ ਤੋਂ ਸਿਖ ਇਸਤਰੀਆਂ ਨੂੰ ਵੀ ਛੋਟ ਨਹੀਂ ਸੀ ਦਿੱਤੀ ਗਈ।

ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਦਾ ਸ਼ੁਰੂ ਕੀਤਾ 'ਧਰਮ ਯੁੱਧ' ਅੰਦੋਲਨ ਵੀ ਜ਼ੋਰ ਫੜਦਾ ਗਿਆ ਸੀ, ਇਸ ਨੂੰ ਸਮੁੱਚੇ ਪੰਥ ਦੇ ਸਾਂਝੇ ਮੋਰਚੇ ਦੀ ਸ਼ਕਲ ਦੇਣ ਲਈ ਮੋਰਚਾ-ਡਿਕਟੇਟਰ ਨੇ ਰਿਟਾਇਰਡ ਫ਼ੌਜੀਆਂ ਅਤੇ ਇਸ ਉਪ੍ਰੰਤ ਸਿਖ ਬੁੱਧੀਜੀਵੀਆਂ ਦੇ ਇਕੱਠ ਬੁਲਾਏ ਅਤੇ ਇਨ੍ਹਾਂ ਸਾਰਿਆਂ ਦੀ ਹਮਦਰਦੀ ਅੰਦੋਲਨ ਦੇ ਹੱਕ ਵਿਚ ਹਾਸਲ ਕਰ ਲਈ। ਸਿੰਘਾਂ ਦੇ ਜਥੇ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਦਮ-ਤਸ਼ੱਦਦ ਦਾ ਪ੍ਰਣ ਲੈ ਅਤੇ ਅਰਦਾਸਾ ਸੋਧ ਕੇ ਰਵਾਨਾ ਹੁੰਦੇ ਅਤੇ ਅੰਮ੍ਰਿਤਸਰ ਕੋਤਵਾਲੀ 'ਤੇ ਪਹੁੰਚ ਸਾਰੇ ਗ੍ਰਿਫ਼ਤਾਰ ਹੋ ਜਾਂਦੇ। ਸਹਿਜੇ ਸਹਿਜੇ ਫੜੇ ਸਿੰਘਾਂ ਦੀ ਗਿਣਤੀ ਲੱਖ ਤੋਂ ਭੀ ਵਧ ਗਈ ਤੇ ਸਰਕਾਰ ਲਈ ਇਨ੍ਹਾਂ ਦਾ ਸੰਭਾਲਣਾ ਸੰਭਵ ਨਾ ਰਿਹਾ। ਸਰਕਾਰ ਨੇ ਨੀਤੀ ਬਦਲੀ ਅਤੇ ਹੁਣ ਤਕ ਗ੍ਰਿਫ਼ਤਾਰ ਕੀਤੇ ਸਾਰੇ ਸਿੰਘ ਇਕ-ਦਮ ਛੱਡ ਦਿੱਤੇ ਅਤੇ ਅੱਗੋਂ ਲਈ ਇਹ ਨੀਤੀ ਬਣਾ ਲਈ ਕਿ ਹਰ ਨਵਾਂ ਫੜਿਆ ਜਥਾ ਇਕ-ਦੋ ਦਿਨਾਂ ਦੀ ਹਵਾਲਾਤ ਪਿੱਛੋਂ ਛੱਡ ਦਿੱਤਾ ਜਾਂਦਾ। ਓਧਰ ਸਿਖ ਮੁਖੀਆਂ ਨਾਲ ਉਨ੍ਹਾਂ ਦੀਆਂ ਮੰਗਾਂ ਸੰਬੰਧੀ ਗੱਲਬਾਤ ਰਾਹੀਂ ਕਿਸੇ ਸਮਝੌਤੇ 'ਤੇ ਪੁੱਜਣ ਦੇ ਜਤਨ ਅਰੰਭੇ ਗਏ। ਪਰ ਪ੍ਰਧਾਨ ਮੰਤਰੀ ਇੰਦਰਾ ਤੇ ਉਸ ਦੀ ਕਾਂਗਰਸ ਸਰਕਾਰ ਸਿੱਖਾਂ ਨੂੰ ਆਪਣੀਆਂ ਸ਼ਰਤਾਂ 'ਤੇ ਝੁਕਾਉਣਾ ਚਾਹੁੰਦੀ ਸੀ। ਉਸ ਨੂੰ ਫ਼ਿਕਰ ਸੀ ਕਿ ਕੋਈ ਗੱਲ, ਜੋ ਗਵਾਂਢੀ ਸਟੇਟਾਂ ਹਰਿਆਣਾ ਅਤੇ ਰਾਜਸਥਾਨ ਦੇ ਆਸ਼ੇ ਅਨੁਕੂਲ ਨਹੀਂ ਹੋਵੇਗੀ, ਉਹ ਇਨ੍ਹੀਂ ਥਾਈਂ ਕਾਂਗਰਸ ਦੇ ਵਕਾਰ ਅਤੇ ਅੱਗੋਂ ਹੋਣ ਵਾਲੀਆਂ ਕੇਂਦਰੀ ਤੇ ਸਥਾਨਕ ਚੋਣਾਂ ਵਿਚ ਕਾਂਗਰਸ ਵਾਸਤੇ ਹਾਨੀਕਾਰਕ ਹੋਵੇਗੀ। ਇੰਦਰਾ ਚਾਹੁੰਦੀ ਸੀ ਕਿ ਅਕਾਲੀ ਦਲ ਤਥਾ ਪੰਜਾਬ ਨਾਲ ਕੀਤੇ ਜਾਣ ਵਾਲੇ ਸਮਝੌਤੇ ਵਿਚ ਗਵਾਂਢੀ ਸਰਕਾਰਾਂ ਨੂੰ ਪ੍ਰਤੀਨਿਧਤਾ ਦਿੱਤੀ ਜਾਵੇ।

ਇਉਂ ਕਰਨਾ ਸਮਝੌਤੇ ਦੇ ਰਸਤੇ ਵਿਚ ਇਕ ਹੋਰ ਅੜਿੱਕਾ ਖੜਾ ਕਰਨਾ ਸੀ। ਇਸ ਗੱਲ ਨੂੰ ਸਮਝਣ ਲਈ ਵੀਚਾਰ ਗੋਚਰੇ ਆਉਣ ਵਾਲੇ ਹੇਠਾਂ ਦਰਜ ਮਾਮਲਿਆਂ ਨੂੰ ਸਮਝ ਲੈਣ ਦੀ ਲੋੜ ਹੈ, ਭਾਵੇਂ ਇਨ੍ਹਾਂ ਦਾ ਜ਼ਿਕਰ ਪਹਿਲੋਂ ਭੀ ਹੋ ਚੁੱਕਾ ਹੈ :

(i) ਚੰਡੀਗੜ੍ਹ, ਜੋ ਪੰਜਾਬ ਦੀ ਰਾਜਧਾਨੀ ਵਜੋਂ ਉਸਾਰਿਆ ਗਿਆ ਸੀ ਪਰ ਉਹ ਸੈਂਟਰ ਦੇ ਕਬਜ਼ੇ ਵਿਚ ਹੈ, ਪੰਜਾਬ ਨੂੰ ਦਿੱਤਾ ਜਾਣਾ, ਹਰਿਆਣਾ ਕੇਵਲ ਉਸ

ਹਾਲਤ ਵਿਚ ਮੰਨਣ ਨੂੰ ਤਿਆਰ ਸੀ ਜੇ ਅਬੋਹਰ ਤੇ ਫ਼ਾਜ਼ਿਲਕਾ ਦਾ ਇਲਾਕਾ ਪੰਜਾਬ ਹਰਿਆਣੇ ਨੂੰ ਦੇਵੇ, ਜਿਸ ਦੇ ਹੱਕ ਵਿਚ ਇੰਦਰਾ ਹਰਿਆਣੇ ਨਾਲ ਬਚਨਬੱਧ ਸੀ।

(ii) ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਵਿਚ ਸ਼ਾਮਲ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ ਦਾ ਵਿਰੋਧ।

(iii) ਦਰਿਆ ਰਾਵੀ ਤੇ ਬਿਆਸ ਦੇ ਪਾਣੀਆਂ ਵਿਚ ਹਰਿਆਣੇ ਤੇ ਰਾਜਸਥਾਨ ਨੂੰ ਹਿੱਸਾ ਦਿੱਤਾ ਜਾਣਾ, ਜਿਸ ਲਈ ਭੀ ਪ੍ਰਧਾਨ ਮੰਤਰੀ ਦਿੱਤੇ ਐਵਾਰਡ ਕਾਰਨ ਬਚਨਬੱਧ ਸੀ।

ਇਨ੍ਹਾਂ ਸੰਬੰਧੀ ਅਕਾਲੀ ਦਲ ਦੀ ਮੰਗ ਸੀ ਕਿ :

(i) ਚੰਡੀਗੜ੍ਹ, ਪੰਜਾਬ ਦਾ ਹੈ, ਪੰਜਾਬੀ ਬੋਲਦੇ ਇਲਾਕੇ ਵਿਚ ਵਾਕਿਆ ਹੈ, ਇਸ ਲਈ ਇਹ ਅਵੱਸ਼ ਪੰਜਾਬ ਨੂੰ ਦਿੱਤਾ ਜਾਣਾ ਚਾਹੀਦਾ ਹੈ।

(ii) ਪੰਜਾਬੀ-ਬੋਲਦੇ ਇਲਾਕਿਆਂ ਦੀ ਜਾਂਚ ਲਈ ਇਕ ਬੋਲੀ-ਆਧਾਰਤ ਕਮਿਸ਼ਨ ਬਿਠਾਇਆ ਜਾਏ, ਜੋ ਪਿੰਡ ਨੂੰ ਇਕਾਈ ਮੰਨ ਕੇ ਅਤੇ ਸੰਬੰਧਤ ਬੋਲੀ ਦੀ ਸਟੇਟ ਨਾਲ ਲਗਵਾਂ (contiguous) ਹੋਣ ਦੇ ਅਸੂਲ ਦੇ ਆਧਾਰ 'ਤੇ ਫ਼ੈਸਲਾ ਦੇਵੇ।

(iii) ਦਰਿਆਵਾਂ ਦੇ ਪਾਣੀ ਦਾ ਫ਼ੈਸਲਾ ਦੇਸ਼ ਦੇ ਉੱਚਤਮ ਨਿਆਇਆਲੇ (ਸੁਪ੍ਰੀਮ ਕੋਰਟ) 'ਤੇ ਛੱਡ ਦਿੱਤਾ ਜਾਵੇ ਤੇ ਉਸ ਦੇ ਫ਼ੈਸਲੇ ਨੂੰ ਅੰਤਮ ਸਮਝਿਆ ਜਾਵੇ। ਇਸ ਸਮਝੌਤੇ ਦੇ ਸੰਬੰਧ ਵਿਚ ਸਰਕਾਰੀ ਬੁਲਾਰਿਆਂ ਤੇ ਅਕਾਲੀਆਂ ਤੋਂ ਇਲਾਵਾ ਦੇਸ਼ ਦੀਆਂ ਸਾਰੀਆਂ ਕਾਂਗਰਸ (ਆਈ) ਵਿਰੋਧੀ ਪਾਰਟੀਆਂ ਦੇ ਨੁਮਾਇੰਦੇ ਭੀ ਸ਼ਾਮਲ ਕੀਤੇ ਗਏ। ਵਿਰੋਧੀ ਪਾਰਟੀਆਂ ਵੱਲੋਂ ਅਕਾਲੀਆਂ ਦੀਆਂ ਮੰਗਾਂ ਨੂੰ ਸਮੁੱਚੇ ਪੰਜਾਬ ਦੀਆਂ ਸਾਂਝੀਆਂ ਕਰਾਰ ਦੇਂਦੇ ਹੋਏ ਇਨ੍ਹਾਂ ਦੀ ਪੁਸ਼ਟੀ ਕੀਤੀ ਗਈ।

ਇਕ ਹੋਰ ਮੁਖ ਮੰਗ, ਜੋ ਅਨੰਦਪੁਰ ਸਾਹਿਬ ਵਾਲੇ ਮਤੇ ਵਿਚ ਵੀ ਸ਼ਾਮਲ ਸੀ, ਸੂਬਿਆਂ ਦੀਆਂ ਵਿਧਾਨ ਸਭਾਵਾਂ ਨੂੰ ਵਧੇਰੇ ਅਧਿਕਾਰ ਦੇਣ ਬਾਰੇ ਸੀ। ਸਰਕਾਰ ਅਤੇ ਵਿਰੋਧੀ ਪਾਰਟੀਆਂ ਨੇ ਭਾਵੇਂ ਅਨੰਦਪੁਰ ਸਾਹਿਬ ਦੇ ਮਤੇ ਨਾਲ ਸਮੁੱਚੇ ਤੌਰ 'ਤੇ ਅਸਹਿਮਤੀ ਪ੍ਰਗਟ ਕੀਤੀ ਸੀ, ਪਰ ਵਿਰੋਧੀ ਪਾਰਟੀਆਂ ਇਸ ਹੱਕ ਵਿਚ ਸਨ ਕਿ ਕੇਂਦਰ ਅਤੇ ਸੂਬਿਆਂ ਦੇ ਅਧਿਕਾਰਾਂ ਦਾ ਨਿਰਣਾ ਨਵੇਂ ਸਿਰਿਉਂ ਹੋਣਾ ਜ਼ਰੂਰੀ ਹੈ, ਜਿਸ ਵਿਚ ਸੂਬਿਆਂ ਦੀਆਂ ਸਰਕਾਰਾਂ ਨੂੰ ਵਧੇਰੇ ਹੱਕ ਦਿੱਤੇ ਜਾਣੇ ਚਾਹੀਦੇ ਹਨ।

ਇਸ ਤੋਂ ਛੇਤੀ ਪਿੱਛੋਂ ਇਕ ਕਮਿਸ਼ਨ ਨਿਯੁਕਤਣ ਦਾ ਐਲਾਨ ਕੇਂਦਰ ਵੱਲੋਂ ਕੀਤਾ ਗਿਆ, ਜੋ ਕੇਂਦਰ ਤੇ ਸੂਬਿਆਂ ਦੇ ਅਧਿਕਾਰਾਂ ਦਾ ਨਿਰਣਾ ਲੈਣ ਲਈ ਪੜਤਾਲ ਕਰ ਕੇ ਆਪਣੀ ਰੀਪੋਰਟ ਦੇਵੇਗਾ।

ਕੇਂਦਰੀ ਸਰਕਾਰ ਵਿਰੋਧੀ ਪਾਰਟੀਆਂ ਵੱਲੋਂ ਅਕਾਲੀ ਮੰਗਾਂ ਦੇ ਸਮਰਥਕ ਹੋਣ 'ਤੇ ਨਾਖ਼ੁਸ਼ ਸੀ ਅਤੇ ਅੱਗੋਂ ਤੋਂ ਅਜਿਹੀ ਇਕੱਤਰਤਾ ਵਿਚ ਉਨ੍ਹਾਂ ਨੂੰ ਬੁਲਾਏ ਜਾਣ

ਤੋਂ ਸਰਕਾਰ ਹਿਚਕਚਾਉਂਦੀ ਸੀ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਹਰਿਆਣੇ ਦੇ ਪ੍ਰਤੀਨਿਧ ਨੂੰ ਇਕੱਤਰਤਾ ਵਿਚ ਬੁਲਾਉਣਾ ਚਾਹੁੰਦੀ ਸੀ, ਜਿਸ ਦਾ ਸਪੱਸ਼ਟ ਮਤਲਬ ਉਨ੍ਹਾਂ ਵੱਲੋਂ ਹੋਰ ਅੜਿੱਕੇ ਖੜੇ ਕਰਨਾ ਹੀ ਸੀ।

ਅਕਾਲੀ ਦਲ ਦੀ ਇਕ ਵਿਸ਼ੇਸ਼ ਮੰਗ ਵਿਧਾਨ ਅੰਦਰ ਸੋਧ ਕਰ ਕੇ ਸਿੱਖਾਂ ਨੂੰ ਦੇਸ਼ ਦੀਆਂ ਹੋਰ ਕੌਮਾਂ—ਈਸਾਈ, ਮੁਸਲਮਾਨ ਆਦਿ ਵਾਂਗ ਵੱਖਰੀ ਜਮਾਤ ਕਰਾਰ ਦਿੱਤੇ ਜਾਣ ਦੀ ਸੀ, ਇਸ ਲਈ ਸਿੱਖਾਂ ਵੱਖਰਾ ਅੰਦੋਲਨ ਕਰ ਕੇ ਵਿਧਾਨ ਦੀ ਧਾਰਾ 25 ਨੂੰ ਸਰੇ ਬਾਜ਼ਾਰ ਸਾੜਨ ਦੀਆਂ ਘਟਨਾਵਾਂ ਵੀ ਵਰਤਾਈਆਂ ਸਨ। ਅਕਾਲੀ ਦਲ ਇਸ ਗੱਲ 'ਤੇ ਵੀ ਹੋਰ ਮੰਗਾਂ ਵਾਂਗ ਦ੍ਰਿੜ੍ਹ ਹੈ ਕਿ ਵਿਧਾਨ ਦੀ ਇਸ ਧਾਰਾ ਵਿਚ ਸੋਧ ਕਰ ਕੇ ਸਿੱਖਾਂ ਦਾ ਹਿੰਦੂਆਂ ਤੋਂ ਅਲੱਗ ਵੱਖਰੀ ਕੌਮ ਹੋਣਾ ਸਵੀਕਾਰ ਕੀਤਾ ਜਾਵੇ।

ਇਨ੍ਹਾਂ ਮੰਗਾਂ ਤੋਂ ਇਲਾਵਾ ਅਕਾਲੀ ਦਲ ਦੀਆਂ ਕੁੱਝ ਨਿਰੋਲ ਨਿੱਜੀ ਧਾਰਮਿਕ ਮੰਗਾਂ ਵੀ ਸਨ, ਜਿਨ੍ਹਾਂ ਨੂੰ ਪ੍ਰਵਾਨ ਕਰਨਾ ਨਿਰਾ ਕੇਂਦਰ ਦੇ ਕਰ ਲੈਣ ਯੋਗ ਹੀ ਸੀ, ਜੈਸਾ ਕਿ :

(i) ਕੁਰਖੇਤਰ, ਹਰਿਦੁਆਰ, ਵਾਰਾਨਸੀ ਹਿੰਦੂ ਤੀਰਥਾਂ ਵਾਲੇ ਸ਼ਹਿਰਾਂ ਦੀ ਤਰ੍ਹਾਂ ਸਿੱਖਾਂ ਦੇ ਕੇਂਦਰੀ ਸ਼ਹਿਰ ਅੰਮ੍ਰਿਤਸਰ ਨੂੰ ਪਵਿੱਤਰ (holy) ਸ਼ਹਿਰ ਕਰਾਰ ਦੇਣਾ।

(ii) ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ, ਕੇਵਲ ਸ਼ਬਦ ਕੀਰਤਨ ਦੇ ਪ੍ਰਸਾਰਣ ਲਈ, ਇਕ ਆਕਾਸ਼ਬਾਣੀ (Broadcasting) ਸਟੇਸ਼ਨ ਸਥਾਪਤ ਕਰਨਾ, ਜਿਸ ਦਾ ਸਾਰਾ ਖ਼ਰਚ ਸਿੱਖਾਂ ਨੇ ਅਦਾ ਕਰਨਾ ਅਤੇ ਇਸ ਦਾ ਪ੍ਰਬੰਧਕ ਕੰਟਰੋਲ ਕੇਂਦਰ ਸਰਕਾਰ ਦੇ ਹੱਥ ਰਹਿਣਾ ਸੀ।

(iii) ਸਿੱਖਾਂ ਨੂੰ ਗਾਤਰੇ ਕਿਰਪਾਨ ਰੱਖਣ ਦੀ ਖੁੱਲ੍ਹ ਹਰ ਖੇਤਰ ਵਿਚ, ਜਿਹਾ ਕਿ ਫ਼ੌਜੀ ਸਰਵਿਸ ਅਤੇ ਹਵਾਈ ਉੜਾਨ ਅੰਦਰ, ਦੇਈ ਰੱਖਣਾ।

(iv) ਸਰਬ ਹਿੰਦ ਗੁਰਦੁਆਰਾ ਕਾਨੂੰਨ ਬਣਾਉਣਾ।

(v) ਪੰਜਾਬ ਦੇ ਨਾਲ ਲੱਗਦੇ ਪੰਜਾਬੀ ਵੱਸੋਂ ਵਾਲੇ ਸੂਬਿਆਂ ਵਿਚ ਪੰਜਾਬੀ ਨੂੰ ਦੂਜੀ ਬੋਲੀ ਦਾ ਸਥਾਨ ਦੇਣਾ, ਆਦਿ।

ਇਹ 'ਧਰਮ ਯੁੱਧ' ਦੇ ਨਾਮ ਹੇਠ ਚੱਲਦਾ ਮੋਰਚਾ ਹਾਲੀਂ ਵਿਚੇ ਹੀ ਸੀ, ਜਦੋਂ ਸਰਕਾਰ ਹੋਛੇ ਹਥਿਆਰਾਂ 'ਤੇ ਉਤਰ ਆਈ ਅਤੇ ਇਸ ਨੇ ਸਮੁੱਚੇ ਤੌਰ 'ਤੇ ਹੀ ਸਿਖ ਮਾਰੂ ਨੀਤੀ ਅਪਣਾਉਣ ਵੱਲ ਕਦਮ ਪੁੱਟ ਲਏ, ਜਿਸ ਦਾ ਸਿੱਟਾ ਅੰਮ੍ਰਿਤਸਰ ਅਤੇ ਪੰਜਾਬ ਭਰ ਦੇ ਕਈ ਹੋਰ ਗੁਰਦੁਆਰਿਆਂ ਅੰਦਰ ਵਰਤੇ ਖ਼ੂਨੀ ਕਾਂਡ ਹਨ।

ਸਿਖ ਮੁਖੀਆਂ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਕਿ ਸਿਖ ਭਾਰਤਵਾਸੀ ਹਨ ਅਤੇ ਦੇਸ਼ ਦੀ ਅਖੰਡਤਾ ਦੇ ਹਾਮੀ ਹਨ, ਉਨ੍ਹਾਂ ਨੂੰ ਵੱਖਵਾਦੀ ਕਹਿਣਾ ਉਨ੍ਹਾਂ ਨਾਲ ਇਕ ਵੱਡਾ ਧੱਕਾ ਹੈ। ਸਿੱਖਾਂ ਦੇ ਮੁਫ਼ਾਦ, ਭਾਰਤ ਅੰਦਰ ਹਿਮਾਲਿਆ ਤੋਂ ਧੁਰ

ਦੱਖਣ ਅਤੇ ਪੂਰਬ ਤੋਂ ਦੇਸ਼ ਦੇ ਪੱਛਮ ਤਕ ਬਿਖਰੇ ਹੋਏ ਹਨ। ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਉਹ ਸਚਖੰਡ ਹਜ਼ੂਰ ਸਾਹਿਬ (ਨੰਦੇੜ) ਅਤੇ ਸ੍ਰੀ ਹਰਿਮੰਦਰ ਪਟਨਾ ਸਾਹਿਬ ਜੈਸੇ ਆਪਣੇ ਮਹਾਨ ਤਖ਼ਤ ਸਾਹਿਬਾਨ ਤੋਂ ਲਾਂਭੇ ਹੋ ਜਾਣ? ਤਾਂ ਝਗੜਾ ਕਿਸ ਗੱਲ ਦਾ ਹੈ?

ਇਹ ਝਗੜਾ ਹੈ, ਨਿਰੋਲ ਉਨ੍ਹਾਂ ਨਾਲ ਹੋਏ ਵਿਸਾਹਘਾਤ ਦਾ ਅਤੇ ਮੰਗ ਹੈ ਉਸ ਵਿਸਾਹ ਦੀ ਬਹਾਲੀ ਦੀ। ਜੋ ਵਾਹਿਦੇ ਅਤੇ ਕੌਲ ਇਕਰਾਰ ਇੰਡੀਅਨ ਨੈਸ਼ਨਲ ਕਾਂਗਰਸ ਨੇ ਅਤੇ ਇਸ ਦੇ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਜੈਸੇ ਮੁਖੀਆਂ ਨੇ 1947 ਤੋਂ ਪਹਿਲੋਂ ਸਿੱਖਾਂ ਨਾਲ ਕੀਤੇ, ਜਿਸ ਦੇ ਲਈ ਉਨ੍ਹਾਂ ਅਨੇਕ ਵਾਰ ਸਹੁੰਆਂ ਸੌਗੰਧਾਂ ਖਾਧੀਆਂ, ਉਹ ਪੂਰੇ ਕੀਤੇ ਜਾਣ। ਉਨ੍ਹਾਂ ਕਿਹਾ ਸੀ, "ਦੇਸ਼ ਦਾ ਕੋਈ ਵਿਧਾਨ ਜਿਸ ਨੂੰ ਸਿਖ ਪ੍ਰਵਾਨ ਨਹੀਂ ਕਰਦੇ, ਨਹੀਂ ਬਣੇਗਾ।" ਉਨ੍ਹਾਂ ਕਿਹਾ ਸੀ, "ਸਿਖ ਵਿਸ਼ੇਸ਼ ਧਿਆਨ ਦੇ ਹੱਕਦਾਰ ਹਨ, ਇਸ ਲਈ ਦੇਸ਼ ਦੇ ਉੱਤਰ ਵਿਚ ਉਨ੍ਹਾਂ ਲਈ Semi-autonomous unit (ਨੀਮ ਸਵੈ-ਨਿਰਭਰ ਯੂਨਿਟ) ਸਥਾਪਤ ਕੀਤਾ ਜਾਵੇਗਾ, ਜਿਸ ਅੰਦਰ ਉਹ ਸਵੈ-ਨਿਰਭਰ ਹੋ ਸਕਣਗੇ।" ਉਨ੍ਹਾਂ ਕਿਹਾ ਸੀ, "ਘੱਟ-ਗਿਣਤੀ ਜਮਾਤਾਂ ਦੇ ਸੁਰੱਖਿਆ ਲਈ ਵਿਸ਼ੇਸ਼ ਕਾਨੂੰਨੀ ਧਾਰਾਵਾਂ ਹੋਣਗੀਆਂ," ਉਨ੍ਹਾਂ ਕਿਹਾ ਸ਼ੀ ਕਿ "ਹਿੰਦੂ ਯੂਨੀਅਨ ਅੰਦਰ ਕੁਝ ਐਸੇ ਇਲਾਕੇ ਹੋਣਗੇ ਜੋ ਕੁਝ ਵਿਸ਼ੇਸ਼ ਅਧਿਕਾਰਾਂ ਨੂੰ ਛੱਡ ਕੇ ਬਾਕੀ ਪ੍ਰਬੰਧ ਲਈ ਸਵੈ-ਨਿਰਭਰ ਹੋਣਗੇ," ਉਨ੍ਹਾਂ ਕਿਹਾ ਸੀ ਕਿ "ਪੰਜਾਬ ਅੰਦਰ ਸਿੱਖਾਂ ਦੇ ਹੱਕ ਮਹਿਫ਼ੂਜ਼ ਹੋਣਗੇ।"

ਉਸ ਸਮੇਂ ਸਿੱਖਾਂ ਨਾਲ ਅਜਿਹੇ ਕੌਲ-ਕਰਾਰ ਇਹ ਮੰਨ ਕੇ ਹੀ ਹੋਏ ਸਨ ਕਿ ਸਿਖ ਦੇਸ਼ ਅੰਦਰ ਇਕ ਘੱਟ-ਗਿਣਤੀ ਜਮਾਤ ਹੈ, ਜੋ ਇਕ ਘੱਟ-ਗਿਣਤੀ ਹੋਣ ਦੇ ਨਾਤੇ ਵਿਸ਼ੇਸ਼ ਰਿਆਇਤਾਂ (Concessions) ਦਿੱਤੇ ਜਾਣ ਦੀ ਹੱਕਦਾਰ ਹੈ, ਖ਼ਾਸ ਕਰ ਜਦੋਂ ਉਨ੍ਹਾਂ ਨੇ ਦੇਸ਼ ਆਜ਼ਾਦ ਕਰਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਤਾਂ ਹੁਣ ਉਨ੍ਹਾਂ ਕੌਲਾਂ-ਕਰਾਰਾਂ ਤੋਂ ਮੁਕਰਨਾ ਅਤੇ ਸਿੱਖਾਂ ਨੂੰ ਇਕ ਘੱਟ-ਗਿਣਤੀ ਜਮਾਤ ਨਾ ਮੰਨਣਾ (ਬਲਕਿ ਹਿੰਦੂ ਦੀ ਇਕ ਸੰਪਰਦਾ ਕਹਿਣਾ) ਕਿਵੇਂ ਸ਼ੋਭਾ ਪਾਵੇਗਾ, ਬਲਕਿ ਸਿੱਖਾਂ ਦੇ ਆਪਣੇ ਆਪ ਨੂੰ ਵੱਖਰੀ ਜਮਾਤ ਜਾਂ ਕੌਮ ਕਹਿਣ ਤੋਂ ਉਨ੍ਹਾਂ ਉਪਰ ਵੱਖਵਾਦੀ ਹੋਣ ਦਾ ਦੋਸ਼ ਦੇਣਾ ਕਿਵੇਂ ਠੀਕ ਹੈ? ਸਿੱਖਾਂ ਨਾਲ ਹੋ ਰਿਹਾ ਵਿਸ਼ਾਹਘਾਤ ਹੀ ਹੈ, ਜੋ ਸਾਰੇ ਝਗੜੇ ਦਾ ਮੂਲ ਹੈ।

ਫਿਰ ਬਜਾਏ ਇਸ ਦੇ ਕਿ ਇਹ ਵਿਸਾਹ ਬਹਾਲ ਕੀਤਾ ਜਾਂਦਾ, ਸਿੱਖਾਂ ਨਾਲ ਜੂਨ ਅਤੇ ਨਵੰਬਰ 1984 ਵਿਚ ਜੋ ਵਰਤਿਆ ਅਤੇ ਜਿਸ ਕਦਰ ਸਿੱਖਾਂ ਨੂੰ ਨੀਚਾ ਦਿਖ਼ਾਇਆ ਗਿਆ ਹੈ, ਉਸ ਦੀ ਮਿਸਾਲ ਦੁਨੀਆ ਭਰ ਅੰਦਰ ਨਹੀਂ ਮਿਲੇਗੀ।

ਤਦੇ ਹੀ ਅਸੀਂ ਇਹ ਕਹਿਣ 'ਤੇ ਮਜਬੂਰ ਹੋਏ ਹਾਂ—*ਕਿਉ ਕੀਤੋ ਵੇਸਾਹੁ*।

(2)

ਸਿਖ ਵਿਚਾਰਧਾਰਾ ਦੇ ਸੰਕਲਪ, ਯਥਾ ਇਕੋ ਇਕ ਨਿਰੰਕਾਰ ਦੀ ਉਪਾਸ਼ਨਾ ਤੇ ਗੁਰ-ਸ਼ਬਦ ਦਾ ਪਰਚਾ, ਸਰਬ-ਸਾਂਝੀਵਾਲਤਾ ਤੇ ਮਨੁੱਖੀ ਸਮਾਨਤਾ, ਵਿਚੇ ਗ੍ਰਿਹਿ ਉਦਾਸ ਅਤੇ ਸੰਤ ਸਿਪਾਹੀ ਦਾ ਸਰੂਪ ਤੇ ਲਖ਼ਸ਼ ਏਨੇ ਸਪੱਸ਼ਟ ਤੇ ਉਜਾਗਰ ਹਨ ਕਿ ਇਹ ਕਿਸੇ ਕਾਲ ਭੀ ਹਿੰਦੂ ਦੀ ਬਹੁਦੇਵ ਤੇ ਮੂਰਤੀ ਪੂਜਾ, ਜਾਤ-ਪਾਤ ਦੇ ਵਿਤਕਰੇ ਤੇ ਬ੍ਰਾਹਮਣ ਦੀ ਸਰਵਉੱਚਤਾ, ਘਰ-ਬਾਰ ਦੇ ਤਿਆਗ ਤੇ ਸੰਨਿਆਸ ਅਤੇ ਅਹਿੰਸਾ ਪਰਮੋ ਧਰਮ ਦੇ ਵਿਸ਼ਵਾਸ ਅਤੇ ਧੋਤੀ ਟਿੱਕਾ ਤੇ ਚੋਟੀ ਵਾਲੇ ਸਰੂਪ ਨਾਲ਼ ਮੁਤਾਬਕਤ ਤਥਾ ਮੇਲ ਨਹੀਂ ਰੱਖਦੇ। ਸੰਤ ਸਿਪਾਹੀ ਦੀਆਂ ਮੌਤ ਨਾਲ ਅਟਖੇਲੀਆਂ ਅਤੇ ਅਹਿੰਸਕ ਦਾ ਫੂਕ ਫੂਕ ਪੈਰ ਧਰਨਾ ਕਿਵੇਂ ਇਕੱਠੇ ਤੁਰ ਸਕਦੇ ਹਨ ? ਇਹ ਮੁੱਢਲੇ (fundamental) ਫ਼ਰਕ ਸਨ ਜਿਨ੍ਹਾਂ ਦੇ ਆਧਾਰ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਨੂੰ 'ਹਿੰਦੂ ਤੁਰਕਨ ਤੇ ਨਿਆਰਾ' ਕਿਹਾ ਅਤੇ ਸਪੱਸ਼ਟ ਤੌਰ 'ਤੇ ਇਹ ਤਾੜਨਾ ਕੀਤੀ :

> **ਜਬ ਇਹ ਗਹੈ ਬਿਪਰਨ ਕੀ ਰੀਤ ॥**
> **ਮੈਂ ਨ ਕਰੋਂ ਇਨ ਕੀ ਪਰਤੀਤ ॥**

ਅਰਥਾਤ, ਸਿਖ ਜਦ ਕਦੀ ਵੀ ਬ੍ਰਾਹਮਣੀ ਰੀਤ ਦਾ ਧਾਰਨੀ ਬਣੇਗਾ, ਮੈਂ ਇਸ ਦਾ ਵਿਸਾਹ ਨਹੀਂ ਕਰਾਂਗਾ।

ਇਹੋ ਕਾਰਨ ਸੀ ਕਿ ਸਿਖ ਦੇ ਨਿਆਰੇਪਨ ਨੂੰ ਜਦੋਂ ਵੀ ਵੰਗਾਰਿਆ ਗਿਆ, ਸਿਖ ਨੇ ਇਸ ਦੇ ਉਲਟ ਆਵਾਜ਼ ਉਠਾਈ। ਦੇਸ਼ ਅੰਦਰ ਅੰਗਰੇਜ਼ ਦੇ ਰਾਜ ਸਮੇਂ ਅਜਿਹੀ ਚਰਚਾ ਛਿੜਨ 'ਤੇ ਹੀ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਜੈਸੇ ਸਿਖ ਵਿਦਵਾਨ ਨੂੰ *ਹਮ ਹਿੰਦੂ ਨਹੀਂ* ਦੇ ਸਿਰਲੇਖ ਹੇਠ ਸਿਖ ਨੁਕਤਾ-ਨਿਗਾਹ ਪੇਸ਼ ਕਰਨ ਦੀ ਲੋੜ ਪਈ ਸੀ ਅਤੇ ਸਿੱਖਾਂ ਵੱਲੋਂ ਇਹ ਗੱਲ ਵਾਰ ਵਾਰ ਕਹੀ ਜਾਂਦੀ ਰਹੀ ਹੈ। ਅੰਗਰੇਜ਼ ਰਾਜ ਸਮੇਂ ਹਿੰਦੂ ਲੀਡਰ ਵੀ ਸਿਖ ਦੀ ਅੱਡਰੀ ਹੋਂਦ ਨੂੰ ਤਸਲੀਮ ਕਰਦੇ ਸਨ, ਤਾਂ ਹੀ ਪੰਡਤ ਨਹਿਰੂ ਜਿਹੇ ਹਿੰਦੂ ਮੁਖੀ ਤੇ ਇੰਡੀਅਨ ਨੈਸ਼ਨਲ ਕਾਂਗਰਸ

ਸਿੱਖਾਂ ਦੇ ਵਿਸ਼ੇਸ਼ ਹਕੂਕ ਦੀ ਗੱਲ ਕਰਦੇ ਰਹੇ ਸਨ, ਵਰਨਾ ਉਨ੍ਹਾਂ ਵੱਲੋਂ ਇਸ ਪ੍ਰਥਾਏ ਐਸੇ ਬਿਆਨ, ਜਿਨ੍ਹਾਂ ਦਾ ਵੇਰਵਾ ਇਸ ਲੇਖ ਦੇ ਪਹਿਲੇ ਅੰਕ ਵਿਚ ਦਿੱਤਾ ਗਿਆ ਹੈ, ਦਿੱਤੇ ਜਾਣ ਦੀ ਲੋੜ ਨਹੀਂ ਸੀ।

ਜਦੋਂ ਦੇਸ਼ ਆਜ਼ਾਦ ਹੋਇਆ ਅਤੇ ਹਿੰਦੂ ਨੂੰ ਆਪਣੀ 82 ਫ਼ੀਸਦੀ ਬਹੁ-ਸੰਮਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਇਸ ਨੂੰ ਵਿਧਾਨਕ ਪ੍ਰਵਾਨਗੀ ਦੇਂਦੇ ਹੋਏ ਸਿਖ ਉਪਰ ਹਿੰਦੂ ਕਾਨੂੰਨਾਂ ਦੀਆਂ ਧਾਰਾਵਾਂ ਲਾਗੂ ਕਰ ਦਿੱਤੀਆਂ ਅਤੇ ਇਸ ਤਰ੍ਹਾਂ ਸਿਖ ਦੇ ਨਿਆਰੇਪਨ, ਜਿਸ ਨੂੰ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ ਤੋਂ ਹਿੰਦੂ ਚੈਲੰਜ ਕਰਦੇ ਆ ਰਹੇ ਸਨ, ਦੇ ਹਮੇਸ਼ਾ ਲਈ ਭੋਗ ਪਾ ਦੇਣ ਦਾ ਇਨ੍ਹਾਂ ਤਹੱਈਆ ਕਰ ਲਿਆ। ਇਹ ਸਿਖ ਨੂੰ ਬ੍ਰਾਹਮਣੀ ਰਹੁ-ਰੀਤਾਂ ਦੇ ਧਾਰਨੀ ਬਣਾ ਲੈਣ ਦਾ ਰਾਹ ਖੋਲ੍ਹਣ ਦਾ ਅਰੰਭਕ ਫੇਅਲ (ਕਰਤੱਵ) ਸੀ। ਸਿਖ ਨੇ ਇਸ ਨੂੰ ਭਾਂਪਦੇ ਹੋਏ 'ਸਿਖ ਇਕ ਵੱਖਰੀ ਕੌਮ' ਦਾ ਨਾਹਰਾ ਲਾ ਦਿੱਤਾ, ਜਿਸ ਨੇ ਸਿਖ ਦੇ ਵੱਖਵਾਦੀ ਹੋਣ ਦਾ ਇਲਜ਼ਾਮ ਇਸ 'ਤੇ ਮੜ੍ਹ ਕੇ, ਇਸ ਨੂੰ ਦੇਸ਼-ਧ੍ਰੋਹੀ, ਖ਼ਾਲਿਸਤਾਨੀ ਅਤੇ ਦੇਸ਼ ਦੀ ਅਖੰਡਤਾ ਦਾ ਦੁਸ਼ਮਣ ਹੋਣ ਦੇ ਨਾਮ ਦੇਣੇ ਸ਼ੁਰੂ ਕਰ ਦਿੱਤੇ, ਹਾਲਾਂਕਿ ਸਿਖ ਦਾ ਆਪਣੇ ਆਪ ਨੂੰ ਹਿੰਦੂ ਤੋਂ ਵੱਖਰਾ ਦਰਸਾਉਣਾ ਇਕ ਨਿਰੋਲ ਧਾਰਮਿਕ ਨੁਕਤਾ ਸੀ, ਜੋ ਸਿਖ ਤੇ ਹਿੰਦੂ ਦੇ ਮੁੱਢਲੇ (fundamental) ਫ਼ਰਕ ਦਾ ਹੀ ਲਖਾਇਕ ਸੀ। ਸਿਖ ਦੇ ਹਿੰਦੂ ਤੋਂ ਇਸ ਧਾਰਮਿਕ ਵਖਰੇਵੇਂ ਨੂੰ ਜਤਾਉਣ ਨੂੰ ਏਨਾ ਉਛਾਲਿਆ ਗਿਆ ਹੈ ਕਿ ਉਸੇ ਸਿਖ, ਜਿਸ ਬਾਰੇ ਲਾਲਾ ਲਾਜਪਤ ਰਾਏ ਵਰਗਾ ਸੱਜਣ ਕਹਿੰਦਾ ਗਿਆ ਸੀ ਕਿ :

ਸ੍ਵੈ ਰਾਜ ਕਾ ਜੋ ਰਾਜ ਹੋ ਅਪਨੇ ਦੇਸ਼ ਮੇਂ,
ਹੋਗਾ ਤੁਮਾਰੇ ਹਾਥ ਮੇਂ ਝੰਡਾ ਅਕਾਲੀਓ।

(ਵੇਖੋ 'ਬੰਦੇ ਮਾਤਰਮ' ਅਖ਼ਬਾਰ 1922)

ਅੱਜ ਉਸਨੂੰ ਦੇਸ਼ ਦਾ ਅਤੇ ਦੇਸ਼ ਦੇ ਬਹੁ-ਸੰਖਿਆ ਸਮਾਜ ਦਾ ਦੁਸ਼ਮਣ ਸਮਝਿਆ ਗਿਆ ਹੈ ਅਤੇ ਸਿਖ ਦੀ ਹਰ ਮੰਗ, ਭਾਵੇਂ ਇਹ ਪੰਜਾਬੀ ਬੋਲਦੇ ਲੋਕਾਂ ਨੂੰ ਅਤੇ ਪੰਜਾਬ ਦੀ ਰਾਜਧਾਨੀ ਨੂੰ ਪੰਜਾਬ ਅੰਦਰ ਸ਼ਾਮਲ ਕਰਨ ਦੀ ਹੈ, ਜਾਂ ਸਿਖ ਧਰਮ ਦੇ ਅੰਦਰੂਨੀ ਮਸਲਿਆਂ ਦੀ ਹੈ, ਜਾਂ ਪੰਜਾਬ ਨੂੰ ਵੱਧ ਅਧਿਕਾਰ ਅਤੇ ਰੁਜ਼ਗਾਰ ਦਿਵਾਉਣ ਦੀ ਹੈ, ਇਹ ਸਾਰੀਆਂ ਅਤੇ ਅਜਿਹੀਆਂ ਹੋਰ ਮੰਗਾਂ, ਪੰਜਾਬ ਅੰਦਰ ਵੱਸਦੇ ਹਿੰਦੂ ਨੂੰ ਨਹੀਂ ਭਾਉਂਦੀਆਂ ਅਤੇ ਸਿਖ ਨੂੰ ਹਿੰਦੂ ਦਾ ਵੈਰੀ ਸਮਝਿਆ ਜਾ ਰਿਹਾ ਹੈ।

ਇਹ ਗੱਲ ਨਿਸ਼ਚੇ ਤੌਰ 'ਤੇ ਜਾਣ ਲੈਣ ਵਾਲੀ ਹੈ ਕਿ ਹਿੰਦੂ ਨਾਲ ਧਾਰਮਿਕ ਵਖਰੇਵਾਂ ਰੱਖਦੇ ਹੋਏ ਵੀ ਸਿਖ ਦੀ ਪੈਦਾਇਸ਼, ਸਿਖ ਦਾ ਵਰਤਣ-ਵਿਹਾਰ, ਸਿਖ ਦੀ ਮਾਤ-ਭਾਸ਼ਾ ਅਤੇ ਸਿਖ ਦਾ ਕਲਚਰ ਪੰਜਾਬ ਦੀ ਸਮੂਹ ਹਿੰਦੂ ਸ਼੍ਰੇਣੀ ਵਾਂਗ ਪੰਜਾਬੀ

ਹੈ ਅਤੇ ਸਿਖ ਦੇ ਜਨਮ-ਕਾਲ ਤੋਂ ਸਿਖ ਤੇ ਹਿੰਦੂ ਰਲ ਵੱਸਦੇ ਆਏ ਹਨ, ਬਲਕਿ ਉਨ੍ਹਾਂ ਦੇ ਵੱਡੇ-ਵਡੇਰੇ ਪੰਜ ਸੌ ਸਾਲ ਤੋਂ ਪਹਿਲਾਂ ਹਿੰਦੂ ਹੀ ਸਨ। ਧਰਮ ਵਿਸ਼ਵਾਸ ਬਦਲ ਜਾਣ ਨਾਲ ਸਿਖ ਦੇ ਪੰਜਾਬੀ ਹੋਣ ਜਾਂ ਉਨ੍ਹਾਂ ਦੀ ਭਾਸ਼ਾ, ਕਲਚਰ ਅਤੇ ਨਿਤਾਪ੍ਰਤੀ ਦੁਨਿਆਦਾਰੀ, ਵਰਤਣ-ਵਿਹਾਰ ਵਿਚ ਤਾਂ ਕੋਈ ਤਬਦੀਲੀ ਨਹੀਂ ਆਈ ਸੀ। ਇਹੋ ਕਾਰਨ ਸੀ ਕਿ ਦੇਸ਼-ਵੰਡ ਸਮੇਂ ਸਿਖ ਨੇ ਆਪਣਾ ਭਵਿੱਖ ਮੁਸਲਮਾਨੀ ਦੇਸ਼ ਪਾਕਿਸਤਾਨ ਦੀ ਬਜਾਏ ਭਾਰਤ ਦੇ ਹਿੰਦੂ ਨਾਲ ਜੋੜਿਆ, ਜਿਸ ਦਾ ਨਤੀਜਾ ਸੀ ਕਿ ਪੰਜਾਬ ਦਾ ਕਾਫ਼ੀ ਵੱਡਾ ਹਿੱਸਾ 29 ਵਿਚੋਂ 15 ਜ਼ਿਲੇ ਭਾਰਤ ਨਾਲ ਜੁੜੇ। ਸਿੱਖਾਂ ਨੂੰ ਆਪਣੇ ਨਾਲ ਮਿਲਾਉਣ ਦੀ ਅਹਿਮੀਅਤ ਨੂੰ ਸਮਝਦੇ ਹੋਏ ਹੀ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵਾਰ ਵਾਰ ਸਿੱਖਾਂ ਦੇ ਵੱਖਰੇ ਹੱਕਾਂ ਦੀ ਰਖਵਾਲੀ ਦਾ ਭਰੋਸਾ ਇਨ੍ਹਾਂ ਨੂੰ ਦੇਂਦੇ ਰਹੇ, ਜਿਸ ਦਾ ਵਿਸਥਾਰ-ਪੂਰਬਕ ਵਰਣਨ ਪਿੱਛੇ ਹੋ ਚੁੱਕਾ ਹੈ। ਸਿੱਖਾਂ ਤੇ ਹਿੰਦੂਆਂ ਵਿਚਾਲੇ ਅੰਤਰ ਹੋ ਜਾਣ ਦਾ ਕਾਰਨ ਭੀ ਅਸੀਂ ਦੱਸ ਚੁੱਕੇ ਹਾਂ।

ਪ੍ਰੰਤੂ ਇਸ ਸਾਰੀ ਵਿਖੇਪਤਾ ਦਾ ਮੂਲ ਕਾਰਨ ਦੇਸ਼ ਅੰਦਰ ਹਿੰਦੂ ਦੀ 82 ਫ਼ੀਸਦੀ ਬਹੁ-ਸੰਖਿਆ ਰੱਖਣ ਕਾਰਨ, ਹਿੰਦੂ ਦੇ ਹਾਕਮ (ruling nation) ਹੋਣ ਅਤੇ ਸਿਖ, ਮੁਸਲਮਾਨ ਆਦਿ ਹਿੰਦੂ ਦੀ ਰਿਆਇਆ ਹੋਣ ਦਾ, ਹਿੰਦੂ ਨੂੰ ਅਹਿਸਾਸ ਹੋਣਾ ਸੀ। ਸ੍ਰੀ ਨਿਰਾਦ ਚੌਧਰੀ ਦਾ ਇਹ ਕਹਿਣਾ ਕਿ "Hindus are the masters-rulers of India and they are fully aware of it perhaps over aware." ਅਰਥਾਤ, "ਹਿੰਦੂ ਹਿੰਦੁਸਤਾਨ ਦੇ ਮਾਲਕ ਤੇ ਹੁਕਮਰਾਨ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਗਿਆਨ, ਸ਼ਾਇਦ ਲੋੜ ਤੋਂ ਵੱਧ ਗਿਆਨ ਹੈ, ਇਹੋ ਸਿੱਧ ਕਰਦਾ ਹੈ।"

ਜਦੋਂ ਰਲ ਵੱਸਦੀਆਂ ਦੋ ਸ਼੍ਰੇਣੀਆਂ ਵਿਚੋਂ ਇਕ ਦਾ ਦ੍ਰਿੜ ਵਿਸ਼ਵਾਸ ਅਤੇ ਅਹਿਸਾਸ ਹੋਵੇ ਕਿ ਉਹ ਹਾਕਮ ਹਨ ਅਤੇ ਘੱਟ-ਗਿਣਤੀ ਵਾਲੇ ਉਨ੍ਹਾਂ ਦੀ ਰਿਆਇਆ (ਅਥਵਾ ਗ਼ੁਲਾਮਾਂ ਦੇ ਥਾਂ ਹਨ) ਤਾਂ ਉਨ੍ਹਾਂ ਦੋਹਾਂ ਦਾ ਇਕੋ ਪੱਧਰ ਅਤੇ ਸਮਾਨ ਸਥਿਤੀ 'ਤੇ ਰਹਿਣਾ ਕਿਵੇਂ ਸੰਭਵ ਹੋ ਸਕਦਾ ਹੈ। ਇਹ ਕੋਈ ਬਹੁਤੇ ਪਰਦੇ ਵਾਲੀ ਗੱਲ ਨਹੀਂ, ਬੜਾ ਸਿੱਧਾ ਸਾਦਾ ਅੰਕੜਿਆਂ ਨੂੰ ਸਮਝ ਲੈਣ ਵਾਲਾ ਸਵਾਲ ਹੈ। ਇਕ ਬੰਨੇ 82 ਬੰਦੇ ਖੜੇ ਹੋਣ ਅਤੇ ਦੂਜੇ ਪਾਸੇ ਇਕ ਜਾਂ ਵੱਧ ਤੋਂ ਵੱਧ ਦੋ ਤਾਂ ਆਖ਼ਰ ਹੁਕਮ ਤਾਂ 82 ਦਾ ਹੀ ਚੱਲਣਾ ਹੈ। ਇਹੋ ਹੀ ਇਕ ਨੁਕਤਾ ਸੀ ਜਿਸ ਨੇ 82 ਬੰਦਿਆਂ ਦੀ ਸਾਜੀ ਹਕੂਮਤ ਤੋਂ ਉਹ ਸਾਰਾ ਕੁਝ ਕਰਵਾਇਆ, ਜਿਸ ਦਾ ਸੰਖੇਪ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ।

ਦੂਜੇ ਬੰਨੇ ਵਾਹ ਉਨ੍ਹਾਂ ਲੋਕਾਂ ਨਾਲ ਪੈ ਗਿਆ ਜੋ ਭਾਵੇਂ ਇਕ ਜਾਂ ਦੋ ਹੀ ਹਨ, ਪਰ ਈਨ ਨਾ ਮੰਨਣ ਕਿਸੇ ਦੀ, ਜੋ ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ ਵਿਚ :

ਇਹ ਬੇਪ੍ਰਵਾਹ ਪੰਜਾਬ ਦੇ,
ਮੌਤ ਨੂੰ ਮਖ਼ੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ,
ਪਿਆਰ ਨਾਲ ਇਹ ਕਰਨ ਗ਼ੁਲਾਮੀ,
ਪਰ ਟੈਂ ਨ ਮੰਨਣ ਕਿਸੇ ਦੀ,
ਖਲੋ ਜਾਣ ਮੋਢੇ 'ਤੇ ਡਾਂਗਾਂ ਉਲਾਰਦੇ।

ਜਦੋਂ ਦੇਸ਼ ਦੀ ਹਿੰਦੂ ਸਰਕਾਰ ਨੇ ਇਨ੍ਹਾਂ ਬੇਪਰਵਾਹਾਂ ਪਾਸੋਂ ਪੰਜਾਬ ਦੀ ਪੰਜਾਬੀ ਬੋਲਦੀ ਧਰਤੀ ਖੋਹ ਲਈ, ਰਾਜਧਾਨੀ ਖੋਹ ਲਈ, ਪੰਜਾਬ ਦੇ ਪਾਣੀ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਇਹ ਗ਼ੈਰ-ਪੰਜਾਬੀ ਇਲਾਕਿਆਂ ਵਿਚ ਵੰਡਣਾ ਸ਼ੁਰੂ ਕਰ ਦਿੱਤਾ, ਬਲਕਿ ਰਹਿੰਦਾ ਪਾਣੀ ਵੀ ਗ਼ੈਰਾਂ ਨੂੰ ਦੇ ਦੇਣ ਦੀ ਠਾਣ ਲਈ, ਇਨ੍ਹਾਂ ਦੀ ਮਾਂ-ਬੋਲੀ ਦੇ ਵਿਹੜੇ ਸੌਂਕਣ ਲਿਆ ਵਾੜਨ ਦੇ ਬਾਨ੍ਹਣੂ ਬੰਨ੍ਹਣੇ ਸ਼ੁਰੂ ਕਰ ਦਿੱਤੇ ਅਤੇ ਇਨ੍ਹਾਂ ਦੇ ਜ਼ਿੰਮੇਵਾਰ ਕਰਤੇ ਧਰਤੇ ਇਹ ਕਹਿਣ ਲੱਗ ਗਏ ਕਿ ਹੁਣ ਸਿਖ ਦੀ ਭਲਾਈ ਇਸੇ ਵਿਚ ਹੈ ਕਿ ਉਹ ਆਪਣੀ ਨਿਆਰੀ ਹੋਂਦ ਨੂੰ ਛੱਡ ਕੇ ਹਿੰਦੂ ਧਰਮ ਦੀ ਸਰਬ-ਪੱਖੀ ਜਮਹੂਰੀਅਤ ਵਿਚ ਸ਼ਾਮਲ ਹੋ ਜਾਣ ਤਾਂ ਪੰਜਾਬ ਦੇ ਇਹ ਬੇਪਰਵਾਹ ਇਹ ਕਹਿਣ ਲਈ ਮਜਬੂਰ ਹੋ ਗਏ ਕਿ 'ਸਿਖ ਇਕ ਵੱਖਰੀ ਕੌਮ ਹੈ'। ਉਨ੍ਹਾਂ ਦੇ ਇਹ ਕਹਿਣ ਦੀ ਦੇਰ ਸੀ ਕਿ ਉਨ੍ਹਾਂ ਦੇ ਉਲਟ ਵੱਖਵਾਦੀ, ਦੇਸ਼-ਧ੍ਰੋਹੀ, ਅਤਿਵਾਦੀ ਤੇ ਖ਼ਾਲਿਸਤਾਨੀ ਹੋਣ ਦਾ ਤੂਫ਼ਾਨ ਖੜਾ ਹੋ ਗਿਆ। ਦੇਸ਼, ਖ਼ਾਸ ਕਰ ਪੰਜਾਬ ਦੇ ਹਿੰਦੂ ਅਖ਼ਬਾਰਾਂ ਨੇ ਸਮੁੱਚੇ ਤੌਰ 'ਤੇ ਸਿੱਖਾਂ ਨੂੰ ਇਨ੍ਹਾਂ ਨਾਮਾਂ ਨਾਲ ਭੰਡਣਾ ਸ਼ੁਰੂ ਕਰ ਦਿੱਤਾ। ਭਾਵੇਂ ਸਿੱਖਾਂ ਦੀ ਇਕੋ ਇਕ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਨਿਰਪੱਖ ਸਿਖ ਸੰਸਥਾਵਾਂ ਨੇ ਵਾਰ ਵਾਰ ਆਪਣੇ ਵੱਖਵਾਦੀ ਜਾਂ ਖ਼ਾਲਿਸਤਾਨੀ ਹੋਣ ਤੋਂ ਇਨਕਾਰ ਕਰਦੇ ਹੋਏ ਭਾਰਤ ਦੇ ਸ਼ਹਿਰੀ ਹੋਣ ਅਤੇ ਸ਼ਹਿਰੀ ਰਹਿਣ ਦਾ ਦਾਅਵਾ ਕੀਤਾ, ਪ੍ਰੰਤੂ ਹਿੰਦੂ ਪ੍ਰੈਸ ਤੇ ਸਰਕਾਰ ਦੇ ਵਰਤਾਉ ਵਿਚ ਕੋਈ ਫ਼ਰਕ ਨਾ ਪਿਆ ਅਤੇ ਸਰਕਾਰ ਨੇ ਸਿਖ ਨੌਜਵਾਨ ਸੰਸਥਾਵਾਂ ਯਥਾ ਖ਼ਾਲਸਾ ਦਲ, ਸਿਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਖ਼ਿਲਾਫ਼-ਕਾਨੂੰਨ ਜਮਾਤਾਂ ਕਰਾਰ ਦੇ ਕੇ ਇਨ੍ਹਾਂ ਦੇ ਮੈਂਬਰਾਂ ਨੂੰ ਫੜਨਾ ਅਰੰਭ ਦਿੱਤਾ। ਅਤੇ ਕਈਆਂ ਨੂੰ ਫ਼ਰਜ਼ੀ (fake) ਪੁਲੀਸ-ਮੁਕਾਬਲਿਆਂ ਦੇ ਨਾਮ ਹੇਠ ਮਾਰ ਦਿੱਤਾ। ਸਰਕਾਰ ਦੇ ਐਸੇ ਵਰਤਾਰੇ ਨੇ ਕਈਆਂ ਨੂੰ ਰੂਪੋਸ਼ ਹੋ ਜਾਣ 'ਤੇ ਮਜਬੂਰ ਕਰ ਦਿੱਤਾ। ਜਦੋਂ ਸਰਕਾਰ ਇਸ ਤਰ੍ਹਾਂ ਰੂਪੋਸ਼ ਹੋ ਗਏ ਨੌਜਵਾਨਾਂ ਦੀ ਭਾਲ ਵਿਚ ਉਨ੍ਹਾਂ ਦੇ ਘਰਾਂ ਦੀਆਂ ਤਲਾਸ਼ੀਆਂ ਅਤੇ ਉਨ੍ਹਾਂ ਦੇ ਮਾਂ-ਬਾਪ ਭੈਣਾਂ-ਭਰਾਵਾਂ ਉਪਰ ਸਖ਼ਤੀ ਕਰਨ 'ਤੇ ਉਤਰ ਆਈ ਅਤੇ ਪੁਲੀਸ ਕਰਮਚਾਰੀ ਸਭ ਤਰ੍ਹਾਂ ਦੇ ਇਖ਼ਲਾਕੀ ਬੰਧਨਾਂ ਨੂੰ ਛਿੱਕੇ ਧਰ, ਉਨ੍ਹਾਂ ਦੀਆਂ ਮਾਵਾਂ ਭੈਣਾਂ ਦੀ ਸਰੇ-ਬਾਜ਼ਾਰ ਬੇਪਤੀ

ਕਰਨ ਲੱਗ ਗਏ ਤਾਂ 'ਮਰਦਾ ਕੀ ਨ ਕਰਦਾ' ਦੀ ਮਜਬੂਰੀ ਨੇ ਇਨ੍ਹਾਂ ਨੂੰ ਅਤਿਵਾਦੀ ਬਣ ਜਾਣ ਦੇ ਰਾਹੇ ਪਾਇਆ ਅਤੇ ਉਨ੍ਹਾਂ ਨਿਰੋਲ ਬਦਲੇ ਦੀ ਸਪਿਰਿਟ ਨਾਲ ਪੁਲੀਸ ਕਰਮਚਾਰੀਆਂ ਨਾਲ ਟਕਰਨਾ ਸ਼ੁਰੂ ਕੀਤਾ। ਡਾ: ਲਾਲਵਾਨੀ ਅਤੇ ਸ੍ਰੀ ਆਇੰਗਰ ਆਦਿ ਵੱਲੋਂ ਛਪੀ ਰਿਪੋਰਟ 'An Independent Study of Hindu-Sikh Conflict' ਵਿਚ ਦਰਜ ਹੈ ਕਿ "Extremists activities have emerged mainly attributed to Police atrocities." ਅਰਥਾਤ, "ਪੁਲੀਸ ਵੱਲੋਂ ਕੀਤੇ ਗਏ ਜ਼ੁਲਮ ਕਾਰਨ ਸਨ, ਅਤਿਵਾਦੀਆਂ ਵੱਲੋਂ ਕੀਤੀਆਂ ਕਾਰਵਾਈਆਂ ਦੇ।" ਉਨ੍ਹਾਂ ਆਪਣੀ ਜਾਨ ਤਾਂ ਤਲੀ 'ਤੇ ਰੱਖੀ ਹੀ ਹੋਈ ਸੀ, ਐਸੀ ਹਾਲਤ ਵਿਚ ਉਨ੍ਹਾਂ ਨੂੰ ਪੁਲੀਸ ਦਾ ਭੈ ਨਾ ਰਿਹਾ ਅਤੇ ਆਪਣੀਆਂ ਮਾਵਾਂ ਭੈਣਾਂ ਦੀ ਬੇਇੱਜ਼ਤੀ ਦਾ ਮੁੱਲ ਚੁਕਾਉਣ ਦੀ ਉਨ੍ਹਾਂ ਠਾਣ ਲਈ। ਐਸੇ ਬੰਦਿਆਂ ਲਈ ਲੋੜੀਂਦਾ ਅਸਲਾ ਲੱਭ ਲੈਣਾ ਅਤੇ ਆਪਣੇ ਛੁਪਣ ਦੇ ਗੁਪਤ ਥਾਂ ਭਾਲ ਲੈਣਾ ਨਾ ਮੁਸ਼ਕਲ ਸੀ ਅਤੇ ਨਾ ਨਾਜਾਇਜ਼, ਕਿਉਂਕਿ ਉਨ੍ਹਾਂ ਦੇ ਅੰਦਰ ਬਦਲੇ ਦੀ ਅੱਗ ਲੱਟ ਲੱਟ ਬਲ ਰਹੀ ਸੀ। ਪੰਜਾਬੀ ਸੁਭਾਵ ਸਮੁੱਚੇ ਤੌਰ 'ਤੇ ਹੀ ਕਿਸੇ ਦੀ ਟੈਂ ਮੰਨਣ ਵਾਲਾ ਨਹੀਂ, ਪਰ ਜਦੋਂ ਵਿਰੋਧੀ ਹੋਛੇ ਹਥਿਆਰਾਂ 'ਤੇ ਉਤਰ ਖਲੋਤੇ ਹੋਣ ਤਾਂ ਇਨ੍ਹਾਂ ਦਾ ਮੋਢੇ ਡਾਂਗਾਂ ਉਲਾਰਦੇ ਹੋਣਾ ਅਨੋਖੀ ਗੱਲ ਨਹੀਂ ਸੀ। ਇਕ ਗੱਲ, ਜਿਸ ਦਾ ਅਸੀਂ ਪਹਿਲੇ ਜ਼ਿਕਰ ਕਰ ਚੁੱਕੇ ਹਾਂ, ਇਨ੍ਹਾਂ ਨੇ ਨਿਹੱਥੇ ਤੇ ਬੇਦੋਸ਼ੇ ਹਿੰਦੂਆਂ ਦਾ ਨਿਖੇੜਾ ਕਰ ਕੇ ਉਨ੍ਹਾਂ ਨੂੰ ਹਰਗਿਜ਼ ਨਹੀਂ ਮਾਰਿਆ ਹੋਣਾ। ਇਹ ਗੱਲ ਸਿਖ ਦੇ ਖ਼ੂਨ ਵਿਚ ਹੈ ਹੀ ਨਹੀਂ। ਪੰਜ ਸੌ ਸਾਲ ਦਾ ਸਾਰਾ ਸਿਖ ਕਾਂਡ ਇਸ ਦਾ ਗਵਾਹ ਹੈ ਅਤੇ ਤੁਹਾਨੂੰ ਇਕ ਭੀ ਐਸੀ ਮਿਸਾਲ ਨਹੀਂ ਮਿਲੇਗੀ ਜਿਸ ਵਿਚ ਸਿਖ ਨੇ ਕਿਸੇ ਬੇਦੋਸ਼ੇ ਨਿਹੱਥੇ ਉਪਰ ਬਿਨਾਂ ਵਜ੍ਹਾ ਵਾਰ ਕੀਤਾ ਹੋਵੇ, ਜੈਸਾ ਕਿ ਵਰਤਮਾਨ ਸਮੇਂ ਬੱਸਾਂ ਦੇ ਮੁਸਾਫ਼ਰਾਂ ਉਪਰ ਅਤਿਵਾਦੀਆਂ ਵੱਲੋਂ ਕੀਤੇ ਜਾਣ ਦਾ ਦੋਸ਼ ਸਿੱਖਾਂ ਨੂੰ ਦਿੱਤਾ ਗਿਆ ਹੈ। ਆਪਣੇ ਵਰਗੇ ਜਾਂ ਆਪਣੇ ਤੋਂ ਬਲਵਾਨ ਨਾਲ ਟੱਕਰ ਲੈਣ ਤੋਂ ਸਿਖ ਨੂੰ ਕਦੀ ਗੁਰੇਜ਼ ਨਹੀਂ ਹੋਇਆ, ਪ੍ਰੰਤੂ ਆਪ ਤੋਂ ਹੀਣੇ ਅਤੇ ਨਿਹੱਥੇ ਦੇ ਉਲਟ ਹੱਥ ਉਠਾਉਣ ਤੋਂ ਸਿਖ ਨੂੰ ਵਰਜਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਜਾਬਰ ਹਮਲਾਵਰ ਵੱਲੋਂ ਨਿਹੱਥੀ ਰਿਆਇਆ ਨੂੰ ਮਾਰੇ ਜਾਂਦੇ ਵੇਖ ਕੇ ਆਹ ਦਾ ਨਾਹਰਾ ਮਾਰਿਆ ਤੇ ਰਿਆਇਆ ਦੀ ਵਿਲਕਣਾ ਨੂੰ ਇਉਂ ਦਰਸਾਇਆ ਸੀ :

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ *(ਪੰਨਾ 360)*

ਪਰ ਜੇ ਬਲਵਾਨ ਸ਼ੇਰ ਗਊਆਂ ਬੱਕਰੀਆਂ ਦੇ ਵਗ 'ਤੇ ਪੈ ਜਾਏ ਤਾਂ ਉਸ ਵਗ ਦਾ ਮਾਲਕ ਇਸ ਦੇ ਲਈ ਜਵਾਬ-ਦੇਹ ਹੋਵੇਗਾ :

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥ *(ਪੰਨਾ 360)*

'ਪੁਲੀਸ ਵੱਲੋਂ ਕੀਤੇ ਗਏ ਜ਼ੁਲਮ ਕਾਰਨ ਸਨ, ਅਤਿਵਾਦੀਆਂ ਵੱਲੋਂ ਕੀਤੀਆਂ ਕਾਰਵਾਈਆਂ ਦੇ।' ਇਸ ਦੀ ਪੁਸ਼ਟੀ ਇਸ ਗੱਲ ਤੋਂ ਭੀ ਹੁੰਦੀ ਹੈ ਕਿ ਸਿੱਖਾਂ ਦੇ ਧਰਮ ਯੁੱਧ ਡਿਕਟੇਟਰ ਵੱਲੋਂ ਵਾਰ ਵਾਰ ਇਹ ਗੱਲ ਦੁਹਰਾਉਣ ਅਤੇ ਇਸ ਦੀ ਜੁਡੀਸ਼ਲ ਜਾਂਚ ਕਰਾਏ ਜਾਣ ਦੀ ਮੰਗ ਕੀਤੇ ਜਾਣ ਦੇ ਬਾਵਜੂਦ ਸਰਕਾਰ ਨੂੰ ਅਜਿਹੀ ਜਾਂਚ ਕਰਾਉਣ ਦਾ ਹੌਂਸਲਾ ਨਹੀਂ ਪਿਆ, ਕਿਉਂਕਿ ਸਰਕਾਰ ਨੂੰ ਖ਼ੁਦ ਇਸ ਵਿਚ ਸ਼ੱਕ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭੀ ਆਪਣਾ ਅਤੇ ਆਪਣੇ ਸਾਜੇ ਖ਼ਾਲਸੇ ਦਾ ਕਰਮ ਇਨ੍ਹਾਂ ਸ਼ਬਦਾਂ ਅੰਦਰ ਵਰਣਨ ਕੀਤਾ ਸੀ:

ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥੪੩॥ *(ਬਚਿਤ੍ਰ ਨਾਟਕ, ਅਧਿਆਇ 6)*

ਗੁਰੂ ਜੀ ਦੇ ਸਮੇਂ ਅਤੇ ਉਨ੍ਹਾਂ ਤੋਂ ਪਿੱਛੋਂ ਭੀ ਸਿੱਖਾਂ ਨੇ ਗੁਰੂ ਜੀ ਦੇ ਇਸ ਆਦੇਸ਼ 'ਤੇ ਆਪਣੀ ਜਾਨ ਨਾਲ ਪਹਿਰਾ ਦਿੱਤਾ ਹੈ। ਇਨ੍ਹਾਂ ਗੱਲਾਂ ਦਾ ਸਬੂਤ ਸਮੇਂ ਦੇ ਇਤਿਹਾਸਕਾਰਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਲਿਖਾਰੀ ਕਾਜ਼ੀ ਨੂਰ ਮੁਹੰਮਦ ਦੀਆਂ ਲਿਖਤਾਂ ਤੋਂ ਮਿਲ ਜਾਂਦਾ ਹੈ। ਸਾਡਾ ਇਹ ਕੁਝ ਲਿਖਣ ਦਾ ਭਾਵ ਹੈ ਕਿ ਸਿੱਖਾਂ ਉੱਤੇ ਨਿਹੱਥੇ ਤੇ ਬੇਦੋਸ਼ੇ ਹਿੰਦੂਆਂ ਦੇ ਕਤਲ ਦਾ ਦੋਸ਼ ਦੇਣਾ, ਉਨ੍ਹਾਂ ਨਾਲ ਓਨੀ ਹੀ ਬੇਇਨਸਾਫ਼ੀ ਹੈ ਜਿਤਨੀ ਸਿਖ ਇਕ ਵੱਖਰੀ ਕੌਮ ਕਹਿਣ ਵਾਲੇ ਹਰ ਸਿਖ ਨੂੰ ਖ਼ਾਲਿਸਤਾਨੀ ਜਾਂ ਵੱਖਵਾਦੀ ਕਹਿਣਾ। ਜ਼ਰਾ ਸੋਚਣ ਦੀ ਗੱਲ ਹੈ ਕਿ ਆਜ਼ਾਦੀ ਉਪ੍ਰੰਤ 30-32 ਸਾਲ ਸਿੱਖਾਂ ਨੇ ਵੱਖਰੀ ਕੌਮ ਹੋਣ ਦੀ ਆਵਾਜ਼ ਨਾ ਉਠਾਈ ਅਤੇ ਹੁਣ ਤਿੰਨ ਚਾਰ ਸਾਲ ਤੋਂ ਹੀ ਇਉਂ ਕਹਿਣਾ ਸ਼ੁਰੂ ਕੀਤਾ ਹੈ ਤਾਂ ਇਸ ਦਾ ਕੋਈ ਕਾਰਨ ਹੋਏਗਾ।

ਇਹ ਕਾਰਨ ਡਾਕਟਰ K.T. Lalvani (London) ਅਤੇ S. Raghunath Iyengar ਦੇ 'An Independent Study of Hindu-Sikh Conflict in Punjab' ਦੇ ਲੇਖ ਵਿਚ ਹੇਠ ਲਿਖੇ ਸ਼ਬਦਾਂ ਵਿਚ ਲੱਭਦਾ ਹੈ:

> "Anti-Sikh policies and activities of Arya-Samaj are responsible for alienating the Sikh from Hindu society and pushing more Sikhs into saying that they are not Hindus...
>
> "Hindus alienated themselves from the Sikhs by adopting the Hindi language of which the majority then had little knowledge, if any. This unfortunate development was the beginning of friction between the two communities.

"The support of the Nirankari movement by the Arya-Samaj was a deliberate move against the Sikh religion."

ਅਰਥਾਤ, "ਆਰੀਆ ਸਮਾਜ ਦੀਆਂ ਸਿਖ-ਵਿਰੋਧੀ ਨੀਤੀਆਂ ਅਤੇ ਕਾਰਵਾਈਆਂ ਜ਼ਿੰਮੇਵਾਰ ਹਨ ਸਿੱਖਾਂ ਨੂੰ ਹਿੰਦੂ ਸੁਸਾਇਟੀਆਂ ਤੋਂ ਦੂਰ ਕਰਨ ਅਤੇ ਉਨ੍ਹਾਂ ਵਿਚੋਂ ਹੋਰ ਸਿੱਖਾਂ ਨੂੰ ਇਹ ਕਹਿਣ ਲਈ ਮਜਬੂਰ ਕਰਨ ਦੇ ਕਿ ਉਹ ਹਿੰਦੂ ਨਹੀਂ ਹਨ।

"ਹਿੰਦੂਆਂ ਨੇ ਆਪਣੀ ਮਾਤ-ਭਾਸ਼ਾ ਹਿੰਦੀ, ਜਿਸ ਦੀ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਜਾਣ-ਪਛਾਣ ਭੀ ਨਹੀਂ ਸੀ, ਅਖ਼ਤਿਆਰ ਕਰ ਕੇ ਆਪਣੇ ਆਪ ਨੂੰ ਸਿੱਖਾਂ ਤੋਂ ਨਿਖੇੜ ਲਿਆ। ਇਨ੍ਹਾਂ ਦੋਹਾਂ ਹਿੰਦੂ ਅਤੇ ਸਿੱਖਾਂ ਵਿਚ ਪਾੜਾ ਪੈਣਾ ਅਰੰਭ ਹੋਇਆ ਹੈ ਇਸ ਮੰਦਭਾਗੀ ਫੇਅਲ ਤੋਂ।

"ਫਿਰ ਆਰੀਆ ਸਮਾਜ ਵੱਲੋਂ ਸਿਖ ਧਰਮ ਦੇ ਵਿਰੁੱਧ ਨਿਰੰਕਾਰੀ ਲਹਿਰ ਦੀ ਪਿੱਠ ਪੂਰਨ ਦਾ ਕਰਤੱਵ ਇਕ ਸੋਚੀ ਸਮਝੀ ਜਾਣ ਬੁੱਝ ਕੇ ਕੀਤੀ ਹਰਕਤ ਸੀ।"

Sunday Calcutta ਦੇ ਮਿਤੀ 4 ਅਕਤੂਬਰ 1981 ਅਨੁਸਾਰ ਅੰਮ੍ਰਿਤਸਰ ਵਿਚ 29 ਜੂਨ 1981 ਨੂੰ ਹਿੰਦੂਆਂ ਵੱਲੋਂ ਉਨ੍ਹਾਂ ਦੇ ਇਕ ਜਲੂਸ ਅੰਦਰ ਲਾਏ ਨਾਹਰੇ ਕਿ 'ਕਛ ਕੰਘਾ ਤੇ ਕਿਰਪਾਨ, ਸਭ ਕੋ ਭੇਜੋ ਪਾਕਿਸਤਾਨ' ਅਤੇ 'ਸਿਰ 'ਤੇ ਪਗੜੀ ਰਹਿਣ ਨਹੀਂ ਦੇਣੀ, ਮੂੰਹ 'ਤੇ ਮੱਖੀ ਬਹਿਣ ਨਹੀਂ ਦੇਣੀ' ਸਿੱਖਾਂ ਲਈ ਵਿਸ਼ੇਸ਼ ਚੈਲੰਜ ਤੋਂ ਘੱਟ ਨਹੀਂ ਸੀ। ਦੂਜਾ ਕਾਰਨ ਹੈ ਦੇਸ਼ ਦੀ ਸਰਕਾਰ ਦਾ ਸਿੱਖਾਂ ਪ੍ਰਤੀ ਰਵੱਈਆ ਅਤੇ ਸਿਖ ਨੂੰ ਮੱਲੋ-ਮੱਲੀ ਹਿੰਦੂ ਦੀ ਇਕ ਸੰਪਰਦਾ ਨਿਰੂਪਨ ਦਾ ਕਰਤੱਵ। ਹਰ ਗੱਲ ਨੂੰ ਉਸ ਦੇ ਪਿਛੋਕੜ ਵਿਚ ਜੋਖਣਾ ਜਾਚਣਾ ਚਾਹੀਦਾ ਹੈ, ਤਾਂ ਹੀ ਉਸ ਦੀ ਸਹੀ ਤਸਵੀਰ ਚਿੱਤਰੀ ਕਹੀ ਜਾ ਸਕਦੀ ਹੈ।

ਸਿੱਖਾਂ ਦੇ 'ਧਰਮ ਯੁੱਧ' ਨਾਮ ਦਾ ਮੋਰਚਾ 4 ਅਗਸਤ 1982 ਤੋਂ ਸ਼ੁਰੂ ਹੋ ਕੇ ਸਿੱਖਾਂ ਦੀ ਅੰਗਰੇਜ਼ ਕਾਲ ਸਮੇਂ ਅਰੰਭ ਹੋਈ 'ਅੱਗੋਂ ਹੱਥ ਨਾ ਉਠਾਉਣ ਦੀ' ਪ੍ਰੰਪਰਾ ਅਨੁਸਾਰ ਪੁਰ-ਅਮਨ ਚੱਲਦਾ ਆ ਰਿਹਾ ਸੀ ਅਤੇ ਕਹਿ ਨਹੀਂ ਸਕਦੇ ਕਿ ਇਹ ਕਿਤਨਾ ਸਮਾਂ ਹੋਰ ਇਉਂ ਹੀ ਚਲਿਆ ਜਾਂਦਾ, ਪਰ ਬਜਾਏ ਇਸ ਦੇ ਕਿ ਸਰਕਾਰ ਸਿੱਖਾਂ ਅਤੇ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਹਮਦਰਦਾਨਾ ਵਿਚਾਰਦੀ, ਇਸ ਨੇ ਮੋਰਚੇ ਨੂੰ ਅਤਿਵਾਦੀਆਂ ਦੀਆਂ ਘਿਣਾਉਣੀਆਂ ਅਤੇ ਕਈ ਫ਼ਰਜ਼ੀ ਕਾਰਵਾਈਆਂ ਨਾਲ ਜੋੜਨਾ ਸ਼ੁਰੂ ਕਰ ਦਿੱਤਾ ਅਤੇ ਉਸ ਦੀ ਆੜ ਹੇਠ ਚੰਦੋਕਲਾਂ, ਚੌਕ ਮਹਿਤਾ, ਪਾਨੀਪਤ, ਕਰਨਾਲ ਆਦਿ ਥਾਵਾਂ 'ਤੇ ਕਈ ਸਿੱਖਾਂ ਦਾ ਖ਼ੂਨ ਤੇ ਬੇਪਤੀ ਹੀ ਨਹੀਂ ਕਰਵਾਈ, ਸਗੋਂ ਸਿਖ ਧਰਮ ਦੀ ਤੌਹੀਨ ਕਰਨ ਲਈ ਸਿਖ ਮੁਸਾਫ਼ਰਾਂ ਨੂੰ ਬੱਸਾਂ ਤੇ ਗੱਡੀਆਂ ਤੋਂ ਉਤਾਰ ਕੇ ਉਨ੍ਹਾਂ ਦੀਆਂ ਦਾੜ੍ਹੀਆਂ ਤੇ ਮੁੱਛਾਂ ਮੁੰਨ ਕੇ, ਸਿੱਖਾਂ ਦੀ ਅਣਖ ਨੂੰ ਸਿੱਧਾ ਚੈਲੰਜ ਕੀਤਾ। ਜੇ ਮੰਨ ਵੀ ਲਿਆ ਜਾਵੇ ਕਿ ਕਿਸੇ ਮਨਚਲੇ ਸਿਖ ਸਰੂਪ

ਰੱਖਦੇ ਬੰਦੇ ਨੇ ਕਿਸੇ ਹਿੰਦੂ ਨੂੰ ਮਾਰਨ ਦੀ ਮਾੜੀ ਹਰਕਤ ਕੀਤੀ ਵੀ ਸੀ, ਜੋ ਕਿ ਖੋਜ ਦੀ ਮੁਥਾਜ ਹੈ, ਤਾਂ ਸਰਕਾਰ ਦਾ ਇਹ ਕੰਮ ਨਹੀਂ ਸੀ ਕਿ ਖ਼ੂਨ ਨਾਲ ਖ਼ੂਨ ਧੋਂਦੀ, ਜੈਸਾ ਕਿ ਹਰਿਆਣਾ ਸਰਕਾਰ ਪਾਸੋਂ ਪਾਨੀਪਤ ਤੇ ਕਰਨਾਲ ਵਿਚ ਕਰਾਇਆ ਗਿਆ। ਇਨ੍ਹੀਂ ਥਾਈਂ ਜੋ ਕੁੱਝ ਹੋਇਆ, ਪੁਲੀਸ ਅਫ਼ਸਰਾਂ ਤੇ ਫ਼ੋਰਸ ਦੀ ਹਾਜ਼ਰੀ ਵਿਚ ਹੋਇਆ ਅਤੇ ਇਹ ਕੁੱਝ ਹੁੰਦਾ ਵੇਖਦੇ ਹੋਏ ਉਹ ਟਸ ਤੋਂ ਮਸ ਨਹੀਂ ਹੋਏ।

ਸਿੱਖਾਂ ਦਾ ਧਰਮ ਯੁੱਧ ਮੋਰਚਾ ਆਪਣੀ ਪੂਰੀ ਅਦਮ-ਤਸ਼ੱਦਦ ਪ੍ਰੰਪਰਾ ਨੂੰ ਕਾਇਮ ਰੱਖਦਾ ਹੋਇਆ 4 ਅਗਸਤ 1982 ਤੋਂ ਅਖ਼ੀਰ ਮਈ 1984 ਤਕ ਚੱਲਦਾ ਰਿਹਾ। ਮੋਰਚੇ ਦੇ ਰਸਤਾ ਰੋਕੂ, ਰੇਲ ਰੋਕੂ, ਅਤੇ ਕੰਮ ਰੋਕੂ ਪ੍ਰੋਗਰਾਮ ਭੀ ਲੰਘੇ, ਜਿਨ੍ਹਾਂ ਨੂੰ ਅਸਫਲ ਬਣਾਉਣ ਹਿੱਤ ਸਰਕਾਰ ਨੇ ਕਈ ਹਰਬੇ ਵਰਤੇ, ਕਈਆਂ ਦੀਆਂ ਜਾਨਾਂ ਵੀ ਗਈਆਂ ਅਤੇ ਇਕ ਸਾਲ ਅਤੇ ਦਸ ਮਹੀਨੇ ਦੇ ਸਮੇਂ ਅੰਦਰ ਦੋ ਲੱਖ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ, ਪ੍ਰੰਤੂ ਸਰਕਾਰ ਆਪਣੇ ਹਠ ਤੋਂ ਪਿੱਛੇ ਨਹੀਂ ਹਟੀ, ਸਗੋਂ ਇਸ ਨਿਰੋਲ ਪੁਰ-ਅਮਨ ਮੋਰਚੇ ਨੂੰ ਅਤਿਵਾਦੀਆਂ ਦੇ ਕਰਤੱਵਾਂ ਨਾਲ ਜੋੜਨ ਦੇ ਯਤਨ ਕੀਤੇ।

ਸਰਕਾਰ ਦੀ ਅਜਿਹੀ ਨੀਤੀ ਕਾਰਨ ਹੀ ਇਸ 'ਧਰਮ ਯੁੱਧ' ਨਾਮ ਦੇ ਮੋਰਚੇ ਨੂੰ ਲਟਕਦੇ ਲਗਪਗ ਦੋ ਸਾਲ ਹੋ ਗਏ ਸਨ ਅਤੇ ਮੋਰਚੇ ਵਿਚ ਭਾਗ ਲੈਣ ਵਾਲਿਆਂ ਦੇ ਸਬਰ ਦਾ ਪਿਆਲਾ ਭੀ ਨਕਾ-ਨੱਕ ਭਰ ਚੁੱਕਾ ਸੀ। ਮੋਰਚਾ-ਡਿਕਟੇਟਰ ਭੀ ਇਸ ਬਾਰੇ ਕੋਈ ਅਖ਼ੀਰਲਾ ਕਦਮ ਚੁੱਕਣ ਲਈ ਮਜਬੂਰ ਹੋਇਆ ਮਹਿਸੂਸ ਕਰਦਾ ਸੀ। ਸੋ ਡਿਕਟੇਟਰ ਵੱਲੋਂ ਸਰਕਾਰ ਨਾਲ ਮੁਕੰਮਲ ਨਾ-ਮਿਲਵਰਤਣ ਕਰਨ ਹਿੱਤ, 3 ਜੂਨ ਤੋਂ ਸਾਰੇ ਸਿੱਖਾਂ ਨੂੰ ਸਰਕਾਰ ਨਾਲ ਲੈਣ ਦੇਣ ਤੇ ਹੋਰ ਵਰਤਣ-ਵਿਹਾਰ ਬੰਦ ਕਰਨ, ਅਥਵਾ ਕੋਈ ਟੈਕਸ, ਮਾਮਲਾ, ਆਬੀਆਨਾ, ਬਿਜਲੀ ਦੇ ਬਿੱਲ, ਕਰਜ਼ੇ ਦੀਆਂ ਕਿਸ਼ਤਾਂ ਆਦਿ ਨਾ ਦੇਣ ਅਤੇ ਪੰਜਾਬ ਵਿਚੋਂ ਜਿਨਸ—ਕਣਕ, ਚਾਵਲ ਆਦਿ ਬਾਹਰ ਦੂਜੇ ਸੂਬਿਆਂ ਨੂੰ ਭੇਜਣ ਨੂੰ ਰੋਕਣ ਦੇ ਐਲਾਨ ਕੀਤੇ ਗਏ। ਮੋਰਚਾ-ਡਿਕਟੇਟਰ ਦੇ ਇਸ ਐਲਾਨ ਨੇ ਸਰਕਾਰ ਦਾ ਪਾਰਾ ਹੋਰ ਉਪਰ ਚੜ੍ਹਾਅ ਦਿੱਤਾ ਅਤੇ 2 ਜੂਨ ਨੂੰ ਸਰਕਾਰ ਨੇ ਫ਼ੌਜ ਬੁਲਾ ਲਈ।

ਜਿਵੇਂ ਪਿੱਛੇ ਦੱਸਿਆ ਗਿਆ ਹੈ, ਕਤਲ, ਡਾਕੇ, ਲੁੱਟ-ਮਾਰ ਜਾਂ ਖੋਹ-ਮੋਹ ਦੀ ਜੋ ਵੀ ਵਾਰਦਾਤ ਹੋਈ, ਭਾਵੇਂ ਇਹ ਸਮਾਜ-ਵਿਰੋਧੀ ਕਿਸੇ ਸ਼੍ਰੇਣੀ ਦੇ ਬੰਦਿਆਂ ਜਾਂ ਸ਼ਖ਼ਸੀ ਤੌਰ 'ਤੇ ਕਿਸੇ ਮਨੁੱਖ ਜਾਂ ਮਨੁੱਖਾਂ ਦੇ ਟੋਲੇ ਨੇ ਕੀਤੀਆਂ, ਸਭ ਨੂੰ ਅਤਿਵਾਦੀ ਸਿੱਖਾਂ ਦੇ ਨਾਮ ਨਾਲ ਜੋੜਿਆ ਗਿਆ ਅਤੇ ਨਾਲ ਹੀ ਇਨ੍ਹਾਂ ਸਾਰਿਆਂ ਦਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਇਸ ਨਾਲ ਸੰਬੰਧਤ ਇਮਾਰਤਾਂ ਅੰਦਰ ਛੁਪਿਆ ਹੋਣਾ ਦੱਸਿਆ ਗਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜੋ

ਦਮਦਮੀ ਟਕਸਾਲ ਦੇ ਮੁਖੀ ਸਨ, ਆਪਣੇ ਸ਼ਿਸ਼ਾਂ ਸਮੇਤ ਦਰਬਾਰ ਸਾਹਿਬ ਕੰਪਲੈਕਸ ਅੰਦਰ ਪਹਿਲੋਂ ਗੁਰੂ ਨਾਨਕ ਨਿਵਾਸ ਅਤੇ ਪਿੱਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਰਹਿੰਦੇ ਸਨ, ਨੂੰ ਇਥੇ ਛੁਪੇ ਅਤਿਵਾਦੀਆਂ ਦਾ ਹੈੱਡ ਗਰਦਾਨਿਆ ਗਿਆ। ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਪਰਸਨਲ ਬਾਡੀ ਗਾਰਡ ਦੇ ਕਈ ਸਿੰਘਾਂ ਨੂੰ ਗਿਆਨੀ ਜ਼ੈਲ ਸਿੰਘ ਦੇ ਪੰਜਾਬ ਦਾ ਚੀਫ਼ ਮਨਿਸਟਰ ਹੋਣ ਸਮੇਂ ਕਈ ਸ਼ਸਤਰਾਂ (fire arms) ਦੇ ਲਾਇਸੈਂਸ ਮਿਲੇ ਹੋਏ ਸਨ। ਇਹ ਬਾਡੀ ਗਾਰਡ, ਸਮੇਤ ਆਪਣੇ ਲਾਇਸੈਂਸਦਾਰ ਸ਼ਸਤਰਾਂ ਦੇ, ਸੰਤ ਭਿੰਡਰਾਂਵਾਲੇ ਦੇ ਨਾਲ ਰਹਿੰਦੇ ਸਨ। ਸਰਕਾਰ ਦਾ ਇਹ ਨਿਸ਼ਚਾ ਸੀ ਕਿ ਅਤਿਵਾਦੀ ਸਿੱਖਾਂ ਨੂੰ ਸੰਤ ਭਿੰਡਰਾਂਵਾਲੇ ਦੀ ਸ਼ਹਿ ਪ੍ਰਾਪਤ ਸੀ ਅਤੇ ਉਨ੍ਹਾਂ ਦੀ ਆਗਿਆ ਅਧੀਨ ਉਹ ਵਾਰਦਾਤਾਂ ਕਰਦੇ ਅਤੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਛੁਪੇ ਰਹਿੰਦੇ ਸਨ, ਚੁਨਾਂਚਿ ਮੰਗ ਹੋਣ 'ਤੇ ਸਰਕਾਰ ਵੱਲੋਂ ਏਥੇ ਛੁਪੇ ਅਤਿਵਾਦੀਆਂ ਦੀ ਇਕ ਸੂਚੀ ਵੀ ਦਿੱਤੀ ਗਈ ਦੱਸੀ ਜਾਂਦੀ ਹੈ, ਜਿਸ ਦੀ ਸੂਚਨਾ ਕੇਂਦਰੀ ਹੋਮ-ਮਨਿਸਟਰ ਸ੍ਰੀ ਸੇਠੀ ਨੇ ਲੋਕ ਸਭਾ ਨੂੰ ਦੇਂਦੇ ਹੋਏ ਇਨ੍ਹਾਂ ਦੀ ਗਿਣਤੀ ਚਾਲ੍ਹੀ ਦੱਸੀ ਸੀ।

ਸਰਕਾਰ ਵੱਲੋਂ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਦਰਬਾਰ ਸਾਹਿਬ ਦੇ ਦੁਆਲੇ ਪੰਜਾਬ ਪੁਲੀਸ, ਸੀ.ਆਰ.ਪੀ. ਅਤੇ ਬੀ.ਐਸ.ਐਫ਼. ਦੀਆਂ ਕਈ ਕੰਪਨੀਆਂ ਲਗਾ ਕੇ ਇਸ ਦੀ ਹਰ ਬੰਨਿਓਂ ਨਾਕਾਬੰਦੀ ਕੀਤੀ ਹੋਈ ਸੀ ਅਤੇ ਦਰਬਾਰ ਸਾਹਿਬ ਨੂੰ ਜਾਂਦੇ ਆਉਂਦੇ ਹਰ ਮਨੁੱਖ ਦੀ ਚੰਗੀ ਤਰ੍ਹਾਂ ਵੇਖ ਭਾਲ ਕੀਤੀ ਜਾਂਦੀ ਸੀ, ਤਾਂਕਿ ਅਤਿਵਾਦੀਆਂ ਦਾ ਅੰਦਰ ਆਉਣਾ ਜਾਣਾ ਚੈਕ ਹੋ ਸਕੇ, ਪਰ ਇਤਨਾ ਕੁੱਝ ਹੁੰਦੇ ਹੋਏ ਵੀ ਸਾਰੇ ਪੰਜਾਬ ਭਰ ਵਿਚ ਵਾਰਦਾਤਾਂ ਉਵੇਂ ਹੋ ਰਹੀਆਂ ਸਨ, ਜੋ ਇਸ ਗੱਲ ਦਾ ਸਬੂਤ ਹੈ ਕਿ ਜੇ ਅਤਿਵਾਦੀ ਦਰਬਾਰ ਸਾਹਿਬ ਅੰਦਰ ਛੁਪੇ ਸਨ ਤਾਂ ਬਾਹਰ ਹੋ ਰਹੀਆਂ ਵਾਰਦਾਤਾਂ ਲਈ ਉਹ ਜ਼ਿੰਮੇਵਾਰ ਨਹੀਂ ਹੋ ਸਕਦੇ ਸਨ, ਜਾਂ ਵਾਰਦਾਤਾਂ ਕਰਨ ਵਾਲੇ ਛੁਪਣ ਵਾਸਤੇ ਦਰਬਾਰ ਸਾਹਿਬ ਨਹੀਂ ਸਨ ਆਉਂਦੇ, ਜਾਂ ਸਰਕਾਰੀ ਅਧਿਕਾਰੀ, ਪੁਲੀਸ, ਸੀ.ਆਰ.ਪੀ. ਅਤੇ ਬੀ.ਐਸ.ਐਫ਼. ਦੇ ਉਥੇ ਲਗਾਏ ਆਦਮੀ ਵਾਰਦਾਤ ਕਰ ਕੇ ਇਥੇ ਛੁਪਣ ਆਏ ਜਾਂ ਏਥੋਂ ਨਿਕਲ ਕੇ ਵਾਰਦਾਤਾਂ ਕਰਨ ਜਾਂਦੇ ਅਤਿਵਾਦੀਆਂ ਨਾਲ ਮਿਲੇ ਹੋਏ ਸਨ। ਇਕ ਹੋਰ ਸੋਚਣ ਵਾਲੀ ਗੱਲ ਇਹ ਭੀ ਹੈ ਕਿ ਹੁਣ ਜਦੋਂ ਸਰਕਾਰ ਨੇ ਦਰਬਾਰ ਸਾਹਿਬ ਅੰਦਰ ਛੁਪੇ ਅਤਿਵਾਦੀਆਂ ਦਾ ਸਫ਼ਾਇਆ ਕਰ ਦਿੱਤਾ ਹੈ, ਅਥਵਾ, ਸਾਰੇ ਮਾਰ ਦਿੱਤੇ ਜਾਂ ਫੜ ਲਏ ਹਨ ਤਾਂ ਹੁਣ ਵਾਰਦਾਤਾਂ ਨਹੀਂ ਹੋਣੀਆਂ ਚਾਹੀਦੀਆਂ। ਸਰਕਾਰ ਵੱਲੋਂ ਅੰਮ੍ਰਿਤਸਰ ਵਿਚ ਜੂਨ ਦੇ ਪਹਿਲੇ ਹਫ਼ਤੇ ਕੀਤੀ ਕਾਰਵਾਈ ਉਪ੍ਰੰਤ ਵਾਰਦਾਤਾਂ ਹੁੰਦੇ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਜਾਂ ਤਾਂ ਅਤਿਵਾਦੀ ਅੰਦਰ ਸਨ ਹੀ ਨਹੀਂ ਅਤੇ ਉਨ੍ਹਾਂ ਛੁਪਣ

ਲਈ ਘੁਰਨੇ ਆਪੋ ਆਪ ਬਾਹਰ ਹੀ ਬਣਾਏ ਹੋਏ ਸਨ, ਜਿਥੋਂ ਹਨੇਰੇ ਸਵੇਰੇ ਨਿਕਲ ਕੇ ਉਹ ਹੁਣ ਵੀ ਵਾਰਦਾਤਾਂ ਕਰ ਰਹੇ ਹਨ, ਜਾਂ ਜੇ ਅਤਿਵਾਦੀ ਅੰਦਰ ਸਨ ਤਾਂ ਸਰਕਾਰ ਉਨ੍ਹਾਂ ਨੂੰ ਮਾਰਨ ਜਾਂ ਫੜ ਲੈਣ ਵਿਚ ਸਫਲ ਨਹੀਂ ਹੋਈ।

ਡਾਕਟਰ ਲਾਲਵਾਨੀ ਅਤੇ ਐਸ. ਆਇੰਗਰ ਆਪਣੀ ਕੀਤੀ ਪੜਤਾਲ ਵਿਚ ਲਿਖਦੇ ਹਨ:

> "Akalis have always maintained that they are not shielding any criminals in gurdwara. This now seems to be substantiated by the recent statement from the Inspector General of Police P.S. Bhinder saying there was no clear proof with government that the men wanted by the Police were hiding in Gurdwaras including the Golden Temple Complex." *(An Independent Study of Hindu-Sikh Conflict)*

ਅਰਥਾਤ, "ਅਕਾਲੀ ਹਮੇਸ਼ਾ ਕਹਿੰਦੇ ਰਹੇ ਹਨ ਕਿ ਉਨ੍ਹਾਂ ਨੇ ਬਦਮਾਸ਼ਾਂ ਨੂੰ ਗੁਰਦੁਆਰਿਆਂ ਅੰਦਰ ਹਰਗਿਜ਼ ਪਨਾਹ ਨਹੀਂ ਦਿੱਤੀ, ਇਸ ਗੱਲ ਦੀ ਪੁਸ਼ਟੀ ਪੀ.ਐਸ. ਭਿੰਡਰ ਇੰਸਪੈਕਟਰ ਜਨਰਲ ਪੁਲੀਸ ਵੱਲੋਂ ਪਿੱਛੇ ਜਿਹੇ ਦਿੱਤੇ ਉਸ ਬਿਆਨ ਤੋਂ ਹੀ ਹੋ ਜਾਂਦੀ ਹੈ, ਜਿਸ ਵਿਚ ਉਸ ਨੇ ਕਿਹਾ ਹੈ ਕਿ ਸਰਕਾਰ ਪਾਸ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਗੁਰਦੁਆਰਿਆਂ ਅੰਦਰ ਸਮੇਤ ਦਰਬਾਰ ਸਾਹਿਬ ਕੰਪਲੈਕਸ ਅੰਮ੍ਰਿਤਸਰ ਦੇ, ਅਜਿਹੇ ਕੋਈ ਆਦਮੀ ਛੁਪੇ ਹੋਏ ਹਨ ਜਿਨ੍ਹਾਂ ਦੀ ਪੁਲੀਸ ਨੂੰ ਤਲਾਸ਼ ਹੈ।"

ਖ਼ੈਰ, ਹਾਲਾਤ ਕੁੱਝ ਭੀ ਹੋਣ, ਸਰਕਾਰ ਨੂੰ ਇਹ ਯਕੀਨ ਸੀ ਕਿ ਦਰਬਾਰ ਸਾਹਿਬ ਕੰਪਲੈਕਸ ਅੰਦਰ ਅਤਿਵਾਦੀ ਛੁਪੇ ਹੋਏ ਸਨ, ਜਿਨ੍ਹਾਂ ਦੀ ਗਿਣਤੀ ਸਰਕਾਰ ਅਨੁਸਾਰ ਚਾਲ੍ਹੀ ਸੀ, ਜਿਨ੍ਹਾਂ ਨੂੰ ਅੰਦਰੋਂ ਕੱਢਣ ਅਤੇ ਫੜ ਲੈਣ ਵਾਸਤੇ ਸੀ.ਆਰ.ਪੀ., ਬੀ.ਐਸ.ਐਫ਼. ਅਤੇ ਪੁਲੀਸ ਦੀਆਂ ਕਈਆਂ ਕੰਪਨੀਆਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਨੇ ਸਭ ਪਾਸਿਆਂ ਤੋਂ ਦਰਬਾਰ ਸਾਹਿਬ ਦੀ ਨਾਕਾਬੰਦੀ ਕੀਤੀ ਹੋਈ ਸੀ, ਜੋ ਕਈ ਮਹੀਨੇ ਰਹੀ, ਪਰ ਉਨ੍ਹਾਂ ਕਿਸੇ ਅਤਿਵਾਦੀ ਨੂੰ ਦਰਬਾਰ ਸਾਹਿਬ ਅੰਦਰੋਂ ਨਿਕਲਦੇ ਜਾਂ ਬਾਹਰ ਤੋਂ ਅੰਦਰ ਆਉਂਦੇ ਜਾਂਦੇ ਨਾ ਵੇਖਿਆ, ਨਾ ਫੜਿਆ। ਪਰ ਇਸ 'ਤੇ ਵੀ ਸਰਕਾਰ ਦੀ ਤਸੱਲੀ ਨਾ ਹੋਈ ਅਤੇ ਉਸ ਨੇ 2 ਜੂਨ 1984 ਨੂੰ ਕੰਪਲੈਕਸ ਦਾ ਚਾਰਜ ਫ਼ੌਜ ਨੂੰ ਦੇ ਦਿੱਤਾ, ਜਿਸ ਵਿਚ ਚਾਰ ਫ਼ੌਜੀ ਕੋਰਾਂ ਨੰ: 1, 2, 10, 11 ਅਥਵਾ 12 ਬਟਾਲੀਅਨਾਂ ਸਮੇਤ ਇਕ ਤੋਪਖ਼ਾਨੇ ਸ਼ਾਮਲ ਸਨ। ਜਿਸ ਨਾਲ 24 ਟੈਂਕ ਭੇਜੇ ਗਏ ਦੱਸੇ ਜਾਂਦੇ ਹਨ। ਇਨ੍ਹਾਂ ਦੀ ਸਹਾਇਤਾ ਲਈ ਵਿਸ਼ੇਸ਼ ਹੈਲੀਕਾਪਟਰ ਵੀ ਮੁਹੱਈਆ ਕੀਤੇ ਗਏ। 3 ਜੂਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ

ਗੁਰਪੁਰਬ ਸੀ, ਜਿਸ ਅਵਸਰ 'ਤੇ ਹਮੇਸ਼ਾ ਵਾਂਗ ਬਹੁਤ ਸਾਰੇ ਸਿਖ ਮਾਈ ਭਾਈ ਦੂਰੋਂ ਨੇੜਿਉਂ (ਗ਼ੈਰ-ਜ਼ਿਲਿਆਂ ਤੋਂ ਭੀ) ਦਰਬਾਰ ਸਾਹਿਬ ਪੁੱਜੇ ਹੋਏ ਸਨ ਅਤੇ ਸੰਬੰਧਤ ਇਮਾਰਤਾਂ, ਯਥਾ ਗੁਰੂ ਰਾਮਦਾਸ ਸਰਾਏ, ਅਕਾਲ ਰੈਸਟ ਹਾਊਸ, ਗੁਰੂ ਨਾਨਕ ਨਿਵਾਸ, ਮੰਜੀ ਸਾਹਿਬ, ਗੁਰੂ ਰਾਮਦਾਸ ਲੰਗਰ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਸਰੋਵਰ ਵਾਲੀਆਂ ਪਰਕਰਮਾਂ ਯਾਤਰੂਆਂ ਨਾਲ ਭਰੀਆਂ ਹੋਈਆਂ ਸਨ। ਸਰਕਾਰ ਨੂੰ ਡਰ ਸੀ ਕਿ ਦਰਬਾਰ ਸਾਹਿਬ ਨੂੰ ਫ਼ੌਜੀ ਪਹਿਰੇ ਹੇਠ ਲਿਆਏ ਜਾਣ ਦੀ ਖ਼ਬਰ ਨਿਕਲਣ 'ਤੇ ਪੰਜਾਬ ਭਰ ਤੋਂ ਅਕਾਲੀ ਸਿੰਘ ਜਿਨ੍ਹਾਂ ਭੀੜ ਪੈਣ 'ਤੇ ਦਰਬਾਰ ਸਾਹਿਬ ਦੀ ਸੁਰੱਖਿਆ ਲਈ ਆਪਣੇ ਨਾਮ ਦਿੱਤੇ ਹੋਏ ਸਨ ਅਤੇ ਜਿਨ੍ਹਾਂ ਦੀ ਗਿਣਤੀ ਇਕ ਲੱਖ ਤੋਂ ਉਪਰ ਦੱਸੀ ਜਾਂਦੀ ਹੈ, ਅੰਮ੍ਰਿਤਸਰ ਵੱਲ ਧਾਈ ਕਰ ਦੇਣਗੇ। ਇਸ ਨੂੰ ਰੋਕਣ ਵਾਸਤੇ ਸਰਕਾਰ ਨੇ 4 ਜੂਨ ਤੋਂ ਪੰਜਾਬ ਭਰ ਅੰਦਰ ਸਾਰੀ ਬਸ ਸਰਵਿਸ ਅਤੇ ਰੇਲ ਗੱਡੀਆਂ ਦੀ ਆਵਾਜਾਈ ਬੰਦ ਕਰ ਦਿੱਤੀ ਅਤੇ ਸਾਰੇ ਪੰਜਾਬ ਵਿਚ 3-4 ਦੀ ਵਿਚਾਲੀ ਰਾਤ ਤੋਂ ਦਿਨ ਰਾਤ ਦਾ ਕਰਫ਼ਿਊ ਲਗਾ ਦਿੱਤਾ ਤਾਂ ਕਿ ਕੋਈ ਆਦਮੀ ਅੰਮ੍ਰਿਤਸਰ ਨਾ ਆ ਸਕੇ। ਸਰਕਾਰ ਵੱਲੋਂ ਉਠਾਏ ਗਏ ਇਸ ਕਦਮ ਨੇ, ਉਨ੍ਹਾਂ ਸਾਰੇ ਯਾਤਰੂਆਂ, ਜੋ 3 ਜੂਨ ਦੇ ਸ਼ਹੀਦੀ ਗੁਰਪੁਰਬ ਦੇ ਸੰਬੰਧ ਵਿਚ ਦਰਬਾਰ ਸਾਹਿਬ ਆਏ ਅਤੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਠਹਿਰੇ ਹੋਏ ਸਨ, ਦਾ ਏਥੋਂ ਬਾਹਰ ਨਿਕਲ ਕੇ ਆਪਣੇ ਘਰੋ-ਘਰੀ ਚਲੇ ਜਾਣਾ ਅਸੰਭਵ ਬਣਾ ਦਿੱਤਾ।

ਸਰਕਾਰ ਵੱਲੋਂ ਉਠਾਏ ਇਨ੍ਹਾਂ ਕਦਮਾਂ, ਖ਼ਾਸ ਕਰ ਦਰਬਾਰ ਸਾਹਿਬ ਦੁਆਲੇ ਪਏ ਫ਼ੌਜੀ ਘੇਰੇ ਅਤੇ ਤੋਪਾਂ ਟੈਂਕਾਂ ਦੀ ਆਮਦ ਨੇ, ਅੰਦਰ ਬੈਠੇ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਚੌਕਸ ਕੀਤਾ ਅਤੇ ਥੋੜ੍ਹਾ ਬਹੁਤ ਦਾਰੂ ਸਿੱਕਾ ਤੇ ਅਸਲਾ, ਜੋ ਇਨ੍ਹਾਂ ਪਾਸ ਸੀ, ਨੂੰ ਵਰਤਣ ਦਾ ਸਮਾਂ ਆਇਆ ਸਮਝ, ਇਨ੍ਹਾਂ ਭੀ ਆਪਣੀ ਤਿਆਰੀ ਕੀਤੀ। ਭਾਵੇਂ ਇਹ ਗੱਲ ਸਪੱਸ਼ਟ ਸੀ ਅਤੇ ਪਰਤੱਖ ਨਜ਼ਰ ਭੀ ਆ ਰਿਹਾ ਸੀ ਕਿ ਉਹ ਆਪਣੇ ਮਹਿਦੂਦ (limited) ਦਾਰੂ ਸਿੱਕੇ ਤੇ ਹਥਿਆਰਾਂ ਨਾਲ ਫ਼ੌਜ ਦੀਆਂ ਚਾਰ ਕੋਰਾਂ, ਤੋਪਖ਼ਾਨਾ, ਟੈਂਕਾਂ ਅਤੇ ਬੇਸ਼ੁਮਾਰ ਦਾਰੂ ਸਿੱਕੇ (ammunition) ਦਾ ਮੁਕਾਬਲਾ ਨਹੀਂ ਕਰ ਸਕਣਗੇ, ਪਰ ਉਹ ਬਚਨਬੱਧ (committed) ਸਨ ਕਿ ਉਹ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਹੁੰਦੀ ਤੌਹੀਨ (ਬੇਇੱਜ਼ਤੀ) ਬਰਦਾਸ਼ਤ ਨਹੀਂ ਕਰਨਗੇ, ਭਾਵੇਂ ਆਪਣੀਆਂ ਜਾਨਾਂ 'ਤੇ ਭੀ ਕਿਉਂ ਨਾ ਖੇਡਣਾ ਪਵੇ। ਇਸ ਮੌਕੇ ਦੀ ਉਡੀਕ ਵਿਚ ਉਨ੍ਹਾਂ ਵਿਸ਼ੇਸ਼ ਥਾਵਾਂ 'ਤੇ ਮੋਰਚਾ-ਬੰਦੀ ਪਹਿਲੇ ਤੋਂ ਕਰ ਰੱਖੀ ਹੋਈ ਸੀ, ਜਿਸ ਨੂੰ ਉਨ੍ਹਾਂ ਮਜ਼ਬੂਤ ਕੀਤਾ ਅਤੇ ਜਿਤਨੇ ਕੁ ਸਿੰਘ ਉਨ੍ਹਾਂ ਪਾਸ ਸਨ, ਉਨ੍ਹਾਂ ਨੂੰ ਥਾਉਂ ਥਾਈਂ ਨਿਯੁਕਤ ਕੀਤਾ, ਪਰ ਇਨ੍ਹਾਂ ਨੇ ਕੇਵਲ ਉਸੇ ਸੂਰਤ ਵਿਚ ਹੀ, ਜਦੋਂ ਤੇ ਜੇਕਰ ਫ਼ੌਜ ਕੰਪਲੈਕਸ ਅੰਦਰ ਦਾਖ਼ਲ ਹੋਵੇ ਤਾਂ, ਲੋੜੀਂਦੀ ਕਾਰਵਾਈ ਕਰਨੀ ਸੀ।

ਭਾਵੇਂ 4 ਤੇ 5 ਜੂਨ ਨੂੰ ਭੀ ਬਾਹਰ ਤੋਂ ਬੇਅੰਤ ਫ਼ਾਇਰ ਕਈ ਟਿਕਾਣਿਆਂ 'ਤੇ ਹੁੰਦੇ ਰਹੇ, ਜਿਨ੍ਹਾਂ ਦੇ ਜਵਾਬੀ ਫ਼ਾਇਰ ਅੰਦਰੋਂ ਭੀ ਹੋਵੇ। ਇਹ ਫ਼ਾਇਰ ਕਰਨ ਦਾ ਭਾਵ ਜਿਥੇ ਇਕ ਬੰਨੇ ਅੰਦਰ ਬੈਠੇ ਲੋਕਾਂ ਨੂੰ ਭੈ-ਭੀਤ ਕਰਨਾ ਸੀ, ਉਥੇ ਇਸ ਤੋਂ ਵਧੇਰੇ ਇਹ ਜਾਣਨਾ ਸੀ ਕਿ ਜਵਾਬੀ ਫ਼ਾਇਰ ਕਿਸ ਕਿਸ ਥਾਂ ਤੋਂ ਆਉਂਦੇ ਹਨ, ਤਾਂ ਕਿ ਫ਼ੌਜ ਵੱਲੋਂ ਕੀਤੀ ਜਾਣ ਵਾਲੀ ਗੋਲਾਬਾਰੀ ਉਨ੍ਹੀਂ ਥਾਈਂ ਕੀਤੀ ਜਾਏ ਜਿਥੋਂ ਅੰਦਰ ਤੋਂ ਗੋਲੀਆਂ ਆਉਂਦੀਆਂ ਸਨ। ਪ੍ਰੰਤੂ 5 ਜੂਨ ਦੀ ਰਾਤ ਕਰੀਬਨ ਨੌਂ ਕੁ ਵਜੇ ਤੋਂ ਅੰਧਾ-ਧੁੰਧ ਗੋਲੀ ਬਰਸਨੀ ਸ਼ੁਰੂ ਹੋ ਗਈ ਅਤੇ ਇਸ ਗੋਲਾਬਾਰੀ ਦੀ ਛਾਂ ਹੇਠ ਗੁਰੂ ਰਾਮ ਦਾਸ ਸਰਾਏ ਦੇ ਅੱਗੋਂ ਲੰਘਦੀ ਸੜਕ ਦੇ ਰਸਤੇ ਫ਼ੌਜੀ ਦਸਤੇ ਅੱਗੜ ਪਿੱਛੜ (ਯਕੇ ਬਾਅਦ ਦੀਗਰੇ) ਅੰਦਰ ਆਉਣੇ ਸ਼ੁਰੂ ਹੋਏ। ਦੱਸਿਆ ਜਾਂਦਾ ਹੈ ਕਿ ਐਸਾ ਹੋਣ 'ਤੇ ਕੰਪਲੈਕਸ ਅੰਦਰ ਸਿੰਘਾਂ ਦੇ ਬਣੇ ਮੋਰਚਿਆਂ ਤੋਂ ਅੰਦਰ ਵੜਦੇ ਫ਼ੌਜੀ ਦਸਤੇ 'ਤੇ ਗੋਲੀਆਂ ਦੀ ਤਕੜੀ ਬੁਛਾੜ ਹੋਈ, ਜਿਸ ਨਾਲ ਬਹੁਤ ਸਾਰੇ ਫ਼ੌਜੀ ਮਾਰੇ ਗਏ। ਇਸ 'ਤੇ ਫ਼ੌਜ ਵੱਲੋਂ ਪਹਿਲੋਂ ਆਰਮਡ ਗੱਡੀਆਂ ਅਤੇ ਫਿਰ ਟੈਂਕ ਅੰਦਰ ਆਉਣੇ ਸ਼ੁਰੂ ਹੋਏ ਅਤੇ ਇਨ੍ਹਾਂ ਵੱਲੋਂ ਕੰਪਲੈਕਸ ਅੰਦਰਲੀ ਹਰ ਇਮਾਰਤ 'ਤੇ ਇਉਂ ਗੋਲਾਬਾਰੀ ਹੋਈ ਜਿਵੇਂ ਦੁਸ਼ਮਣ ਦਾ ਤੋਪਾਂ ਨਾਲ ਸੁਰੱਖਿਅਤ ਕੀਤਾ (fortified) ਕਿਲ੍ਹਾ ਸਰ ਕਰਨਾ ਹੋਵੇ। ਇਹ ਗੋਲਾਬਾਰੀ 5 ਤੇ 6 ਜੂਨ ਦੀ ਦਰਮਿਆਨੀ ਸਾਰੀ ਰਾਤ ਹੀ ਚੱਲਦੀ ਰਹੀ, ਜਿਸ ਦੇ ਫਲਸਰੂਪ ਜੋ ਜਾਨੀ, ਮਾਲੀ, ਧਾਰਮਿਕ, ਕਲਚਰਲ ਤੇ ਇਤਿਹਾਸਕ ਨੁਕਸਾਨ ਹੋਇਆ ਅਤੇ ਜੋ ਬੇਪਤੀ ਸਿੱਖਾਂ ਦੇ ਮਹਾਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਅਤੇ ਜੋ ਤਬਾਹੀ ਸਿੱਖਾਂ ਦੇ ਮੀਰੀ ਤੇ ਪੀਰੀ ਦੇ ਗੜ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਈ ਅਤੇ ਜਿਸ ਤਰ੍ਹਾਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਕੜੇ ਦੇਹਾਂ ਅਤੇ ਪਿਛਲੇ ਚਾਰ ਸੌ ਸਾਲ ਦੇ ਸੰਭਾਲ ਰੱਖੇ ਸਿਖ ਇਤਿਹਾਸ ਦੇ ਹੱਥ-ਲਿਖਤ ਤੇ ਹੋਰ ਖਰੜਿਆਂ ਨੂੰ ਅੱਗ ਭੇਟ ਕਰ ਕੇ ਕੌਮ ਦੇ ਅਤਿ ਅਮੋਲਕ ਵਿਰਸੇ ਅਤੇ ਗੁਰੂ ਸਾਹਿਬਾਨ ਤੇ ਸਿਖ ਜਰਨੈਲਾਂ ਦੇ ਪਵਿੱਤਰ ਯਾਦਗੀਰੀ ਸ਼ਸਤਰ ਤੇ ਹੋਰ ਧਾਰਮਿਕ ਸਨਮਾਨ ਵਾਲੇ ਪਦਾਰਥਾਂ ਤੋਂ ਸਿੱਖਾਂ ਨੂੰ ਵਾਂਝਿਆ ਗਿਆ, ਕਹਿਣ ਕਥਨ ਤੋਂ ਬਾਹਰ ਹੈ।

ਜੋ ਕੁੱਝ ਹੋਰ ਏਥੇ ਵਰਤਿਆ, ਉਸ ਬਾਰੇ ਸੰਬੰਧਤ ਲੋਕਾਂ ਦੀ ਜ਼ਬਾਨੀ ਮੌਕੇ 'ਤੇ ਜਾ ਕੇ ਜੋ ਸੁਣਿਆ ਜਾਂ ਵੇਖਿਆ, ਉਸ ਦਾ ਸੰਖੇਪ ਵਰਣਨ ਹੇਠਾਂ ਦਿੱਤਾ ਜਾ ਰਿਹਾ ਹੈ :

12 ਜੁਲਾਈ ਸਵੇਰ ਸਮੇਂ ਯਾਤਰੂ ਲੋਕਾਂ ਨੂੰ ਸਰੋਵਰ ਦੀ ਪਰਕਰਮਾ ਵਿਚ ਅਤੇ ਹਰਿਮੰਦਰ ਸਾਹਿਬ ਦੇ ਅੰਦਰ ਜਾਣ ਦੀ ਖੁੱਲ੍ਹ ਦਿੱਤੀ ਗਈ ਸੀ। ਪ੍ਰੰਤੂ ਪਰਕਰਮਾ ਤੋਂ ਬਾਹਰ ਮੰਜੀ ਸਾਹਿਬ ਵਾਲੀ ਤਰਫ਼ ਜਾਣਾ ਮਨ੍ਹਾ ਸੀ। ਵੈਸੇ ਘੰਟਾ ਘਰ ਵਾਲੇ

ਪਾਸੇ ਦੀ ਡਿਉਢੀ ਅੰਦਰ ਜਾਂਦੇ ਯਾਤਰੂਆਂ ਦੀ ਬਾਕਾਇਦਾ ਪੜਤਾਲ ਕੀਤੀ ਜਾਂਦੀ ਸੀ। ਇਸ ਡਿਉਢੀ ਵਿਚ ਬਹੁਤ ਸਾਰੀਆਂ ਗੋਲੀਆਂ ਲੱਗੀਆਂ ਹੋਈਆਂ ਅਤੇ ਕਾਨਸਾਂ ਅਤੇ ਛੱਜੇ ਗਿਰੇ ਹੋਏ ਸਨ।

ਅਸੀਂ ਇਸ ਡਿਉਢੀ ਰਸਤੇ ਪਰਕਰਮਾ ਵਿਚ ਦਾਖ਼ਲ ਹੋ ਕੇ ਖੱਬੇ ਹੱਥ ਵੱਲੋਂ ਪਰਕਰਮਾ ਕਰਨੀ ਸ਼ੁਰੂ ਕੀਤੀ ਸੀ। ਬ੍ਰਹਮ ਬੂਟੇ ਬਛੀਲ ਦੇ ਨਾਲ ਵਾਲਾ ਕਮਰਾ, ਜੋ ਸਾਰਾ ਸੜਿਆ ਹੋਇਆ ਸੀ, ਦੇ ਨਾਲ ਲੱਗਦੇ ਇਕ ਕਮਰੇ ਵਿਚ ਲਹੂ ਦੇ ਨਿਸ਼ਾਨ ਵੇਖ ਕੇ ਪੁੱਛਣ 'ਤੇ ਸਾਨੂੰ ਦੱਸਿਆ ਗਿਆ ਕਿ ਇਥੇ ਲਾਸ਼ਾਂ ਇਕੱਠੀਆਂ ਕੀਤੀਆਂ ਜਾਂਦੀਆਂ ਅਤੇ ਬਾਅਦ ਵਿਚ ਉਥੋਂ ਬਾਹਰ ਲਿਜਾਈਆਂ ਜਾਂਦੀਆਂ ਸਨ। ਪਰਕਰਮਾ ਕਾਫ਼ੀ ਥਾਈਂ ਉਖੜੀ ਅਤੇ ਫਿਰ ਤਾਜ਼ਾ ਜੋੜੀ ਹੋਈ ਸੀ। ਮੰਜੀ ਸਾਹਿਬ ਵਾਲੇ ਰਸਤੇ ਪਾਸੋਂ ਸੰਗਮਰਮਰ ਦੀਆਂ ਜਾਲੀਆਂ ਵਿਚੋਂ ਵੇਖਿਆਂ, ਗੁਰੂ ਰਾਮ ਦਾਸ ਸਰਾਏ, ਤੇਜਾ ਸਿੰਘ ਸਮੁੰਦਰੀ ਹਾਲ (ਜਿਥੇ ਸਾਰੇ ਦਫ਼ਤਰ ਸਨ), ਗੁਰੂ ਨਾਨਕ ਨਿਵਾਸ ਤੇ ਇਸ ਦੇ ਨਾਲ ਲੱਗਦਾ ਥਾਂ ਸੜ ਚੁੱਕਾ ਦਿੱਸਦਾ ਸੀ, ਸੀਮਿੰਟੀ ਛੱਤ ਤੇ ਕੰਧਾਂ ਜ਼ਰੂਰ ਕਾਇਮ ਸਨ ਪਰ ਸਾਰੇ ਥਾਂ ਦਾ ਕਾਲਾ ਸਿਆਹ ਹੋਇਆ ਹੋਣਾ ਦੱਸਦਾ ਸੀ ਕਿ ਇਹ ਸਾਰੀਆਂ ਇਮਾਰਤਾਂ ਸਾੜੀਆਂ ਜਾ ਚੁੱਕੀਆਂ ਸਨ। ਇਨ੍ਹਾਂ ਵਿਚ ਹੀ ਗੁਰੂ ਰਾਮਦਾਸ ਲਾਇਬਰੇਰੀ ਅਤੇ ਦਫ਼ਤਰ ਦਾ ਸਾਰਾ ਰਿਕਾਰਡ ਸੀ। ਲੰਗਰ ਦਾ ਉਪਰਲਾ ਹਿੱਸਾ ਢੱਠਾ ਹੋਇਆ ਦਿੱਸਦਾ ਸੀ, ਬਾਕੀ ਦਾ ਪਤਾ ਨਹੀਂ ਲੱਗ ਸਕਦਾ ਸੀ। ਨਾ ਮੰਜੀ ਸਾਹਿਬ ਬਾਰੇ ਸਹੀ ਜਾਂਚ ਹੋ ਸਕਦੀ ਸੀ। ਬਾਹਰ ਮਲਬੇ ਦੇ ਢੇਰ ਪਏ ਸਨ, ਜਿਨ੍ਹਾਂ ਵਿਚਲੇ ਸੰਗਮਰਮਰ ਦੇ ਟੁਕੜਿਆਂ ਤੋਂ ਪਤਾ ਲੱਗਦਾ ਸੀ ਕਿ ਇਹ ਪਰਕਰਮਾ ਦਾ ਮਲਬਾ ਸੀ।

ਬਾਬਾ ਦੀਪ ਸਿੰਘ ਦੇ ਸਥਾਨ ਤੋਂ ਥੋੜਾ ਚੜ੍ਹਦੇ ਵੱਲ ਪਰਕਰਮਾ ਦਾ ਫ਼ਰਸ਼ ਨਵੇਂ ਸਿਰਿਉਂ ਬਣਿਆ ਹੋਣਾ ਦਿੱਸਦਾ ਸੀ ਅਤੇ ਸਾਨੂੰ ਦੱਸਿਆ ਗਿਆ ਸੀ ਕਿ ਇਥੇ ਇਕ ਟੈਂਕ ਹੇਠਾਂ ਧਸ ਗਿਆ ਸੀ, ਜੋ ਬਾਅਦ ਵਿਚ ਮੁਸ਼ਕਲ ਨਾਲ ਬਾਹਰ ਕੱਢਿਆ ਗਿਆ ਸੀ। ਥੋੜਾ ਅੱਗੇ ਦੱਖਣ ਬਾਹੀ ਦੀ ਡਿਉਢੀ ਗੋਲੀਆਂ ਨਾਲ ਛਾਨਣੀ ਹੋਈ ਤੇ ਸਾੜੀ ਪਈ ਸੀ। ਇਥੇ ਹੀ ਸਿਖ ਰੈਫ਼ਰੈਂਸ ਲਾਇਬਰੇਰੀ ਵਿਚ ਅੰਮ੍ਰਿਤਸਰ ਦਾ ਅਤੇ ਸਿਖ ਪੰਥ ਦਾ ਚਾਰ ਸੌ ਸਾਲ ਦਾ ਪੁਰਾਣਾ ਸਾਰਾ ਹੱਥ-ਲਿਖਤ ਅਤੇ ਹੋਰ ਇਤਿਹਾਸਕ ਰਿਕਾਰਡ ਪਿਆ ਸੀ, ਜੋ ਸੜ ਕੇ ਸੁਆਹ ਹੋ ਚੁੱਕਾ ਸੀ। ਇਸੇ ਸਥਾਨ 'ਤੇ ਪੰਜ ਸੌ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸੁਰੱਖਿਅਤ ਸਨ, ਜੋ ਸਾਰੀਆਂ ਜਲ ਚੁੱਕੀਆਂ ਸਨ। ਸਾਨੂੰ ਦੱਸਿਆ ਗਿਆ ਸੀ ਕਿ ਇਹ ਸਥਾਨ ਅੱਠ ਜੂਨ ਨੂੰ ਫੂਕਿਆ ਗਿਆ ਸੀ, ਜਦ ਕਿ ਗੋਲਾਬਾਰੀ ਵਾਲਾ ਪੰਜ ਤੇ ਛੇ ਜੂਨ ਵਾਲਾ ਭਿਆਨਕ ਕਾਂਡ ਵਰਤੇ ਨੂੰ ਦੋ ਦਿਨ ਹੋ ਚੁੱਕੇ ਸਨ। ਜਿਸ ਤਰ੍ਹਾਂ ਕਿ ਘੋਰ ਜੰਗ ਦੇ ਸਮਿਆਂ ਵਿਚ ਹਮਲਾਵਰ ਦੁਸ਼ਮਣ ਦਾ ਸਭ ਕੁੱਝ, ਸਮੇਤ ਸਰਕਾਰੀ ਰਿਕਾਰਡ

ਤੇ ਪੁਸਤਕਾਲਿਆਂ ਆਦਿ ਦੇ ਸਾੜ ਫੂਕ ਦਿਆ ਕਰਦਾ ਹੈ, ਐਨ ਉਸੇ ਤਰ੍ਹਾਂ ਦੇਸ਼ ਦੀ ਹਕੂਮਤ ਵੱਲੋਂ ਸਿਖ ਕੌਮ ਦਾ ਸਮੁੱਚਾ ਕੀਮਤੀ ਰਿਕਾਰਡ ਲਾਇਬਰੇਰੀ ਅਤੇ ਇਸ ਤੋਂ ਭੀ ਵੱਧ ਸਿੱਖਾਂ ਦੇ ਜਾਗਤ ਜੋਤਿ ਸਰੂਪ ਗੁਰੂ-ਬਾਣੀ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਬੀੜਾਂ ਨੂੰ ਜਲਾ ਕੇ ਖ਼ਾਕ ਕਰ ਦਿੱਤਾ ਗਿਆ ਸੀ। ਦੱਸਿਆ ਜਾਂਦਾ ਹੈ ਕਿ ਅਹਿਮਦ ਸ਼ਾਹ ਅਬਦਾਲੀ ਵੱਲੋਂ ਵਰਤਾਏ ਕੁਪ ਰਹੀੜੇ ਘਲੂਘਾਰੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ, ਜੋ ਸਿੰਘਾਂ ਪਾਸੋਂ ਅਬਦਾਲੀ ਖੋਹ ਕੇ ਲੈ ਗਿਆ ਸੀ, ਨੂੰ ਉਸ ਨੇ ਕਾਬਲ ਪਹੁੰਚ ਕੇ ਉਥੇ ਵੱਸਦੇ ਸਿੱਖਾਂ ਦੇ ਹਵਾਲੇ ਕਰ ਦਿੱਤਾ ਸੀ, ਜੋ ਅੱਜ ਤਕ ਉਥੇ ਸੁਰੱਖਿਅਤ ਦੱਸੀ ਜਾਂਦੀ ਹੈ। ਪਰ ਸਾਡੇ ਆਪਣੇ ਦੇਸ਼ ਦੀ ਹਕੂਮਤ ਇਹ ਭੀ ਗਵਾਰਾ ਨਹੀਂ ਕਰ ਸਕੀ ਕਿ ਸਿਖ ਕੌਮ ਦਾ ਇਤਨਾ ਇਤਿਹਾਸਕ ਵਿਰਸਾ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਨੂੰ ਹੀ ਸਮੁੱਚੇ ਤੌਰ 'ਤੇ ਧਾਰਮਿਕ ਅਦਾਰਿਆਂ ਦੀ ਕੀਤੀ ਤਬਾਹੀ ਤੋਂ ਲਾਂਭੇ ਰਹਿਣ ਦਿੱਤਾ ਜਾਂਦਾ। ਅਤਿਵਾਦੀ ਜਿਨ੍ਹਾਂ ਨੂੰ ਮਾਰ ਦੇਣ ਜਾਂ ਪਕੜ ਲੈਣ ਲਈ ਇਹ ਕੌਮੀ ਤਬਾਹੀ ਕਰ ਦੇਣ ਦਾ ਸਾਰਾ ਖੇਲ ਰਚਿਆ ਗਿਆ ਸੀ, ਉਹ ਤਾਂ ਛੇ ਜੂਨ ਸ਼ਾਮ ਤਕ ਖ਼ਤਮ ਹੋ ਚੁੱਕਾ ਸੀ ਅਤੇ ਅਤਿਵਾਦੀਆਂ ਦੇ ਕਹੇ ਜਾਂਦੇ ਮੋਢੀਆਂ ਸੰਤ ਭਿੰਡਰਾਂਵਾਲਾ, ਭਾਈ ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ ਦੀ ਪ੍ਰਦਰਸ਼ਨੀ ਵੀ ਸੱਤ ਤਾਰੀਖ਼ ਨੂੰ ਕੀਤੀ ਜਾ ਚੁੱਕੀ ਸੀ, ਤਾਂ ਰੈਫ਼ਰੈਂਸ ਲਾਇਬਰੇਰੀ ਅਤੇ ਪਾਵਨ ਬੀੜਾਂ ਵਾਲੇ ਹਾਲ ਕਮਰੇ ਵਿਚ ਹੁਣ ਕਿਹੜੇ ਅਤਿਵਾਦੀ ਛੁਪੇ ਹੋਏ ਸਨ, ਜਿਨ੍ਹਾਂ ਨੂੰ ਜੀਉਂਦੇ ਸਾੜ ਦੇਣ ਲਈ ਇਥੇ ਅੱਠ ਜੂਨ ਨੂੰ ਅੱਗ ਲਗਾਈ ਗਈ ਸੀ ?

ਇਸ ਤੋਂ ਅੱਗੇ ਜਦੋਂ ਅਸੀਂ ਸਰੋਵਰ ਦੀ ਲਹਿੰਦੇ ਬੰਨੇ ਦੀ ਬਾਹੀ 'ਤੇ ਗਏ ਤਾਂ ਵੇਖਿਆ ਕਿ ਸਰੋਵਰ ਦੀ ਇਸ ਗੁੱਠ ਤੋਂ ਲੈ ਕੇ ਕੜਾਹ ਪ੍ਰਸ਼ਾਦ ਦੇਣ ਵਾਲੇ ਥਾਂ ਤਕ ਦੇ ਪਿਛਲੇ ਮਕਾਨ, ਭਾਵੇਂ ਉਹ ਗੁਰਦੁਆਰਾ ਸਟਾਫ਼ ਦੇ ਕੁਆਰਟਰ ਸਨ ਜਾਂ ਪ੍ਰਾਈਵੇਟ ਤਿੰਨ-ਮੰਜ਼ਲੇ ਮਕਾਨ, ਸਾਰੇ ਢੱਠੇ ਹੋਏ ਸਨ। ਲਾਚੀ ਬੇਰੀ ਦਾ ਕੇਵਲ ਮੁੱਢ ਖੜਾ ਸੀ ਅਤੇ ਏਥੇ ਹੁੰਦੇ ਪ੍ਰਕਾਸ਼ ਵਾਲਾ ਥਾਂ ਫਟਿਆ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੇ ਜਾਣ ਦੀ ਆਗਿਆ ਨਹੀਂ ਸੀ, ਕਿਉਂਕਿ ਇਹ ਕੰਡੇਦਾਰ ਤਾਰ ਨਾਲ ਘਿਰਿਆ ਹੋਇਆ ਸੀ, ਪਰ ਪਰਕਰਮਾ ਵਿਚ ਖੜੋਤੇ ਨਜ਼ਰ ਪੈਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਬਿਲਕੁਲ ਢੇਰੀ ਹੋ ਚੁੱਕਾ ਸੀ, ਸਾਹਮਣੇ ਤਖ਼ਤ ਵਾਲੇ ਸਥਾਨ ਦੇ ਸੱਜੇ ਬੰਨੇ ਦੇ ਇਕ ਪਿੱਲਰ ਅਤੇ ਉਪਰਲੇ ਸੁਨਹਿਰੀ ਗੁੰਬਦ ਦੇ ਇਕ ਬੰਨੇ ਦੇ ਅੱਧੇ ਹਿੱਸੇ ਤੋਂ ਬਗ਼ੈਰ ਬਾਕੀ ਸਾਰੀ ਇਮਾਰਤ ਗਿਰ ਚੁੱਕੀ ਸੀ ਅਤੇ ਤਖ਼ਤ ਸਾਹਿਬ ਤੋਂ ਦੱਖਣ ਵੱਲ ਬਾਜ਼ਾਰ ਜਿਤਨਾ ਕੁ ਨਜ਼ਰ ਪੈਂਦਾ ਸੀ, ਸਾਰਾ ਖੰਡਰ ਬਣਿਆ ਪਿਆ ਸੀ। ਪ੍ਰੰਤੂ ਸਭ ਤੋਂ ਵੱਡੀ ਦੁਖਦਾਈ ਗੱਲ 350 ਸਾਲ ਤੋਂ ਸੰਭਾਲ ਰੱਖੇ ਗੁਰੂ

ਹਰਿਗੋਬਿੰਦ ਸਾਹਿਬ ਦੇ ਹੱਥ ਦੇ ਸ਼ਸਤਰ—ਤੇਗ਼ਾਂ, ਦੋ-ਧਾਰੇ ਖੰਡੇ ਅਤੇ ਹੋਰ ਇਤਿਹਾਸਕ ਸ਼ਸਤਰ, ਜੋ ਤਖ਼ਤ ਸਾਹਿਬ 'ਤੇ ਸੁਰੱਖਿਅਤ ਸਨ ਅਤੇ ਜਿਨ੍ਹਾਂ ਦੇ ਦਰਸ਼ਨ ਹਰ ਰੋਜ਼ ਯਾਤਰੂਆਂ ਨੂੰ ਕਰਾਏ ਜਾਂਦੇ ਸਨ, ਉਹ ਸਾਰੇ ਏਥੋਂ ਗ਼ਾਇਬ ਸਨ, ਉਹ ਉਥੋਂ ਉਠਾ ਲਏ ਗਏ ਜਾਂ ਟੁੱਟ ਭੱਜ ਤੇ ਅੱਗ ਭੇਟ ਹੋ ਗਏ, ਕੁੱਝ ਨਹੀਂ ਕਿਹਾ ਜਾ ਸਕਦਾ। ਪਰ ਸਤਿਗੁਰੂ ਜੀ ਦੀ ਨਿੱਜੀ ਪਾਵਨ ਯਾਦਗਾਰ ਤੋਂ ਸਦਾ ਲਈ ਕੌਮ ਨੂੰ ਵਿਛੋੜ ਦੇਣ ਜਿੰਨਾ ਵੱਡਾ ਹੋਰ ਕਿਹੜਾ ਅਪਰਾਧ ਹੋ ਸਕਦਾ ਹੈ ? ਉਪ੍ਰੰਤ ਅਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਪੁਲ ਪਰ ਆਏ ਤਾਂ ਅਸਾਂ ਡਿੱਠਾ ਕਿ ਦਰਸ਼ਨੀ ਡਿਉਢੀ ਦਾ ਪਿਛਲਾ ਹਰਿਮੰਦਰ ਸਾਹਿਬ ਵੱਲ ਦਾ ਪਾਸਾ ਢੱਠਾ ਪਿਆ ਸੀ। ਜਿਤਨਾ ਕੁ ਹਿੱਸਾ ਖੜਾ ਸੀ ਉਹ ਛਾਨਣੀ-ਛਾਨਣੀ ਸੀ।

ਅਸਾਂ ਇਹ ਵੀ ਦੇਖਿਆ ਕਿ ਗੁਰਦੁਆਰਾ ਲਾਚੀ ਬੇਰੀ ਦੇ ਨਾਲ ਵਾਲਾ ਫ਼ਰਾਸ਼ ਵਾਲਾ ਕਮਰਾ ਬਿਲਕੁਲ ਰਾਖ਼ ਹੋਇਆ ਪਿਆ ਸੀ। ਇਸ ਕਮਰੇ ਵਿਚ ਗੁਰੂ ਮਹਾਰਾਜ ਦੀਆਂ ਪਾਲਕੀਆਂ, ਕੀਮਤੀ ਰੁਮਾਲੇ ਤੇ ਚਾਨਣੀਆਂ ਸੰਭਾਲੇ ਜਾਂਦੇ ਸਨ। ਇਸ ਕਮਰੇ ਵਿਚ ਪਿਛਲੇ ਪੁਲ ਵਾਲੇ ਪਾਸਿਓਂ ਤੋਪਾਂ ਦੇ ਗੋਲਿਆਂ ਨਾਲ ਮਘੋਰੇ ਹੋਏ ਪਏ ਸਨ ਤੇ ਅੰਦਰ ਸਭ ਕੁਝ ਸੁਆਹ ਹੋਇਆ ਪਿਆ ਸੀ। ਜਿਸ ਸਮੇਂ ਅਸੀਂ ਹਰਿਮੰਦਰ ਸਾਹਿਬ ਅੰਦਰ ਗਏ ਤਾਂ ਵੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਤਣੀ ਹੋਈ ਕੀਮਤੀ ਚਾਨਣੀ ਦੀ ਜਗ੍ਹਾ ਇਕ ਮਾਮੂਲੀ ਸਾਟਨ ਵਰਗੇ ਕਪੜੇ ਦੀ ਚਾਨਣੀ ਲੱਗੀ ਹੋਈ ਸੀ। ਮਹਾਰਾਜ ਉਪਰਲੇ ਰੁਮਾਲੇ ਵੀ ਪੁਰਾਣੀ ਸ਼ਾਨੋ-ਸ਼ੌਕਤ ਵਾਲੇ ਨਹੀਂ ਸਨ।

ਅਸੀਂ ਹਰਿਮੰਦਰ ਸਾਹਿਬ ਦਾਖ਼ਲ ਹੋਣ ਤੋਂ ਪਹਿਲੋਂ ਬਾਹਰ ਤੋਂ ਦੇਖਿਆ ਕਿ ਦੂਜੀ ਮੰਜ਼ਲ ਦੇ ਸਾਹਮਣੇ ਮੁਖ ਦਰਵਾਜ਼ੇ ਦੇ ਸਿੱਧਾ ਉਪਰ ਇਕ ਕਰੀਬਨ ਛੇ ਇੰਚ ਉੱਚਾ ਅਤੇ ਚਾਰ ਇੰਚ ਚੌੜਾ ਮਘੋਰਾ ਸੀ, ਜਿਵੇਂ ਉਥੇ ਸਿੱਧਾ ਗੋਲਾ ਲੱਗਾ ਹੋਵੇ। ਹਰਿਮੰਦਰ ਸਾਹਿਬ ਦੇ ਕਈ ਦਰਵਾਜ਼ੇ ਅਤੇ ਬਾਰੀਆਂ ਉਖੜੀਆਂ ਜਾਂ ਟੁੱਟੀਆਂ ਹੋਈਆਂ ਸਨ। ਹਰਿਮੰਦਰ ਸਾਹਿਬ ਦੀਆਂ ਕੰਧਾਂ 'ਤੇ ਲੱਗੇ ਸੰਗਮਰਮਰ ਟੁੱਟ ਕੇ ਛੋਟੇ ਛੋਟੇ ਟੋਏ, ਡੂੰਘਾਈ ਦੇ ਨਿਸ਼ਾਨ ਪਏ ਸਨ। ਇਕ ਸਲੈਬ 'ਤੇ ਮੈਂ 11 ਗੋਲੀਆਂ ਦੇ ਨਿਸ਼ਾਨ ਗਿਣੇ। ਇਹੋ ਹਾਲ ਉਪਰ ਵਾਲੀਆਂ ਮੰਜ਼ਲਾਂ ਅਤੇ ਵੱਡੀਆਂ ਛੋਟੀਆਂ ਸੁਨਹਿਰੀ ਗੁੰਬਦੀਆਂ ਦਾ ਸੀ। ਦੱਸਿਆ ਜਾਂਦਾ ਹੈ ਕਿ ਇਸ ਇਕੱਲੀ ਸੁਨਹਿਰੀ ਇਮਾਰਤ ਵਿਚ 350 ਗੋਲੀਆਂ ਦੇ ਨਿਸ਼ਾਨ ਸਨ। ਇਹ ਉਸ ਥਾਂ ਦੀ ਦਸ਼ਾ ਸੀ ਜਿਸ ਬਾਰੇ ਪ੍ਰਧਾਨ ਮੰਤਰੀ ਨੇ ਕਈ ਵਾਰ ਐਲਾਨ ਕੀਤਾ ਸੀ ਕਿ 'ਸਵਰਨ ਮੰਦਰ ਪਰ ਏਕ ਗੋਲੀ ਨਹੀਂ ਚਲਾਈ ਗਈ ਔਰ ਵੋਹ ਬਿਲਕੁਲ ਸੁਰੱਖਿਅਤ ਹੈ।"

ਇਥੇ ਹੀ ਸਾਨੂੰ ਪਤਾ ਲੱਗਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ, ਭਾਈ ਅਮਰੀਕ ਸਿੰਘ ਜੀ, ਜੋ ਨੇਤਰ-ਹੀਣ ਸਨ ਤੇ ਕਲਾਸੀਕਲ ਰਾਗਾਂ ਵਿਚ

ਕੀਰਤਨ ਕਰਨ ਵਿਚ ਮਾਹਿਰ ਸਨ, ਵੀ ਸ਼ਹੀਦ ਹੋ ਗਏ ਹਨ। ਭਾਈ ਸਾਹਿਬ ਵਰ੍ਹਦੀਆਂ ਗੋਲੀਆਂ ਦੀ ਬੁਛਾੜ ਵਿਚ 5 ਜੂਨ ਨੂੰ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਭਰਨ ਆਏ ਸਨ। ਕੀਰਤਨ ਕਰਨ ਤੋਂ ਬਾਅਦ ਉਹ ਦਰਸ਼ਨੀ ਡਿਉਢੀ ਦੇ ਹੇਠਾਂ ਵਾਲੇ ਕਮਰੇ ਵਿਚ ਆ ਗਏ ਤੇ ਬਾਹਰ ਗੋਲੀਆਂ ਦੀ ਤੇਜ਼ ਬੁਛਾੜ ਜਾਰੀ ਰਹਿਣ ਕਾਰਨ ਵਾਪਸ ਘਰ ਨਾ ਪਹੁੰਚ ਸਕੇ। ਦੁਪਹਿਰ ਤੋਂ ਬਾਅਦ, ਜਦੋਂ ਤੋਪਾਂ ਦੇ ਗੋਲਿਆਂ ਨਾਲ ਦਰਸ਼ਨੀ ਡਿਉਢੀ ਵੀ ਕੰਬਣੀ ਸ਼ੁਰੂ ਹੋ ਗਈ ਤਾਂ ਇਕ ਹੋਰ ਰਾਗੀ ਭਾਈ ਅਵਤਾਰ ਸਿੰਘ ਉਨ੍ਹਾਂ ਨੂੰ ਗੁਰਦੁਆਰਾ ਲਾਚੀ ਬੇਰੀ ਵਾਲੇ ਪਾਸਿਓਂ ਵਰਾਂਡਿਆਂ ਵੱਲ ਲੈ ਤੁਰਿਆ। ਉਸ ਸਮੇਂ ਉਨ੍ਹਾਂ ਨਾਲ ਭਾਈ ਗੁਰਚਰਨ ਸਿੰਘ ਸਹਾਇਕ ਰਾਗੀ, ਇਕ ਹੋਰ ਨੇਤਰਹੀਣ ਸਹਾਇਕ ਰਾਗੀ ਭਾਈ ਬਲਵੰਤ ਸਿੰਘ ਨੂੰ ਲੈ ਕੇ ਨਾਲ ਟੁਰ ਪਿਆ। ਪਰ ਗੁਰਦੁਆਰਾ ਲਾਚੀ ਬੇਰੀ ਲਾਗੇ ਪਹੁੰਚਦਿਆਂ ਗੋਲੀਆਂ ਦੀ ਬੁਛਾੜ ਨੇ ਇਨ੍ਹਾਂ ਗੁਰੂ ਕੇ ਕੀਰਤਨੀਆਂ 'ਚੋਂ ਤਿੰਨਾਂ ਨੂੰ ਉਥੇ ਹੀ ਸ਼ਹੀਦ ਕਰ ਦਿੱਤਾ—ਕੇਵਲ ਭਾਈ ਗੁਰਚਰਨ ਸਿੰਘ ਹੀ ਨੱਸ ਕੇ ਵਰਾਂਡਿਆਂ ਤਕ ਪਹੁੰਚ ਕੇ ਬਚ ਸਕਿਆ।

ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪੂਰਨ ਸਿੰਘ ਜੀ 5 ਜੂਨ ਸ਼ਾਮ ਤੋਂ 7 ਜੂਨ ਸਵੇਰ ਤਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਰਹੇ। ਉਨ੍ਹਾਂ ਨੇ ਸਾਨੂੰ ਦੱਸਿਆ ਕਿ 5 ਤੇ 6 ਜੂਨ ਦੀ ਦਰਮਿਆਨੀ ਰਾਤ ਬਹੁਤ ਭਿਆਨਕ ਖ਼ੂਨੀ ਰਾਤ ਸੀ। ਇਤਨੀ ਕਹਿਰ ਭਰੀ ਰਾਤ ਸਮੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਲਈ ਰਾਗੀ ਸਿੰਘ ਕਿਥੋਂ ਆ ਸਕਦੇ ਸਨ ? ਪਰ ਅਖੰਡ ਕੀਰਤਨੀ ਜਥੇ ਦੇ 2-3 ਸਿੰਘ ਰਾਤ ਗੋਲੀਆਂ ਦੀ ਅੰਧਾ-ਧੁੰਦ ਵਰਖਾ ਕਰ ਕੇ ਬਾਹਰ ਨਹੀਂ ਜਾ ਸਕੇ ਸਨ। ਇਸ ਲਈ ਉਨ੍ਹਾਂ ਨੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਕਰ ਦਿੱਤਾ। ਇਨ੍ਹਾਂ ਪ੍ਰੇਮੀਆਂ ਵਿਚੋਂ ਇਕ ਭਾਈ ਅਵਤਾਰ ਸਿੰਘ ਪਾਰੋਵਾਲ (ਜ਼ਿਲਾ ਗੁਰਦਾਸਪੁਰ) ਨਿਵਾਸੀ ਵੀ ਸੀ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਵੀ ਉਨ੍ਹਾਂ ਇਕ ਘੰਟੇ ਦੇ ਕਰੀਬ ਕੀਰਤਨ ਕੀਤਾ। ਪਰ ਭੁੱਖੇ ਤੇ ਪਿਆਸ ਨਾਲ ਸੁੱਕ ਚੁੱਕੇ ਗਲੇ ਹੋਰ ਸਾਥ ਦੇਣੋਂ ਆਕੀ ਹੋ ਗਏ ਤੇ ਫਿਰ ਉਨ੍ਹਾਂ ਨੇ ਉਥੇ ਹੀ ਬੈਠ ਕੇ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਸ਼ੁਰੂ ਕਰ ਦਿੱਤਾ। ਇਸ ਵਿਆਕੁਲ ਸਥਿਤੀ ਵਿਚ ਬੈਠਿਆਂ ਅਚਾਨਚੱਕ ਹੀ ਇਕ ਗੋਲੀ ਭਾਈ ਅਵਤਾਰ ਸਿੰਘ ਦੇ ਪੱਟ ਵਿਚ ਆ ਵੱਜੀ ਤੇ ਖ਼ੂਨ ਦਾ ਫੁਹਾਰਾ ਫੁੱਟ ਨਿਕਲਿਆ। ਕੱਪੜਾ ਆਦਿ ਬੰਨ੍ਹ ਦਿੱਤਾ ਗਿਆ, ਪਰ ਖ਼ੂਨ ਵਗਣੋਂ ਬੰਦ ਨਾ ਹੋਇਆ। ਇਕ ਪਾਠੀ ਸਿੰਘ ਤੇ ਇਕ ਹੋਰ ਸਿੰਘ ਵੀ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋਏ। ਪਰ ਭਾਈ ਅਵਤਾਰ ਸਿੰਘ ਲਗਾਤਾਰ ਖ਼ੂਨ ਵਗਦੇ ਰਹਿਣ ਕਰਕੇ, ਸ਼ਾਮ ਤਕ ਉਥੇ ਹੀ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦਿਆਂ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜਿਆ।

ਗਿਆਨੀ ਪੂਰਨ ਸਿੰਘ ਜੀ ਨੇ ਇਹ ਵੀ ਦੱਸਿਆ ਕਿ 5 ਤੇ 6 ਜੂਨ ਦੀ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਠਹਿਰੇ 20-22 ਸਿੰਘਾਂ ਵਿਚ ਜਾਂ ਤਾਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਨ ਤੇ ਜਾਂ ਫਿਰ ਪ੍ਰੇਮੀ। ਇਨ੍ਹਾਂ ਵਿਚੋਂ ਕਿਸੇ ਪਾਸ ਵੀ ਕੋਈ ਹਥਿਆਰ ਨਹੀਂ ਸੀ। ਲੇਕਿਨ ਸਰਕਾਰ ਵੱਲੋਂ ਲਗਾਤਾਰ ਇਸ ਗੱਲ ਦਾ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਕਿ 'ਸਵਰਨ ਮੰਦਿਰ ਕੇ ਭੀਤਰ ਸੇ ਲਗਾਤਾਰ ਫ਼ਾਇਰ ਆਨੇ ਕੇ ਬਾਵਜੂਦ ਭਾਰਤੀ ਫ਼ੌਜੋਂ ਨੇ ਬਹੁਤ ਸੰਜਮ ਸੇ ਕਾਮ ਲੀਆ ਔਰ ਏਕ ਭੀ ਗੋਲੀ ਸਵਰਨ ਮੰਦਿਰ ਕੀ ਤਰਫ਼ ਨਹੀਂ ਚਲਾਈ।' ਜਦ ਕਿ ਅਸਲੀਅਤ ਇਹ ਹੈ ਕਿ ਹਰਿਮੰਦਰ ਸਾਹਿਬ ਅੰਦਰ ਇਕ ਵੀ ਹਥਿਆਰ-ਬੰਦ ਵਿਅਕਤੀ ਨਹੀਂ ਸੀ। ਤੇ ਦੂਜੇ ਬੰਨੇ ਹਰਿਮੰਦਰ ਸਾਹਿਬ ਉਪਰ ਗੋਲੀਆਂ ਦੇ ਸੈਂਕੜੇ ਨਿਸ਼ਾਨ ਭਾਰਤੀ ਫ਼ੌਜ ਵੱਲੋਂ ਵਰਤੇ ਗਏ 'ਸੰਜਮ' ਦਾ ਪਰਤੱਖ ਪ੍ਰਗਟਾਵਾ ਕਰ ਰਹੇ ਸਨ।

ਗਿਆਨੀ ਸਾਹਿਬ ਸਿੰਘ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦਾ ਜੋ ਬਿਆਨ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋਇਆ ਹੈ, ਉਸ ਅਨੁਸਾਰ 3 ਜੂਨ ਸ਼ਾਮ ਤੋਂ ਦਰਬਾਰ ਸਾਹਿਬ ਕੰਪਲੈਕਸ, ਗੁਰੂ ਰਾਮ ਦਾਸ ਸਰਾਏ, ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਹੋਰ ਸੰਬੰਧਤ ਇਮਾਰਤਾਂ ਛੇ-ਸੱਤ ਹਜ਼ਾਰ ਯਾਤਰੂਆਂ ਨਾਲ ਭਰੀਆਂ ਹੋਈਆਂ ਸਨ, ਕਿਉਂਕਿ ਤਿੰਨ ਜੂਨ ਦੇ ਸ਼ਹੀਦੀ ਗੁਰਪੁਰਬ ਮਨਾਉਣ ਆਏ ਲੋਕ ਕਰਫ਼ਿਊ ਲੱਗ ਜਾਣ ਕਾਰਨ ਬਾਹਰ ਨਹੀਂ ਜਾ ਸਕੇ ਸਨ, ਸਾਰਾ ਕੰਪਲੈਕਸ ਖਚਾ-ਖਚ ਭਰਿਆ ਹੋਇਆ ਸੀ।

ਗਿਆਨੀ ਸਾਹਿਬ ਸਿੰਘ ਜੀ ਨੇ ਦੱਸਿਆ ਕਿ 5 ਜੂਨ ਸ਼ਾਮ ਨੂੰ ਮੈਂ ਗ੍ਰੰਥੀ ਸਾਹਿਬਾਨ ਪੂਰਨ ਸਿੰਘ ਤੇ ਮੋਹਨ ਸਿੰਘ ਨੂੰ ਪੰਜੀ ਸੇਵਾਦਾਰਾਂ ਸਮੇਤ ਹਰਿਮੰਦਰ ਸਾਹਿਬ ਦੀ ਸੇਵਾ ਲਈ ਛੱਡ ਕੇ ਗਿਆ ਸੀ। ਰਾਗੀ ਜਥੇ ਦੇ ਤਿੰਨੇ ਸਿੰਘ ਭਾਈ ਅਮਰੀਕ ਸਿੰਘ, ਭਾਈ ਬਲਵੰਤ ਸਿੰਘ (ਦੋਵੇਂ ਸੂਰਮੇ ਸਿੰਘ) ਅਤੇ ਭਾਈ ਅਵਤਾਰ ਸਿੰਘ ਕੀਰਤਨ ਕਰਨ ਪਿੱਛੋਂ ਦਰਸ਼ਨੀ ਡਿਉਢੀ ਤੋਂ ਬਾਹਰ ਨਿਕਲਣ ਸਾਰ ਲਾਚੀ ਬੇਰੀ ਪਾਸ 5 ਜੂਨ ਸ਼ਾਮ ਫ਼ੌਜੀਆਂ ਦੀਆਂ ਗੋਲੀਆਂ ਨਾਲ ਮਾਰੇ ਜਾ ਚੁੱਕੇ ਸਨ। ਉਸ ਸਾਰਾ ਦਿਨ ਗੋਲੀ ਵਰ੍ਹਦੀ ਰਹੀ। ਸੱਤ ਜੂਨ ਸਵੇਰੇ ਸਾਢੇ ਛੇ ਵਜੇ ਕੁੱਝ ਫ਼ੌਜੀ ਭਾਈ ਪੂਰਨ ਸਿੰਘ ਤੇ ਮੋਹਨ ਸਿੰਘ ਨੂੰ ਨਾਲ ਲੈ ਕੇ ਮੇਰੇ ਪਾਸ ਆਏ ਤੇ ਮੈਨੂੰ ਕਿਹਾ, 'ਤੁਹਾਨੂੰ ਸਾਹਬ ਬੁਲਾਉਂਦਾ ਹੈ।' ਉਸ ਵੇਲੇ ਪਰਕਰਮਾ ਵਿਚ ਪਈਆਂ ਲਾਸ਼ਾ ਦੇ ਢੇਰਾਂ ਤੋਂ ਏਨੀ ਬਦਬੂ ਉਠ ਰਹੀ ਸੀ ਕਿ ਸਾਹ ਲੈਣਾ ਵੀ ਔਖਾ ਸੀ। ਜਿਧਰ ਵੇਖੋ, ਮਨੁੱਖਾਂ, ਬੱਚਿਆਂ ਤੇ ਇਸਤਰੀਆਂ ਦੀਆਂ ਲਾਸ਼ਾਂ ਹੀ ਲਾਸ਼ਾਂ ਪਈਆਂ ਸਨ। ਕਈ ਲਾਸ਼ਾਂ ਸਰੋਵਰ ਵਿਚ ਤਰ ਰਹੀਆਂ ਸਨ। ਮੇਰਾ ਵਿਚਾਰ ਹੈ ਕਿ ਹਜ਼ਾਰ ਬਾਰਾਂ ਸੌ ਤੋਂ ਘੱਟ ਲਾਸ਼ ਨਹੀਂ ਸੀ। ਫ਼ੌਜੀ ਖੁੱਲ੍ਹੇ ਮੂੰਹ ਬੀੜੀਆਂ ਪੀ ਰਹੇ ਸਨ। ਜਦੋਂ ਫ਼ੌਜੀ ਮੈਨੂੰ ਆਪਣੇ

ਨਾਲ ਲੈ ਜਾ ਰਹੇ ਸਨ, ਉਹ ਬਹੁਤ ਬੇਹੂਦਾ ਬੋਲਦੇ ਜਾਂਦੇ ਸਨ। ਇਕ ਕਹਿ ਰਿਹਾ ਸੀ 'ਰਾਜ ਕਰੇਗਾ ਡੋਗਰਾ'। ਦੂਜਾ ਕਹਿੰਦਾ ਸੀ 'ਮਾਰੋ ਗੋਲੀ ਸਾਲੇ ਕੋ'। ਜਦ ਅਸੀਂ ਉਨ੍ਹਾਂ ਦੇ ਅਫ਼ਸਰ ਪਾਸ ਪਹੁੰਚੇ ਤਾਂ ਉਸ ਮੈਨੂੰ ਕਿਹਾ, 'ਗੁਰਦੁਆਰੇ ਅੰਦਰ ਦਾ ਰੋਜ਼ਾਨਾ ਪ੍ਰੋਗਰਾਮ ਸ਼ੁਰੂ ਕਰੋ।' ਮੈਂ ਜਵਾਬ ਵਿਚ ਕਿਹਾ, 'ਮੈਂ ਇਕੱਲਾ ਕਿਵੇਂ ਸ਼ੁਰੂ ਕਰ ਸਕਦਾ ਹਾਂ ? ਮੇਰੇ ਆਦਮੀ ਮੈਨੂੰ ਦਿਓ ਤਾਂ ਹੀ ਪ੍ਰੋਗਰਾਮ ਸ਼ੁਰੂ ਹੋ ਸਕਦਾ ਹੈ।' ਅਤੇ ਮੈਂ ਚੌਵੀ ਆਦਮੀਆਂ ਦੇ ਨਾਮ ਦਿੱਤੇ। ਇਹ ਸਾਰੇ ਫ਼ੌਜ ਦੀ ਹਿਰਾਸਤ ਵਿਚ ਸਨ। ਅਫ਼ਸਰ ਨੇ ਬੜਾ ਔਖਾ ਜਿਹਾ ਹੋ ਕੇ ਤੇਰਾਂ ਆਦਮੀ ਛੱਡ ਦਿੱਤੇ।

ਮੈਂ ਨਹੀਂ ਸਮਝਦਾ ਸੀ ਕਿ ਹਰਿਮੰਦਰ ਸਾਹਿਬ ਅੰਦਰ ਇਸ ਕਦਰ ਖ਼ੂਨ ਵਗਿਆ ਤੇ ਏਨਾ ਨਿਰਾਦਰ ਕੀਤਾ ਗਿਆ ਹੋਵੇਗਾ। ਮਹਾਰਾਜ ਦੇ ਰਮਾਲਿਆਂ ਤਕ ਸੜ ਚੁੱਕੇ ਸਨ। ਰਾਗੀ ਸਿੰਘ ਸ਼ਹੀਦ ਹੋ ਚੁੱਕੇ ਸਨ। ਅਸੀਂ ਵੀਹ ਜੂਨ ਤਕ ਹਰਿਮੰਦਰ ਸਾਹਿਬ ਪਹੁੰਚਣ ਲਈ ਨੱਕ 'ਤੇ ਰੁਮਾਲੇ ਬੰਨ੍ਹ ਕੇ ਜਾਂਦੇ ਰਹੇ, ਕਿਉਂਕਿ ਮੁਰਦਿਆਂ ਦੀ ਬਦਬੂ ਨੇ ਦਰਬਾਰ ਸਾਹਿਬ ਦਾ ਸਾਰਾ ਵਾਤਾਵਰਨ ਹੀ ਮੁਸ਼ਕ ਨਾਲ ਭਰ ਦਿੱਤਾ ਹੋਇਆ ਸੀ।

ਜਦੋਂ ਸ੍ਰੀਮਤੀ ਇੰਦਰਾ ਗਾਂਧੀ ਦਰਬਾਰ ਸਾਹਿਬ ਵੇਖਣ ਆਈ ਤਾਂ ਮੈਂ ਉਸ ਨੂੰ ਹਰਿਮੰਦਰ ਸਾਹਿਬ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ ਵਿਖਾਏ ਅਤੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 700 ਬੀੜਾਂ ਜਲਾਈਆਂ ਗਈਆਂ ਹਨ।

ਭਾਈ ਜੋਗਿੰਦਰ ਸਿੰਘ ਵੇਦਾਂਤੀ, ਜੋ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਹਨ, ਦੇ ਅਨੁਮਾਨ ਅਨੁਸਾਰ ਕੰਪਲੈਕਸ ਅੰਦਰ ਅਗਨ-ਭੇਟ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ-ਸਰੂਪਾਂ ਦੀ ਗਿਣਤੀ 2500 ਦੇ ਕਰੀਬ ਹੈ। ਵੇਦਾਂਤੀ ਜੀ ਹੱਥ-ਲਿਖਤ ਬੀੜਾਂ ਦੀ ਖੋਜ ਵੱਲ ਰੁਚਿਤ ਹੋਣ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਰੈਫ਼ਰੈਂਸ ਲਾਇਬਰੇਰੀ ਵਾਲੇ ਹੱਥ-ਲਿਖਤ ਪਾਵਨ-ਸਰੂਪਾਂ ਬਾਰੇ ਕਾਫ਼ੀ ਸਹੀ ਜਾਣਕਾਰੀ ਰੱਖਦੇ ਹਨ—ਇਸ ਕਰਕੇ ਉਨ੍ਹਾਂ ਦਾ ਅਨੁਮਾਨ ਵਧੇਰੇ ਮੰਨਣਯੋਗ ਹੈ। (ਕੰਪਲੈਕਸ ਅੰਦਰ ਵਰਤੇ ਕਹਿਰਾਂ ਦੇ ਵਧੇਰੇ ਵੇਰਵੇ ਲਈ ਵੇਖੋ—ਅੰਤਿਕਾ 2 'ਵੇਦਾਂਤੀ ਜੀ ਦੀ ਜ਼ਬਾਨੀ')

ਗਿਆਨੀ ਪੂਰਨ ਸਿੰਘ ਜੀ ਗ੍ਰੰਥੀ ਦੀ ਜ਼ਬਾਨੀ ਪਤਾ ਲੱਗਾ ਕਿ ਉਹ 5 ਜੂਨ ਦੀ ਸ਼ਾਮ ਤੋਂ 7 ਜੂਨ ਸਵੇਰ ਤਕ ਹਰਿਮੰਦਰ ਸਾਹਿਬ ਅੰਦਰ ਰਹੇ ਸਨ। 5 ਜੂਨ ਰਾਤ ਦੇ 10-30 ਵਜੇ ਗੁਰੂ ਰਾਮ ਦਾਸ ਸਰਾਏ ਵੱਲੋਂ ਕਈ ਟੈਂਕ ਸਰੋਵਰ ਦੀ ਪਰਕਰਮਾ ਵਿਚ ਦਾਖ਼ਲ ਹੋਏ ਸਨ। ਗੋਲੇ ਦਬਾ ਦਬ ਵੱਸ ਰਹੇ ਅਤੇ ਉਨ੍ਹਾਂ ਰਾਹੀਂ ਹੀ ਆਕਾਸ਼ ਵਿਚ ਚਾਨਣ ਹੁੰਦਾ ਸੀ। ਇਹ ਗੋਲੇ ਦਰਸ਼ਨੀ ਡਿਉਢੀ ਉਪਰ ਪਿਛਲੇ ਬੰਨਿਓਂ ਵਰਸ ਰਹੇ ਸਨ। ਪਹਿਲਾ ਗੋਲਾ ਹੀ ਦਰਸ਼ਨੀ ਡਿਉਢੀ ਵਿਚ ਪਾੜ ਪਾ ਕੇ ਉਸ ਕਮਰੇ ਨੂੰ ਅੱਗ ਲਗਾ ਚੁੱਕਾ ਸੀ, ਜਿਥੇ ਮਹਾਰਾਜਾ ਰਣਜੀਤ ਸਿੰਘ ਵੱਲੋਂ

ਭੇਟ ਹੋਈ ਅਮੋਲਕ ਚਾਨਣੀ ਸੁਰੱਖਿਅਤ ਸੀ, ਜੋ ਕੁੱਝ ਮਿੰਟਾਂ ਵਿਚ ਹੀ ਸੁਆਹ ਹੋ ਗਈ ਸੀ। ਤੋਸ਼ਾਖ਼ਾਨੇ ਨੂੰ ਵੀ ਅੱਗ ਲੱਗ ਚੁੱਕੀ ਸੀ।

6 ਤਾਰੀਖ਼ ਸਵੇਰ ਦੀ ਗੋਲਾਬਾਰੀ ਸਮੇਂ ਇਕ ਗੋਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਕਾਸ਼ ਦਸ਼ਾ ਵਿਚ ਲੱਗੀ।

7 ਤਾਰੀਖ਼ ਨੂੰ ਜਦੋਂ ਫ਼ੌਜੀ ਮੈਨੂੰ ਤੇ ਗਿਆਨੀ ਮੋਹਨ ਸਿੰਘ ਨੂੰ ਹੈਡ ਗ੍ਰੰਥੀ ਗਿਆਨੀ ਸਾਹਿਬ ਦੇ ਸਥਾਨ ਵੱਲ ਲੈ ਜਾ ਰਹੇ ਸਨ ਤਾਂ ਸਾਨੂੰ ਦੱਸਿਆ ਗਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਬਾਬਾ ਥਾਰਾ ਸਿੰਘ, ਭਾਈ ਅਮਰੀਕ ਸਿੰਘ ਤੇ ਜਰਨਲ ਸੁਬੇਗ ਸਿੰਘ ਦੀਆਂ ਲਾਸ਼ਾਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਨਿਸ਼ਾਨ ਸਾਹਿਬ ਪਾਸ ਪਈਆਂ ਸਨ। ਅਸਾਂ ਇਹ ਲਾਸ਼ਾਂ ਵਿਖਾਉਣ ਲਈ ਕਿਹਾ ਤਾਂ ਸਾਨੂੰ ਬੰਦੂਕ ਵਿਖਾਉਂਦੇ ਹੋਏ ਕਿਹਾ ਗਿਆ ਕਿ ਇਹ ਵਿਖਾਉਣ ਦੀ ਆਗਿਆ ਨਹੀਂ ਹੈ।

ਹੁਣ ਲਓ ਉਹ ਵਾਕਿਅਤ ਜੋ ਕੁੱਝ ਭਰੋਸੇਯੋਗ ਸੱਜਣਾਂ ਤੋਂ, ਜਿਨ੍ਹਾਂ ਨਾਲ ਇਹ ਵਾਪਰੇ ਸਨ ਜਾਂ ਜਿਨ੍ਹਾਂ ਇਹ ਗੱਲਾਂ ਵਾਪਰਦੀਆਂ ਆਪਣੀ ਅੱਖੀਂ ਦੇਖੀਆਂ ਸਨ, ਤੋਂ ਅਸੀਂ ਸੁਣੀਆਂ :

(i) ਹਰਿਮੰਦਰ ਸਾਹਿਬ ਅੰਦਰ ਉਸ ਸਮੇਂ ਪ੍ਰਕਾਸ਼ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਲੱਗੀ ਗੋਲੀ ਨਾਲ ਮੁੱਢਲੇ 82 ਪੱਤਰੇ ਕੱਟੇ ਵੱਢੇ ਗਏ ਸਨ। ਇਸ ਸਮੇਂ ਗ੍ਰੰਥੀ ਗਿਆਨੀ ਪੂਰਨ ਸਿੰਘ ਜੀ ਅੰਦਰ ਹੀ ਸਨ।

(ii) ਦਰਸ਼ਨੀ ਡਿਉਢੀ ਦੀ ਉੱਤਰੀ ਬਾਹੀ ਦੇ ਕਮਰਿਆਂ ਅੰਦਰ ਰੱਖੇ ਤੋਸ਼ਾਖ਼ਾਨੇ ਦੀ ਲੁੱਟ-ਮਾਰ ਤੇ ਬਰਬਾਦੀ ਦਾ ਸਹੀ ਅਨੁਮਾਨ ਹੁਣ ਤਕ ਨਹੀਂ ਲੱਗ ਸਕਿਆ, ਕਿਉਂਕਿ ਨਾ ਇਸ ਦਾ ਕੋਈ ਰਿਕਾਰਡ ਰਿਹਾ ਹੈ (ਜੋ ਸਾਰਾ ਸਾੜਿਆ ਫੂਕਿਆ ਜਾ ਚੁੱਕਾ ਹੈ) ਅਤੇ ਨਾ ਕੋਈ ਐਸਾ ਜ਼ਿੰਮੇਵਾਰ ਸੱਜਣ ਜਾਂ ਕਰਮਚਾਰੀ ਹੈ, ਜੋ ਇਸ ਬਾਰੇ ਕੁੱਝ ਦੱਸ ਸਕੇ, (ਕੁੱਝ ਮਾਰੇ ਗਏ ਅਤੇ ਕਈ ਸਰਕਾਰ ਦੀਆਂ ਜੇਲ੍ਹਾਂ ਅੰਦਰ ਹਨ)। ਤੋਸ਼ਾਖ਼ਾਨੇ ਅੰਦਰ ਜੋ ਅਮੋਲਕ ਵਸਤਾਂ ਰੱਖੀਆਂ ਹੋਈਆਂ ਸਨ, ਦੇ ਕੁੱਝ ਵਿਸਥਾਰ ਲਈ ਪੜ੍ਹੋ ਅੰਤਿਕਾ-1 ਹੇਠ ਛਪੇ ਸ: ਰਵੇਲ ਸਿੰਘ ਸਾਬਕਾ ਮੀਤ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਿਆਨ ਦਾ ਖ਼ੁਲਾਸਾ।

(iii) ਜਿਨ੍ਹਾਂ ਨੌਜਵਾਨਾਂ ਨੂੰ ਅਤਿਵਾਦੀ ਜਾਣ ਕੇ ਫੜਿਆ ਗਿਆ, ਭਾਵੇਂ ਉਹ ਗੁਰਦੁਆਰੇ ਦੇ ਮੁਲਾਜ਼ਮ ਸਨ, ਯਾਤਰੂ ਸਨ, ਜਾਂ ਅਤਿਵਾਦੀ, ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ ਕਤਾਰਾਂ ਵਿਚ ਖੜੇ ਕਰ ਕੇ ਉਨ੍ਹਾਂ ਉਪਰ ਗੋਲੀ ਦਾਗ਼ ਦਿੱਤੀ ਗਈ।

(iv) ਗੁਰੂ ਰਾਮ ਦਾਸ ਸਰਾਏ ਤੇ ਹੋਰ ਨਿਵਾਸ ਅਸਥਾਨਾਂ 'ਤੇ ਜੋ ਯਾਤਰੂ ਇਸਤਰੀ ਮਰਦ ਬੱਚੇ ਠਹਿਰੇ ਹੋਏ ਸਨ, ਲਗਪਗ ਸਾਰੇ ਹੀ ਅੰਧਾ-ਧੁੰਦ ਵੱਸ ਰਹੀ ਗੋਲੀ ਦਾ ਸ਼ਿਕਾਰ ਹੋ ਗਏ। ਜੋ ਬਚੇ, ਉਹ ਫੜ ਲਏ ਗਏ। ਐਸੇ ਫੜੇ ਹੋਇਆਂ

ਵਿਚ ਕਿਤਨੇ ਹੀ ਨਾਬਾਲਗ਼ ਬੱਚੇ ਤੇ ਨੌਜਵਾਨ ਲੜਕੀਆਂ ਭੀ ਸਨ, ਜਿਨ੍ਹਾਂ ਨਾਲ ਵਰਤੀਆਂ ਦੋ ਤਿੰਨ ਘਟਨਾਵਾਂ ਇਉਂ ਦੱਸੀਆਂ ਗਈਆਂ ਹਨ :

(ੳ) ਜ਼ਿਲਾ ਸੰਗਰੂਰ ਤੋਂ ਬੀਬੀਆਂ ਦਾ ਇਕ ਜਥਾ ਜ਼ਿਲੇ ਦੇ ਜਥੇਦਾਰ ਨਛੱਤਰ ਸਿੰਘ ਦੀ ਮਾਤਾ ਦੀ ਸਰਕਰਦਗੀ ਹੇਠ ਸ੍ਰੀ ਦਰਬਾਰ ਸਾਹਿਬ ਦੇ ਕਬਜ਼ੇ ਸੰਬੰਧੀ ਗ੍ਰਿਫ਼ਤਾਰੀ ਦੇਣ 3 ਜੂਨ ਦੇ ਸ਼ਹੀਦੀ ਦਿਨ ਦਰਬਾਰ ਸਾਹਿਬ ਆਇਆ ਹੋਇਆ ਸੀ। ਇਸ ਦੀ ਗਿਣਤੀ ਸੌ ਤੋਂ ਦੋ ਸੌ ਤਕ ਦੱਸਦੇ ਹਨ। ਜਥੇਦਾਰਨੀ ਅਤੇ ਵਡੇਰੀ ਉਮਰ ਦੀਆਂ ਦੋ ਹੋਰ ਇਸਤਰੀਆਂ ਨੂੰ ਛੱਡ ਕੇ ਬਾਕੀਆਂ ਨੂੰ ਫ਼ੌਜੀ ਜਵਾਨ ਲੈ ਗਏ, ਉਨ੍ਹਾਂ ਦੀ ਬੇਪਤੀ ਕੀਤੀ ਅਤੇ ਫਿਰ ਮਾਰ ਦਿੱਤੀਆਂ ਦੱਸੀਆਂ ਜਾਂਦੀਆਂ ਹਨ। ਜੋ ਤਿੰਨ ਇਸ ਬੇਪਤੀ ਤੋਂ ਬਚੀਆਂ ਸਨ, ਉਹ ਅੰਮ੍ਰਿਤਸਰ ਜੇਲ੍ਹ ਵਿਚ ਸਨ। ਜੇਲ੍ਹ ਸੁਪ੍ਰਿੰਟੈਂਡੈਂਟ, ਜੋ ਸਿਖ ਸਰਦਾਰ ਸੀ, ਨੂੰ ਜੇਲ੍ਹ ਦਾ ਚੱਕਰ ਲਾਉਣ ਸਮੇਂ ਜਥੇਦਾਰਨੀ ਨੇ ਇਉਂ ਸੰਬੋਧਨ ਕੀਤਾ : 'ਵੇ ਸਰਦਾਰਾ, ਪੱਗ ਬੰਨ੍ਹੀ ਫਿਰਦਾ ਏਂ, ਸਾਡੀ ਗੱਲ ਵੀ ਸੁਣੀ ਉ"।

ਫ਼ੌਜੀਆਂ ਵੱਲੋਂ ਕੀਤੀ ਗਈ ਲੁੱਟ-ਮਾਰ ਅਤੇ ਇਸਤਰੀਆਂ ਦੀ ਬੇਪਤੀ ਬਾਰੇ ਕੈਪਟਨ ਅਮਰਿੰਦਰ ਸਿੰਘ ਸਾਬਕਾ ਐਮ.ਪੀ ਤੇ ਮਹਾਰਾਜਾ ਪਟਿਆਲਾ ਦੇ ਸ: ਰਾਹੁਲ ਸਿੰਘ ਪ੍ਰਤੀ ਕਹੇ ਹੋਏ ਸ਼ਬਦ ਭਾਵ-ਪੂਰਤ ਹਨ :

> "If even five percent of the rumours of the army looting and raping women are true, I will feel personally ashamed of having been part of the army, that I loved so much."
>
> *(Samachar Vichar, Bombay)*

ਅਰਥਾਤ, "ਜੇ ਫ਼ੌਜੀਆਂ ਵੱਲੋਂ ਕੀਤੀ ਗਈ ਲੁੱਟ-ਮਾਰ ਅਤੇ ਔਰਤਾਂ ਦੇ ਸਤ-ਭੰਗ ਕਰਨ ਦੀਆਂ ਵਾਰਦਾਤਾਂ ਦੀ ਚਰਚਾ ਪੰਜ ਫ਼ੀਸਦੀ ਵੀ ਸੱਚੀ ਹੈ ਤਾਂ ਬਾਵਜੂਦ ਮੇਰੇ ਹਿਰਦੇ ਅੰਦਰ ਫ਼ੌਜੀ ਜੀਵਨ ਲਈ ਨਿੱਘਾ ਪਿਆਰ ਹੋਣ ਦੇ, ਮੈਂ ਇਸ ਗੱਲ ਦੀ ਜ਼ਾਤੀ ਤੌਰ 'ਤੇ ਸ਼ਰਮਸਾਰੀ ਮਹਿਸੂਸ ਕਰਦਾ ਹਾਂ, ਕਿ ਮੈਂ ਭੀ ਕਦੀ ਫ਼ੌਜੀ ਸੀ।

(ਅ) ਮਜੀਠਾ ਜ਼ਿਲਾ ਅੰਮ੍ਰਿਤਸਰ ਦਾ ਅਜੀਤ ਸਿੰਘ ਆਪਣੀ ਸਿੰਘਣੀ ਸੁਰਿੰਦਰ ਕੌਰ ਅਤੇ ਚਾਰ ਬੱਚਿਆਂ ਜਸਬੀਰ ਕੌਰ ਉਮਰ ਦੋ ਸਾਲ, ਚਰਨਜੀਤ ਕੌਰ ਚਾਰ ਸਾਲ ਅਤੇ ਲੜਕੇ ਹਰਜਿੰਦਰ ਸਿੰਘ ਤੇ ਬਲਵਿੰਦਰ ਸਿੰਘ ਉਮਰ 6 ਤੇ 12 ਸਾਲ ਸਮੇਤ, 3 ਜੂਨ ਨੂੰ ਦਰਬਾਰ ਸਾਹਿਬ ਆਏ ਅਤੇ ਸ਼ਾਮ ਨੂੰ ਕਰਫ਼ਿਊ ਲੱਗ ਜਾਣ ਕਾਰਨ ਵਾਪਸ ਨਾ ਜਾ ਸਕੇ। ਸੁਰਿੰਦਰ ਕੌਰ 5 ਜੂਨ ਦੀ ਗੋਲਾਬਾਰੀ ਵਿਚ ਮਾਰੀ ਗਈ, ਬੱਚਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜੋ ਰੋਜ਼ਾਨਾ ਅਖ਼ਬਾਰ *ਇੰਡੀਅਨ ਐਕਸਪ੍ਰੈਸ* ਦੇ 29 ਅਗਸਤ ਦੇ ਪਰਚੇ ਅਨੁਸਾਰ ਲੁਧਿਆਣਾ ਜੇਲ੍ਹ ਅੰਦਰ

ਕੈਦ ਸਨ। ਇਨ੍ਹਾਂ ਦੇ ਖ਼ਿਲਾਫ਼ ਅਮਨ ਭੰਗ ਕਰਨ ਅਤੇ ਹੁਕਮ-ਅਦੂਲੀ ਦਾ ਦੋਸ਼ ਹੈ। 6 ਜੂਨ ਨੂੰ ਜਦੋਂ ਫ਼ੌਜੀਆਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਮੈਜਿਸਟ੍ਰੇਟ ਦੇ ਪੇਸ਼ ਕੀਤਾ ਤਾਂ ਅਦਾਲਤ ਵੱਲੋਂ ਉਨ੍ਹਾਂ ਨੂੰ ਹਵਾਲਾਤ ਅੰਦਰ ਰੱਖੇ ਜਾਣ ਦਾ ਹੁਕਮ ਹੋਇਆ। ਬੱਚਿਆਂ ਨੂੰ ਪੁੱਛਿਆ ਗਿਆ ਕਿ ਤੁਹਾਡੀ ਮਾਂ ਕਿਥੇ ਹੈ ਤਾਂ ਚਾਰ-ਸਾਲਾ ਚਰਨਜੀਤ ਕੌਰ ਨੇ ਕਿਹਾ, 'ਮੇਰੀ ਮਾਂ ਬੰਦੂਕ ਨਾਲ ਮਾਰ ਦਿੱਤੀ।' ਉਨ੍ਹਾਂ ਦੇ ਬਾਪ ਅਜੀਤ ਸਿੰਘ ਦਾ ਕਹਿਣਾ ਹੈ ਕਿ ਬੱਚਿਆਂ ਪਾਸੋਂ ਪੁੱਛਗਿੱਛ (ਤਫ਼ਤੀਸ਼) ਕੀਤੀ ਜਾ ਰਹੀ ਹੈ ਅਤੇ ਮਾਰ-ਕੁਟਾਈ (torture) ਵੀ ਕੀਤੀ ਜਾਂਦੀ ਹੈ।

(ੲ) ਇਸੇ ਤਰ੍ਹਾਂ 28 ਬੱਚਿਆਂ ਨੂੰ, ਜਿਨ੍ਹਾਂ ਦੀ ਉਮਰ ਚਾਰ ਤੋਂ ਬਾਰਾਂ ਸਾਲ ਤਕ ਦੱਸੀ ਗਈ ਹੈ, ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ ਵਿਚ ਵਰਤੇ 5 ਤੇ 6 ਜੂਨ ਦੇ ਖ਼ੂਨੀ ਕਾਂਡ ਸਮੇਂ ਫੜ ਲਿਆ ਗਿਆ ਸੀ, ਜੋ ਲੁਧਿਆਣਾ ਜੇਲ੍ਹ ਅੰਦਰ ਰੱਖੇ ਗਏ ਸਨ। *ਇੰਡੀਅਨ ਐਕਸਪ੍ਰੈਸ* ਦੇ 29 ਅਗਸਤ ਦੇ ਪਰਚੇ ਅਨੁਸਾਰ ਇਨ੍ਹਾਂ ਦੇ ਖ਼ਿਲਾਫ਼ ਦਫ਼ਾ 107 (ਅਮਨ ਭੰਗ ਕਰਨ) ਅਤੇ ਦਫ਼ਾ 151 (ਕਾਬਲੇ-ਦਸਤ-ਅੰਦਾਜ਼ੀ-ਪੁਲੀਸ ਜੁਰਮ ਕਰਨ ਦੇ ਅੰਦੇਸ਼ੇ) ਦੇ ਦੋਸ਼ ਸਨ। ਇਨ੍ਹਾਂ ਬੱਚਿਆਂ ਵਿਚ ਕਈ ਨੇਤਰਹੀਨ (ਅੰਨ੍ਹੇ) ਦੱਸੇ ਗਏ ਹਨ। ਸੁਪ੍ਰੀਮ ਕੋਰਟ ਵਿਚ ਕਿਸੇ ਲੇਡੀ ਵੱਲੋਂ ਦਰਖ਼ਾਸਤ ਗੁਜ਼ਾਰੇ ਜਾਣ 'ਤੇ ਸੁਪ੍ਰੀਮ ਕੋਰਟ ਨੇ ਲੁਧਿਆਣੇ ਦੇ ਡਿਸਟ੍ਰਿਕਟ ਜੱਜ ਨੂੰ ਇਸ ਬਾਰੇ ਪੜਤਾਲ ਕਰ ਕੇ ਦੋ ਹਫ਼ਤੇ ਅੰਦਰ ਰੀਪੋਰਟ ਭੇਜਣ ਦਾ ਹੁਕਮ ਵੀ ਦਿੱਤਾ ਸੀ।

(ਸ) 6 ਜੂਨ ਸ਼ਾਮ ਦੇ ਸਾਢੇ ਅੱਠ ਵਜੇ 35-36 ਪੇਂਡੂ ਨੌਜਵਾਨ ਇਕ ਕਤਾਰ ਵਿਚ ਉਪਰ ਨੂੰ ਬਾਹਾਂ ਖੜੀਆਂ ਕਰਾ ਕੇ ਤੋਪ ਦੇ ਗੋਲੇ ਨਾਲ ਉੜਾ ਦਿੱਤੇ ਗਏ (ਬ-ਜ਼ਬਾਨੀ ਸ: ਭਾਨ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ: ਕਰਨੈਲ ਸਿੰਘ ਨਾਗ, ਜਿਨ੍ਹਾਂ ਇਹ ਕਾਰਾ ਹੁੰਦਾ ਅੱਖੀਂ ਡਿੱਠਾ)।

(v) ਦਰਬਾਰ ਸਾਹਿਬ ਕੰਪਲੈਕਸ ਅੰਦਰ ਰਹਿੰਦੇ ਗੁਰਦੁਆਰਿਆਂ ਦੇ ਮੁਲਾਜ਼ਮਾਂ ਦੇ ਕੁਆਰਟਰ, ਜੋ ਕੰਪਲੈਕਸ ਵਿਚ ਹੀ ਸਨ, ਅੰਦਰ ਜਾ ਕੇ ਸੇਵਾਦਾਰਾਂ ਨੂੰ ਪਕੜ ਕੇ ਮੁਸ਼ਕਾਂ ਬੰਨ੍ਹ ਕੇ ਲਾਂਭੇ ਬਿਠਾ ਦਿੱਤਾ ਗਿਆ, ਇਸਤਰੀਆਂ ਤੇ ਬੱਚੇ ਬਾਹਰ ਕੱਢ ਦਿੱਤੇ ਗਏ ਅਤੇ ਘਰਾਂ ਦਾ ਕੀਮਤੀ ਸਾਮਾਨ—ਗਹਿਣਾ-ਗੱਟਾ, ਕੈਸ਼, ਟੈਲੀਵਿਜਨ ਸੈਟ, ਟੇਪ-ਰਿਕਾਰਡਰ, ਕਲਾਕ, ਘੜੀਆਂ, ਭਾਂਡੇ, ਕਪੜੇ ਆਦਿ, ਜੋ ਵੀ ਹੱਥ ਲੱਗਾ, ਫ਼ੌਜੀ ਉਠਾ ਲੈ ਗਏ। ਤਸਦੀਕ ਲਈ ਵੇਖੋ *ਇੰਡੀਅਨ ਐਕਸਪ੍ਰੈਸ* ਮਿਤੀ 2 ਸਤੰਬਰ 84 ਸਫ਼ਾ 1; ਮੁਲਾਜ਼ਮਾਂ ਨੂੰ ਕਈ ਦਿਨ ਹਿਰਾਸਤ ਵਿਚ ਰੱਖ ਕੇ ਅਤੇ ਮਾਰ-ਕੁਟਾਈ (torture) ਕਰ ਕੇ ਅਤਿਵਾਦੀਆਂ ਦੀ ਸੂਹ ਦੇਣ ਲਈ ਕਿਹਾ ਗਿਆ, ਪ੍ਰੰਤੂ ਕੋਈ ਵਿਸ਼ੇਸ਼ ਸੂਹ ਨਾ ਮਿਲਣ 'ਤੇ ਕਈ ਦਿਨਾਂ ਪਿੱਛੋਂ ਛੱਡੇ ਗਏ। ਕਈ ਹਾਲਾਂ ਭੀ

ਹਿਰਾਸਤ ਵਿਚ ਦੱਸੇ ਜਾਂਦੇ ਹਨ। ਸਿੰਘ ਸਾਹਿਬ ਭਾਈ ਸੋਹਣ ਸਿੰਘ ਜੀ ਗ੍ਰੰਥੀ ਹਰਿਮੰਦਰ ਸਾਹਿਬ ਦੀਆਂ ਬਾਹਾਂ ਬੰਨ੍ਹ ਕੇ ਬਹੁਤ ਮਾਰਿਆ ਗਿਆ। ਕਈਆਂ ਨੂੰ ਕਈ ਕਈ ਦਿਨ ਭੁੱਖੇ ਪਿਆਸੇ ਰੱਖ ਕੇ, ਦਿਨ ਰਾਤ ਉਨੀਂਦੇ ਅਤੇ ਹੋਰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਕਿ ਉਹ ਅਤਿਵਾਦੀਆਂ ਦੀ ਸੂਹ ਦੇਣ।

(vi) ਸੰਤ ਭਿੰਡਰਾਂਵਾਲੇ ਦੀ ਟਕਸਾਲ ਦੇ ਬਹੁਤ ਸਾਰੇ ਸ਼ਿਸ਼, ਜੋ ਉਨ੍ਹਾਂ ਪਾਸ ਹੀ ਰਹਿੰਦੇ ਅਤੇ ਰੋਜ਼ਾਨਾ ਗੁਰੂ-ਬਾਣੀ ਦੀ ਸੰਥਿਆ ਲਿਆ ਕਰਦੇ ਸਨ, ਜਿਨ੍ਹਾਂ ਦੀ ਗਿਣਤੀ 100 ਦੇ ਕਰੀਬ ਦੱਸੀ ਗਈ ਹੈ, ਨੂੰ ਬਾਬਾ ਬੁੱਢਾ ਸਾਹਿਬ ਵਾਲੀ ਬੇਰ ਪਾਸ ਕਤਾਰ ਵਿਚ ਖੜਾ ਕੀਤਾ ਗਿਆ ਅਤੇ ਪੁੱਛਿਆ ਗਿਆ ਕਿ ਤੁਸੀਂ ਖ਼ਾਲਿਸਤਾਨ ਲੈਣਾ ਚਾਹੁੰਦੇ ਹੋ ? ਪਹਿਲੇ ਸਿਖਿਆਰਥੀ ਨੇ ਇਸ ਸਵਾਲ ਦੇ ਜਵਾਬ ਵਿਚ 'ਬੋਲੇ ਸੋ ਨਿਹਾਲ' ਤੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾ ਦਿੱਤਾ, ਜਿਸ ਵਿਚ ਬਾਕੀ ਸਾਰੇ ਭੀ ਸ਼ਾਮਲ ਹੋਏ। ਇਸ ਦੋਸ਼ ਪਿੱਛੇ ਉਨ੍ਹਾਂ ਸਾਰਿਆਂ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ ਗਿਆ। *(ਸਪੋਕਸਮੈਨ, ਹਫ਼ਤਾਵਾਰ)*

(vii) 7 ਜੂਨ ਨੂੰ ਸੰਤ ਭਿੰਡਰਾਂਵਾਲਾ, ਭਾਈ ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ ਨੂੰ ਪਰਕਰਮਾ ਵਿਚ ਰੱਖ ਕੇ ਸਾਰਾ ਦਿਨ ਪ੍ਰਦਰਸ਼ਨੀ ਕੀਤੀ ਜਾਂਦੀ ਰਹੀ। ਇਸ ਸਮੇਂ ਸ਼ਹਿਰ ਦੇ ਵਿਸ਼ੇਸ਼ ਹਿੰਦੂਆਂ ਨੂੰ ਅੰਦਰ ਲਿਆ ਕੇ ਇਹ ਲਾਸ਼ਾਂ ਵਿਖਾਈਆਂ ਗਈਆਂ, ਜਿਸ 'ਤੇ ਉਨ੍ਹਾਂ ਹਿੰਦੂਆਂ ਨੇ ਬਰਫ਼ੀ, ਲੱਡੂ ਅਤੇ ਹੋਰ ਮਿਠਾਈ ਜੋ ਵੀ ਮਿਲੀ, ਸਿਗਰਟ ਤੇ ਸ਼ਰਾਬ ਫ਼ੌਜੀਆਂ ਵਿਚ ਤਕਸੀਮ ਕੀਤੀ।

(ਸਪੋਕਸਮੈਨ, ਹਫ਼ਤਾਵਾਰ)

(viii) 7 ਜੂਨ ਨੂੰ ਸਾਰਾ ਕੰਪਲੈਕਸ ਲਾਸ਼ਾਂ ਨਾਲ ਭਰਿਆ ਹੋਇਆ ਸੀ, ਖ਼ਾਸ ਕਰ ਸਰੋਵਰ ਦੀ ਪਰਕਰਮਾ ਵਿਚ ਪੈਰ ਧਰਨ ਨੂੰ ਥਾਂ ਨਹੀਂ ਸੀ ਅਤੇ ਮਾਰੇ ਗਏ ਮਨੁੱਖਾਂ ਇਸਤਰੀਆਂ ਤੇ ਬੱਚਿਆਂ ਦੇ ਖ਼ੂਨ ਵਗ ਵਗ ਕੇ ਸਰੋਵਰ ਵਿਚ ਪੈ ਜਾਣ ਨਾਲ ਸਰੋਵਰ ਦਾ ਜਲ ਲਾਲ ਸੂਹਾ ਹੋ ਚੁੱਕਾ ਸੀ। ਕਈ ਲਾਸ਼ਾਂ ਸਰੋਵਰ ਵਿਚ ਤਰ ਰਹੀਆਂ ਸਨ। ਲਾਸ਼ਾਂ ਉਠਾਉਣ ਲਈ ਅੰਮ੍ਰਿਤਸਰ ਦੇ ਮੁਲਾਜ਼ਮ ਤੇ ਗ਼ੈਰ-ਮੁਲਾਜ਼ਮ ਭੰਗੀ ਵਿਸ਼ੇਸ਼ ਦਿਹਾੜੀ (wages) ਦੇ ਕੇ ਲਗਾਏ ਹੋਏ ਸਨ, ਜੋ ਇਨ੍ਹਾਂ ਨੂੰ ਟਰੱਕਾਂ ਵਿਚ ਲੱਦ ਕੇ ਬਾਹਰ ਲੈ ਜਾ ਰਹੇ ਸਨ।

(ix) ਸ੍ਰੀ ਦਰਬਾਰ ਸਾਹਿਬ ਅੰਦਰ ਵਰਤੇ ਇਸ ਘਲੂਘਾਰੇ ਦੀ ਖ਼ਬਰ ਜਿਉਂ ਜਿਉਂ ਬਾਹਰ ਪਿੰਡਾਂ ਅਤੇ ਹੋਰ ਸ਼ਹਿਰਾਂ ਵਿਚ ਜਾ ਰਹੀ ਸੀ, ਲੋਕੀਂ ਜਥੇ ਬਣਾ ਕੇ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਵੱਲ ਨੂੰ ਆਉਣੇ ਸ਼ੁਰੂ ਹੋ ਗਏ ਸਨ ਜਿਨ੍ਹਾਂ ਦੀ ਹਾਲੀਕਾਪਟਰ ਵੱਲੋਂ ਰੀਪੋਰਟ ਸੰਬੰਧਤ ਫ਼ੌਜੀ ਕਰਮਚਾਰੀਆਂ ਨੂੰ ਮਿਲਣ 'ਤੇ

ਥਾਉਂ ਥਾਈਂ ਜਥਿਆਂ 'ਤੇ ਗੋਲੀ ਵੱਸਣੀ ਸ਼ੁਰੂ ਹੋ ਗਈ, ਜਿਸ ਨਾਲ ਅਣਗਿਣਤ ਆਦਮੀ ਸ਼ਹਿਰ ਤੋਂ ਬਾਹਰ ਕਈ ਥਾਵਾਂ 'ਤੇ ਮਾਰੇ ਗਏ। ਇਕ ਇਕੱਲੇ ਪਿੰਡ ਦੇ 50, ਦੂਜੇ ਦੇ 60 ਅਤੇ ਜਲੰਧਰ ਤੋਂ ਆ ਰਹੇ ਇਕ ਜਥੇ 'ਤੇ ਰਈਏ ਗੋਲੀ ਚਲਾ ਕੇ 49 ਆਦਮੀ ਮਾਰੇ ਜਾਣ ਦੀ ਰੀਪੋਰਟ ਹੈ। ਇਉਂ ਹੀ ਹੋਰ ਥਾਈਂ ਭੀ ਹੋਇਆ, ਜਿਸ ਦੇ ਸਹੀ ਅੰਕੜੇ ਪ੍ਰਾਪਤ ਨਹੀਂ ਹੋਏ। ਇਸ ਸੰਬੰਧ ਵਿਚ ਦੱਸਿਆ ਗਿਆ ਹੈ ਕਿ ਵਾਇਰਲੈਸ ਥਾਉਂ ਥਾਈਂ ਭੇਜ ਕੇ ਬਾਹਰ ਪੈਟਰੋਲ ਤੇ ਲੱਗੀਆਂ ਫ਼ੌਜੀ ਤੇ ਸੀ.ਆਰ.ਪੀ. ਦੀਆਂ ਟੁੱਕੜੀਆਂ ਨੂੰ ਇਹ ਹੁਕਮ ਦਿੱਤਾ ਜਾ ਰਿਹਾ ਸੀ ਕਿ ਗਲੀਆਂ ਬਾਜ਼ਾਰਾਂ ਵਿਚ ਹਰ ਆਦਮੀ ਨੂੰ ਜਾਂ ਕਿਸੇ ਥਾਉਂ ਇਕੱਠੇ ਹੋਏ ਲੋਕਾਂ ਨੂੰ ਜਿਥੇ ਭੀ ਵੇਖੋ, ਫ਼ੌਰਨ ਗੋਲੀ ਮਾਰ ਦਿਓ। ਇਸ ਦੀ ਪੁਸ਼ਟੀ ਅਖ਼ਬਾਰ *India Today* (ਇੰਡੀਆ ਟੂਡੇ) ਨੇ ਆਪਣੇ 30 ਜੂਨ 1984 ਦੇ ਪਰਚੇ ਵਿਚ ਇਨ੍ਹਾਂ ਸ਼ਬਦਾਂ ਦੁਆਰਾ ਕੀਤੀ ਹੈ, "Shoot at sight anyone on the streets, and at once fire at the mobs."

ਅਜਿਹੇ ਹੁਕਮ ਜੂਨ 1984 ਵਿਚ ਹੀ ਨਹੀਂ ਦਿੱਤੇ ਗਏ ਸਨ, ਸਗੋਂ ਦਰਬਾਰ ਸਾਹਿਬ ਦੇ ਵਾਕਿਆ ਤੋਂ ਤਿੰਨ ਮਹੀਨੇ ਪਿੱਛੋਂ ਭੀ ਫ਼ੌਜ ਦੇ ਨਾਮ ਅਜਿਹੇ ਫਿਰਤੂ ਹੁਕਮ (circular) ਜਾਰੀ ਕੀਤੇ ਜਾਂਦੇ ਰਹੇ, ਜੋ ਅੰਮ੍ਰਿਤਧਾਰੀ ਸਿੱਖਾਂ ਬਾਰੇ ਹੀ ਸਨ। ਪੜ੍ਹੋ *ਇੰਡੀਅਨ ਐਕਸਪ੍ਰੈਸ* ਮਿਤੀ 18 ਸਤੰਬਰ 1984 ਦੇ ਸਫ਼ਾ 7 'ਤੇ 'Role of Army' (ਰੋਲ ਆਫ਼ ਆਰਮੀ) ਦੇ ਸਿਰਲੇਖ ਹੇਠ ਨੀਚੇ ਦਰਜ ਸਤਰਾਂ:

> "A recent circular issued to the units by way of 'baatcheet' describes all 'amritdharis' as dangerous people, pledged to commit murder, arson and acts of terrorism. Photocopies of this circular have found their way out of the Army."

ਅਰਥਾਤ, "ਹੁਣੇ ਜਿਹੇ ਯੂਨਿਟਾਂ (ਫ਼ੌਜੀ ਦਸਤਿਆਂ) ਨੂੰ 'ਬਾਤਚੀਤ' ਨਾਮੇ ਇਕ ਸਰਕੂਲਰ ਰਾਹੀਂ ਸਮੂਹ ਅੰਮ੍ਰਿਤਧਾਰੀਆਂ ਦੇ ਖ਼ਤਰਨਾਕ ਹੋਣ ਦੀ ਵਾਰਨਿੰਗ ਦੇਂਦੇ ਹੋਏ ਦੱਸਿਆ ਗਿਆ ਹੈ, ਕਿ ਇਨ੍ਹਾਂ ਲੋਕਾਂ ਨੇ ਕਤਲ, ਸਾੜ-ਫੂਕ ਅਤੇ ਹੋਰ ਖ਼ਤਰੇ ਵਾਲੇ ਕੰਮ ਕਰਨ ਦੀਆਂ ਕਸਮਾਂ ਖਾਧੀਆਂ ਹੋਈਆਂ ਹਨ। ਇਸ ਸਰਕੂਲਰ ਦੀ ਇਕ ਫੋਟੋ ਕਾਪੀ ਕਿਵੇਂ ਨਾ ਕਿਵੇਂ ਫ਼ੌਜ ਤੋਂ ਬਾਹਰ ਨਿਕਲ ਗਈ ਹੈ।"

ਇਸ ਦੀ ਤਸਦੀਕ 13 ਜੁਲਾਈ ਨੂੰ ਅੰਮ੍ਰਿਤਸਰ ਦੇ ਨਜ਼ਦੀਕ ਦੇ ਕਈ ਪਿੰਡਾਂ ਵਿਚ ਜਾ ਕੇ ਅਸੀਂ ਖ਼ੁਦ ਕੀਤੀ ਸੀ। ਸਾਨੂੰ ਦੱਸਿਆ ਗਿਆ ਸੀ ਕਿ ਪਿੰਡਾਂ ਵਿਚ ਪੈਟਰੋਲ ਕਰਦੇ ਫ਼ੌਜੀ ਤੇ ਸੀ.ਆਰ.ਪੀ. ਦੇ ਆਦਮੀਆਂ ਨੂੰ ਹੁਕਮ ਸੀ ਕਿ ਕਾਲੀ

ਪਗੜੀ ਜਾਂ ਖੱਟੇ ਪਟਕੇ ਵਾਲਾ ਕਿਰਪਾਨਧਾਰੀ ਸਿਖ ਜਿਥੇ ਵੀ ਵੇਖੋ, ਸ਼ੂਟ ਕਰ ਦਿਉ। ਚੁਨਾਂਚਿ ਕਈ ਸਿੱਖਾਂ ਦੇ ਇਸ ਤਰ੍ਹਾਂ ਮਾਰੇ ਗਏ ਹੋਣ ਦੀ ਖ਼ਬਰ ਭੀ ਪਿੰਡਾਂ ਤੋਂ ਸਾਨੂੰ ਮਿਲੀ ਸੀ। ਇਨ੍ਹਾਂ ਪਿੰਡਾਂ ਵਿਚ ਉਸ ਦਿਨ ਤਕ ਸੀ.ਆਰ.ਪੀ. ਦੀਆਂ ਚੌਕੀਆਂ ਕਾਇਮ ਸਨ ਅਤੇ ਵਿਸ਼ੇਸ਼ ਥਾਵਾਂ ਅਤੇ ਸੜਕਾਂ ਦੇ ਮੋੜਾਂ 'ਤੇ ਰਾਈਫ਼ਲਾਂ ਦਾ ਪਹਿਰਾ ਅਸੀਂ ਅੱਖੀਂ ਵੇਖਿਆ।

ਅੰਮ੍ਰਿਤਸਰ ਦੇ ਇਲਾਕੇ ਵਿਚ ਇਸ ਗੱਲ ਦੀ ਭੀ ਚਰਚਾ ਸੀ ਕਿ ਸਰਕਾਰ ਹਰ ਨੌਜਵਾਨ ਸਿਖ ਨੂੰ ਅਤਿਵਾਦੀ ਸਮਝਦੀ ਹੈ, ਇਸ ਲਈ ਕੇਂਦਰ ਵੱਲੋਂ ਇਹ ਹੁਕਮ ਹੈ ਕਿ ਵੀਹ ਤੋਂ ਪੈਂਤੀ ਸਾਲ ਦੇ ਸਿੱਖਾਂ ਦਾ ਜਿਥੋਂ ਤਕ ਭੀ ਹੋ ਸਕੇ, ਸਫ਼ਾਇਆ ਕਰ ਦਿੱਤਾ ਜਾਵੇ। ਕਿਉਂਕਿ ਐਸਾ ਕਰਕੇ ਹੀ ਸਿੱਖਾਂ ਦੀ ਵੱਖਵਾਦੀ ਜਾਂ ਖ਼ਾਲਿਸਤਾਨੀ ਲਹਿਰ ਨੂੰ ਕੁਚਲਿਆ ਜਾ ਸਕਦਾ ਹੈ, ਇਸ ਨਾਲ ਘੱਟੋ-ਘੱਟ ਵੀਹ-ਪੰਝੀ ਸਾਲ ਤਾਂ ਸਿਖ ਚੁੱਪ ਹੋ ਜਾਣਗੇ।

ਸੰਨ 1710 ਵਿਚ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਅਤੇ ਇਸ ਉਪ੍ਰੰਤ ਜ਼ਕਰੀਆ ਖ਼ਾਨ ਗਵਰਨਰ ਲਾਹੌਰ ਨੇ ਹੁਕਮ ਜਾਰੀ ਕੀਤੇ ਸਨ ਕਿ ਜਿਥੇ ਵੀ ਕੋਈ ਸਿਖ ਵੇਖੋ, ਕਤਲ ਕਰ ਦਿਉ। ਕੀ ਭਾਰਤ ਦੀ ਅੱਜ ਦੀ 'ਸੈਕੂਲਰ' ਸਰਕਾਰ ਦੇ ਉਪਰ ਵਰਣੇ ਸਰਕੁਲਰ ਬਹਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੇ ਹੁਕਮਾਂ ਤੋਂ ਘੱਟ ਵੁਕਅਤ ਰੱਖਦੇ ਹਨ ?

ਸਿਖ ਧਰਮ ਧਾਰਨ ਕਰਨ ਵਾਲੇ ਹਰ ਮਨੁੱਖ ਲਈ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੁੰਦਾ ਹੈ, ਤਾਂ ਵਰਤਮਾਨ ਸਰਕਾਰ ਦੀ ਨਜ਼ਰ ਵਿਚ ਹਰ ਸਿਖ ਇਕ ਖ਼ਤਰਨਾਕ ਵਿਅਕਤੀ ਹੈ। ਕੀ ਸਰਕਾਰ ਅਜਿਹੇ ਸਰਕੁਲਰਾਂ ਦਾ ਭੈ ਦੇ ਕੇ ਸਿੱਖਾਂ ਨੂੰ ਅੰਮ੍ਰਿਤਧਾਰੀ ਸਰੂਪ ਧਾਰਨ ਕਰਨ ਤੋਂ ਵਰਜਣਾ ਚਾਹੁੰਦੀ ਹੈ ? ਕੀ ਸਿੱਖਾਂ ਦੇ ਇਹ ਕਹਿਣ ਦਾ ਕਿ ਸਿਖ ਹਿੰਦੂ ਨਹੀਂ ਬਲਕਿ ਇਕ ਵੱਖਰੀ ਕੌਮ ਹਨ, ਦਾ ਇਹ ਜਵਾਬ ਤਾਂ ਨਹੀਂ ? ਕੀ ਸਿਖ ਸੋਚਣਗੇ ਅਤੇ ਸਿਖ ਸਰੂਪ ਦੀ ਮਹਾਨਤਾ ਨੂੰ ਸਮਝਣਗੇ ?

(x) ਇਸ ਵਿਚ ਤਾਂ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਰੋਵਰ ਦੀ ਪਰਕਰਮਾ ਅੰਦਰ ਜਾਣ ਸਮੇਂ ਫ਼ੌਜੀਆਂ ਨੇ ਬੂਟ ਪਹਿਨੇ ਹੋਏ ਸਨ, ਪਰ ਉਨ੍ਹਾਂ ਦਾ ਦਰਬਾਰ ਸਾਹਿਬ ਦੇ ਸਾਰੇ ਕੰਪਲੈਕਸ ਅੰਦਰ ਬੀੜੀਆਂ ਪੀਂਦੇ ਹੋਣਾ ਭੀ ਸਿੱਧ ਹੈ। ਜਦੋਂ ਸ. ਗੁਰਚਰਨ ਸਿੰਘ ਟੌਹੜਾ ਤੇ ਜਥੇਦਾਰ ਲੌਂਗੋਵਾਲ ਨੂੰ ਪਕੜਨ ਉਪ੍ਰੰਤ ਇਕ ਕਮਰੇ ਵਿਚ ਬਿਠਾਇਆ ਗਿਆ ਤਾਂ ਇਕ ਫ਼ੌਜੀ ਉਨ੍ਹਾਂ ਦੇ ਦਰਵਾਜ਼ੇ ਮੂਹਰੇ ਸਿਗਰਟ ਪੀਣ ਲੱਗ ਗਿਆ। ਟੌਹੜਾ ਜੀ ਦੇ ਰੋਕਣ ਅਤੇ ਇਹ ਕਹਿਣ 'ਤੇ ਕਿ ਇਥੇ ਸਿਗਰਟ ਪੀਣਾ ਮਨ੍ਹਾ ਹੈ, ਉਸ ਫ਼ੌਜੀ ਨੇ ਟੌਹੜੇ ਨੂੰ ਕਿਹਾ, 'ਬੁੜ੍ਹੇ ਚੁਪ ਰਹੁ, ਗੋਲੀ ਮਾਰ ਦੂੰਗਾ'। ਉਸ ਵੇਲੇ ਇਨ੍ਹਾਂ

ਜਥੇਦਾਰਾਂ ਨਾਲ ਕਈ ਹੋਰ ਸਿੰਘ ਵੀ ਅੰਦਰ ਸਨ। ਇਹ ਸਾਰੇ ਲਗਾਤਾਰ ਸੱਤ ਘੰਟੇ ਇਸ ਤੰਗ ਜਗ੍ਹਾ ਵਿਚ ਬੰਦ ਰਹੇ ਅਤੇ ਕਿਸੇ ਨੂੰ ਪਾਣੀ ਪੀਣ ਜਾਂ ਪਿਸ਼ਾਬ-ਟੱਟੀ ਜਾਣ ਨਹੀਂ ਦਿੱਤਾ ਗਿਆ। *(ਸੰਤ ਸਿਪਾਹੀ, ਅਗਸਤ 84)*

(xi) ਇਸ ਘਲੂਘਾਰੇ ਨੇ ਗੁਰੂ ਨਾਨਕ ਦੇਵ ਜੀ ਦੇ ਬਾਬਰ ਦੇ ਹਮਲੇ ਸਮੇਂ ਉਚਾਰੇ ਪਾਵਨ ਬਚਨਾਂ ਅੰਦਰ ਅੰਕਿਆ ਚਿੱਤਰ "ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ"[1] ਦੂਹਰਾ ਦਿੱਤਾ ਸੀ। 2 ਜੁਲਾਈ 1984 ਦੇ ਅਖ਼ਬਾਰ *ਸਪੋਕਸਮੈਨ* ਵਿਚ ਛਪੇ ਸ: ਸਿਮਰਨਜੀਤ ਸਿੰਘ ਮਾਨ ਆਈ.ਪੀ.ਐਸ. ਦੇ ਗਿਆਨੀ ਜ਼ੈਲ ਸਿੰਘ ਪ੍ਰੈਜ਼ੀਡੈਂਟ ਭਾਰਤ ਸਰਕਾਰ ਨੂੰ ਲਿਖ ਭੇਜੇ ਆਪਣੇ ਅਸਤੀਫ਼ੇ ਵਿਚ ਇਸ ਘਲੂਘਾਰੇ ਅੰਦਰ ਮਾਰੇ ਗਏ ਬੰਦਿਆਂ ਦੀ ਗਿਣਤੀ ਵੀਹ ਹਜ਼ਾਰ ਦੱਸੀ ਗਈ ਹੈ। ਇਸ ਤੋਂ ਇਲਾਵਾ ਹੋਰ ਪੰਜਾਹ ਹਜ਼ਾਰ ਆਦਮੀ ਲਾ-ਪਤਾ ਹਨ, ਭਾਵੇਂ ਸਰਕਾਰ ਵੱਲੋਂ ਇਹ ਗਿਣਤੀ ਹਜ਼ਾਰ ਦੇ ਕਰੀਬ ਹੀ ਦੱਸੀ ਗਈ ਹੈ।

ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ, ਜੋ ਸਿੱਖਾਂ ਦੇ ਸਭ ਤੋਂ ਵੱਡੇ ਤੇ ਪੂਜਯ ਸ਼ਿਰੋਮਣੀ ਧਰਮ ਅਸਥਾਨ ਹਨ ਅਤੇ ਜਿਥੇ ਸਾਲ ਭਰ ਦੇ 365 ਦਿਨ ਲਗਾਤਾਰ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਅਤੇ ਕੀਰਤਨ ਦੀਆਂ ਧੁੰਨਾਂ ਉਠਦੀਆਂ ਸੁਣੀਦੀਆਂ ਸਨ, ਉਸ ਥਾਂ ਵਰਤਾਏ ਗਏ ਇਸ ਭਿਆਨਕ ਘਲੂਘਾਰੇ ਨੇ ਈਸਾਈ-ਮਤ ਦੇ ਵਿਸ਼ਵਮੁਖੀ ਪੋਪ ਸ੍ਰੀ ਜਾਹਨ ਪਾਲ (ਦੂਜੇ) ਨੂੰ ਇਹ ਕਹਿਣ ਲਈ ਮਜਬੂਰ ਕੀਤਾ :

> "The sad fact is that the place where so many people met a tragic death, is a temple, where men gather in prayer."

ਅਰਥਾਤ, "ਵੱਡੀ ਅਫ਼ਸੋਸਨਾਕ ਗੱਲ ਇਹ ਹੈ ਕਿ ਉਹ ਥਾਂ ਜਿਥੇ ਏਨੇ ਜ਼ਿਆਦਾ ਮਨੁੱਖਾਂ ਨੂੰ ਭਿਆਨਕ ਮੌਤ ਦੇ ਘਾਟ ਉਤਾਰਿਆ ਗਿਆ ਹੈ, ਇਕ ਧਰਮ-ਮੰਦਰ ਹੈ, ਜਿਥੇ ਲੋਕ ਰੱਬ ਦੀ ਯਾਦ ਅੰਦਰ ਜੁੜਦੇ ਹਨ।"

(xii) ਸਰਕਾਰ ਵੱਲੋਂ ਜਾਰੀ ਕੀਤਾ ਵਾਈਟ ਪੇਪਰ ਕਹਿੰਦਾ ਹੈ ਕਿ ਫ਼ੌਜੀ ਕਾਰਵਾਈ ਕੀਤੇ ਜਾਣ ਤੋਂ ਪਹਿਲੋਂ ਫ਼ੌਜ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਜੋ ਲੋਕ ਬਾਹਰ ਆਉਣਾ ਚਾਹੁੰਦੇ ਹਨ, ਉਹ ਨਿਕਲ ਆਉਣ।

ਜਦੋਂ ਜਨਰਲ ਅਰੋੜਾ ਨੂੰ ਦੱਸਿਆ ਗਿਆ ਕਿ ਜਨਰਲ ਬਰਾੜ ਨੇ 5 ਜੂਨ ਨੂੰ ਲੋਕਾਂ ਨੂੰ ਦਰਬਾਰ ਸਾਹਿਬ ਤੋਂ ਬਾਹਰ ਨਿਕਲ ਆਉਣ ਦੀ ਅਪੀਲ ਕੀਤੀ ਸੀ, ਤਾਂ ਜਵਾਬ ਵਿਚ ਜਨਰਲ ਅਰੋੜਾ ਨੇ ਕਿਹਾ ਸੀ :

1. ਤਿਲੰਗ ਮਹਲਾ ੧, ਪੰਨਾ 723.

"True, he was appealing with fire. He was saying, 'If you do not come out, this is what we are going to do to you.' He wanted to demonstrate the army's might."

ਅਰਥਾਤ, "ਠੀਕ ਉਹ ਗੋਲੀਆਂ ਰਾਹੀਂ ਅਪੀਲ ਕਰ ਰਿਹਾ ਸੀ। ਉਹ ਗੋਲੀ ਵੀ ਚਲਾਉਂਦਾ ਤੇ ਕਹਿੰਦਾ ਸੀ, 'ਜੇ ਤੁਸੀਂ ਬਾਹਰ ਨਹੀਂ ਆਉਂਦੇ ਤਾਂ ਇਹ ਕੁੱਝ ਹੈ ਜੋ ਅਸੀਂ ਤੁਹਾਡੇ ਨਾਲ ਕਰਨ ਲੱਗੇ ਹਾਂ।' ਉਹ ਫ਼ੌਜ ਦੀ ਤਾਕਤ ਲੋਕਾਂ ਪ੍ਰਤੀ ਜਤਾਉਣਾ ਚਾਹੁੰਦਾ ਸੀ।" *(ਸਮਾਚਾਰ ਬੰਬਈ, 23-29 ਅਗਸਤ)*

ਜਨਰਲ ਨੇ ਇਹ ਵੀ ਕਿਹਾ ਕਿ ਗੋਲੀ ਵਰਸਣੀ 3, 4 ਜੂਨ ਤੋਂ ਸ਼ੁਰੂ ਹੋ ਗਈ ਸੀ, ਤਾਂ 5 ਜੂਨ ਦੀ ਬਾਹਰ ਆ ਜਾਣ ਲਈ ਲੋਕਾਂ ਪ੍ਰਤੀ ਕੀਤੀ ਅਪੀਲ ਦੇ ਕੀ ਅਰਥ ਰਹਿ ਜਾਂਦੇ ਹਨ।

ਇਹ ਪੇਪਰ ਇਹ ਵੀ ਕਹਿੰਦਾ ਹੈ ਕਿ ਫ਼ੌਜ ਨੇ ਕਿਸੇ ਜ਼ਨਾਨੀ ਜਾਂ ਬੱਚੇ ਨੂੰ ਨਹੀਂ ਮਾਰਿਆ। ਇਹ ਕੋਰੇ ਝੂਠ ਹਨ। ਜ਼ਨਾਨੀਆਂ ਦਾ ਮਾਰਿਆ ਜਾਣਾ ਤਾਂ ਇਕ ਪਾਸੇ ਰਿਹਾ, ਚਸ਼ਮ-ਦੀਦ ਗਵਾਹਾਂ ਅਨੁਸਾਰ ਉਨ੍ਹਾਂ ਦੀਆਂ ਗੋਦੀਆਂ ਵਿਚੋਂ ਬੱਚੇ ਖੋਹੇ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਗੋਲੀਆਂ ਮਾਰੀਆਂ ਗਈਆਂ।

(ਸੰਤ ਸਿਪਾਹੀ)

(xiii) ਜ਼ਹਿਰੀਲੀ ਗੈਸ, ਜਿਸ ਦਾ ਜੰਗਾਂ ਸਮੇਂ ਵਰਤਿਆ ਜਾਣਾ ਭੀ ਅੰਤਰ-ਰਾਸ਼ਟਰੀ ਫ਼ੈਸਲਿਆਂ ਅਨੁਸਾਰ ਮਨ੍ਹਾ ਹੈ, ਦੇ ਇਸ ਸੰਕਟ ਸਮੇਂ ਵਰਤੇ ਜਾਣ ਦੀਆਂ ਭੀ ਰੀਪੋਰਟਾਂ ਮਿਲੀਆਂ ਹਨ। ਭਾਈ ਜੋਗਿੰਦਰ ਸਿੰਘ ਵੇਦਾਂਤੀ ਅਨੁਸਾਰ ਪਹਿਲਾ ਜ਼ਹਿਰੀਲੀ ਗੈਸ ਦਾ ਗੋਲਾ ਅਕਾਲ ਤਖ਼ਤ ਸਾਹਿਬ 'ਤੇ ਸੁੱਟਿਆ ਗਿਆ।

ਇਹ ਹੈ 5 ਤੋਂ 8 ਜੂਨ ਤਕ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਕੰਪਲੈਕਸ ਅੰਦਰ ਵਰਤੇ ਖ਼ੂਨੀ ਕਾਂਡ ਦਾ ਸੰਖੇਪ ਉਤਨਾ ਕੁ ਵਰਣਨ, ਜਿਸ ਦੀ ਸਾਨੂੰ ਵਾਕਫ਼ੀ ਮਿਲੀ। ਇਨ੍ਹਾਂ ਵਾਕਿਆਤ ਤੋਂ ਇਲਾਵਾ ਹੋਰ ਕਈ ਗੱਲਾਂ ਹੋਣਗੀਆਂ ਜੋ ਹਾਲ ਤਕ ਹਨੇਰੇ ਵਿਚ ਹਨ। ਪ੍ਰੰਤੂ ਉਸੇ ਰਾਤ, ਜਦੋਂ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਫ਼ੌਜੀ ਹੱਲਾ ਹੋਇਆ, ਪੰਜਾਬ ਅੰਦਰ 36 ਹੋਰ ਇਤਿਹਾਸਕ ਗੁਰਦੁਆਰਿਆਂ ਅੰਦਰ ਫ਼ੌਜ ਦਾਖ਼ਲ ਹੋਈ ਅਤੇ ਭਾਵੇਂ ਕਹਿਣ ਨੂੰ ਉਨ੍ਹਾਂ ਦਾ ਇਉਂ ਕਰਨ ਦਾ ਮੰਤਵ ਅਤਿਵਾਦੀਆਂ ਦੀ ਹੀ ਢੂੰਡ ਸੀ, ਪ੍ਰੰਤੂ ਕਈ ਥਾਈਂ ਯਥਾ ਮੁਕਤਸਰ ਸਾਹਿਬ, ਤਰਨ ਤਾਰਨ ਅਤੇ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਅੰਦਰ ਇਸ ਤੋਂ ਘੱਟ ਨਹੀਂ ਗੁਜ਼ਰੀ।

4 ਜੂਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲੇ ਪੰਚਮੀ ਦਾ ਮੇਲਾ ਸੀ, ਇਲਾਕੇ ਵਿਚੋਂ ਪੰਚਮੀ ਦੇ ਇਸ਼ਨਾਨ ਲਈ ਅਨੇਕ ਮਾਈ ਭਾਈ ਇਕੱਠੇ ਸਨ।

ਉਸ ਦਿਨ ਪੰਜਾਬ ਭਰ ਅੰਦਰ ਕਰਫ਼ਿਊ ਲੱਗੇ ਹੋਣ ਕਾਰਨ ਇਹ ਲੋਕ ਬਾਹਰ ਨਾ ਨਿਕਲ ਸਕੇ। ਸ਼ਾਮ ਤਕ ਗੁਰਦੁਆਰੇ ਦਾ ਸਾਰਾ ਥਾਂ—ਸਰਾਏ, ਲੰਗਰ, ਸਰੋਵਰ ਆਦਿ—ਫ਼ੌਜੀ ਘੇਰੇ ਵਿਚ ਆ ਚੁੱਕਾ ਸੀ, ਜਿਸ ਪਾਸ ਆਰਮਰਡ ਗੱਡੀਆਂ, ਟੈਂਕ, ਮਸ਼ੀਨ ਗੰਨਾਂ ਤੇ ਹੋਰ ਅਸਲਾ ਮੌਜੂਦ ਸੀ। ਪੰਜਾਬ ਅੰਦਰ 36 ਇਤਿਹਾਸਕ ਗੁਰਦੁਆਰਿਆਂ 'ਤੇ ਇਕੋ ਵਕਤ 'ਤੇ ਕਾਰਵਾਈ ਇਕ-ਸਾਰ ਹੋਣੀ ਦੱਸਦਾ ਹੈ ਕਿ ਇਹ ਸਾਰਾ ਕੁੱਝ ਪਹਿਲੇ ਤੋਂ ਮਿੱਥਿਆ ਜਾ ਚੁੱਕਾ (pre-planned) ਹੋਇਆ ਸੀ। 5 ਜੂਨ ਨੂੰ 25-26 ਆਦਮੀਆਂ, ਜੋ ਕਈ ਲੁਕਵੀਆਂ ਥਾਵਾਂ ਤੋਂ ਫੜੇ ਗਏ ਸਨ, ਦੀ ਸਖ਼ਤੀ ਨਾਲ ਪੁੱਛ ਭਾਲ ਤੇ ਤਲਾਸ਼ੀ ਲਈ ਗਈ, ਕਿਸੇ ਪਾਸੋਂ ਕੁੱਝ ਨਹੀਂ ਨਿਕਲਿਆ। ਤਿੰਨ ਚਾਰ ਆਦਮੀਆਂ, ਜਿਨ੍ਹਾਂ ਆਪਣੇ identity (ਸਨਾਖ਼ਤੀ) ਕਾਰਡ ਜਾਂ ਕੋਈ ਹੋਰ ਅਜਿਹਾ ਸਬੂਤ ਦਿੱਤਾ, ਦੀਆਂ ਮੁਸ਼ਕਾਂ ਬੰਨ੍ਹ ਕੇ ਇਕ ਕਮਰੇ ਅੰਦਰ ਬੰਦ ਕੀਤਾ ਗਿਆ। ਬਾਕੀ ਦੇ 22 ਆਦਮੀਆਂ ਬਾਬਤ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਅਤਿਵਾਦੀ ਹੋਣ ਦਾ ਦੋਸ਼ ਦੇ ਕੇ ਗੁਰਦੁਆਰੇ ਦੇ ਪਿਛਲੇ ਬੰਨੇ ਸਾਈਕਲ ਸਟੈਂਡ ਵੱਲ ਲੈ ਜਾ ਕੇ ਇਕ ਕੰਧ ਨਾਲ ਖੜ੍ਹਾ ਕਰ ਕੇ ਗੋਲੀ ਮਾਰ ਦਿੱਤੀ ਗਈ।

ਯੂ.ਪੀ. ਤੋਂ ਦੂਖ ਨਿਵਾਰਨ ਦੇ ਇਸ਼ਨਾਨ ਲਈ ਆਏ ਇਕ ਜੋੜੇ—ਤੀਵੀਂ ਮਰਦ ਨੂੰ ਫੜ ਲਿਆ ਗਿਆ। ਉਨ੍ਹਾਂ ਵੱਲੋਂ ਬਹੁਤ ਵਾਵੇਲਾ ਕਰਨ ਅਤੇ ਆਪਣਾ ਥਾਂ-ਟਿਕਾਣਾ ਦੱਸਣ ਦੇ ਬਾਵਜੂਦ ਆਦਮੀ ਨੂੰ ਮਾਰ ਦਿੱਤਾ ਗਿਆ ਅਤੇ ਜ਼ਨਾਨੀ ਪੰਜ ਦਿਨ ਗੁਰਦੁਆਰੇ ਬੈਠੀ ਰੋਂਦੀ ਕੁਰਲਾਂਦੀ ਰਹੀ।

ਏਥੇ ਮਾਰੇ ਗਏ ਆਦਮੀਆਂ ਦੀਆਂ ਲਾਸ਼ਾਂ ਵਿਚੋਂ 22 ਅਤੇ 45 ਲਾਸ਼ਾਂ ਦੇ ਦੋ ਢੇਰ ਟਰੱਕਾਂ ਵਿਚ ਪਾ ਕੇ ਮਾਡਲ ਟਾਊਨ ਪਟਿਆਲਾ ਲਾਗੇ ਪਿੰਡ ਬਡੂੰਗਰ ਦੀ ਸ਼ਮਸ਼ਾਨ-ਭੂਮੀ ਵਿਚ ਜਲਾ ਦਿੱਤੇ ਗਏ ਦੱਸੇ ਗਏ ਹਨ, ਜਿਸ ਲਈ ਲੋੜੀਂਦੀ ਲਕੜੀ ਗੁਰਦੁਆਰੇ ਦੇ ਲੰਗਰ ਦੇ ਸਟਾਕ ਤੋਂ ਲਿਆਂਦੀ ਗਈ। ਲਾਸ਼ਾਂ ਦੇ ਚਾਰ ਟਰੱਕ ਘਨੌਰ ਵਾਲੀ ਸੜਕ ਦੇ ਰਸਤੇ ਹਰਿਆਣੇ ਏਰੀਏ ਵਿਚ ਲਿਜਾਏ ਗਏ ਦੱਸੇ ਜਾਂਦੇ ਹਨ। ਜਿਸ ਸੜਕ ਤੋਂ ਇਹ ਲੰਘੇ, ਉਸ 'ਤੇ ਕਈ ਥਾਈਂ ਵਗੇ ਲਹੂ ਦੇ ਨਿਸ਼ਾਨ ਕਿੰਨੇ ਦਿਨ ਪਿੱਛੋਂ ਤਕ ਵੇਖੇ ਜਾਂਦੇ ਰਹੇ। ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਲਾਸ਼ਾਂ ਵਿਚ ਕਈ ਫੱਟੜ ਵੀ ਸਨ, ਜਿਨ੍ਹਾਂ ਦਾ ਖ਼ੂਨ ਸਾਰਾ ਰਸਤਾ ਵਗਦਾ ਗਿਆ (ਅਜਿਹੇ ਫੱਟੜਾਂ ਦੇ ਮੁਰਦਾ ਲਾਸ਼ਾਂ ਵਿਚ ਸ਼ਾਮਲ ਕੀਤੇ ਜਾਣ ਦੀ ਇਕ ਰੀਪੋਰਟ ਗੁਰੂ ਤੇਗ਼ ਬਹਾਦਰ ਹਸਪਤਾਲ ਅੰਮ੍ਰਿਤਸਰ ਦੇ ਮੁਰਦੇਖ਼ਾਨੇ ਤੋਂ ਵੀ ਮਿਲੀ ਸੀ, ਜਿਥੇ ਸੰਬੰਧਤ ਕਰਮਚਾਰੀਆਂ ਨੇ ਲਾਸ਼ਾਂ ਵਿਚੋਂ ਇਕ ਫੱਟੜ ਕੱਢ ਕੇ ਉਸ ਦੀ ਰੀਪੋਰਟ ਦੇਣ ਉਪ੍ਰੰਤ ਉਸ ਨੂੰ ਹਸਪਤਾਲ ਦਾਖ਼ਲ ਕੀਤਾ)।

ਦੂਖ ਨਿਵਾਰਨ ਸਾਹਿਬ ਵਿਖੇ 5 ਜੂਨ ਨੂੰ ਜੋ ਬੇਤਹਾਸ਼ਾ ਵਰਖਾ ਗੋਲੀਆਂ ਦੀ ਹੋਈ, ਉਸ ਦਾ ਸਬੂਤ ਸਾਰੀ ਸਰਾਏ ਦੀਆਂ ਕੰਧਾਂ ਤੇ ਕਮਰੇ, ਸਰੋਵਰ ਦੀ ਪਰਕਰਮਾ, ਨਿਸ਼ਾਨ ਸਾਹਿਬ ਦਾ ਥੜਾ, ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਥਾਨ ਵਾਲੀ ਪਾਲਕੀ ਅਤੇ ਹੋਰ ਸਾਰੀਆਂ ਇਮਾਰਤਾਂ ਹਨ, ਜਿਨ੍ਹਾਂ 'ਤੇ ਪਏ ਗੋਲੀਆਂ ਦੇ ਨਿਸ਼ਾਨ ਮਿਟਾਉਣ ਲਈ ਸਰਕਾਰੀ ਕਰਮਚਾਰੀਆਂ ਨੇ ਬਥੇਰੀ ਪੋਚਾ-ਪਾਚੀ ਕੀਤੀ, ਪਰ ਇਹ ਨਿਸ਼ਾਨ ਪੂਰੇ ਤੌਰ 'ਤੇ ਗ਼ਾਇਬ ਕਿਸ ਤਰ੍ਹਾਂ ਹੋ ਸਕਦੇ ਸਨ। 10 ਜੂਨ ਨੂੰ ਜਦੋਂ ਗੁਰਦੁਆਰਾ ਸੰਗਤਾਂ ਦੀ ਆਵਾਜਾਈ ਲਈ ਖੋਲ੍ਹਿਆ ਗਿਆ ਤਾਂ ਲੋਕਾਂ ਨੇ ਕੰਧਾਂ ਅਤੇ ਫ਼ਰਸ਼ਾਂ 'ਤੇ ਪਏ ਇਕ ਇਕ ਨਿਸ਼ਾਨ ਨੂੰ ਖੋਦਿਆ ਜਾਂ ਦੁਆਲੇ ਚੱਕਰ ਲਗਾ ਦਿੱਤੇ। ਸਰਾਏ ਦੇ ਕਮਰਿਆਂ ਅੰਦਰ ਡੁੱਲ੍ਹੇ ਯਾਤਰੂਆਂ ਦੇ ਲਹੂ ਦੇ ਬੇ-ਓੜਕ ਨਿਸ਼ਾਨ ਅਖ਼ੀਰ ਜੁਲਾਈ ਤਕ ਵੇਖੇ ਜਾਂਦੇ ਰਹੇ।

ਫ਼ੌਜੀ ਕਰਮਚਾਰੀਆਂ ਵੱਲੋਂ ਗੁਰਦੁਆਰੇ ਦੇ ਮੈਨੇਜਰ ਤੇ ਸਟਾਫ਼ ਨੂੰ ਏਨਾ ਭੈ-ਭੀਤ ਕੀਤਾ ਗਿਆ ਹੋਇਆ ਸੀ ਕਿ ਬਹੁਤ ਚਿਰ ਤਕ ਭੀ ਉਹ ਇਹ ਹੀ ਕਹਿੰਦੇ ਰਹੇ ਹਨ ਕਿ ਦੂਖ ਨਿਵਾਰਨ ਸਾਹਿਬ ਵਿਖੇ ਕੇਵਲ 22 ਆਦਮੀ ਮਰੇ ਹਨ, ਹਾਲਾਂਕਿ ਬਡੂੰਗਰ ਸ਼ਮਸ਼ਾਨ-ਭੂਮੀ ਅੰਦਰ ਹੋਏ ਸਸਕਾਰ ਅਤੇ ਹਰਿਆਣੇ ਨੂੰ ਜਾਂਦੇ ਲਾਸ਼ਾਂ ਦੇ ਟਰੱਕ ਦੀਆਂ ਚਸ਼ਮ-ਦੀਦ ਰੀਪੋਰਟਾਂ ਹਨ, ਜਿਨ੍ਹਾਂ ਨੂੰ ਪ੍ਰਗਟ ਕਰਨ ਦੀ ਇਹ ਅਵਸਥਾ ਹੈ ਕਿ ਵਾਕਿਆ ਤੋਂ ਕੁੱਝ ਦਿਨ ਪਿੱਛੋਂ ਜਦੋਂ ਕਿਸੇ ਨੇ ਮੈਨੇਜਰ ਤੋਂ ਜਾਨੀ ਨੁਕਸਾਨ ਹੋਏ ਹੋਣ ਬਾਬਤ ਪੁੱਛਿਆ ਅਤੇ ਉਸ ਨੇ ਦੱਸਿਆ ਕਿ ਕੇਵਲ 22 ਆਦਮੀ ਮਰੇ ਸਨ ਤਾਂ ਉਸ ਵਕਤ ਪਾਸ ਖੜੇ ਇਕ ਜ਼ਿੰਮੇਵਾਰ ਵਿਅਕਤੀ ਨੇ ਉਸ ਨੂੰ ਕਿਹਾ,

'ਮੈਨੇਜਰ ਸਾਹਿਬ, ਕਿਉਂ ਝੂਠ ਬੋਲਦੇ ਹੋ, ਸੱਚੀ ਗੱਲ ਕਿਉਂ ਨਹੀਂ ਦੱਸਦੇ ਕਿ ਦੋ ਤੋਂ ਤਿੰਨ ਸੌ ਤਕ ਮਨੁੱਖਾਂ ਦੇ ਮਾਰੇ ਜਾਣ ਦਾ ਅੰਦਾਜ਼ਾ ਹੈ।' ਉਸ ਜ਼ਿੰਮੇਵਾਰ ਸੱਜਣ ਨੂੰ ਇਉਂ ਕਹਿਣ ਦਾ ਫਲ ਅਗਲੇ ਦਿਨ ਹੀ ਉਸ ਦਾ ਗ੍ਰਿਫ਼ਤਾਰ ਕੀਤਾ ਜਾਣਾ ਸੀ। ਐਸੇ ਹਾਲਾਤ ਵਿਚ ਕਿਹੜਾ ਮਨੁੱਖ ਹੈ, ਜੋ ਜਾਣਦਾ ਹੋਇਆ ਭੀ ਸੱਚੀ ਗੱਲ ਕਰ ਸਕੇ ?

ਐਸੀ ਹਾਲਤ ਹੀ ਗੁਰਦੁਆਰਾ ਸਾਹਿਬ ਮੁਕਤਸਰ ਅਤੇ ਤਰਨ ਤਾਰਨ ਦੀ ਸੁਣੀ ਹੈ। ਮੁਕਤਸਰ ਤਾਂ ਇਮਾਰਤੀ ਨੁਕਸਾਨ ਅੰਮ੍ਰਿਤਸਰ ਸਮਾਨ ਹੀ ਹੋਇਆ ਦੱਸਿਆ ਜਾਂਦਾ ਹੈ, ਜਿਸ ਦੀ ਮੁਰੰਮਤ ਲਈ ਸਰਕਾਰੀ ਤੌਰ 'ਤੇ ਇਕ ਸੰਤ ਹਰਬੰਸ ਸਿੰਘ ਨੂੰ ਲਗਾਇਆ ਗਿਆ ਸੁਣਿਆ ਹੈ।

ਇਹ ਹਨ ਸੰਖੇਪ ਰੂਪ ਵਿਚ ਵਰਤਮਾਨ ਕਾਲ ਅੰਦਰ ਸਿੱਖਾਂ ਨਾਲ ਵਾਪਰੇ ਕੁਝ ਕੁ ਵਾਕਿਆਤ, ਜਿਨ੍ਹਾਂ ਦੀ ਜਾਣਕਾਰੀ ਸਾਨੂੰ ਪ੍ਰਾਪਤ ਹੋਈ ਹੈ। ਹੋਰ ਬਹੁਤ ਗੱਲਾਂ ਦਾ ਹੋਇਆ ਹੋਣਾ ਬਿਲਕੁਲ ਸੰਭਵ ਹੈ, ਜਿਨ੍ਹਾਂ ਦੀ ਸਾਨੂੰ ਵਾਕਫ਼ੀ ਨਹੀਂ ਅਤੇ

ਜਿਨ੍ਹਾਂ ਦੀ ਖੋਜ ਦੇ ਸਾਡੇ ਪਾਸ ਸਾਧਨ ਨਹੀਂ। ਇਸ ਲਈ ਇਸ ਬਿਆਨ ਨੂੰ ਇਥੇ ਛੱਡਦੇ ਹੋਏ ਅਸੀਂ ਹੁਣ ਇਹ ਪੜਚੋਲ ਕਰਾਂਗੇ ਕਿ ਇਹ ਗੱਲਾਂ ਕਿਉਂ ਵਾਪਰੀਆਂ ਅਤੇ ਇਨ੍ਹਾਂ ਲਈ ਕੌਣ ਜ਼ਿੰਮੇਵਾਰ ਹੈ।

ਇਸ ਸੰਬੰਧ ਵਿਚ ਇਹ ਜਾਣ ਲੈਣਾ ਭੀ ਜ਼ਰੂਰੀ ਹੈ ਕਿ ਇਹ ਵਾਕਿਆਤ ਕਿਸੇ ਬਦੇਸ਼ੀ ਹਮਲਾਵਰ ਜਾਂ ਗ਼ੈਰ-ਮੁਲਕੀ-ਜਾਬਰ-ਹੁਕਮਰਾਨ ਵੱਲੋਂ ਵਰਤਾਏ ਹੋਏ ਨਹੀਂ ਸਨ, ਸਗੋਂ ਦੇਸ਼ ਦੀ ਨੈਸ਼ਨਲ ਕਾਂਗਰਸੀ ਹਕੂਮਤ, ਜਿਸ ਨੂੰ ਬਰ-ਸਰੇ ਇਕਤਦਾਰ ਲਿਆਉਣ ਲਈ ਸਿਖ ਕੌਮ ਦਾ ਵਿਸ਼ੇਸ਼ ਭਾਗ ਸੀ ਅਤੇ ਜਿਸ ਕੌਮ ਨੂੰ ਵਧਦਾ ਫੁਲਦਾ ਵੇਖਣ ਲਈ ਇਸੇ ਨੈਸ਼ਨਲ ਕਾਂਗਰਸ ਅਤੇ ਇਸ ਦੇ ਮੁਖੀਆਂ ਨੇ ਅਨੇਕ ਵਾਰ ਸਹੁੰਆਂ ਸੌਗੰਧਾਂ ਖਾਧੀਆਂ ਹੋਈਆਂ ਸਨ, ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਸੀ। ਫਿਰ ਅਜਿਹਾ ਵਿਸਾਹਘਾਤ ਸਿੱਖਾਂ ਨਾਲ ਕਰਨ ਲਈ ਇਹ ਸਰਕਾਰ ਅੰਤ ਵੇਲੇ ਤਕ ਸਿੱਖਾਂ ਨੂੰ ਇਹ ਦੱਸਦੀ ਰਹੀ ਕਿ ਸਰਕਾਰ ਦਾ ਦਰਬਾਰ ਸਾਹਿਬ ਕੰਪਲੈਕਸ ਅੰਦਰ ਦਾਖ਼ਲ ਹੋਣ ਦਾ ਹਰਗਿਜ਼ ਕੋਈ ਇਰਾਦਾ ਨਹੀਂ। ਜੇ ਸਰਕਾਰ ਨੇ ਸਿੱਖਾਂ ਨੂੰ ਇਸ ਤਰ੍ਹਾਂ ਧੋਖੇ ਵਿਚ ਨਾ ਰੱਖਿਆ ਹੁੰਦਾ ਤਾਂ ਘੱਟੋ-ਘੱਟ ਉਹ ਲੋਕ, ਜੋ ਨਾ ਅਤਿਵਾਦੀ ਸਨ ਅਤੇ ਨਾ ਸਰਕਾਰ ਨਾਲ ਉਨ੍ਹਾਂ ਦਾ ਕੋਈ ਵਿਰੋਧ ਸੀ, ਕੰਪਲੈਕਸ ਵਿਚੋਂ ਨਿਕਲ ਗਏ ਹੁੰਦੇ ਅਤੇ ਇਸ ਤਬਾਹੀ ਦਾ ਸ਼ਿਕਾਰ ਨਾ ਬਣਦੇ। ਇਸ ਤਰ੍ਹਾਂ ਹਜ਼ਾਰਾਂ ਬੇਦੋਸ਼ੇ ਯਾਤਰੂ-ਸਿੱਖਾਂ ਦੇ ਮਾਰੇ ਜਾਣ ਦੀ ਇਹ ਸਰਕਾਰ ਮਹਾਨ ਦੋਸ਼ੀ ਹੈ।

ਹੁਣ ਲਓ ਸਰਕਾਰ ਦਾ ਇਹ ਕਹਿਣਾ ਕਿ ਕੰਪਲੈਕਸ ਅੰਦਰ ਅਤਿਵਾਦੀ ਤੇ ਵੱਖਵਾਦੀ ਛੁਪੇ ਹੋਏ ਸਨ, ਜਿਨ੍ਹਾਂ ਨੇ ਵੱਡੇ ਮਾਰੂ ਤੇ ਖ਼ਤਰਨਾਕ ਹਥਿਆਰ ਅੰਦਰ ਜਮ੍ਹਾ ਕੀਤੇ ਹੋਏ ਸਨ ਅਤੇ ਉਹ ਸਮੇਂ ਸਮੇਂ ਨਿਕਲ ਕੇ ਬੇਦੋਸ਼ੇ ਹਿੰਦੂਆਂ ਅਤੇ ਹੋਰ ਲੋਕਾਂ ਨੂੰ ਮਾਰਦੇ ਅਤੇ ਫਿਰ ਛੁਪ ਜਾਂਦੇ ਸਨ। ਇਨ੍ਹਾਂ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਸਿਖ ਸਟੂਡੈਂਟਸ ਫ਼ੈਡਰੇਸ਼ਨ ਦਾ ਪ੍ਰਧਾਨ ਅਮਰੀਕ ਸਿੰਘ ਸਨ, ਜੋ ਸਾਰੇ ਹੀ ਅਪਰਾਧੀ ਹੋਣ ਕਾਰਨ ਗ੍ਰਿਫ਼ਤਾਰ ਕੀਤੇ ਜਾਣੇ ਯੋਗ ਸਨ, ਪ੍ਰੰਤੂ ਉਹ ਸਰਕਾਰ ਤੋਂ ਆਕੀ ਹੋਏ ਕੰਪਲੈਕਸ ਅੰਦਰ ਇਸ ਨਿਸ਼ਚੇ ਨਾਲ ਛੁਪੇ ਬੈਠੇ ਸਨ ਕਿ ਦਰਬਾਰ ਸਾਹਿਬ ਦੇ ਅੰਦਰ ਰਹਿੰਦਿਆਂ ਉਨ੍ਹਾਂ ਨੂੰ ਕੋਈ ਹੱਥ ਨਹੀਂ ਪਾ ਸਕਦਾ, ਜਦੋਂ ਕਿ ਉਨ੍ਹਾਂ ਦਾ ਵਿਸ਼ਵਾਸ ਗ਼ਲਤ ਸੀ ਅਤੇ ਸਰਕਾਰ ਲਈ ਇਨ੍ਹਾਂ ਨੂੰ ਅੰਦਰੋਂ ਪਕੜ ਲੈਣ ਲਈ ਕਾਨੂੰਨੀ ਮਨਾਹੀ ਕੋਈ ਨਹੀਂ ਸੀ। ਅਜਿਹੇ ਅਤਿਵਾਦੀਆਂ ਦੀ ਗਿਣਤੀ ਕੇਂਦਰੀ ਗ੍ਰਹਿ ਮੰਤਰੀ ਅਨੁਸਾਰ ਚਾਲ੍ਹੀ ਸੀ।

ਹੁਣ ਅਸੀਂ ਸਰਕਾਰ ਵੱਲੋਂ ਲਗਾਏ ਗਏ ਉਕਤ ਇਲਜ਼ਾਮਾਂ ਦੀ ਪੜਚੋਲ ਕਰਦੇ ਹਾਂ :

ਅਤਿਵਾਦੀਆਂ ਦਾ ਕੰਪਲੈਕਸ ਅੰਦਰ ਹਥਿਆਰ ਜਮ੍ਹਾ ਕਰਨਾ :

ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਪਾਕਿਸਤਾਨ ਤੋਂ ਸਮੱਗਲ ਕੀਤੇ ਐਂਟੀ ਟੈਂਕ ਅਤੇ LMG (ਐਲ.ਐਮ.ਜੀ.) ਜੈਸੇ ਹਥਿਆਰ ਇਕੱਠੇ ਕੀਤੇ ਤੇ ਅੰਦਰ ਰੱਖੇ ਹੋਏ ਸਨ, ਜੋ 5-6 ਜੂਨ ਦੇ ਵਾਕਿਆ ਪਿੱਛੋਂ ਫ਼ੌਜੀਆਂ ਦੇ ਹੱਥੀਂ ਲੱਗੇ, ਜਿਨ੍ਹਾਂ ਨੂੰ ਟੀ.ਵੀ. 'ਤੇ ਕਈ ਦਿਨ ਵਿਖਾਇਆ ਜਾਂਦਾ ਰਿਹਾ ਹੈ।

ਇਸ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਵਾਕਿਆ ਤੋਂ 18 ਮਹੀਨੇ ਪਹਿਲੋਂ ਤੋਂ ਦਰਬਾਰ ਸਾਹਿਬ ਕੰਪਲੈਕਸ ਸੀ.ਆਰ.ਪੀ. ਅਤੇ ਪੰਜਾਬ ਪੁਲੀਸ ਦੇ ਪੀਡੇ ਘੇਰੇ ਵਿਚ ਰਿਹਾ ਸੀ ਅਤੇ ਦਰਸ਼ਨ ਨੂੰ ਆਏ ਹਰ ਮਨੁੱਖ ਦੀ ਤਲਾਸ਼ੀ ਲੈ ਕੇ ਉਸ ਨੂੰ ਅੰਦਰ ਜਾਣ ਦਿੱਤਾ ਜਾਂਦਾ ਸੀ, ਬਲਕਿ ਬਾਹਰ ਤੋਂ ਗੁਰੂ ਦੇ ਲੰਗਰ ਲਈ ਲਿਆਈ ਗਈ ਜਿਨਸ ਦੀਆਂ ਬੋਰੀਆਂ ਵਿਚ ਸੰਗੀਨਾਂ ਖੋਭ ਖੋਭ ਕੇ ਤਸੱਲੀ ਕਰ ਲਈ ਜਾਂਦੀ ਸੀ ਕਿ ਇਨ੍ਹਾਂ ਅੰਦਰ ਹਥਿਆਰ ਛੁਪਾਏ ਹੋਏ ਨਾ ਹੋਣ। ਤਾਂ ਕਹੇ ਜਾਂਦੇ ਹਥਿਆਰ ਕਦੋਂ ਤੇ ਕਿਵੇਂ ਅੰਦਰ ਗਏ ? ਦੱਸਿਆ ਜਾਂਦਾ ਹੈ ਕਿ ਵਾਸਤਵ ਵਿਚ ਇਹ ਪਾਕਿਸਤਾਨੀ ਓਹੋ ਹਥਿਆਰ ਸਨ ਜੋ 1971 ਦੀ ਬੰਗਲਾ ਦੇਸ਼ ਦੀ ਲੜਾਈ ਸਮੇਂ ਭਾਰਤੀ ਫ਼ੌਜਾਂ ਦੇ ਹੱਥੀਂ ਆਏ ਅਤੇ ਜੋ ਕੰਪਲੈਕਸ਼ 'ਤੇ ਸਰਕਾਰ ਦਾ ਕਬਜ਼ਾ ਹੋ ਜਾਣ ਪਿੱਛੋਂ ਅੰਦਰ ਲਿਆ ਕੇ ਅਤਿਵਾਦੀ ਸਿੱਖਾਂ ਦੇ ਨਾਮ ਮੜ੍ਹੇ ਗਏ। ਅਜਿਹੇ ਹਥਿਆਰਾਂ ਦੇ ਭਰੇ ਦੋ ਟਰੱਕ ਕੰਪਲੈਕਸ ਅੰਦਰ ਲਿਆਏ ਗਏ ਹੋਣ ਦੀ ਚਰਚਾ ਅਸਾਂ ਜੁਲਾਈ ਵਿਚ ਅੰਮ੍ਰਿਤਸਰ ਜਾਣ ਸਮੇਂ ਵੀ ਸੁਣੀ ਸੀ।

ਜੋ ਹਥਿਆਰ ਕੰਪਲੈਕਸ ਅੰਦਰ ਮੌਜੂਦ ਵੀ ਸਨ, ਉਨ੍ਹਾਂ ਦੇ ਇਕੱਤਰ ਹੋਣ ਬਾਰੇ ਇਕ ਵਿਸਥਾਰ ਪੂਰਬਕ ਰੀਪੋਰਟ ਮਾਸਿਕ ਮੈਗਜ਼ੀਨ *ਸੂਰੀਆ* ਦੇ ਸਤੰਬਰ 1984 ਦੇ ਪਰਚੇ ਵਿਚ ਪ੍ਰਕਾਸ਼ਤ ਹੋਈ ਹੈ, ਜਿਸ ਦਾ ਖ਼ੁਲਾਸਾ ਇਉਂ ਹੈ :

ਪ੍ਰਾਈਮ ਮਨਿਸਟਰ ਦੀ ਨਿੱਜੀ ਉਪਰਲੇ ਪੱਧਰ ਦੀ ਇਕ ਖ਼ੁਫ਼ੀਆ ਸੰਸਥਾ (Super-intelligence Organisation) ਸੀ, ਜਿਸ ਦਾ ਕੋਡ ਨਾਮ 'ਥਰਡ ਏਜੰਸੀ' (Third Agency) ਦੱਸਿਆ ਜਾਂਦਾ ਹੈ ਅਤੇ ਜਿਸਦਾ ਆਪਣਾ ਦਫ਼ਤਰ ਬੀਕਾਨੇਰ ਹਾਊਸ ਨਵੀਂ ਦਿੱਲੀ ਵਿਚ ਹੈ। ਇਸ 'ਥਰਡ ਏਜੰਸੀ' ਦੀ ਨਿਗਰਾਨੀ ਤੇ ਪ੍ਰਬੰਧ ਅਧੀਨ ਇਕ ਪ੍ਰਭੂਦਿਆਲ ਸਿੰਘ ਨਾਮ ਦੇ ਅਫ਼ਸਰ ਨੂੰ ਪਾਕਿਸਤਾਨ ਬਾਰਡਰ ਤੋਂ ਹਥਿਆਰ ਤੇ ਗੋਲੀ ਸਿੱਕਾ ਭਾਰਤ ਅੰਦਰ ਸਮੱਗਲ ਕਰਾਉਣ ਦੀ ਸੌਂਪਣਾ ਕੀਤੀ ਗਈ, ਜਿਸ ਨੇ ਨਾਚੰਨਾ (Nachna) ਪਿੰਡ ਦੇ ਸਿਖ ਸਰਦਾਰਾਂ ਨਾਲ, ਜੋ ਮੰਨੇ ਹੋਏ ਸਮੱਗਲਰ ਸਨ, ਅਜਿਹਾ ਕਰਨ ਲਈ ਗਠਜੋੜ ਕੀਤਾ ਅਤੇ ਦੂਜੇ ਬੰਨੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਰਹਿ ਰਹੇ ਅਤਿਵਾਦੀਆਂ ਨੂੰ ਜੋੜਿਆ।

ਸਮੱਗਲਰਾਂ ਰਾਹੀਂ ਪ੍ਰਭੂਦਿਆਲ ਸਿੰਘ ਨੇ ਅਫ਼ਗਾਨ ਮੁਜਾਹਿਦੀਨ ਪਾਸੋਂ ਬੇਸ਼ੁਮਾਰ ਬੰਦੂਕਾਂ ਤੇ ਹੋਰ ਵਧੇਰੇ ਮਾਰੂ ਹਥਿਆਰ ਮਸ਼ੀਨ-ਗੰਨਾਂ ਤੇ ਦਾਰੂ ਸਿੱਕਾ ਆਦਿ ਹਾਸਲ ਕੀਤਾ ਅਤੇ ਇਹ ਦੋ ਟਰੱਕਾਂ ਵਿਚ ਲੋਡ ਕਰ ਕੇ ਬਾਰਡਰ ਕਰਾਸ ਕੀਤਾ। ਇਹ ਕਾਰਜ ਹੁਣੇ ਹੀ ਸ਼ੁਰੂ ਨਹੀਂ ਸੀ ਹੋਇਆ, ਸਗੋਂ ਇਸਦਾ ਗਠਜੋੜ ਪਹਿਲੋਂ ਰਾਬਿੰਦਰ ਓਹਰੀ ਸਹਾਇਕ ਡਾਇਰੈਕਟਰ 1980-81 ਵਿਚ ਅਤੇ ਉਸ ਤੋਂ ਪਿੱਛੋਂ ਯੂ.ਐਨ.ਬੀ. ਰਾਓ ਨੇ ਕੀਤਾ ਹੋਇਆ ਸੀ, ਜਿਨ੍ਹਾਂ ਪ੍ਰਭੂਦਿਆਲ ਸਿੰਘ ਰਾਹੀਂ ਇਕ ਬੰਨੇ ਸਿਖ ਸਮੱਗਲਰਾਂ ਅਤੇ ਦੂਜੇ ਬੰਨੇ ਭਿੰਡਰਾਂਵਾਲੇ ਨਾਲ ਸੰਬੰਧ ਜੋੜ ਰੱਖੇ ਹੋਏ ਸਨ। ਸੰਨ 1982 ਦੇ ਅੱਧ ਕੁ ਵਿਚ ਇਹ ਚਾਰਜ ਐਮ.ਕੇ. ਤ੍ਰਿਪਾਠੀ ਨੇ ਸੰਭਾਲ ਲਿਆ ਸੀ। ਉਸ ਦੇ ਜਨਰਲ ਸੁਬੇਗ ਸਿੰਘ ਨਾਲ, ਜੋ ਭਿੰਡਰਾਂਵਾਲੇ ਦਾ ਫ਼ੌਜੀ ਕੰਮ-ਕਾਰ ਵਿਚ ਸਲਾਹਕਾਰ ਸੀ, ਚੰਗੇ ਤਅੱਲਕ ਸਨ। ਤ੍ਰਿਪਾਠੀ ਅਕਸਰ ਦਰਬਾਰ ਸਾਹਿਬ ਆਉਂਦਾ ਰਹਿੰਦਾ ਸੀ ਅਤੇ 5-6 ਜੂਨ ਦੇ ਕੰਪਲੈਕਸ ਦੇ ਫ਼ੌਜੀ ਹਮਲੇ ਤੋਂ ਇਕ ਹਫ਼ਤਾ ਪਹਿਲੋਂ ਉਹ ਤਿੰਨ ਦਿਨ ਗੁਰੂ ਰਾਮਦਾਸ ਲੰਗਰ ਦੀ ਇਮਾਰਤ ਵਿਚ ਰਹਿ ਗਿਆ ਸੀ ਅਤੇ ਉਸ ਨੇ ਹਰ ਤਰ੍ਹਾਂ ਤਸੱਲੀ ਕਰ ਲਈ ਹੋਈ ਸੀ ਕਿ ਹਮਲਾ ਸਫਲ ਹੋਵੇਗਾ।

ਅਸਲੇ ਅਤੇ ਗੋਲੀ ਸਿੱਕੇ ਦੇ ਦੋ ਟਰੱਕ ਜਦੋਂ ਬਾਰਡਰ ਲੰਘ ਕੇ ਬਟਾਲੇ ਪਹੁੰਚੇ ਸਨ ਤਾਂ ਇਹ ਪੁਲੀਸ ਨੇ ਰੋਕ ਲਏ ਸਨ, ਪ੍ਰੰਤੂ ਤ੍ਰਿਪਾਠੀ ਨੇ ਭਿੰਡਰ ਰਾਹੀਂ ਇਨ੍ਹਾਂ ਦੇ ਅਮਨ-ਅਮਾਨ ਦਰਬਾਰ ਸਾਹਿਬ ਪਹੁੰਚ ਜਾਣ ਦਾ ਪ੍ਰਬੰਧ ਕਰ ਦਿੱਤਾ ਸੀ।

ਪ੍ਰੰਤੂ ਹਮਲਾ ਹੋਣ ਤੋਂ ਪਹਿਲੋਂ 3 ਮਈ 1984 ਨੂੰ ਤ੍ਰਿਪਾਠੀ ਨੂੰ ਇਸ ਲਈ ਵਾਪਸ ਦਿੱਲੀ ਬੁਲਾ ਲਿਆ ਗਿਆ ਸੀ ਤਾਂ ਕਿ ਹਮਲੇ ਪਿੱਛੋਂ ਅਤਿਵਾਦੀਆਂ ਦੇ ਫੜੇ ਜਾਣ 'ਤੇ ਉਸ ਦੀ ਕੋਈ ਅਤਿਵਾਦੀ ਪਛਾਣ ਨਾ ਕਰ ਲਵੇ। ਅਤੇ 15 ਮਈ ਤੋਂ ਅੰਮ੍ਰਿਤਸਰ ਦਾ ਚਾਰਜ ਰਾਕੇਸ਼ ਮਿਤਲ ਨੂੰ ਦਿੱਤਾ ਗਿਆ ਸੀ।

ਇਸ ਤਰ੍ਹਾਂ ਅੰਮ੍ਰਿਤਸਰ ਹੋਏ ਵਾਕਿਆ ਸੰਬੰਧੀ ਸਾਰੀ ਤਿਆਰੀ ਅਤੇ ਸਾਰਾ ਕਾਰਜ ਉਪਰ ਵਰਣੀ 'ਥਰਡ ਏਜੰਸੀ', ਜੋ ਪ੍ਰਧਾਨ ਮੰਤਰੀ ਦੀ ਨਿੱਜੀ ਖ਼ੁਫ਼ੀਆ ਏਜੰਸੀ ਸੀ, ਰਾਹੀਂ ਹੀ ਹੋਇਆ ਤੇ ਕੀਤਾ ਗਿਆ ਸੀ, ਜਿਸ ਬਾਰੇ ਪੰਜਾਬ ਜਾਂ ਕੇਂਦਰੀ ਸੀ.ਆਈ.ਡੀ. ਤਕ ਨੂੰ ਵੀ ਹਨੇਰੇ ਵਿਚ ਰੱਖਿਆ ਗਿਆ ਸੀ।

ਇਸ ਸਾਰੇ ਬਿਰਤਾਂਤ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਦਰਬਾਰ ਸਾਹਿਬ ਅੰਦਰ ਇਕੱਠਾ ਕੀਤਾ ਅਸਲਾ ਤੇ ਦਾਰੂ ਸਿੱਕਾ ਪ੍ਰਧਾਨ ਮੰਤਰੀ ਦੀ ਨਿੱਜੀ ਖ਼ੁਫ਼ੀਆ ਏਜੰਸੀ ਰਾਹੀਂ ਆਇਆ ਸੀ।

ਸੰਤ ਭਿੰਡਰਾਂਵਾਲਾ ਅਤੇ ਅਮਰੀਕ ਸਿੰਘ ਕੰਪਲੈਕਸ ਅੰਦਰ ਛੁਪੇ ਅਤਿਵਾਦੀਆਂ ਦੇ ਸਰਗਨਾ ਸਨ ਅਤੇ ਓਹੋ ਬਾਹਰ ਕੀਤੇ ਜਾਂਦੇ ਕਤਲਾਂ ਲਈ ਜ਼ਿੰਮੇਵਾਰ ਸਨ :

ਸੰਤ ਭਿੰਡਰਾਂਵਾਲਾ ਇਸ ਤੋਂ ਪਹਿਲਾਂ 25 ਸਤੰਬਰ 1981 ਨੂੰ ਮਹਿਤਾ ਚੌਕ 'ਤੇ ਇਕੱਠੇ ਹੋਏ ਘੱਟੋ-ਘੱਟ ਦੋ ਲੱਖ ਸਿੱਖਾਂ ਦੀ ਹਾਜ਼ਰੀ ਵਿਚ ਦਫ਼ਾ 302/307 ਦਾ ਦੋਸ਼ੀ ਜਾਣ ਕੇ ਫੜਿਆ ਗਿਆ ਸੀ ਪ੍ਰੰਤੂ ਬਾਅਦ ਵਿਚ ਚੀਫ਼ ਜੁਡੀਸ਼ਲ ਮੈਜਿਸਟ੍ਰੇਟ ਨੇ ਉਸ ਨੂੰ ਬੇਦੋਸ਼ ਕਰਾਰ ਦੇ ਕੇ ਬਰੀ ਕੀਤਾ ਸੀ।

ਫਿਰ ਸੰਤ ਭਿੰਡਰਾਂਵਾਲਾ ਅਤੇ ਉਨ੍ਹਾਂ ਦੇ ਬਾਡੀ ਗਾਰਡ (ਸੇਵਾਦਾਰਾਂ) ਨੂੰ ਰਾਈਫ਼ਲਾਂ ਆਦਿ ਦੇ ਲਾਇਸੈਂਸ ਦੇ ਰੱਖਣਾ ਅਤੇ ਉਨ੍ਹਾਂ ਦੇ ਇਸ ਜਥੇ ਦਾ, ਸਮੇਤ ਹਥਿਆਰਾਂ, ਦਿੱਲੀ ਅਤੇ ਬੰਬਈ ਤਕ ਬਿਨਾਂ ਰੋਕ ਟੋਕ ਘੁੰਮਦੇ ਫਿਰਨਾ, ਉਨ੍ਹਾਂ ਦੇ ਨੇਕ ਚਲਣ ਅਤੇ ਹਰ ਪ੍ਰਕਾਰ ਦੇ ਸ਼ੱਕ-ਸ਼ਕੂਕ ਤੋਂ ਬਿਨਾਂ ਹੋਣ ਦਾ ਸਬੂਤ ਹੈ।

ਆਲ ਇੰਡੀਆ ਕਾਂਗਰਸ ਦਾ ਜਨਰਲ ਸਕੱਤਰ ਤੇ ਪ੍ਰਾਈਮ ਮਨਿਸਟਰ ਦਾ ਆਪਣਾ ਪੁੱਤਰ ਮਿਸਟਰ ਗਾਂਧੀ ਜਿਸ ਸੰਤ ਭਿੰਡਰਾਂਵਾਲਾ ਨੂੰ ਅੰਮ੍ਰਿਤਸਰ ਦੇ ਵਾਕਿਆ ਤੋਂ ਥੋੜੇ ਦਿਨ ਪਹਿਲੋਂ ਇਕ ਵਿਸ਼ੇਸ਼ ਧਾਰਮਿਕ ਆਗੂ ਕਹਿੰਦਾ ਹੈ, ਉਸਨੂੰ ਅਤਿਵਾਦੀਆਂ ਦਾ ਸਰਗਨਾ ਕਹਿਣਾ ਕਿਥੋਂ ਤਕ ਜਾਇਜ਼ ਹੈ ?

ਭਾਈ ਅਮਰੀਕ ਸਿੰਘ ਉਪਰ ਹਿੰਦੂਆਂ ਦੇ ਕਤਲਾਂ ਦਾ ਦੋਸ਼ ਅਰੋਪਣਾ ਭੀ ਅਜਿਹੀ ਗੱਲ ਹੀ ਲੱਗਦੀ ਹੈ, ਖ਼ਾਸ ਕਰ ਜਦੋਂ ਅੰਮ੍ਰਿਤਸਰ ਕਾਂਡ ਤੋਂ ਥੋੜਾ ਪਹਿਲੋਂ ਭਾਈ ਅਮਰੀਕ ਸਿੰਘ ਅਤੇ ਬਾਬਾ ਥਾਰਾ ਸਿੰਘ ਨੂੰ ਕਾਫ਼ੀ ਲੰਮਾ ਕਾਲ 302 ਦੇ ਮੁਜਰਮ ਕਰਾਰ ਦਿੱਤੇ ਰਹਿਣ ਉਪ੍ਰੰਤ ਅਦਾਲਤ ਨੇ ਨਿਰਦੋਸ਼ ਕਰਾਰ ਦੇ ਕੇ ਛੱਡ ਦਿੱਤਾ ਹੋਵੇ।

ਜਿਥੋਂ ਤਕ ਨਿਰਦੋਸ਼ ਹਿੰਦੂਆਂ ਨੂੰ ਬੱਸਾਂ ਵਿਚੋਂ ਉਤਾਰ ਕੇ ਕਤਲ ਕੀਤੇ ਜਾਣ ਦੀ ਗੱਲ ਹੈ, ਇਸ ਬਾਰੇ ਅਸੀਂ ਪਿੱਛੇ ਚਰਚਾ ਕਰ ਚੁੱਕੇ ਹਾਂ। ਅਤਿਵਾਦੀਆਂ ਦੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਪਨਾਹ ਲਏ ਹੋਣ ਦੀ ਚਰਚਾ ਭੀ ਪਿੱਛੇ ਹੋ ਚੁੱਕੀ ਹੈ।

ਕੰਪਲੈਕਸ ਅੰਦਰ ਛੁਪੇ ਅਤਿਵਾਦੀਆਂ (ਜਿਨ੍ਹਾਂ ਦੀ ਗਿਣਤੀ ਗ੍ਰਹਿ ਮੰਤਰੀ ਅਨੁਸਾਰ 40 ਸੀ) ਨੂੰ ਫੜਨਾ ਜ਼ਰੂਰੀ ਸੀ :

ਕੀ ਸਰਕਾਰ ਨੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ (attack) ਕਰਨ ਤੋਂ ਪਹਿਲੋਂ ਅਤਿਵਾਦੀਆਂ ਨੂੰ ਫੜਨ ਦੇ ਸਾਰੇ ਰਾਹ ਅਪਣਾਅ ਲਏ ਹੋਏ ਸਨ ? ਇਸ

ਤੋਂ ਪਹਿਲੋਂ ਦੇ ਕਈ ਵਾਕਿਆਤ ਰੀਕਾਰਡ ਵਿਚ ਹਨ, ਜਦੋਂ ਕਿਸੇ ਮੁਜਰਮ ਨੂੰ ਫੜਨ ਲਈ ਸਰਕਾਰੀ ਮੁਲਾਜ਼ਮ ਸਫ਼ੈਦ ਕਪੜਿਆਂ ਵਿਚ ਕੰਪਲੈਕਸ ਅੰਦਰ ਜਾਂਦੇ ਤੇ ਦੋਸ਼ੀ ਨੂੰ ਫੜ ਲੈ ਆਉਂਦੇ ਰਹੇ। ਕੀ ਇਸ ਵਾਰੀ ਸਰਕਾਰ ਨੇ ਇਹ ਰਸਤਾ ਅਖ਼ਤਿਆਰ ਕਰਨ ਦਾ ਕਦੀ ਚਾਰਾ ਕੀਤਾ ? ਜਾਂ ਜੇ ਭਿੰਡਰਾਂਵਾਲਾ ਸਰਕਾਰ ਦੀ ਨਜ਼ਰ ਵਿਚ ਕਿਸੇ ਫ਼ੌਜਦਾਰੀ ਕਾਰਵਾਈ ਦਾ ਦੋਸ਼ੀ ਸੀ, ਤਾਂ ਕੀ ਉਸ ਦੇ ਖ਼ਿਲਾਫ਼ ਕਦੀ ਕੋਈ ਪਰਚਾ ਕਿਸੇ ਪੁਲੀਸ ਸਟੇਸ਼ਨ 'ਤੇ ਚਾਕ ਹੋਇਆ ਜਾਂ ਕਦੀ ਉਸ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਕਰ ਕੇ ਉਸ ਦੀ ਕਦੀ ਤਲਬੀ ਹੋਈ ? ਜੇ ਭਿੰਡਰਾਂਵਾਲਾ ਮਹਿਤੇ ਚੌਕ ਵਿਚ ਦੋ ਲੱਖ ਆਦਮੀਆਂ ਦੀ ਹਾਜ਼ਰੀ ਵਿਚ ਮੰਗ ਹੋਣ 'ਤੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਸਕਦਾ ਸੀ ਤਾਂ ਹੁਣ ਵੀ ਮੰਗ ਕੀਤੇ ਜਾਣ 'ਤੇ ਉਹ ਪੇਸ਼ ਹੋ ਜਾਂਦਾ, ਪ੍ਰੰਤੂ ਉਸ ਦੇ ਵਾਰੰਟ ਗ੍ਰਿਫ਼ਤਾਰੀ ਦੱਸ ਕੇ ਉਸ ਦੀ ਤਲਬੀ ਕਦੀ ਨਹੀਂ ਕੀਤੀ ਗਈ। ਅਜਿਹਾ ਨਾ ਹੋਣਾ ਹੀ ਇਸ ਗੱਲ ਦਾ ਸਬੂਤ ਹੈ ਕਿ ਉਸ ਦੇ ਖ਼ਿਲਾਫ਼ ਕੋਈ ਦੋਸ਼ ਪ੍ਰਗਟ ਨਹੀਂ ਸੀ।

ਭਲਾ ਇਹ ਮੰਨ (presume ਕਰ) ਵੀ ਲਿਆ ਜਾਏ ਕਿ ਭਿੰਡਰਾਂਵਾਲਾ ਨੇ ਕਾਬਲੇ-ਦਸਤ-ਅੰਦਾਜ਼ੀ-ਪੁਲੀਸ ਕੋਈ ਜੁਰਮ ਕੀਤਾ ਸੀ ਅਤੇ 40 ਹੋਰ ਮਸ਼ਕੂਕ ਮੁਜਰਮ ਕੰਪਲੈਕਸ ਅੰਦਰ ਛੁਪੇ ਹੋਏ ਸਨ ਤਾਂ ਇਨ੍ਹਾਂ ਚਾਲ੍ਹੀ ਮੁਜਰਮਾਂ ਨੂੰ ਫੜਨ ਵਾਸਤੇ ਹਜ਼ਾਰਾਂ ਬੇਦੋਸ਼ੇ ਬੱਚਿਆਂ, ਇਸਤਰੀਆਂ ਅਤੇ ਮਨੁੱਖਾਂ ਦਾ ਕਤਲ ਕਿਵੇਂ ਜਾਇਜ਼ ਮੰਨਿਆ ਜਾ ਸਕਦਾ ਹੈ ? ਜੇ ਕੁੱਝ ਅਤਿਵਾਦੀਆਂ ਨੇ ਪੰਜ, ਦਸ ਜਾਂ ਵੀਹ ਹਿੰਦੂਆਂ ਦੇ ਕਤਲ ਕਰਨ ਦਾ ਮਹਾਨ ਅਪਰਾਧ ਕੀਤਾ ਅਤੇ ਉਹ ਆਪਣੇ ਇਸ ਫੇਅਲ ਲਈ ਕਰੜੀ ਸਜ਼ਾ ਬਲਕਿ ਫਾਹੇ ਲਾਏ ਜਾਣ ਦੇ ਮੁਸਤਹਿਕ ਹਨ ਤਾਂ ਉਹ ਸਰਕਾਰ ਅਤੇ ਉਸ ਦੇ ਕਰਮਚਾਰੀ, ਜਿਨ੍ਹਾਂ ਹਜ਼ਾਰਾਂ ਬੇਦੋਸ਼ਿਆਂ ਦਾ ਕਤਲ ਕੀਤਾ ਜਾਂ ਕਰਾਇਆ, ਫਾਹੇ ਕਿਉਂ ਨਹੀਂ ਲਾਏ ਜਾਣੇ ਚਾਹੀਦੇ ? ਫਿਰ ਉਨ੍ਹਾਂ ਨਿਰੇ ਕਤਲ ਹੀ ਨਹੀਂ ਕੀਤੇ ਕਰਾਏ, ਬਲਕਿ ਇਕ ਅਤਿ ਥੋੜ-ਗਿਣਤੀ ਪਰ ਹੁਬਲਵਤਨ (patriotic) ਅਤੇ ਦੇਸ਼ ਦੀ ਖ਼ਾਤਰ ਆਪਣਾ ਸਭ ਕੁੱਝ ਕੁਰਬਾਨ ਕਰ ਦੇਣ ਵਾਲੀ ਕੌਮ ਦੇ ਧਰਮ ਮੰਦਰ, ਕੌਮੀ ਇਤਿਹਾਸ ਤੇ ਰੀਕਾਰਡ ਅਤੇ ਉਨ੍ਹਾਂ ਦੇ ਯਾਦਗਾਰੀ ਸ਼ਸਤਰ ਤੇ ਹੋਰ ਸਾਮਾਨ ਫ਼ਨਾਹ ਕਰ ਦਿੱਤਾ। ਕੀ ਇਹ ਸਾਰਾ ਕੁੱਝ ਦਸ ਵੀਹ ਹਿੰਦੂਆਂ ਦੇ ਕਤਲ ਦੇ ਮੁੱਲ ਵਜੋਂ ਲਿਆ ਗਿਆ ਸੀ ? ਕੀ ਸਰਕਾਰ ਦਾ ਹਿਰਦਾ ਪਾਨੀਪਤ ਤੇ ਕਰਨਾਲ ਅੰਦਰ ਗੁਰਦੁਆਰੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੇਹਾਂ ਸਾੜ ਕੇ, ਇਨ੍ਹਾਂ ਹੀ ਥਾਈਂ ਕਈ ਰਾਹ-ਗੁਜ਼ਰ ਸਿੱਖਾਂ ਨੂੰ ਮਰਵਾ ਕੇ ਅਤੇ ਕਈਆਂ ਦੀਆਂ ਦਾੜ੍ਹੀਆਂ ਮੁੱਛਾਂ ਮੁੰਨ ਕੇ ਸ਼ਾਂਤ ਨਹੀਂ ਹੋਇਆ ਸੀ, ਜੁ ਅੰਮ੍ਰਿਤਸਰ ਵਿਚ ਏਨਾ ਵੱਡਾ ਘਲੂਘਾਰਾ ਵਰਤਾਉਣਾ ਸਰਕਾਰ ਨੂੰ ਜ਼ਰੂਰੀ ਪ੍ਰਤੀਤ ਹੋਇਆ ਅਤੇ ਇਹ ਸਾਰਾ ਕੁੱਝ

ਕਈ ਟੋਡੀ (stooges) ਸਿੱਖਾਂ ਨੂੰ ਅੱਗੇ ਲਾ ਕੇ ਕਰਵਾਇਆ ਗਿਆ ਹੈ ਤਾਂ ਕਿ ਦੁਨੀਆ ਦੀਆਂ ਅੱਖੀਂ ਘੱਟਾ ਪਾਇਆ ਜਾ ਸਕੇ ਅਤੇ ਕੌਮ ਦਾ ਸਿਰ ਨੀਵਾਂ ਹੋਵੇ।

ਫਿਰ ਹੋਰ ਲਓ ? ਜਿਨ੍ਹਾਂ ਫ਼ੌਜੀਆਂ ਨੇ ਸਰਕਾਰ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਸਿੱਖਾਂ ਦੇ ਦਰਬਾਰ ਸਾਹਿਬ 'ਤੇ ਇਹ ਖ਼ੂਨੀ ਕਾਰਾ ਵਰਤਾਇਆ ਸੀ ਪ੍ਰੰਤੂ ਇਉਂ ਕਰਦੇ ਹੋਏ ਆਪਣੀਆਂ ਜਾਨਾਂ ਤੋਂ ਹੱਥ ਧੋ ਗਏ ਸਨ, ਉਨ੍ਹਾਂ ਨੂੰ ਸਿੱਖਾਂ ਦੇ ਮਾਰਨ ਦੀ ਬਹਾਦਰੀ ਦੀ ਦਾਦ ਦੇਂਦੇ ਹੋਏ ਸਰਕਾਰ ਨੇ ਇਕ ਇਕ ਲੱਖ ਰੁਪਿਆ ਪ੍ਰਤੀ ਫ਼ੌਜੀ ਉਸ ਦੇ ਵਾਰਸ ਨੂੰ ਦਿੱਤੇ ਜਾਣ ਦਾ ਐਲਾਨ ਕੀਤਾ ਹੈ, ਜੈਸਾ ਕਿ ਭਾਰਤ ਵੱਲੋਂ ਚੀਨ ਤੇ ਪਾਕਿਸਤਾਨ ਨਾਲ ਲੜੇ ਜੰਗਾਂ ਸਮੇਂ ਭੀ ਨਹੀਂ ਕੀਤਾ ਗਿਆ ਸੀ ਜਿਸ ਦਾ ਮਤਲਬ ਇਹੋ ਕੱਢਿਆ ਜਾ ਸਕਦਾ ਹੈ ਕਿ ਸਿੱਖਾਂ ਨੂੰ ਮਾਰਦੇ ਹੋਏ ਮਰੇ ਫ਼ੌਜੀਆਂ ਨੇ ਚੀਨੀ ਤੇ ਪਾਕਿਸਤਾਨੀ ਦੁਸ਼ਮਣਾਂ ਨੂੰ ਮਾਰਨ ਨਾਲੋਂ ਵਧੇਰੇ ਬਹਾਦਰੀ ਵਿਖਾਈ ਸੀ, ਜਿਸ ਦੇ ਲਈ ਉਹ ਵਿਸ਼ੇਸ਼ ਇਨਾਮ ਦੇ ਹੱਕਦਾਰ ਸਨ, ਗੋਇਆ ਕਿ ਸਿਖ ਭਾਰਤ ਸਰਕਾਰ ਦਾ ਪਾਕਿਸਤਾਨੀ ਤੇ ਚੀਨੀਆਂ ਦੀ ਨਿਸਬਤ ਵੱਡਾ ਦੁਸ਼ਮਣ ਸੀ। ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਇਹ ਸਰਟੀਫ਼ਿਕੇਟ ਉਸ ਕੌਮ ਨੂੰ ਦਿੱਤਾ ਗਿਆ ਹੈ ਜਿਸ ਬਾਰੇ ਇਸੇ ਕਾਂਗਰਸ ਦਾ ਵਡਿੱਕਾ ਲਾਲਾ ਲਾਜਪਤ ਰਾਇ ਕਹਿੰਦਾ ਰਿਹਾ ਸੀ :

ਸ੍ਵੈ-ਰਾਜ ਕਾ ਜੋ ਰਾਜ ਹੋ ਅਪਨੇ ਦੇਸ਼ ਮੇਂ,
ਹੋਗਾ ਤੁਮਾਰੇ ਹਾਥ ਮੇਂ ਝੰਡਾ ਅਕਾਲੀਓ। *(ਅਖ਼ਬਾਰ 'ਬੰਦੇ ਮਾਤਰਮ')*

ਫਿਰ ਬੰਗਲਾ ਦੇਸ਼ ਅੰਦਰ 1971 ਵਿਚ ਪਾਕਿਸਤਾਨ ਨਾਲ ਹੋਇਆ ਜੰਗ, ਜਿਸ ਵਿਚ ਦੋ ਆਜ਼ਾਦ ਮੁਲਕ ਆਹਮੋ-ਸਾਹਮਣੇ ਟੱਕਰੇ ਹੋਏ ਸਨ ਅਤੇ ਦੋਹੀਂ ਬੰਨੀਂ ਲੱਖਾਂ ਦੀ ਗਿਣਤੀ ਵਿਚ ਫ਼ੌਜਾਂ ਲੜੀਆਂ ਸਨ, ਸੋਲ੍ਹਾਂ ਦਿਨ ਵਿਚ ਸਮਾਪਤ ਹੋ ਕੇ ਉਹ ਆਪਣੇ ਆਪਣੇ ਹੈਡ ਕੁਆਰਟਰਾਂ 'ਤੇ ਚਲੀਆਂ ਗਈਆਂ ਸਨ। ਮੁਕਾਬਲੇ ਵਿਚ ਇਕ ਧਰਮ ਮੰਦਰ (ਦਰਬਾਰ ਸਾਹਿਬ ਅੰਮ੍ਰਿਤਸਰ) ਅੰਦਰ ਕਥਿਤ ਚਾਲ੍ਹੀ ਅਤਿਵਾਦੀਆਂ ਨੂੰ ਉਥੋਂ ਕੱਢਣ ਜਾਂ ਪਕੜ ਲੈਣ ਲਈ ਭਾਰਤੀ ਫ਼ੌਜ ਦੀਆਂ ਕਈ ਬਟਾਲੀਅਨਾਂ, ਤੋਪਖ਼ਾਨਾ ਤੇ ਕਈ ਟੈਂਕ ਲਿਆਂਦੇ ਗਏ, ਜੋ ਦੋ ਦਿਨਾਂ ਵਿਚ ਆਪਣਾ ਕੰਮ ਖ਼ਤਮ ਕਰ ਕੇ ਅਤੇ ਉਨ੍ਹਾਂ ਸਾਰੀਆਂ ਇਮਾਰਤਾਂ, ਜਿਨ੍ਹਾਂ ਵਿਚ ਕਥਿਤ ਅਤਿਵਾਦੀਆਂ ਦੇ ਹੋਣ ਦਾ ਅਨੁਮਾਨ ਸੀ, ਨੂੰ ਸਾੜ-ਫੂਕ ਅਤੇ ਢਾਹ-ਢੇਰੀ ਕਰ ਕੇ ਭੀ ਤਿੰਨ ਚਾਰ ਮਹੀਨੇ ਪਿੱਛੋਂ ਤਕ ਵੀ ਛੱਡਣ ਨੂੰ ਤਿਆਰ ਨਹੀਂ ਸਨ। ਬਲਕਿ ਬਾਹਰ ਤੋਂ ਸਿੱਖਾਂ ਦੇ ਏਥੇ ਆਉਣ 'ਤੇ ਬੰਦਸ਼ਾਂ ਲੱਗੀਆਂ ਹੋਈਆਂ ਸਨ, ਸਗੋਂ ਪਰਦੇਸੀਂ ਵੱਸਦੇ ਸਿੱਖਾਂ, ਜੋ ਇਸ ਥਾਉਂ ਨੂੰ ਆਪਣਾ ਮੱਕਾ ਕਾਬਾ ਸਮਝਦੇ ਹਨ, ਲਈ ਸਰਕਾਰੋਂ ਹਾਸਲ ਕੀਤੇ ਵਿਸ਼ੇਸ਼ ਪਰਮਿੱਟ ਤੋਂ ਬਿਨਾਂ ਪੰਜਾਬ ਦੀ ਧਰਤੀ 'ਤੇ ਪੈਰ ਰੱਖਣਾ ਵੀ

ਮਨ੍ਹਾ ਰਿਹਾ ਹੈ। ਕੀ ਸਿਖ ਭਾਰਤ ਸਰਕਾਰ ਦਾ ਏਨਾ ਵੱਡਾ ਖ਼ਤਰਨਾਕ ਦੁਸ਼ਮਣ ਸਮਝਿਆ ਜਾ ਰਿਹਾ ਹੈ ਕਿ ਉਸ ਦੀ ਆਪਣੀ ਜਨਮ-ਭੂਮੀ (ਪੰਜਾਬ) ਅੰਦਰ ਵਿਚਰਨ ਦੀ ਵੀ ਉਸ ਨੂੰ ਖੁੱਲ੍ਹ ਨਹੀਂ ? ਜੇ ਪੱਛਮੀ ਪੰਜਾਬ ਵਿਚੋਂ ਸਿੱਖਾਂ ਨੂੰ ਉਜਾੜ ਕੇ ਕਾਂਗਰਸ ਤ੍ਰਿਪਤ ਨਹੀਂ ਹੋਈ, ਜੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਤੋਂ ਖੋਹ ਕੇ ਕਾਂਗਰਸ ਸਰਕਾਰ ਦਾ ਸ਼ਹੁ ਨਹੀਂ ਭਰਿਆ, ਜੇ ਤਰਾਈ ਤੇ ਹਰਿਆਣੇ ਦੇ ਗ਼ੈਰ-ਆਬਾਦ ਜੰਗਲ ਆਬਾਦ ਕਰਨ ਵਾਲੇ ਉਨ੍ਹੀਂ ਥਾਈਂ ਵੱਸਦੇ ਸਿਖ, ਸਰਕਾਰ ਨੂੰ ਨਹੀਂ ਭਾਉਂਦੇ, ਤਾਂ ਕੀ ਸਰਕਾਰ ਸਿੱਖਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੇਦਖ਼ਲ ਕਰ ਦੇਣ ਵਿਚ ਆਪਣੀ ਸੰਤੁਸ਼ਟਤਾ ਵੇਖਦੀ ਹੈ ? ਸਿਖ ਅਤੇ ਗੁਰਦੁਆਰੇ ਦਾ ਸੰਬੰਧ ਮਾਸ ਲਹੂ ਦਾ ਸੰਬੰਧ ਹੈ। ਬੀਤੀਆਂ ਤਿੰਨ ਸਦੀਆਂ ਦੇ ਇਤਿਹਾਸ, ਵਿਸ਼ੇਸ਼ ਕਰਕੇ 1920 ਤੋਂ 1925 ਦੀ ਸਿਖ ਲਹਿਰ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਹੈ ਕਿ ਸਿਖ ਨੂੰ ਕਿਸੇ ਕੀਮਤ 'ਤੇ ਭੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਇਸ ਆਧਾਰ 'ਤੇ ਸਿਖ ਨੂੰ ਚੁਣੌਤੀ ਦੇਣੀ ਕਾਂਗਰਸੀ ਸਰਕਾਰ ਲਈ ਸੋਭਾ ਨਹੀਂ ਪਾਏਗੀ।

ਹੁਣ ਪ੍ਰਧਾਨ ਮੰਤਰੀ ਅਤੇ ਉਸ ਜਿਹੇ ਹੋਰ ਕਾਂਗਰਸੀ ਨੇਤਾਵਾਂ ਨੇ ਥਾਂ-ਪਰ-ਥਾਂ ਇਹ ਕਹਿਣਾ ਸ਼ੁਰੂ ਕਰ ਰੱਖਿਆ ਹੈ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਹਰ ਕੀਮਤ 'ਤੇ ਕਾਇਮ ਰੱਖੀ ਜਾਵੇਗੀ ਅਤੇ ਇਸ ਨੂੰ ਭੰਗ ਕਰਨ ਵਾਲਿਆਂ ਨੂੰ ਕੁਚਲ ਦਿੱਤਾ ਜਾਵੇਗਾ। ਸੋਚਣ ਦੀ ਗੱਲ ਹੈ ਕਿ ਇਹ ਕਹਿਣ ਵਾਲਿਆਂ ਦੀ ਨਜ਼ਰ ਵਿਚ ਦੇਸ਼ ਦੀ 'ਏਕਤਾ ਤੇ ਅਖੰਡਤਾ' ਭੰਗ ਹੋਣ ਦਾ ਖ਼ਤਰਾ ਉਨ੍ਹਾਂ ਨੂੰ ਕਿਸ ਪਾਸੋਂ ਪ੍ਰਤੀਤ ਹੁੰਦਾ ਹੈ, ਜੁ ਇਸ ਸਥਾਨ 'ਤੇ ਖ਼ਾਸ ਕਰ ਹੁਣ ਗ਼ੈਰ-ਮਾਮੂਲੀ ਜ਼ੋਰ (stress) ਦਿੱਤਾ ਜਾ ਰਿਹਾ ਹੈ। ਦੇਸ਼ ਦੀ ਜਿਸ ਬਹੁ-ਸੰਮਤੀ ਦੇ ਹੱਥ ਦੇਸ਼ ਦਾ ਰਾਜ-ਭਾਗ ਹੈ, ਭਾਵੇਂ ਇਹ ਕਾਂਗਰਸ ਹੋਵੇ ਜਾਂ ਇਸ ਦੇ ਵਿਰੋਧ ਵਾਲੀ ਕੋਈ ਪਾਰਟੀ, ਉਨ੍ਹਾਂ 'ਤੇ ਅਖੰਡਤਾ ਭੰਗ ਕਰਨ ਦਾ ਦੋਸ਼ ਕਦੀ ਵੀ ਅਰੋਪਿਆ ਨਹੀਂ ਜਾ ਸਕਦਾ, ਤਾਂ ਇਸ ਦੇ ਦੋਸ਼ੀ ਕਸ਼ਮੀਰ ਵਿਚ ਮੁਸਲਮਾਨ ਅਤੇ ਪੰਜਾਬ ਵਿਚ ਸਿਖ ਹੀ ਅਰੋਪੇ ਜਾ ਸਕਦੇ ਹਨ। ਇਸ ਦੇ ਬਚਾਉ ਦਾ ਸਾਧਨ ਸੱਤਾਧਾਰੀ ਪਾਰਟੀ ਇਸ ਵਿਚ ਹੀ ਵੇਖਦੀ ਹੈ ਕਿ ਇਨ੍ਹਾਂ ਦੇ ਮੱਥੇ ਵੱਖਵਾਦੀ ਹੋਣ ਦਾ ਦੋਸ਼ ਥੱਪ ਕੇ, ਇਨ੍ਹਾਂ ਨੂੰ ਦੇਸ਼ ਭਰ ਵਿਚ ਅਤੇ ਅੰਤਰ-ਰਾਸ਼ਟਰੀ ਤੌਰ 'ਤੇ ਭੀ ਬਦਨਾਮ ਕੀਤਾ ਜਾਵੇ, ਤਾਂ ਕਿ ਉਨ੍ਹਾਂ ਦਾ ਵੱਖਵਾਦੀ ਹੋਣਾ ਏਨਾ ਨਸ਼ਰ ਹੋ ਜਾਵੇ ਅਤੇ ਉਹ ਏਨੇ ਬਦਨਾਮ ਹੋ ਜਾਣ ਕਿ ਦੇਸ਼ ਦੇ ਦੁਸ਼ਮਣ ਸਮਝ ਲਏ ਜਾਣ ਅਤੇ ਜਦੋਂ ਉਨ੍ਹਾਂ ਦਾ ਕੁਚਲ ਦੇਣਾ ਜ਼ਰੂਰੀ ਹੋ ਜਾਵੇ ਤਾਂ ਵਿਸ਼ਵ ਭਰ ਅੰਦਰ ਉਹ ਕਿਸੇ ਦੀ ਹਮਦਰਦੀ ਨਾ ਲੈ ਸਕਣ ਅਤੇ ਉਨ੍ਹਾਂ ਦਾ ਕੁਚਲਿਆ ਜਾਣਾ Humanity grounds (ਮਨੁੱਖਤਾ ਦੇ ਪੱਖੋਂ) 'ਤੇ ਭੀ ਕਿਸੇ ਨੂੰ ਅਪੀਲ ਨਾ ਕਰੇ।

ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਸੱਤਾਧਾਰੀ ਪਾਰਟੀ ਨੇ ਆਕਾਸ਼ਵਾਣੀ ਅਤੇ ਟੈਲੀਵਿਯਨ ਜਿਹੇ ਨੈਸ਼ਨਲ ਅਦਾਰਿਆਂ ਦੀ ਵਰਤੋਂ ਬਿਨਾਂ ਸੰਕੋਚ ਅਤੇ ਬਿਨਾਂ ਕਿਸੇ ਹਿਚਕਚਾਹਟ ਮਹਿਸੂਸ ਕਰਨ ਦੇ ਕੀਤੀ ਹੈ ਤੇ ਅੱਗੋਂ ਕਰ ਰਹੀ ਹੈ। ਦਰਬਾਰ ਸਾਹਿਬ ਕੰਪਲੈਕਸ ਦੀ ਤਬਾਹੀ ਪਿੱਛੋਂ ਕਈ ਦਿਨ ਟੈਲੀਵਿਯਨ 'ਤੇ ਕਹੇ ਜਾਂਦੇ ਸਿਖ ਜਰਨੈਲਾਂ ਦਿਆਲ ਅਤੇ ਬਰਾੜ ਰਾਹੀਂ ਮਸ਼ੀਨ-ਗੰਨਾਂ, ਐਲ.ਐਮ.ਜੀਆਂ ਅਤੇ ਹੋਰ ਬੇਸ਼ੁਮਾਰ ਹਥਿਆਰਾਂ ਦੀ ਕਈ ਦਿਨ ਪ੍ਰਦਰਸ਼ਨੀ ਕਰਦੇ ਹੋਏ ਇਨ੍ਹਾਂ ਨੂੰ ਅੰਦਰ ਛੁਪੇ ਅਤਿਵਾਦੀ ਸਿੱਖਾਂ ਦੇ ਸਿਰ ਮੜ੍ਹਨਾ ਅਤੇ ਅਜਿਹਾ ਅਸਲਾ ਉਥੇ ਉਨ੍ਹਾਂ ਵੱਲੋਂ ਇਕੱਠਾ ਕੀਤਾ ਹੋਣ ਨੂੰ ਮਹੀਨਿਆਂ ਬੱਧੀ ਉਛਾਲਦੇ ਜਾਣ ਦਾ ਇਸ ਤੋਂ ਬਿਨਾਂ ਹੋਰ ਕੀ ਮਤਲਬ ਹੋ ਸਕਦਾ ਹੈ ਕਿ ਸਿੱਖਾਂ 'ਤੇ ਦੇਸ਼ ਦੇ ਦੁਸ਼ਮਣ ਹੋਣ ਦਾ ਦੋਸ਼ ਦੇ ਕੇ ਉਨ੍ਹਾਂ ਨੂੰ ਬਦਨਾਮ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਦਰਬਾਰ ਸਾਹਿਬ ਉੱਤੇ ਕੀਤੇ ਗਏ ਫ਼ੌਜੀ ਹਮਲੇ ਅਤੇ ਉਸ ਰਾਹੀਂ ਹੋਈ ਤਬਾਹੀ ਨੂੰ ਜਾਇਜ਼ ਸਾਬਤ (justify) ਕੀਤਾ ਜਾਵੇ। *ਇਸ ਪਰਥਾਏ ਵੇਖੋ,* ਸਮਾਚਾਰ ਔਰ ਵਿਚਾਰ *ਬੰਬਈ 23-29 ਅਗਸਤ ਸ.ਫਾ 1 :*

> "It is well known that no responsible Sikh or Sikh body has ever asked for the separate state of Khalistan, despite the holocaust of June 1984.
>
> "The Sikhs are deeply anguished and eliminated from the central govt., yet they refrained from taking the side of Khalistan.
>
> "It is amazing that the state controlled media and the national press continues to represent all the Sikhs as voters of Khalistan and every Sikh is being counted as a Khalistani and tirade against the Sikhs continues unabated.
>
> "It was time when Indian people should have helped the Sikhs to bear their anguish through the healing touch, but the daily propaganda on T.V., Radio and the national press (They are publishing letters under the disguise of readers) is further creating and embarrassing unbearable situation. It is in the larger interest of the country and imperative for

the unity that this tirade against the Sikhs be ceased forthwith and let the Sikhs live with peace in India."

ਅਰਥਾਤ, "ਇਹ ਸਭ ਦੀ ਜਾਣੀ ਬੁੱਝੀ ਗੱਲ ਹੈ ਕਿ ਕਿਸੇ ਜ਼ਿੰਮੇਵਾਰ ਸਿਖ ਜਾਂ ਕਿਸੇ ਸਿਖ ਸੰਸਥਾ ਨੇ, ਬਾਵਜੂਦ ਜੂਨ 1984 ਵਿਚ ਹੋਏ ਘਲੂਘਾਰੇ ਦੇ, ਕਦੀ ਖ਼ਾਲਿਸਤਾਨ ਦਾ ਵੱਖਰਾ ਦੇਸ਼ ਬਣਾਏ ਜਾਣ ਦੀ ਮੰਗ ਨਹੀਂ ਕੀਤੀ ਭਾਵੇਂ ਸਿਖ ਅਤਿ ਪੀੜਤ ਹਨ ਅਤੇ ਦੇਸ਼ ਦੀ ਕੇਂਦਰੀ ਹਕੂਮਤ ਵਿਚ ਆਪਣੀ ਅਣਹੋਂਦ ਮਹਿਸੂਸ ਕਰਦੇ ਹਨ, ਪਰ ਫਿਰ ਵੀ ਉਨ੍ਹਾਂ ਖ਼ਾਲਿਸਤਾਨ ਦੀ ਹਿਮਾਇਤ ਕਰਨੋਂ ਗੁਰੇਜ਼ ਕੀਤਾ ਹੈ।

"ਫਿਰ ਇਹ ਵੱਡੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਅਧੀਨ ਪ੍ਰਸਾਰ ਦੇ ਸਾਰੇ ਮਾਧਿਅਮ ਟੀ.ਵੀ., ਰੇਡੀਉ ਅਤੇ ਕੌਮੀ ਪ੍ਰੈਸ (ਅਖ਼ਬਾਰ) ਸਾਰੇ ਸਿੱਖਾਂ ਨੂੰ ਖ਼ਾਲਿਸਤਾਨ ਦੇ ਹਾਮੀ ਗਰਦਾਨਦੇ ਅਤੇ ਹਰ ਸਿਖ ਦੇ ਖ਼ਾਲਿਸਤਾਨੀ ਹੋਣ ਦਾ ਇਲਜ਼ਾਮ ਦੇਂਦੇ ਹਨ ਅਤੇ ਸਿੱਖਾਂ ਦੇ ਖ਼ਿਲਾਫ਼ ਇਸ ਦਾ ਤੂਫ਼ਾਨ ਖੜਾ ਕੀਤਾ ਜਾਂਦਾ ਹੈ ਤੇ ਇਸ ਵਿਚ ਕੋਈ ਢਿਲਿਆਈ ਨਹੀਂ ਪੈਣ ਦਿੱਤੀ ਜਾਂਦੀ।

"ਚਾਹੀਦਾ ਤਾਂ ਇਹ ਸੀ ਕਿ ਸਿੱਖਾਂ ਦੇ ਦੁਖਿਤ ਹਿਰਦਿਆਂ ਦੀਆਂ ਪੀੜਾਂ ਹਰਨ ਵਾਸਤੇ ਹਿੰਦੁਸਤਾਨੀ ਉਨ੍ਹਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਪੱਟੀ ਲਾਉਂਦੇ, ਪ੍ਰੰਤੂ ਟੈਲੀਵਿਯਨ, ਰੇਡੀਉ ਅਤੇ ਕੌਮੀ ਪ੍ਰੈਸ ਰਾਹੀਂ ਨਿਤਾਪ੍ਰਤੀ ਕੀਤਾ ਜਾ ਰਿਹਾ ਪ੍ਰਾਪੇਗੰਡਾ (ਉਹ ਅਖ਼ਬਾਰਾਂ ਦੇ ਪਾਠਕਾਂ ਦੇ ਫ਼ਰਜ਼ੀ ਨਾਵਾਂ ਹੇਠ ਚਿੱਠੀਆਂ ਵੀ ਛਾਪ ਰਹੇ ਹਨ) ਨਾ ਬਰਦਾਸ਼ਤ ਕੀਤੇ ਜਾਣ ਅਤੇ ਹੋਰ ਵਧੇਰੇ ਭੰਬਲ-ਭੂਸਿਆਂ ਵਿਚ ਪਾਉਣ ਵਾਲੀ ਹਾਲਤ ਪੈਦਾ ਕਰ ਰਿਹਾ ਹੈ। ਇਹ ਦੇਸ਼ ਦੇ ਵਧੇਰੇ ਭਲੇ ਲਈ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਬਣਾਏ ਰੱਖਣ ਵਾਸਤੇ ਅਵੱਸ਼ਕ ਹੈ ਕਿ ਸਿੱਖਾਂ ਦੇ ਖ਼ਿਲਾਫ਼ ਚਲਾਇਆ ਜਾ ਰਿਹਾ ਜਹਾਦ ਫ਼ੌਰਨ ਬੰਦ ਕੀਤਾ ਜਾਏ ਅਤੇ ਸਿੱਖਾਂ ਨੂੰ ਅਮਨ ਚੈਨ ਨਾਲ ਹਿੰਦੁਸਤਾਨ ਵਿਚ ਰਹਿਣ ਦਿੱਤਾ ਜਾਵੇ।"

ਫਿਰ ਹੋਰ ਲਓ, ਆਪਣੀ ਇਸ ਅਯੋਗ ਕਾਰਵਾਈ ਅਤੇ ਇਸ ਕਾਰਨ ਹੋਈ ਤਬਾਹੀ ਨੂੰ ਛੁਪਾਉਣ ਲਈ ਸੰਤਾ ਸਿੰਘ ਨਿਹੰਗ, ਜੋ ਸਿਖ ਕੌਮ ਦਾ ਗ਼ਦਾਰ ਤੇ ਸਰਕਾਰ ਦਾ ਇਕ ਭਰੋਸੇਯੋਗ ਟੋਡੀ (stooge) ਹੈ, ਨੂੰ ਅੱਗੇ ਲਾ ਕੇ ਅਕਾਲ ਤਖ਼ਤ ਸਾਹਿਬ ਦੀ ਥੇਹ ਹੋ ਚੁੱਕੀ ਇਮਾਰਤ ਨੂੰ ਥੰਮ੍ਹੀਆਂ ਦੇ ਕੇ ਖੜਾ ਕਰ ਦੇਣ ਦੇ ਜਤਨ ਸਰਕਾਰ ਨੇ ਕੀਤੇ ਅਤੇ ਇਸ ਨੂੰ ਬੁੱਢਾ ਦਲ ਨਿਹੰਗ ਸਿੰਘਾਂ ਵੱਲੋਂ ਕੀਤੀ ਜਾ ਰਹੀ ਕਾਰ ਸੇਵਾ ਦਰਸਾਉਣ ਲਈ ਵੀਹ ਤੋਂ ਪੰਜਾਹ ਰੁਪਏ ਪ੍ਰਤੀ ਦਿਹਾੜੀ 'ਤੇ ਹਰੀਜਨ ਅਤੇ ਹੋਰ ਕਮਜ਼ੋਰ ਵਰਗ ਦੇ ਬੰਦਿਆਂ ਨੂੰ ਸਰਕਾਰੀ ਟਰੱਕਾਂ ਵਿਚ ਲਿਆਂਦਾ ਗਿਆ। ਪੰਜਾਬ ਵਿਚੋਂ ਲੋੜ ਅਨੁਸਾਰ ਐਸੇ ਆਦਮੀ ਨਾ ਮਿਲਦੇ ਵੇਖ ਹਰਿਆਣਾ ਸਰਕਾਰ ਨੂੰ ਆਦਮੀ ਮੁਹੱਈਆ ਕਰਨ ਦੀ ਵੰਗਾਰ ਪਾਈ ਗਈ, ਜਿਸ ਵਿਚ ਮੁਖ ਮੰਤਰੀ

ਭਜਨ ਲਾਲ ਦਾ ਨਾਮ ਵਿਸ਼ੇਸ਼ ਵਰਣਨ ਯੋਗ ਹੈ (ਇਹ ਯਾਦ ਰਹੇ ਕਿ ਇਹ ਭਜਨ ਲਾਲ ਦੀ ਹੀ ਸਰਕਾਰ ਸੀ ਜਿਸ ਨੇ ਦਿੱਲੀ ਵਿਚ 1982 ਵਿਚ ਹੋਈਆਂ ਏਸ਼ੀਅਨ ਖੇਡਾਂ ਸਮੇਂ ਸਿਖ, ਭਾਵੇਂ ਉਹ ਸਰਕਾਰੀ ਅਫ਼ਸਰ ਸੀ ਜਾਂ ਕੋਈ ਹੋਰ ਪੰਜਾਬੀ, ਦਾ ਹਰਿਆਣੇ ਵਿਚੋਂ ਲੰਘਣਾ ਬੰਦ ਕੀਤਾ ਸੀ, ਫਿਰ ਇਸੇ ਦੀ ਹੀ ਸਰਕਾਰ ਸੀ ਜਿਸ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਬੇਦੋਸ਼ੇ ਰਾਹ-ਗੁਜ਼ਰਦੇ ਸਿੱਖਾਂ ਨੂੰ ਪਾਨੀਪਤ ਦੇ ਮੁਕਾਮ 'ਤੇ ਜਰਨੈਲੀ ਸੜਕ ਉਪਰ ਨਿਰਾ ਜਾਨੋਂ ਹੀ ਨਹੀਂ ਮਾਰਿਆ ਸਗੋਂ ਮਜ਼ਹਬੀ ਹੇਠੀ ਦਰਸਾਉਣ ਲਈ ਕਈ ਸਿੱਖਾਂ ਦੀਆਂ ਦਾੜ੍ਹੀਆਂ ਮੁੱਛਾਂ ਮੁੰਨੀਆਂ ਅਤੇ ਕਈ ਗੁਰਦੁਆਰੇ ਅਤੇ ਸ੍ਰੀ ਗੁਰੂ ਸਾਹਿਬ ਦੀਆਂ 'ਬੀੜਾਂ' ਸਾੜੀਆਂ)।

ਮੈਨੂੰ ਇਕ ਉਕਲਾਣਾ (ਜ਼ਿਲਾ ਹਿਸਾਰ) ਨਿਵਾਸੀ ਨੇ ਦੱਸਿਆ ਕਿ ਸੰਤਾ ਸਿੰਘ ਵੱਲੋਂ ਕਰਾਈ ਜਾ ਰਹੀ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਸੇਵਾ ਨੂੰ ਸਫਲ ਕਰਨ ਲਈ ਉਕਲਾਣੇ ਦੇ ਇਲਾਕੇ ਤੋਂ ਕਈ ਹਰੀਜਨ 50 ਰੁਪਏ ਦਿਹਾੜੀ 'ਤੇ ਸਰਕਾਰੀ ਟਰੱਕ ਵਿਚ ਲਿਆਏ ਜਾ ਰਹੇ ਸਨ। ਜਦ ਇਹ ਟਰੱਕ ਪਿੰਡ ਸਮੈਣ ਤੋਂ ਲੰਘਿਆ ਤਾਂ ਕੁਝ ਸਿਆਣੇ ਜਾਟਾਂ ਦੇ ਸਮਝਾਉਣ 'ਤੇ ਉਨ੍ਹਾਂ ਸਾਰੀ ਗੱਲ ਦੱਸੀ ਅਤੇ ਉਥੇ ਹੀ ਉਤਰ ਕੇ ਵਾਪਸ ਆਪਣੇ ਘਰਾਂ ਨੂੰ ਚਲੇ ਗਏ।

ਫਿਰ ਸਰਕਾਰ ਦੀ ਅਜਿਹੀ ਕਰਾਈ ਜਾ ਰਹੀ ਕਾਰ ਸੇਵਾ ਉਪਰ ਸਿੱਖਾਂ ਦੀ ਮੋਹਰ ਲਗਵਾਉਣ ਲਈ ਸੰਤਾ ਸਿੰਘ ਨਿਹੰਗ ਵੱਲੋਂ 11 ਅਗਸਤ 1984 ਨੂੰ ਬੁਰਜ ਬਾਬਾ ਫੂਲਾ ਸਿੰਘ 'ਤੇ ਇਕ 'ਸਰਬੱਤ ਖਾਲਸਾ' ਸਮਾਗਮ ਰਚਾਏ ਜਾਣ ਦਾ ਢਕਵੰਜ ਰਚਿਆ ਗਿਆ, ਜੋ ਨਿਰੋਲ ਇਕ ਕਾਂਗਰਸੀ ਜਾਂ ਸਰਕਾਰ-ਪੂਜ ਲੋਕਾਂ ਦਾ ਸਮਾਗਮ ਸੀ, ਜਿਸ ਨੂੰ ਸਰਕਾਰੀ ਤੌਰ 'ਤੇ ਟੈਲੀਵਿਯਨ 'ਤੇ ਵੀ ਨਸ਼ਰ ਕੀਤਾ ਗਿਆ, ਜਿਸ ਵਿਚ ਗੋਲ ਚਿੱਟੀਆਂ ਪੱਗਾਂ ਵਾਲੇ ਕਈ ਕੂਕੇ ਬਤੌਰ ਸਿਖ ਵਿਖਾਏ ਗਏ। ਇਸ ਸਮਾਗਮ ਵਾਸਤੇ ਇਕ ਲੱਖ ਹਰਿਆਣਵੀ ਭੇਜਣ ਲਈ ਹਰਿਆਣੇ ਦੇ ਚੀਫ਼ ਮਨਿਸਟਰ ਭਜਨ ਲਾਲ ਨੇ ਡੀਂਗ ਮਾਰੀ ਸੀ, ਪ੍ਰੰਤੂ ਪੰਜਾਬ, ਹਰਿਆਣਾ ਤੇ ਕੇਂਦਰੀ ਸਰਕਾਰਾਂ ਦੇ ਜਤਨਾਂ ਦੇ ਬਾਵਜੂਦ ਵੀ ਇਸ ਸਮਾਗਮ ਵਿਚ 20 ਕੁ ਹਜ਼ਾਰ ਆਦਮੀ ਲਿਆਂਦੇ ਜਾ ਸਕੇ। ਜਿਨ੍ਹਾਂ ਵਿਚ ਵਧੇਰੇ ਮੂੰਹ ਸਿਰ ਮੁੰਨੇ ਪੱਗਾਂ-ਬੱਧੇ ਬੀੜੀਆਂ ਪੀਣ ਵਾਲੇ ਸਨ, ਜਿਨ੍ਹਾਂ ਦੀਆਂ ਜੇਬਾਂ ਵਿਚ ਤੀਲੀਆਂ ਦੀ ਡੱਬੀਆਂ ਸਨ।[1] ਇਸ ਸਮਾਗਮ ਵਿਚ ਸੰਤਾ ਸਿੰਘ ਵੱਲੋਂ ਹੁੰਦੀ ਕਾਰ ਸੇਵਾ ਨੂੰ ਉਛਾਲਦੇ ਹੋਏ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਕਈ ਪੰਥਕ ਮੁਖੀਆਂ ਵਿਰੁੱਧ ਮਤੇ ਪਾਸ ਕਰਵਾਏ ਗਏ।

ਸੰਤਾ ਸਿੰਘ ਨਿਹੰਗ ਰਾਹੀਂ ਅਕਾਲ ਤਖ਼ਤ ਸਾਹਿਬ ਦੀ ਕਰਾਈ ਜਾ ਰਹੀ

1. *ਖ਼ਾਲਸਾ ਸਮਾਚਾਰ*, 16-8-84.

ਸਰਕਾਰ ਸੇਵਾ ਅਤੇ 11 ਅਗਸਤ ਦੇ 'ਸਰਬੱਤ ਖ਼ਾਲਸਾ' ਸਮਾਗਮ ਸੰਬੰਧੀ ਮਿਸਟਰ ਫ਼ਰਨਾਂਡਜ਼ ਲਿਖਦਾ ਹੈ:

> "Govt's actions such as entrusting Kar Seva to the Nihang chief, Baba Santa Singh and sponsoring and organising the 'Sarbat Khalsa' convention on August 11 were not only hurting Sikh sentiments but also alienating them. He held govt. responsible for 'deliberately' worsening the situation in Punjab and charged Mrs. Gandhi and her associates with taking the country towards disintegration."
>
> *(Indian Express, September 6, 1984)*

ਅਰਥਾਤ, "ਸਰਕਾਰ ਵੱਲੋਂ ਕਾਰ ਸੇਵਾ ਦਾ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਨੂੰ ਸੌਂਪਣਾ ਅਤੇ ਇਸ ਉਪ੍ਰੰਤ 11 ਅਗਸਤ ਦਾ 'ਸਰਬੱਤ ਖ਼ਾਲਸਾ' ਸੰਮੇਲਨ ਸਰਕਾਰੀ ਪੱਧਰ 'ਤੇ ਰਚਾਉਣਾ ਤੇ ਇਸ ਦਾ ਪ੍ਰਬੰਧ ਕਰਨਾ ਸਿਖ ਜਜ਼ਬਾਤ ਨੂੰ ਨਿਰਾ ਠੇਸ ਲਾਉਣ ਵਾਲਾ ਕਰਮ ਹੀ ਨਹੀਂ, ਸਗੋਂ ਸਿੱਖਾਂ ਨੂੰ ਦੂਰ ਕਰ ਦੇਣ ਦਾ ਭੀ ਕਾਰਨ ਸੀ। ਉਹ (ਸ੍ਰੀ ਫ਼ਰਨਾਂਡਜ਼) ਪੰਜਾਬ ਦੀ ਸਥਿਤੀ ਨੂੰ 'ਜਾਣ ਬੁੱਝ ਕੇ' ਮੰਦੇਰਾ ਬਣਾ ਦੇਣ ਦਾ ਦੋਸ਼ੀ ਸਰਕਾਰ ਨੂੰ ਸਮਝਦਾ ਹੈ ਅਤੇ ਸ੍ਰੀਮਤੀ ਗਾਂਧੀ ਅਤੇ ਉਸ ਦੇ (ਸਲਾਹਕਾਰ) ਸਾਥੀਆਂ ਨੂੰ ਮੁਲਕ ਦੀ ਅਖੰਡਤਾ ਤੇ ਏਕਤਾ ਨੂੰ ਭੰਗ ਹੋਣ ਵੱਲ ਲੈ ਜਾਣ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ।"

ਇਸ ਪ੍ਰਥਾਏ ਪੰਥਕ ਅਤੇ ਸਿਖ ਸਥਿਤੀ ਦਰਸਾਉਣ ਲਈ ਜਦੋਂ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਵੱਲੋਂ ਦੋ ਸਤੰਬਰ ਨੂੰ ਵਿਸ਼ਵ ਖ਼ਾਲਸਾ ਸਮਾਗਮ ਅੰਮ੍ਰਿਤਸਰ ਸ਼ਹੀਦ ਬਾਬਾ ਦੀਪ ਸਿੰਘ ਦੇ ਸਥਾਨ 'ਤੇ ਬੁਲਾਇਆ ਗਿਆ, ਜਿਸ 'ਤੇ ਕਈ ਲੱਖ ਸਿੱਖਾਂ ਦੇ ਇਕੱਠੇ ਹੋਣ ਦਾ ਅੰਦਾਜ਼ਾ ਸੀ ਤਾਂ ਸਰਕਾਰ ਵੱਲੋਂ ਇਸ ਨੂੰ ਫ਼ੇਲ੍ਹ ਕਰਨ ਲਈ ਸਾਰੇ ਹਰਬੇ, ਜੋ ਸਰਕਾਰ ਵਰਤ ਸਕਦੀ ਸੀ, ਵਰਤੇ ਗਏ। 1500 ਦੇ ਕਰੀਬ ਅਕਾਲੀ ਵਰਕਰ ਫੜ ਲਏ ਗਏ, ਤਾਂ ਕਿ ਇਹ ਸਿਖ ਜਨਤਾ ਨੂੰ ਸਮਾਗਮ 'ਤੇ ਪਹੁੰਚਣ ਲਈ ਨਾ ਪ੍ਰੇਰ ਸਕਣ।

ਆਵਾਜਾਈ ਦੇ ਸਾਧਨ—ਬੱਸਾਂ ਤੇ ਗੱਡੀਆਂ—ਬੰਦ ਕੀਤੇ ਗਏ। ਅੰਮ੍ਰਿਤਸਰ ਨੂੰ ਜਾਣ ਵਾਲੇ ਤਮਾਮ ਰਸਤੇ, ਜਰਨੈਲੀ ਸੜਕ ਸਮੇਤ ਰੋਕੇ ਗਏ, ਥਾਂ ਥਾਂ ਫ਼ੌਜੀ ਟੁਕੜੀਆਂ ਨਿਯੁਕਤੀਆਂ ਗਈਆਂ, ਸਮਾਗਮ ਸਥਾਨ ਦੁਆਲੇ ਪੀਡਾ ਫ਼ੌਜੀ ਘੇਰਾ ਪਾਇਆ ਗਿਆ, ਸਥਾਨ ਦੇ ਦੁਆਲੇ ਦੇ ਮਕਾਨਾਂ ਤੇ ਮਸ਼ੀਨ-ਗੰਨਾਂ ਬੀੜੀਆਂ ਗਈਆਂ ਅਤੇ ਜੋ ਵੀ ਕੀਤਾ ਜਾਣਾ ਸੰਭਵ ਸੀ, ਕੀਤਾ ਗਿਆ, ਹਾਲਾਂਕਿ ਸਮਾਗਮ

ਬੁਲਾਉਣ ਵਾਲੇ ਜਥੇਦਾਰਾਂ ਵੱਲੋਂ ਵਾਰ ਵਾਰ ਇਹ ਐਲਾਨ ਕੀਤਾ ਗਿਆ ਸੀ ਕਿ ਇਹ ਧਾਰਮਿਕ ਸਮਾਗਮ ਹੈ। ਜੋ ਲੋਕ ਕਿਸੇ ਰਸਤੇ ਜਾਂ ਕਿਸੇ ਜੁਗਤ ਨਾਲ ਜਾਂ ਨੀਯਤ ਦਿਨ ਤੋਂ ਪਹਿਲੋਂ ਪਹੁੰਚ ਗਏ, ਇਨ੍ਹਾਂ ਸਾਰਿਆਂ ਦੀ ਗਿਣਤੀ ਅਖ਼ਬਾਰੀ ਰੀਪੋਰਟਾਂ ਅਨੁਸਾਰ ਦੋ ਲੱਖ ਤੋਂ ਘੱਟ ਨਹੀਂ ਸੀ। ਫਿਰ ਜੋ ਮਤੇ ਸਮਾਗਮ ਵਿਚ ਪਾਸ ਕੀਤੇ ਗਏ, ਉਨ੍ਹਾਂ ਵਿਚ ਇਸ ਸਮਾਗਮ ਦਾ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਜਥੇਦਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕੁਲਹਮ ਵਫ਼ਾਦਾਰ ਅਤੇ ਸਮਰਥਕ ਹੋਣ ਦਾ ਮਤਾ ਸੀ, ਜਿਸ ਨੂੰ ਭਾਰਤ ਕੇਂਦਰੀ ਸਰਕਾਰ ਦੀ ਕੈਬਨਿਟ, ਜਿਸ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਕਰ ਰਹੀ ਸੀ, ਨੇ ਪੁਲੀਟੀਕਲ ਹੋਣ ਦਾ ਨਾਮ ਦੇਂਦੇ ਹੋਏ ਇਸ ਦੀ ਕੜੀ ਅਲੋਚਨਾ ਕੀਤੀ।

ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਇਕ ਬੰਨੇ ਤਾਂ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਦੀ ਕੀਤੀ ਬੇਹੁਰਮਤੀ ਅਤੇ ਕਤਲ ਕੀਤੇ ਹਜ਼ਾਰਹਾ ਬੇਗੁਨਾਹ ਬੱਚਿਆਂ, ਇਸਤਰੀਆਂ ਅਤੇ ਮਰਦਾਂ ਦੇ ਕੀਤੇ ਕਤਲਾਂ ਤੋਂ ਸਿੱਖਾਂ ਦੇ ਦੁਖੀ ਦਿਲਾਂ 'ਤੇ ਮਲ੍ਹਮ ਦੇ ਫਾਹੇ ਰੱਖਣ (healing touch ਦੇਣ) ਦੀਆਂ ਗੱਲਾਂ ਕਰਦੀ ਰਹੀ ਅਤੇ ਦੂਜੇ ਬੰਨੇ ਗੱਲ ਗੱਲ 'ਤੇ ਆਖ਼ਰੀ ਦਮ ਤਕ ਸਿੱਖਾਂ ਨੂੰ ਚੁਣੌਤੀ ਦੇਣ ਤੋਂ ਗੁਰੇਜ਼ ਨਾ ਕੀਤਾ, ਜੈਸਾ ਕਿ ਉਪਰ ਦਰਜ ਸਾਰੇ ਵਾਕਿਆਤ ਤੋਂ ਪ੍ਰਤੱਖ ਹੈ। ਸਰਕਾਰ ਨੂੰ ਇਹ ਨਿਸਚੈ ਜਾਣ ਲੈਣਾ ਚਾਹੀਦਾ ਹੈ ਕਿ ਅਸੰਤੁਸ਼ਟ ਜਨਤਾ ਦੇਸ਼ ਅਤੇ ਦੇਸ਼ ਦੇ ਹੁਕਮਰਾਨਾਂ ਨੂੰ ਕਦੀ ਭੀ ਸੁਖ ਦੀ ਨੀਂਦ ਨਹੀਂ ਸੌਣ ਦਿਆ ਕਰਦੀ, ਪਰ ਜਦੋਂ ਕੋਈ ਸਮੁੱਚੀ ਕੌਮ ਹੀ ਧਰਮ ਦੇ ਨਾਮ ਤੇ ਦੇਸ਼ ਦੇ ਹੁਕਮਰਾਨ ਸੰਬੰਧੀ ਬਦਜ਼ਨ ਹੋ ਜਾਵੇ ਤਾਂ ਉਹ ਭਾਵੇਂ ਥੋੜੇ ਹੋਣ ਜਾਂ ਬਹੁਤੇ, ਹੁਕਮਰਾਨਾਂ ਦਾ ਜੀਉਣਾ ਵੀ ਹਰਾਮ ਕਰ ਦਿਆ ਕਰਦੇ ਹਨ, ਕਿਉਂਕਿ ਉਹ ਮਰਨ ਮੰਡ ਕੇ ਹੀ ਮੈਦਾਨ ਵਿਚ ਆਏ ਹੁੰਦੇ ਹਨ। ਬਦਕਿਸਮਤ ਹਨ ਉਹ ਦੇਸ਼, ਜਿਥੇ ਐਸਾ ਵਾਪਰਨਾ ਸ਼ੁਰੂ ਹੋ ਜਾਵੇ।

ਦੇਸ਼ ਦੀ ਜਨਤਾ ਪਾਰਟੀ, ਜੋ ਕੁੱਝ ਸਮਾਂ ਇਸ ਦੀ ਹੁਕਮਰਾਨ ਵੀ ਰਹਿ ਚੁੱਕੀ ਹੈ, ਦੇ ਮੁਖੀ ਸ੍ਰੀ ਚੰਦਰ ਸ਼ੇਖਰ ਦੇ ਸਿੱਖਾਂ ਬਾਰੇ ਇਸ ਪ੍ਰਥਾਏ ਕਹੇ ਹੋਏ ਕੁੱਝ ਸ਼ਬਦ ਧਿਆਨ ਯੋਗ ਹਨ:

> "If Sikhs are unhappy, the country cannot be happy. If the Sikhs are liquidated, the country cannot survive."
>
> *(Indian Express, September 6, 1984)*

ਅਰਥਾਤ, "ਜੇ ਸਿਖ ਨਾਖ਼ੁਸ਼ ਰਹਿਣਗੇ ਤਾਂ ਦੇਸ਼ ਵੀ ਨਾਖ਼ੁਸ਼ ਰਹੇਗਾ। ਸਿੱਖਾਂ ਨੂੰ ਖ਼ਤਮ ਕਰ ਕੇ ਦੇਸ਼ ਜੀਉਂਦਾ ਨਹੀਂ ਰਹਿ ਸਕਦਾ।"

ਇਸ ਅਖ਼ਬਾਰ ਵਿਚ George Menezes ਲਿਖਦਾ ਹੈ:

"Leaders of major opposition parties say, 'End the sense of alienation among the Sikhs.' "

(Samachar Bombay, 23-29 August)

ਅਰਥਾਤ, "ਮੁਖੀ ਵਿਰੋਧੀ ਪਾਰਟੀਆਂ ਦੇ ਲੀਡਰ ਸਰਕਾਰ ਪ੍ਰਤੀ ਕਹਿੰਦੇ ਹਨ : 'ਸਿਖ ਮਨਾਂ ਵਿਚੋਂ ਇਹ ਅਹਿਸਾਸ ਕਿ ਉਹ ਦੇਸ਼ ਅੰਦਰ ਓਪਰੇ ਸਮਝੇ ਜਾ ਰਹੇ ਹਨ, ਖ਼ਤਮ ਕਰੋ।' "

ਜੇ ਸਿੱਖਾਂ ਨੂੰ ਦੇਸ਼ ਅੰਦਰ ਓਪਰਾ ਸਮਝੇ ਜਾਣ ਵਾਲੀ ਗੱਲ ਦੀ ਤਸਦੀਕ ਬੰਗਲਾ ਦੇਸ਼ ਦੇ 1971 ਦੇ ਜੰਗ ਦਾ ਜੇਤੂ ਜਨਰਲ ਜਗਜੀਤ ਸਿੰਘ ਅਰੋੜਾ ਵੀ ਇਹ ਕਹਿ ਕੇ ਕਰਦਾ ਹੋਵੇ ਕਿ :

"As a Sikh today, I have this horrible feeling of being regarded as an unreliable and undesirable citizen."

(Samachar Bombay, 23-29 August)

ਅਰਥਾਤ, "ਅੱਜ ਸਿਖ ਹੁੰਦਾ ਹੋਇਆ ਮੈਂ ਆਪਣੇ ਅੰਦਰ ਦੇਸ਼ ਦਾ ਨਾ-ਭਰੋਸੇ ਯੋਗ ਅਤੇ ਅਣਚਾਹਤਾ ਸ਼ਹਿਰੀ ਹੋਣ ਦਾ ਭਿਆਨਕ ਅਹਿਸਾਸ ਰੱਖਦਾ ਹਾਂ, ਤਾਂ ਇਸ ਤੋਂ ਵੱਧ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ।"

ਇਸ ਤੋਂ ਅੱਗੇ ਜਨਰਲ ਅਰੋੜਾ ਦੇ ਕਹੇ ਹੋਏ ਇਹ ਸ਼ਬਦ ਵੀ ਵਾਚਣ-ਯੋਗ ਹਨ :

"What is this maligning that goes on television night after night ? What is happening under the name of security in Punjab, Haryana and U.P. ? Sikhs are being asked to remove their turbans to see if there are any grenades inside. I mean they take things to ridiculous lengths. One friend of mine recently travelled from Dehradun to Delhi. He was searched 21 times during the journey. Will such things make one feel part of the country ?"

ਅਰਥਾਤ, "ਜੋ ਕੁੱਝ ਹਰ ਰਾਤ ਨੂੰ ਟੈਲੀਵਿਜ਼ਨ 'ਤੇ ਵਿਖਾਇਆ ਜਾਂਦਾ ਹੈ, (ਸਿੱਖਾਂ ਨੂੰ) ਕਿੰਨਾ ਬਦਨਾਮ ਕਰਨ ਵਾਲਾ ਹੈ ? ਸਿਕਉਰਿਟੀ ਦੇ ਨਾਮ 'ਤੇ ਪੰਜਾਬ, ਹਰਿਆਣਾ ਤੇ ਯੂ.ਪੀ. ਵਿਚ ਕੀ ਹੋ ਰਿਹਾ ਹੈ ? ਸਿੱਖਾਂ ਨੂੰ ਆਪਣੀਆਂ ਪਗੜੀਆਂ

ਉਤਾਰ ਕੇ ਵਿਖਾਉਣ ਲਈ ਕਿਹਾ ਜਾਂਦਾ ਹੈ, ਤਾਂ ਕਿ ਇਨ੍ਹਾਂ ਹੇਠ ਗ੍ਰੇਨੇਡ ਛੁਪਾਏ ਹੋਏ ਨਾ ਹੋਣ—ਮੇਰਾ ਕਹਿਣ ਦਾ ਭਾਵ ਇਹ ਦੱਸਣਾ ਹੈ ਕਿ ਕਿੰਨੀ ਹਾਸੋ-ਹੀਣੀ ਗੱਲ ਬਣੀ ਹੋਈ ਹੈ। ਮੇਰਾ ਇਕ ਮਿੱਤਰ ਪਿੱਛੇ ਜਿਹੇ ਡੇਹਰਾਦੂਨ ਤੋਂ ਦਿੱਲੀ ਜਾ ਰਿਹਾ ਸੀ, ਰਸਤੇ ਵਿਚ ਉਸ ਦੀ 21 ਵਾਰ ਤਲਾਸ਼ੀ ਲਈ ਗਈ। ਕੀ ਅਜਿਹੀਆਂ ਗੱਲਾਂ ਕਿਸੇ ਨੂੰ ਦੇਸ਼ ਦਾ ਵਾਸੀ (ਸ਼ਹਿਰੀ) ਹੋਣ ਦਾ ਯਕੀਨ ਬੰਨ੍ਹਾ ਸਕਦੀਆਂ ਹਨ ?"

ਇਹ ਗੱਲਾਂ ਮੁਹੰਮਦ ਇਕਬਾਲ ਦਾ ਇਹ ਮਿਸਰਾ ਚੇਤੇ ਕਰਾਉਂਦੀਆਂ ਹਨ :

ਸ਼ਰਮ ਸੀ ਆਤੀ ਹੈ ਮੁਝੇ ਇਸ ਵਤਨ ਕੋ ਵਤਨ ਕਹਤੇ ਹੁਏ।

ਜਿਥੋਂ ਤਕ ਦਰਬਾਰ ਸਾਹਿਬ ਤੋਂ ਫ਼ੌਜ ਵਾਪਸ ਬੁਲਾ ਲੈਣ ਦਾ ਸਵਾਲ ਹੈ, ਇਸ ਬਾਰੇ ਭੀ ਜਨਰਲ ਅਰੋੜਾ ਦੇ ਸ਼ਬਦ ਪੜ੍ਹਨ-ਯੋਗ ਹਨ। ਜਦੋਂ ਉਸ ਨੂੰ ਦੱਸਿਆ ਗਿਆ ਕਿ ਫ਼ੌਜ ਦਾ ਦਾਹਵਾ ਹੈ ਕਿ ਉਹ ਹਾਲੀਂ ਤਕ ਦਰਬਾਰ ਸਾਹਿਬ ਕੰਪਲੈਕਸ ਵਿਚ ਜਮ੍ਹਾ ਹੋਇਆ ਅਸਲਾ ਕੱਢ ਨਹੀਂ ਸਕੇ, ਇਸ ਵਾਸਤੇ ਫ਼ੌਜ ਦਾ ਹਾਲਾਂ ਉਥੇ ਟਿਕਿਆ ਰਹਿਣਾ ਜ਼ਰੂਰੀ ਹੈ, ਤਾਂ ਅਰੋੜਾ ਜੀ ਨੇ ਕਿਹਾ :

> "Quite right. It is only the govt's excuse. The cleaning up operation would have taken a week at the most. This is an excuse that they are still hiding arms here and there."

ਅਰਥਾਤ, "ਬਿਲਕੁਲ ਠੀਕ, ਇਹ ਸਰਕਾਰ ਦਾ ਬਹਾਨਾ ਹੀ ਹੈ। ਕੰਪਲੈਕਸ ਅੰਦਰੋਂ (ਹਥਿਆਰਾਂ ਦੀ) ਸਫ਼ਾਈ ਵੱਧ ਤੋਂ ਵੱਧ ਇਕ ਹਫ਼ਤੇ ਦਾ ਕੰਮ ਸੀ। ਇਹ ਇਕ ਬਹਾਨਾ ਹੈ ਕਿ ਉਹ ਅਜੇ ਵੀ ਕਿਸੇ ਨਾ ਕਿਸੇ ਥਾਂ ਤੋਂ ਛੁਪਾਏ ਹੋਏ ਹਥਿਆਰ ਲੱਭ ਰਹੇ ਹਨ।"

ਇਹੋ ਇਸ ਗੱਲ ਦਾ ਸਬੂਤ ਹੈ ਕਿ ਉਹ ਕੰਪਲੈਕਸ ਅੰਦਰ ਖ਼ੁਦ ਹਥਿਆਰ ਰੱਖਦੇ ਸਨ, ਜੋ ਬਾਅਦ ਵਿਚ ਲੱਭੇ ਗਏ ਦੱਸੇ ਜਾਂਦੇ ਹਨ।

ਉਕਤ ਦੋਵੇਂ ਸਮਾਗਮ—11 ਅਗਸਤ ਅਤੇ 2 ਸਤੰਬਰ ਵਾਲਾ—ਸਰਕਾਰ ਦੀ ਧਰਮ-ਨਿਰਪੇਖਤਾ ਅਥਵਾ ਕਿਸੇ ਦੇ ਧਰਮ ਵਿਚ ਦਖ਼ਲ ਨਾ ਦੇਣ ਵਾਲੀ ਵਿਧਾਨਕ ਧਾਰਾ ਦਾ ਦਿਵਾਲਾ ਨਿਕਲ ਗਏ ਹੋਣ ਦਾ ਪ੍ਰਗਟ ਸਬੂਤ ਹਨ। ਫਿਰ 4 ਜੂਨ ਤੋਂ 29 ਸਤੰਬਰ ਤਕ ਸਿੱਖਾਂ ਨੂੰ ਉਨ੍ਹਾਂ ਦੇ ਮੁਖ ਧਰਮ ਅਸਥਾਨ (ਸ੍ਰੀ ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਅਤੇ ਪਾਠ ਪੂਜਾ ਤੋਂ ਵਾਂਜੇ ਰੱਖਣਾ ਧਰਮ-ਨਿਰਪੇਖਤਾ ਨੀਤੀ ਦਾ ਕਿਤਨਾ ਸੋਹਣਾ ਪ੍ਰਗਟਾਵਾ ਹੈ। ਕੀ ਇਹ ਸਿੱਖਾਂ ਦੇ ਇੰਡੀਅਨ ਨੈਸ਼ਨਲ ਕਾਂਗਰਸ ਉਪਰ 'ਕਿਉ ਕੀਤੋ ਵੇਸਾਹੁ' ਦੇ ਪ੍ਰਸ਼ਨ ਦਾ ਮੂੰਹ-ਬੋਲਦਾ ਦ੍ਰਿਸ਼ਟਾਂਤ ਨਹੀਂ ? ਕੀ ਇਹ ਨੈਸ਼ਨਲ ਜਮਾਤ ਦੇ ਸਮਰਥਕ ਆਪਣੇ ਗਿਰੀਬਾਨ ਵਿਚ ਮੂੰਹ ਪਾ ਕੇ

ਵੇਖਣਗੇ ? ਕੀ ਇਸ ਉੱਤੇ ਹਾਥੀ ਦੇ 'ਦਿਖਾਵੇ ਕੇ ਦਾਂਤ' ਦਾ ਪ੍ਰਮਾਣ ਠੀਕ ਨਹੀਂ ਢੁੱਕਦਾ ? ਅਤੇ ਜੇ ਸਿਖ ਆਪਣੇ ਗੁਰੂ ਦੇ ਦੁਆਰੇ ਪਹੁੰਚਣ ਲਈ ਜਿਸ ਬਾਰੇ ਗੁਰ-ਫ਼ੁਰਮਾਨ ਹੈ :

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥

(ਪੰਨਾ 757)

ਉਪਰ ਅਮਲ ਕਰਦਾ ਅਤੇ ਇਸ ਦੀ ਖ਼ਾਤਰ ਆਪਣੀ ਜਾਨ ਤਲੀ 'ਤੇ ਰੱਖ ਕੇ ਹਰਿਮੰਦਰ ਸਾਹਿਬ ਦੇ ਦਰਸ਼ਨ ਨੂੰ ਜਾਂਦਾ ਅਤੇ ਗੋਲੀ ਦਾ ਨਿਸ਼ਾਨਾ ਭੀ ਹੋ ਜਾਂਦਾ ਹੈ ਤਾਂ ਉਹ ਆਪਣੇ ਪ੍ਰਾਣਾਂ ਤੋਂ ਪਿਆਰੇ ਗੁਰੂ ਦੇ ਹੁਕਮ ਦੀ ਪਾਲਨਾ ਕਰ ਰਿਹਾ ਹੈ। ਉਸ ਦੇ ਲਈ ਤਾਂ ਹੁਕਮ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥ *(ਸਲੋਕ ਮ: ੧, ਪੰਨਾ 1412)*

ਫਿਰ ਸਿੱਖਾਂ ਨੂੰ ਹੋਰ ਚਿੜ ਦੇਣ ਲਈ ਹਿੰਦੂ ਲੀਡਰ ਇਉਂ ਕਹਿੰਦੇ ਦੱਸੇ ਜਾਂਦੇ ਹਨ : "ਵੇਖੋ, ਸਿੱਖਾਂ ਨਾਲ ਪਿੱਛੇ ਜਿਹੇ ਏਨੀ ਹੋਣ ਦੇ ਬਾਵਜੂਦ ਵੀ ਅਕਾਲੀਆਂ ਨੇ ਇਸ ਤੋਂ ਕੋਈ ਸਬਕ ਨਹੀਂ ਸਿਖਿਆ ਅਤੇ ਸਰਕਾਰ ਨਾਲ ਟੱਕਰ ਲੈਣ ਦਾ ਰਾਹ ਨਹੀਂ ਛੱਡਿਆ...ਨਾ ਆਪਣੀ ਸੋਚਣੀ ਬਦਲੀ ਹੈ"—ਪੜ੍ਹੋ *ਇੰਡੀਅਨ ਐਕਸਪ੍ਰੈਸ* ਦੀ ਮਿਤੀ 4 ਸਤੰਬਰ ਵਿਚ ਛਪੇ ਇਕ ਹਿੰਦੂ ਲੀਡਰ ਦੇ ਇਹ ਸ਼ਬਦ :

> "Akalis had still not given up the path of confrontation and learnt any lesson from the happenings in the past...had still not changed their thinking."

ਗੋਇਆ ਕਿ ਅੰਮ੍ਰਿਤਸਰ ਅੰਦਰ ਅਤੇ ਹੋਰ ਥਾਈਂ ਜੋ ਤਬਾਹੀ ਹੋਈ ਅਤੇ ਜੋ ਹਜ਼ਾਰਾਂ ਬੇਗੁਨਾਹ ਬੱਚੇ ਬੁੱਢੇ ਇਸਤਰੀਆਂ ਤੇ ਜਵਾਨ ਮਰੇ, ਸਿੱਖਾਂ ਨੂੰ ਸਬਕ ਸਿਖਾਉਣ ਲਈ ਹੋਇਆ ਅਤੇ ਸਿੱਖਾਂ ਦੇ ਆਪਣੇ ਪੈਰੋਂ ਹੋਇਆ ਤੇ ਸਰਕਾਰ ਦਾ ਇਸ ਵਿਚ ਕੋਈ ਕਸੂਰ ਨਹੀਂ ਸੀ। ਇਹ ਹੈ ਹਮਦਰਦੀ, ਜੋ ਸਿੱਖਾਂ ਦੀ ਏਨੀ ਤਬਾਹੀ ਉਪ੍ਰੰਤ ਉਨ੍ਹਾਂ ਦੇ ਗਵਾਂਢੀ ਭਰਾ ਉਨ੍ਹਾਂ ਨਾਲ ਕਰ ਰਹੇ ਹਨ। ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਇਸ ਘਲੂਘਾਰੇ ਅੰਦਰ ਜੋ ਫ਼ੌਜੀ ਮਰੇ ਹਨ, ਉਨ੍ਹਾਂ 'ਤੇ ਸਰਕਾਰੀ ਤੇ ਗ਼ੈਰ-ਸਰਕਾਰੀ ਹਰ ਭਾਰਤੀ ਲੀਡਰ ਪੀੜਤ ਮਹਿਸੂਸ ਕਰਦਾ ਤੇ ਹਮਦਰਦੀ ਦੇ

ਪੈਗ਼ਾਮ ਭੇਜਦਾ ਹੈ, ਪ੍ਰੰਤੂ ਹਜ਼ਾਰਾਂ ਬੇਦੋਸ਼ੇ ਮਾਰੇ ਗਇਆਂ ਲਈ ਕਿਸੇ ਦਾ ਦਿਲ ਨਹੀਂ ਦੁਖਿਆ, ਨਾ ਕਿਸੇ ਆਹ ਮਾਰੀ। ਬਲਕਿ ਉਹ ਅਕਾਲੀਆਂ ਨੂੰ ਇਸ ਤੋਂ ਸਿਖਿਆ ਲੈਣ ਅਤੇ ਆਪਣੀ ਸੋਚਣੀ ਬਦਲਣ ਦੀਆਂ ਸੂਚਨਾ ਦੇਂਦੇ ਹਨ। ਉਨ੍ਹਾਂ ਨੂੰ ਇਹ ਜਾਣ ਲੈਣਾ ਚਾਹੀਦਾ ਕਿ ਸਿਖ ਪ੍ਰੰਪਰਾ (tradition) 'ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ' ਦੀ ਹੈ, ਦੱਬ ਜਾਣ ਦੀ ਨਹੀਂ। ਸਿੱਖਾਂ ਦੇ ਇਸ ਜਜ਼ਬੇ ਦੀ ਇਕ ਮਿਸਾਲ ਜਨਰਲ ਅਰੋੜੇ ਨੇ ਆਪਣੇ ਇਕ ਇੰਟਰਵਿਊ ਸਮੇਂ ਦਰਸਾਈ: ਇਕ ਆਦਮੀ ਨੇ ਆਪਣੇ ਅਫ਼ਸਰ ਜਾਂ employer (ਜਿਸ ਪਾਸ ਉਹ ਕੰਮ ਕਰਦਾ ਸੀ) ਪਾਸੋਂ ਇਕ ਮੋਟੀ ਰਕਮ ਮੰਗੀ ਅਤੇ ਦੱਸਿਆ ਕਿ ਉਸ ਦੇ ਪਿੰਡ ਤੋਂ ਉਸ ਨੂੰ ਸੁਨੇਹਾ ਆਇਆ ਹੈ ਕਿ ਉਹ ਦਰਬਾਰ ਸਾਹਿਬ ਨੂੰ ਆਜ਼ਾਦ ਕਰਾਉਣ ਜਾਣ ਵਾਲੇ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਲਈ ਆਵੇ ਅਤੇ ਉਸ ਨੇ ਆਪਣੇ ਘਰ ਕੁੱਝ ਰਕਮ, ਪਿੱਛੋਂ ਘਰ ਦਾ ਖ਼ਰਚ ਤੋਰਨ ਲਈ ਦੇਣੀ ਹੈ। ਉਸ ਦੇ ਅਫ਼ਸਰ ਨੇ ਕਿਹਾ, 'ਕਿਉਂ ਅਜਾਈਂ ਮੌਤੇ ਮਰਨ ਜਾਂਦਾ ਏਂ?' ਜਵਾਬ ਵਿਚ ਉਸ ਕਿਹਾ, 'ਕੀ ਹੋਇਆ ਜੇ ਮਰ ਗਿਆ?'

ਪਰ ਇਸ ਵਾਕਿਆ ਅੰਦਰ ਵਿਸ਼ੇਸ਼ ਗੱਲ ਇਹ ਸੀ ਕਿ ਸ਼ਹੀਦੀ ਜਥੇ ਵਿਚ ਜਾਣ ਦਾ ਉਹ ਚਾਹਵਾਨ, ਪਤਿਤ (clean shaven) ਸਿਖ ਸੀ। ਜੇ ਕਲੀਨ ਸ਼ੇਵਨ ਸਿਖ ਵੀ ਦਰਬਾਰ ਸਾਹਿਬ ਨੂੰ ਆਜ਼ਾਦ ਕਰਵਾਉਣ ਖ਼ਾਤਰ ਮਰਨ ਲਈ ਤਿਆਰ ਹਨ ਤਾਂ ਤਿਆਰ-ਬਰ-ਤਿਆਰ ਸਿੰਘਾਂ ਦੇ ਇਸ ਪ੍ਰਥਾਏ ਜਜ਼ਬਾਤ ਸਹਿਜੇ ਹੀ ਸਮਝ ਸਕਣੇ ਚਾਹੀਦੇ ਹਨ।

ਪਰ ਅਸਲ ਗੱਲ ਤਾਂ ਪ੍ਰੋ: ਪੂਰਨ ਸਿੰਘ ਨੇ ਇਨ੍ਹਾਂ ਲੋਕਾਂ ਬਾਰੇ ਠੀਕ ਹੀ ਕਹੀ ਹੈ ਕਿ:

ਇਹ ਬੇਪ੍ਰਵਾਹ ਪੰਜਾਬ ਦੇ
ਮੌਤ ਨੂੰ ਮਖ਼ੌਲਾਂ ਕਰਨ
ਮਰਨ ਥੀਂ ਨਹੀਂ ਡਰਦੇ।

ਪਰ ਡਰਨ ਵੀ ਕਿਉਂ, ਜਦੋਂ ਉਨ੍ਹਾਂ ਨੂੰ ਇਸ ਮੌਤ ਵਿਚੋਂ ਜੀਵਨ ਝਲਕਦਾ ਦਿੱਸਦਾ ਹੋਵੇ। ਉਨ੍ਹਾਂ ਮਰ ਕੇ ਹੀ ਤਾਂ ਸਿੱਖੀ ਲਈ ਸੀ, ਪਰ ਏਡੇ ਮਹਿੰਗੇ ਭਾ ਲਈ ਸਿੱਖੀ ਕੀ ਸੀ? ਇਹ ਇਕ ਨਿਆਰੀ ਹੋਂਦ ਸੀ, ਸੰਸਾਰ ਭਰ ਤੋਂ ਵੱਖਰੀ, ਵੱਖਰਾ ਸਰੂਪ, ਵੱਖਰਾ ਵਿਸ਼ਵਾਸ, ਵੱਖਰੀ ਰਹਿਤ, ਵੱਖਰਾ ਜੀਵਨ, ਹਾਂ ਨਿਆਰੀ ਹੋਂਦ (identity)। ਅਤੇ ਇਸ ਸਿੱਖੀ ਦੇ ਦਾਤੇ ਗੁਰੂ ਨੇ ਪੁਕਾਰ ਪੁਕਾਰ ਕੇ ਕਿਹਾ ਸੀ:

ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ ॥
ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ ॥੫॥

(ਪੰਨਾ 1326)

ਤੇ ਸਤਿਗੁਰੂ ਦੀ ਸ਼ਰਨ ਪੈਣ ਵਾਲਿਆਂ ਨੂੰ ਸਤਿਗੁਰੂ ਇਉਂ ਕਹਿ ਕੇ ਖ਼ਬਰਦਾਰ ਕਰਦਾ ਹੈ :

ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

ਇਹ ਮਰ ਕੇ ਵਣਜੀ ਨਿਆਰੀ ਹੋਂਦ (identity) ਹੀ ਸੀ ਜਿਸ ਨੇ ਖ਼ਾਲਸੇ ਨੂੰ ਜੀਉਂਦੇ ਰੱਖਿਆ। ਖ਼ਾਲਸੇ ਦੀ ਇਸ ਨਿਰਾਲੀ ਹੋਂਦ ਨੂੰ ਮੁਗ਼ਲ, ਪਠਾਣ, ਅੰਗਰੇਜ਼ ਸਭ ਨੇ ਪ੍ਰਵਾਨ ਤੇ ਸਵੀਕਾਰ (recognise) ਕੀਤੀ ਰੱਖਿਆ, ਬਲਕਿ ਆਜ਼ਾਦੀ ਮਿਲਣ ਅਥਵਾ 1947 ਤਕ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮਹਾਤਮਾ ਗਾਂਧੀ ਅਤੇ ਪੰਡਤ ਨਹਿਰੂ ਜੈਸੇ ਮੁਖੀਆਂ ਵੀ ਸਿਖ ਦੀ ਨਿਆਰੀ ਹੋਂਦ (identity) ਨੂੰ ਤਸਲੀਮ ਕੀਤਾ। ਇਸ ਵੱਖਰੀ ਹੋਂਦ ਨੂੰ ਪਹਿਲੀ ਵਾਰ ਨਵੇਂ ਬਣੇ ਭਾਰਤ ਦੇ ਵਿਧਾਨ ਨੇ ਚੈਲੰਜ ਕੀਤਾ ਅਤੇ ਬੀਤੇ 37 ਸਾਲਾਂ ਵਿਚ ਗੱਲ ਇਥੋਂ ਤਕ ਪਹੁੰਚ ਗਈ ਕਿ ਇਸ ਨਿਆਰੀ ਹੋਂਦ ਦੀ ਆਵਾਜ਼ ਉਠਾਉਣ ਵਾਲਾ ਹਰ ਸਿਖ ਭਾਰਤ ਸਰਕਾਰ, ਕਾਂਗਰਸ ਅਤੇ ਹਿੰਦੂ ਸਮਾਜ ਦੀ ਨਜ਼ਰ ਵਿਚ ਵੱਖਵਾਦੀ, ਅਤਿਵਾਦੀ ਤੇ ਖ਼ਾਲਿਸਤਾਨੀ (secessionist, terrorist and khalistanist) ਹੋ ਨਿਬੜਿਆ ਅਤੇ ਲੋੜ ਪ੍ਰਤੀਤ ਹੋਈ ਕਿ ਜਿਵੇਂ ਹਿੰਦੂ ਆਈਡੈਂਟਿਟੀ (ਵੱਖਰਾਪਣ) ਖ਼ਤਮ ਹੁੰਦੀ ਵੇਖ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਇਸ ਦੀ ਰੱਖਿਆ ਲਈ ਆਪਣੀ ਬਲੀ ਦੇ ਦਿੱਤੀ ਸੀ, ਉਨ੍ਹਾਂ ਲੀਹਾਂ 'ਤੇ ਹੀ ਸਿਖ ਆਈਡੈਂਟਿਟੀ (ਨਿਰਾਲੀ ਹੋਂਦ) ਨੂੰ ਕਾਇਮ ਰੱਖਣ ਲਈ ਕੋਈ ਓਨੀ ਵੱਡੀ ਬਲੀ ਹੀ ਦਿੱਤੀ ਜਾਵੇ।

ਏਨੀ ਮਹਾਨ ਬਲੀ ਦੇਣ ਯੋਗ ਹਸਤੀ ਕੇਵਲ ਇਕੋ ਇਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੀ, ਜੋ ਸਿੱਖਾਂ ਦੀ ਧਰਮ ਅਤੇ ਰਾਜ-ਸਤਾ, ਪੀਰੀ ਅਤੇ ਮੀਰੀ ਦੋਹਾਂ ਦੀ ਪ੍ਰਤੀਨਿਧਤਾ ਕਰਦਾ ਸੀ, ਜਿਸ ਵਿਚ ਗੁਰੂ ਆਤਮਾ–ਸ਼ਬਦ ਰੂਪ ਵਿਚ ਅਤੇ ਗੁਰੂ ਸ਼ਕਤੀ–ਸ਼ਸਤਰ ਰੂਪ ਵਿਚ, ਦੋਨੋਂ ਮੌਜੂਦ ਸਨ, ਜਿਥੋਂ ਗੁਰੂ ਖ਼ਾਲਸਾ (ਸਮੁੱਚੀ ਸਿਖ ਕੌਮ) ਹਰ ਤਰ੍ਹਾਂ ਦੀ ਸੇਧ ਅਤੇ ਅਗਵਾਈ ਪ੍ਰਾਪਤ ਕਰਦਾ ਸੀ, ਜਿਸਦਾ ਹੁਕਮ ਗੁਰੂ ਦਾ ਹੁਕਮ ਸੀ, ਜਿਸਨੂੰ ਸਰਬ ਕਲਾ ਸਮਰੱਥ ਅਕਾਲ ਦਾ ਨਿੱਜ ਸਿੰਘਾਸਨ ਹੋਣ ਦਾ ਮਾਣ ਪ੍ਰਾਪਤ ਸੀ, ਉਸ ਅਕਾਲ ਤਖ਼ਤ ਸਾਹਿਬ ਨੇ ਕੌਮ ਦੀ ਨਿਆਰੀ ਹੋਂਦ (identity) ਨੂੰ ਸੁਰੱਖਿਅਤ ਰੱਖਣ ਲਈ ਨਿੱਜ ਬਲੀ ਦੇ ਦਿੱਤੀ। ਮਤ ਕੋਈ ਸਮਝੇ ਕਿ ਇਹ ਕੇਵਲ ਸਾਧਾਰਨ ਇੱਟਾਂ, ਪੱਥਰਾਂ ਤੇ ਚੂਨੇ ਦੇ ਉਸਰੇ ਮਹਿਲ ਦਾ ਗਿਰਾਇਆ ਜਾਣਾ ਸੀ–ਹਰਗਿਜ਼ ਨਹੀਂ–ਇਹ ਤਾਂ ਸਿਖ ਕੌਮ ਦੀ ਆਨ, ਸ਼ਾਨ ਤੇ ਨਿਸ਼ਾਨ ਦਾ ਪ੍ਰਤੀਕ ਸੀ। ਜਿਸ ਆਨ, ਸ਼ਾਨ ਤੇ ਨਿਸ਼ਾਨ ਨੂੰ ਇਸ ਦੇ ਢਾਹੇ

ਜਾਣ ਨੇ ਜੀਉਂਦਾ ਕੀਤਾ ਹੈ। ਸਿਖ ਨੂੰ ਅੱਜ ਮਹਿਸੂਸ ਹੋਇਆ ਹੈ ਕਿ ਉਸ ਦੀ ਪੱਗ ਨੂੰ ਹੱਥ ਪੈ ਗਿਆ ਹੈ। ਇਸ ਦੀ ਪਗੜੀ ਹੀ ਇਸ ਦੀ ਨਿਰਾਲੇਪਣ ਦਾ ਨਿਸ਼ਾਨ (insignia) ਹੈ, ਜੇ ਉਹ ਹੀ ਲੱਥ ਗਈ ਤਾਂ ਇਸ ਨੂੰ ਸਿਖ ਕੌਣ ਕਹੇਗਾ।

ਸੋ ਗੁਰੂ ਦੇ ਸਿੱਖੋ, ਸੰਭਾਲੋ ਇਸ ਪਗੜੀ ਨੂੰ, ਇਸ ਦੇ ਵਿਚ ਹੀ ਤੁਹਾਡੀ ਸਾਰੀ ਆਨ ਤੇ ਸ਼ਾਨ ਹੈ। ਜੇ ਤੁਹਾਡੀ ਨਿਰਾਲੀ ਹੋਂਦ ਹੀ ਨਾ ਰਹੀ ਤਾਂ ਗੁਰੂ ਦੀ 'ਪਰਤੀਤ' ਹੀ ਗਵਾ ਲਵੋਗੇ।

ਅਕਾਲ ਤਖ਼ਤ ਸਾਹਿਬ ਨੇ ਆਪਣੀ ਬਲੀ ਦੇ ਕੇ ਤੁਹਾਨੂੰ ਆਪਣੀ ਵੱਖਰੀ ਹੋਂਦ ਨੂੰ ਸੁਰੱਖਿਅਤ ਕਰਨ ਦੀ ਚਿਤਾਵਨੀ ਦਿੱਤੀ ਹੈ। ਇਹ ਤੁਹਾਡੀ ਨਿਰਾਲੇਪਣ ਦੀ ਜੰਗ (War of identity) ਹੈ। ਇਸ ਵਿਚ 'ਨਿਸਚੈ ਕਰ ਆਪਨੀ ਜੀਤ ਕਰੋਂ' ਹੀ ਤੁਹਾਡਾ ਸਲੋਗਨ (ਨਾਅਰਾ) ਹੋਵੇਗਾ। ਤੁਸਾਂ ਇਸ ਵੱਖਰੀ ਹੋਂਦ ਨੂੰ ਨਿਰਾ ਆਪਣੇ ਵਿਰੋਧੀਆਂ ਤੋਂ ਸੁਰੱਖਿਅਤ ਹੀ ਨਹੀਂ ਕਰਨਾ, ਸਗੋਂ ਇਸ ਤੋਂ ਵਧੇਰੇ ਜਤਨ ਇਸ ਵੱਖਰੀ ਹੋਂਦ ਨੂੰ ਨਿੱਜੀ ਪੱਧਰ 'ਤੇ ਕਾਇਮ ਕਰਨ ਦੇ ਜਤਨ ਕਰਨੇ ਹਨ, ਤੁਸੀਂ ਸਹੀ ਅਰਥਾਂ ਵਿਚ ਖ਼ਾਲਸਾ ਬਣਨਾ ਹੈ, ਖ਼ਾਲਸਾ ਆਚਰਣ ਦੀ ਜਾਨ ਨਾਲ ਰਾਖੀ ਕਰਨੀ ਹੈ, ਤਾਂ ਹੀ ਅਕਾਲ ਤਖ਼ਤ ਸਾਹਿਬ ਦੀ ਬਲੀ ਦੇ ਕੁੱਝ ਅਰਥ ਨਿਕਲਣਗੇ। ਤੁਹਾਡਾ ਨਿਆਰਾਪਣ (identity) ਹੀ ਤੁਹਾਡਾ ਜੀਵਨ ਹੈ।

ਅੰਮ੍ਰਿਤਸਰ ਅੰਦਰ 5 ਤੇ 6 ਜੂਨ 1984 ਨੂੰ ਵਰਤੇ ਘਲੂਘਾਰੇ ਦੇ ਮੁੱਢਲੇ ਕਾਰਨ ਸਰਕਾਰ ਵੱਲੋਂ ਦੱਸੇ ਜਾਂਦੇ ਹਨ:

(1) ਸੰਤ ਭਿੰਡਰਾਂਵਾਲਾ ਅਤੇ ਉਸ ਦੇ ਹੋਰ ਸਾਥੀਆਂ ਦਾ ਦਰਬਾਰ ਸਾਹਿਬ ਕੰਪਲੈਕਸ ਅੰਦਰ ਛੁਪਿਆ ਹੋਣਾ ਅਤੇ ਸਮੇਂ ਸਮੇਂ ਇਥੋਂ ਨਿਕਲ ਕੇ ਹਿੰਸਕ ਘਟਨਾਵਾਂ ਵਰਤਾਉਣਾ ਅਤੇ ਫਿਰ ਇਥੇ ਛੁਪ ਜਾਣਾ; ਸਰਕਾਰ ਦੇ ਕਥਨ ਅਨੁਸਾਰ ਇਹ ਅਤਿਵਾਦੀ (terrorists) ਅਤੇ ਵੱਖਵਾਦੀ (secessionists) ਸਨ, ਜਿਨ੍ਹਾਂ ਦੇ ਫੜਨ ਦਾ ਸਰਕਾਰ ਪਾਸ ਹੋਰ ਕੋਈ ਸਾਧਨ ਨਹੀਂ ਸੀ।

(2) ਉਕਤ ਅਤਿਵਾਦੀਆਂ ਨੇ ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠ ਕੰਪਲੈਕਸ ਅੰਦਰ ਬੇਸ਼ੁਮਾਰ ਅਸਲਾ ਅਤੇ ਗੋਲੀ ਸਿੱਕਾ ਜਮ੍ਹਾ ਕੀਤਾ ਹੋਇਆ ਸੀ ਅਤੇ ਦਰਬਾਰ ਸਾਹਿਬ ਨੂੰ ਇਕ ਤਰ੍ਹਾਂ ਨਾਲ ਅਸਲਾਖ਼ਾਨਾ (arsenal) ਬਣਾ ਰੱਖਿਆ ਹੋਇਆ ਸੀ ਅਤੇ ਉਹ ਸਰਕਾਰ ਵੱਲੋਂ ਆਕੀ ਹੋਏ ਹੋਏ ਸਨ ਤੇ ਸਰਕਾਰੀ ਕਰਮਚਾਰੀਆਂ ਦੇ ਦਰਬਾਰ ਸਾਹਿਬ ਅੰਦਰ ਦਾਖ਼ਲੇ ਨੂੰ ਖੁੱਲ੍ਹੇ-ਮੂੰਹ ਚੈਲੰਜ ਕਰਦੇ ਸਨ।

ਜਿਥੋਂ ਤਕ ਉਕਤ ਅੰਕ ਇਕ ਦਾ ਸਵਾਲ ਹੈ, ਇਸ ਦਾ ਕੁੱਝ ਨਿਰਣਾ ਅਸੀਂ ਪਿੱਛੇ ਦੇ ਵੀ ਚੁੱਕੇ ਹਾਂ ਕਿ ਅੰਦਰ ਛੁਪੇ ਜਵਾਨਾਂ ਨੂੰ ਅਤਿਵਾਦੀ ਬਣਾਉਣ ਦਾ ਕਾਰਨ, ਉਨ੍ਹਾਂ ਵੱਲ ਅਤੇ ਉਨ੍ਹਾਂ ਦੇ ਪਰਿਵਾਰਾਂ (ਮਾਂ ਬਾਪ ਭੈਣ ਭਰਾਵਾਂ) ਨਾਲ

ਸਰਕਾਰੀ ਕਰਮਚਾਰੀਆਂ ਦਾ ਵਰਤਾਉ ਸਨ, ਜਿਸ ਨੀਚਤਾ ਭਰੇ ਵਰਤਾਉ ਨੇ ਉਨ੍ਹਾਂ ਅੰਦਰ ਬਦਲੇ ਦੀ ਭਾਵਨਾ ਭੜਕਾ ਰੱਖੀ ਹੋਈ ਸੀ, ਜਿਸ ਕਰਕੇ ਉਹ ਉਨ੍ਹਾਂ ਕਰਮਚਾਰੀਆਂ ਦੇ ਨੰਗੇ ਵਿਰੋਧ 'ਤੇ ਉਤਰ ਆਏ ਸਨ। ਜਿਨ੍ਹਾਂ ਬੇਦੋਸ਼ੇ ਆਦਮੀਆਂ ਦੀਆਂ ਹਿੰਸਕ ਘਟਨਾਵਾਂ ਨੂੰ ਉਨ੍ਹਾਂ ਦੇ ਨਾਲ ਜੋੜਿਆ ਜਾਂਦਾ ਹੈ, ਉਸ ਦੇ ਉਹ ਦੋਸ਼ੀ ਨਹੀਂ ਸਨ, ਬਲਕਿ ਇਹ ਸਾਰਿਆਂ ਦੀ ਜਾਣੀ ਬੁੱਝੀ ਗੱਲ ਹੈ ਕਿ ਉਨ੍ਹਾਂ ਨੇ ਕਹੀ ਜਾਂਦੀ ਹਿਟ ਲਿਸਟ (hit list) ਤਿਆਰ ਕੀਤੀ ਹੋਈ ਸੀ, ਜਿਸ ਨੂੰ ਉਹ ਛੁਪਾਉਂਦੇ ਵੀ ਨਹੀਂ ਸਨ ਅਤੇ ਉਨ੍ਹਾਂ ਨੂੰ ਉਹ ਜ਼ਰੂਰ ਮਾਰਦੇ ਸਨ। ਬੇਦੋਸ਼ੇ ਹਿੰਦੂਆਂ ਦੇ ਮਾਰੇ ਜਾਣ ਬਾਰੇ ਅਸੀਂ ਵਿਚਾਰ ਦੇ ਚੁੱਕੇ ਹਾਂ।

ਜਿਥੋਂ ਤਕ ਸੰਤ ਭਿੰਡਰਾਂਵਾਲੇ ਦਾ ਸਵਾਲ ਹੈ, ਉਸ ਦੀ ਸਫ਼ਾਈ ਅੰਮ੍ਰਿਤਸਰ ਦੇ ਵਾਕਿਆ ਤੋਂ ਚੰਦ ਦਿਨ ਪਹਿਲੋਂ ਸ੍ਰੀ ਰਾਜੀਵ ਗਾਂਧੀ ਨੇ ਖ਼ੁਦ ਇਹ ਕਹਿ ਕੇ ਦਿੱਤੀ ਸੀ ਕਿ ਉਹ ਇਕ ਧਾਰਮਿਕ ਪੁਰਸ਼ ਹਨ। ਦੂਜੀ ਗੱਲ ਭਿੰਡਰਾਂਵਾਲੇ ਨੂੰ ਸਿਆਸੀ ਮੈਦਾਨ ਵਿਚ ਲਿਆਉਣ ਦੀ ਹੈ। ਇਹ ਗੱਲ ਸੂਰਜ-ਵਤ ਰੌਸ਼ਨ ਹੈ ਕਿ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ 'ਤੇ ਕੋਈ ਸਮਰੱਥ ਪਾਰਟੀ ਖੜੀ ਕਰਨੀ ਚਾਹੁੰਦੀ ਸੀ, ਜਿਸ ਦੇ ਲਈ ਗਿਆਨੀ ਜ਼ੈਲ ਸਿੰਘ, ਜੋ ਤਦੋਂ ਪੰਜਾਬ ਦੇ ਚੀਫ਼ ਮਨਿਸਟਰ ਸਨ, ਨੇ ਭਿੰਡਰਾਂਵਾਲੇ ਨੂੰ ਅੱਗੇ ਲਿਆਂਦਾ, ਜਿਸ ਦਾ ਸਬੂਤ ਬਿਆਸ ਜ਼ਿਲਾ ਅੰਮ੍ਰਿਤਸਰ ਦੀ ਸੀਟ ਤੋਂ ਅਕਾਲੀ ਦਲ ਦੇ ਵਿਰੋਧ ਵਿਚ ਲੜੀ ਅਸੈਂਬਲੀ ਦੀ ਸੀਟ, ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਨ, ਜਿਨ੍ਹਾਂ ਵਿਚ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਨੇ ਅਕਾਲੀਆਂ ਦੇ ਉਲਟ ਡੱਟ ਕੇ ਕੰਮ ਕੀਤਾ। ਐਸੇ ਹੀ ਹੋਰ ਕਈ ਵਾਕਿਆਤ ਹਨ, ਜਿਨ੍ਹਾਂ ਤੋਂ ਇਨ੍ਹਾਂ ਦੇ ਸਰਕਾਰ ਨਾਲ ਸੰਬੰਧ ਪ੍ਰਗਟ ਹਨ, ਜਿਹਾ ਕਿ ਗਿਆਨੀ ਜ਼ੈਲ ਸਿੰਘ ਕਾਲ ਵਿਚ ਹੀ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਆਦਮੀਆਂ ਨੂੰ ਅਨੇਕ ਤਰ੍ਹਾਂ ਦੇ ਮਾਰੂ ਹਥਿਆਰਾਂ ਅਤੇ ਗੋਲੀ ਸਿੱਕੇ ਦੇ ਖੁੱਲ੍ਹੇ ਲਾਇਸੈਂਸ ਦੇਣਾ, ਭਿੰਡਰਾਂਵਾਲੇ ਦਾ ਅਜਿਹੇ ਸ਼ਸਤਰਧਾਰੀ ਜਥੇ ਸਮੇਤ ਦਿੱਲੀ ਅਤੇ ਬੰਬਈ ਜਿਹੇ ਵੱਡੇ ਸ਼ਹਿਰਾਂ ਵਿਚ ਆਪਣੀ ਸਮਰੱਥਾ ਦੀਆਂ ਪ੍ਰਦਰਸ਼ਨੀਆਂ ਕਰਨੀਆਂ, ਚੰਦੋਕਲਾਂ ਦੇ ਫ਼ਸਾਦ ਵਿਚੋਂ ਭਿੰਡਰਾਂਵਾਲੇ ਨੂੰ ਹਰਿਆਣਾ ਸਰਕਾਰ ਦਾ ਅਮਨ-ਅਮਾਨ ਕੱਢ ਲੈ ਜਾਣਾ, ਮਹਿਤਾ ਚੌਕ ਵਿਚ ਇਨ੍ਹਾਂ ਦੀਆਂ ਪ੍ਰਦਰਸ਼ਨੀਆਂ, ਭਿੰਡਰਾਂਵਾਲੇ ਦਾ ਦਫ਼ਾ 302 ਦਾ ਦੋਸ਼ੀ ਕਰਾਰ ਦਿੱਤੇ ਜਾ ਕੇ ਫੜੇ ਤੇ ਫਿਰ ਰਿਹਾਅ ਕੀਤਾ ਜਾਣਾ, ਇਉਂ ਹੀ ਭਾਈ ਅਮਰੀਕ ਸਿੰਘ ਤੇ ਬਾਬਾ ਥਾਰਾ ਸਿੰਘ ਦਾ ਲੰਬਾ ਕਾਲ ਹਵਾਲਾਤ ਅੰਦਰ ਰੱਖੇ ਜਾਣ ਪਿੱਛੋਂ ਛੱਡੇ ਜਾਣਾ, ਆਦਿ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਰਕਾਰ ਨਾਲ ਏਨਾ ਗਠਜੋੜ ਹੁੰਦੇ ਹੋਇਆਂ ਉਹ ਵਿਰੋਧੀ ਕਿਵੇਂ ਬਣ ਗਿਆ। ਇਸ ਦਾ ਮੂਲ ਕਾਰਨ ਹਨ, 1978 ਦੀ ਵਿਸਾਖੀ

ਦੇ ਦਿਨ ਨਿਰੰਕਾਰੀਆਂ ਵੱਲੋਂ ਇਨ੍ਹਾਂ ਦੇ ਜਥੇ ਅਤੇ ਕੀਰਤਨੀ ਜਥੇ ਦੇ ਕੁੱਲ 13 ਸਿੰਘਾਂ ਦਾ ਮਾਰਿਆ ਜਾਣਾ ਅਤੇ ਪੰਜਾਬ ਸਰਕਾਰ ਦਾ ਨਿਰੰਕਾਰੀਆਂ ਦੀ ਮਦਦ ਕਰਨਾ, ਬਲਕਿ ਬਾਅਦ ਵਿਚ ਸਾਰੇ ਦੋਸ਼ੀਆਂ ਦਾ ਬਰੀ ਹੋ ਜਾਣਾ। ਭਿੰਡਰਾਂਵਾਲਾ, ਜਿਸ ਨੂੰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਆਪਣੇ ਵੱਲੋਂ ਅਕਾਲੀ ਦਲ ਦੇ ਵਿਰੋਧ ਹਿੱਤ ਖੜਾ ਕੀਤਾ ਸੀ, ਇਸ ਕਾਰਨ ਸਰਕਾਰ ਦੇ ਹੀ ਉਲਟ ਖੜਾ ਹੋ ਗਿਆ।

ਜਿਵੇਂ ਟਾਂਗੇ ਦੇ ਘੋੜੇ ਨੂੰ ਖੁੱਲ੍ਹੀਆਂ ਰਾਸਾਂ ਦੇਣ ਕਾਰਨ, ਜਦੋਂ ਉਹ ਅਤਿ ਤੇਜ਼ ਹੋ ਗਿਆ ਹੋਵੇ, ਜੇ ਇਕ-ਦਮ ਉਸ ਦੀਆਂ ਰਾਸਾਂ ਖਿੱਚ ਲਈਆਂ ਜਾਣ ਤਾਂ ਉਹ ਪਛੰਡੇ ਮਾਰਨ ਲੱਗ ਜਾਂਦਾ ਹੈ, ਇਉਂ ਹੀ ਭਿੰਡਰਾਂਵਾਲਾ, ਜਿਸ ਨੂੰ ਸਰਕਾਰ ਦੀ ਸ਼ਹਿ ਕਾਰਨ ਆਪਣੀ ਸਮਰੱਥਾ ਅਤੇ ਸਰਕਾਰ ਦਾ ਉਸ ਦੀ ਪੁਸ਼ਤ-ਪਨਾਹ ਹੋਣ ਦਾ ਨਿਸ਼ਚਾ ਪਰਪੱਕ ਹੋਣ ਦਾ ਗੁਮਾਨ ਹੋ ਚੁੱਕਾ ਸੀ, ਉਸ ਹਾਲਤ ਵਿਚ ਸਰਕਾਰ ਦੇ ਨਿਰੰਕਾਰੀਆਂ ਦੀ ਪਿੱਠ ਪੂਰਨ ਨੇ ਉਸ ਦੇ ਇਸ ਨਿਸ਼ਚੇ ਨੂੰ ਚੋਖੀ ਸੱਟ ਲਾਈ ਅਤੇ ਜਿਵੇਂ ਇਕ ਇਸਤਰੀ ਆਪਣੇ ਮਾਲਕ ਵੱਲੋਂ ਉਸ ਦੀ ਸੌਂਕਣ ਦੀ ਹੁੰਦੀ ਮਾਣ ਪ੍ਰਤਿਸ਼ਟਤਾ ਜਰ ਨਹੀਂ ਸਕਦੀ ਅਤੇ ਸੌਂਕਣ ਨਾਲੋਂ ਭੀ ਵੱਧ ਉਹ ਆਪਣੇ ਖਸਮ ਦੇ ਉਲਟ ਖੜੀ ਹੋ ਜਾਂਦੀ ਹੈ, ਇਉਂ ਹੀ ਸਰਕਾਰ ਦੇ ਨਿਰੰਕਾਰੀਆਂ ਦਾ ਪੱਖ ਪੂਰਨ ਨੇ ਭਿੰਡਰਾਂਵਾਲੇ ਦੇ ਅੰਦਰ ਸਰਕਾਰ ਦੇ ਵਿਰੋਧ ਦੇ ਭਾਂਬੜ ਬਾਲ ਦਿੱਤੇ ਅਤੇ ਉਸ ਨੇ ਸਰਕਾਰ ਨਾਲ ਟਕਰਨ ਦਾ ਮਨ ਬਣਾ ਲਿਆ। ਇਹ ਸੀ ਅਰੰਭ ਭਿੰਡਰਾਂਵਾਲੇ ਅਤੇ ਅਤਿਵਾਦੀਆਂ ਦੇ ਗਠਜੋੜ ਦਾ।

ਸਰਕਾਰ ਦੇ ਭਿੰਡਰਾਂਵਾਲੇ ਰਾਹੀਂ ਅਕਾਲੀ ਦਲ ਦੇ ਵਿਰੋਧ ਵਿਚ ਉਤਰ ਆਉਣ ਦੇ ਸਬੂਤ ਸਮੇਂ ਨਾਲ ਨੰਗੇ ਹੋ ਰਹੇ ਹਨ। ਬਲਕਿ ਕਈ ਸਿਆਸੀ ਸੂਝਵਾਨਾਂ ਦਾ ਦਾਹਵਾ ਹੈ ਕਿ ਅਤਿਵਾਦੀਆਂ (extremists) ਨੂੰ ਸਾਹਮਣੇ ਲਿਆਉਣ ਅਤੇ ਉਨ੍ਹਾਂ ਰਾਹੀਂ ਅਕਾਲੀ ਦਲ ਨੂੰ ਹਰ ਮੁਹਾਜ਼ ਤੇ ਫ਼ੇਲ੍ਹ ਕਰਾਉਣ ਦੇ ਜਤਨਾਂ ਦੇ ਪਿੱਛੇ ਖ਼ੁਦ ਸਰਕਾਰ ਸੀ।

ਪੰਜਾਬ ਅੰਦਰ ਇੰਦਰਾ ਕਾਂਗਰਸ ਦਾ ਵੱਡਾ ਵਿਰੋਧੀ ਧੜਾ ਅਕਾਲੀ ਦਲ ਸੀ, ਜਿਸਨੂੰ ਉਹ ਹਰ ਕੀਮਤ 'ਤੇ ਕਮਜ਼ੋਰ ਕਰ ਦੇਣਾ ਚਾਹੁੰਦੀ ਸੀ। ਅਕਾਲੀ ਦਲ ਦੀ ਤਾਕਤ ਦਾ ਰਾਜ਼ ਸੀ ਪੰਜਾਬ ਦੀ ਸਿਖ ਜਨਤਾ। ਨਰਮ-ਦਲੀਏ (moderate) ਸਿਖ ਅਕਾਲੀ ਦਲ ਦੀ ਅਦਮ-ਤਸ਼ੱਦਦ ਦੇ ਹਾਮੀ ਸਨ, ਪ੍ਰੰਤੂ ਭਿੰਡਰਾਂਵਾਲਾ ਅਤੇ ਉਨ੍ਹਾਂ ਦੇ ਸਾਥੀ ਤਸ਼ੱਦਦ ਦੇ ਹਾਮੀ ਸਨ। ਸਰਕਾਰ ਸਮਝਦੀ ਸੀ ਕਿ ਤਸ਼ੱਦਦ ਨਾਲ ਤਾਂ ਕਿਸੇ ਵਕਤ ਨਿਪਟਿਆ ਜਾ ਸਕਦਾ ਹੈ, ਕਿਉਂਕਿ ਥੁੜ-ਗਿਣਤੀ ਅਤਿਵਾਦੀ ਬਹੁਤ ਚਿਰ ਸਰਕਾਰ ਨਾਲ ਟੱਕਰ ਨਹੀਂ ਲੈ ਸਕਣਗੇ। ਇਸ ਲਈ ਸਿਖ ਜਨਤਾ ਦੇ ਅਕਾਲੀ ਦਲ ਪਰ ਬਣੇ ਵਿਸ਼ਵਾਸ ਨੂੰ ਕਮਜ਼ੋਰ ਕਰਨ ਨੂੰ ਸਰਕਾਰ ਪਹਿਲ ਦੇਣਾ

ਚਾਹੁੰਦੀ ਸੀ, ਜਿਸ ਦੇ ਲਈ ਜ਼ਰੂਰੀ ਸੀ ਕਿ ਅਕਾਲੀ ਦਲ ਦੇ ਅਗਸਤ 82 ਤੋਂ ਚੱਲਦੇ 'ਧਰਮ ਯੁੱਧ' ਨੂੰ ਅਸਫਲ ਬਣਾਇਆ ਜਾਏ।

ਇਉਂ ਕਰ ਕੇ ਹੀ ਸਰਕਾਰ ਅਤੇ ਇੰਦਰਾ ਕਾਂਗਰਸ ਹਿੰਦੂਆਂ ਦੀ ਹਮਦਰਦੀ ਹਾਸਲ ਕਰਦੀ ਅਤੇ ਦੇਸ਼ ਦੇ ਸਾਰੇ ਉੱਤਰੀ ਭਾਗ, ਖ਼ਾਸ ਕਰਕੇ ਪੰਜਾਬ ਦੇ ਹਿੰਦੂ ਵੋਟ ਲੈ ਸਕਦੀ ਸੀ।

ਅਕਾਲੀ ਦਲ ਦੀਆਂ ਮੰਗਾਂ ਬਾਰੇ ਕੋਈ ਸਮਝੌਤਾ ਹੋ ਜਾਣਾ ਧਰਮ ਯੁੱਧ ਦੀ ਜਿੱਤ ਸੀ। ਇਸ ਵਾਸਤੇ ਸਰਕਾਰ ਇਨ੍ਹਾਂ ਸੰਬੰਧੀ ਕੋਈ ਆਖ਼ਰੀ ਗੱਲ ਕਰਨ ਨੂੰ ਤਿਆਰ ਨਹੀਂ ਸੀ ਅਤੇ ਅਕਾਲੀ ਨੁਮਾਇੰਦੇ ਸਮਝੌਤੇ ਬਾਰੇ ਹੋਈ ਹਰ ਮੀਟਿੰਗ ਤੋਂ ਖ਼ਾਲੀ ਹੱਥ ਹੀ ਮੁੜਦੇ ਸਨ, ਜਿਸ ਤੋਂ ਸਿਖ ਜਨਤਾ ਸਮੁੱਚੇ ਤੌਰ 'ਤੇ ਇਹ ਵਿਚਾਰ ਗ੍ਰਹਿਣ ਕਰਦੀ ਜਾ ਰਹੀ ਸੀ ਕਿ ਧੋਲੇ ਪੈਰੀਂ ਅਕਾਲੀ ਦਲ ਨੂੰ ਨਰਮ-ਦਲੀ ਨੀਤੀ ਤੋਂ ਕਿਸੇ ਪ੍ਰਾਪਤੀ ਦੀ ਆਸ ਨਹੀਂ। ਲੋਕਾਂ ਦਾ ਅਜਿਹਾ ਵਿਸ਼ਵਾਸ ਉਨ੍ਹਾਂ ਵਿਚੋਂ ਬਹੁਤਿਆਂ, ਖ਼ਾਸ ਕਰ ਨੌਜਵਾਨਾਂ ਨੂੰ ਅਤਿਵਾਦੀਆਂ ਦਾ ਸਮਰਥਕ ਬਣਾ ਰਿਹਾ ਸੀ, ਜੋ ਤਸ਼ੱਦਦ ਵਿਚ ਵਿਸ਼ਵਾਸ ਰੱਖਦੇ ਸਨ, ਜਿਸ ਦੇ ਲਈ ਅਸਲਾ ਤੇ ਗੋਲੀ ਸਿੱਕਾ ਇਕੱਠਾ ਕਰਨਾ ਜ਼ਰੂਰੀ ਸੀ।

ਇਸ ਸਾਰੇ ਬ੍ਰਿਤਾਂਤ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ :

(1) ਦਰਬਾਰ ਸਾਹਿਬ ਅੰਦਰ ਇਕੱਠਾ ਕੀਤਾ ਅਸਲਾ ਤੇ ਦਾਰੂ ਸਿੱਕਾ ਪ੍ਰਧਾਨ ਮੰਤਰੀ ਦੀ ਨਿੱਜੀ ਖ਼ੁਫ਼ੀਆ ਏਜੰਸੀ ਰਾਹੀਂ ਆਇਆ ਸੀ।

(2) ਭਿੰਡਰਾਂਵਾਲਾ ਅਤੇ ਉਸਦੇ ਸਾਥੀਆਂ ਨੂੰ ਪਹਿਲੋਂ ਹਰ ਤਰ੍ਹਾਂ ਨਾਲ ਤਿਆਰ ਕੀਤਾ ਗਿਆ ਕਿ ਉਹ ਆਪਣੇ ਆਪ ਨੂੰ ਇਸ ਯੋਗ ਸਮਝਣ ਕਿ ਉਹ ਚੰਗੀ ਟੱਕਰ ਲੈ ਸਕਣਗੇ ਅਤੇ ਦੂਜੇ ਬੰਨੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਇਹ ਕਿਹਾ ਗਿਆ ਕਿ ਹਰਿਮੰਦਰ ਅਸਲਾ-ਘਰ ਬਣਿਆ ਹੋਇਆ ਹੈ ਅਤੇ ਅਤਿਵਾਦੀ ਆਕੀ ਹੋਏ ਬੈਠੇ ਹਨ, ਜਿਨ੍ਹਾਂ ਨੂੰ ਸਰ ਕਰਨਾ ਜ਼ਰੂਰੀ ਹੈ, ਜਿਸ ਲਈ ਫ਼ੌਜ ਨੂੰ ਬੁਲਾਇਆ ਅਤੇ ਅਤਿਵਾਦੀਆਂ ਨੂੰ ਮਜ਼ਾ ਚਖਾਉਣ ਲਈ ਹਮਲਾ ਕਰਾਇਆ ਗਿਆ ਸੀ।

(3) ਇਸ ਹਮਲੇ ਦਾ ਇਕ ਮੁਖ ਤਾਤਪਰਜ ਇਹ ਵੀ ਸੀ ਕਿ ਪ੍ਰਧਾਨ ਮੰਤਰੀ ਦੀ ਖ਼ੁਫ਼ੀਆ 'ਥਰਡ ਏਜੰਸੀ' ਵੱਲੋਂ ਕੀਤੀ ਕਾਰਵਾਈ ਉੱਤੇ ਮਿੱਟੀ ਪਾਈ ਜਾਏ (ਸ਼ਹਾਦਤ ਖ਼ਤਮ ਕੀਤੀ ਜਾਵੇ) ਜਿਸ ਦਾ ਹੋਣਾ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਨਿਕਟਵਰਤੀਆਂ ਨੂੰ ਖ਼ਤਮ ਕਰਨ ਬਿਨਾਂ ਸੰਭਵ ਨਹੀਂ ਸੀ। ਪਰ ਇਸ ਸਾਰੀ ਰਚਨਾ ਪਿੱਛੇ ਅਸਲ ਗੱਲ ਸਮੂਹ ਸਿੱਖਾਂ ਅਤੇ ਖ਼ਾਸ ਕਰਕੇ ਸ਼੍ਰੋਮਣੀ ਅਕਾਲੀ ਦਲ, ਜਿਸ ਨੇ ਐਮਰਜੈਂਸੀ ਵੇਲੇ ਵੀ ਅਤੇ ਪਿੱਛੋਂ ਵੀ ਜਨਤਾ ਪਾਰਟੀ ਨਾਲ ਮਿਲ ਕੇ ਕਾਂਗਰਸ

ਦਾ ਅਤੇ ਇੰਦਰਾ ਗਾਂਧੀ ਦਾ ਡੱਟ ਕੇ ਵਿਰੋਧ ਕੀਤਾ ਸੀ, ਨੂੰ ਦੱਸਣਾ ਸੀ ਕਿ ਉਹ ਅਕਾਲੀ ਦਲ ਤਥਾ ਸਿੱਖਾਂ ਨੂੰ ਟਿਚ ਸਮਝਦੀ ਸੀ ਅਤੇ ਉਸ ਨੂੰ ਗੁਮਾਨ ਸੀ ਕਿ ਉਹ ਉਨ੍ਹਾਂ ਨੂੰ ਨਾ ਕੇਵਲ ਕਲਮ ਦੀ ਨੋਕ ਨਾਲ ਹੀ, ਸਗੋਂ ਫ਼ੌਜੀ ਬਲ ਨਾਲ ਵੀ ਖ਼ਤਮ ਕਰ ਦੇਣ ਦੀ ਸਮਰੱਥਾ ਰੱਖਦੀ ਸੀ—ਜਿਸ ਦਾ ਸਬੂਤ ਉਸ ਨੇ ਨਾ ਕੇਵਲ ਉਨ੍ਹਾਂ ਦੀਆਂ ਹਜ਼ਾਰਾਂ ਜਾਨਾਂ ਦਾ ਹੀ ਨੁਕਸਾਨ ਕਰ ਕੇ ਦਿੱਤਾ ਬਲਕਿ ਉਨ੍ਹਾਂ ਨੂੰ ਰੱਜ ਕੇ ਨੀਚਾ ਵਿਖਾਇਆ (humiliate ਕੀਤਾ), ਉਨ੍ਹਾਂ ਦੇ ਮਹਾਨ ਪਵਿੱਤਰ ਧਰਮ ਸਥਾਨ ਤੇ ਹੋਰ ਇਸ ਤਰ੍ਹਾਂ ਉਨ੍ਹਾਂ ਦੇ ਗੁਰੂ ਸਾਹਿਬਾਨ ਦੇ ਯਾਦਗੀਰੀ ਸ਼ਸਤਰਾਂ (relics), ਉਨ੍ਹਾਂ ਦੀ ਸਾਰੀ ਇਤਿਹਾਸਕ ਸਮੱਗਰੀ, ਜੋ ਬੀਤੇ ਚਾਰ ਸੌ ਸਾਲਾਂ ਅੰਦਰ ਇਕੱਠੀ ਕੀਤੀ ਜਾਂਦੀ ਰਹੀ ਸੀ, ਉਨ੍ਹਾਂ ਦਾ ਸਮੁੱਚਾ ਰੀਕਾਰਡ ਅਤੇ ਤੋਸ਼ੇਖ਼ਾਨੇ ਅੰਦਰ ਸੰਭਾਲ ਰੱਖਿਆ ਕੀਮਤੀ ਭੰਡਾਰ—ਸਾਰੇ ਹੀ ਨਸ਼ਟ ਕਰ ਦਿੱਤੇ ਅਤੇ ਸਭ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸ੍ਰਾਹਿਬ ਜੀ ਦੀਆਂ ਲਗਪਗ ਪੰਝੀ ਸੌ ਦੇਹਾਂ ਨੂੰ ਅੱਗ-ਭੇਟ ਕਰ ਦਿੱਤਾ।[1] ਸੂਝਵਾਨ ਲੇਖਕਾਂ ਅਨੁਸਾਰ ਹਕੂਮਤ ਭਿੰਡਰਾਂਵਾਲੇ ਦੇ ਬਹਾਨੇ ਸਾਰੀ ਸਿਖ ਕੌਮ ਦਾ ਨੱਕ ਵੱਢਣਾ ਚਾਹੁੰਦੀ ਸੀ, ਜੋ ਉਸ ਨੇ ਕਰ ਵਿਖਾਇਆ ਹੈ—"The government had used Bhindranwala as an excuse to give the entire Sikh community a bloody punch in their nose."

ਸਿਖ ਧਰਮ ਅਸਥਾਨਾਂ ਅਤੇ ਹੋਰ ਧਾਰਮਿਕ ਸਮੱਗਰੀ ਦੀ ਕੀਤੀ ਤਬਾਹੀ ਦੀਆਂ ਖ਼ਬਰਾਂ ਜਿਵੇਂ ਜਿਵੇਂ ਬਾਹਰ ਫੈਲੀਆਂ ਅਤੇ ਸਿਖ ਫ਼ੌਜੀਆਂ ਤਕ ਭੀ ਅੱਪੜੀਆਂ ਤਾਂ ਉਨ੍ਹਾਂ ਵਿਚੋਂ ਕਈ (ਬਹੁਤੇ ਨਵੇਂ ਰੰਗਰੂਟ) ਧਰਮ ਦੇ ਜਜ਼ਬੇ ਅਧੀਨ ਆਪਣੀਆਂ ਨੌਕਰੀਆਂ ਨੂੰ ਲੱਤ ਮਾਰ ਕੇ ਭੱਜ ਨਿਕਲੇ, ਜਿਸ ਨੂੰ ਫ਼ੌਜੀ ਬਗ਼ਾਵਤ ਦਾ ਨਾਮ ਦਿੱਤਾ ਗਿਆ। ਇਸ ਪ੍ਰਥਾਏ ਅਸੀਂ *ਪੰਜਾਬ ਦੇ ਦੁਖਾਂਤ ਦਾ ਸੱਚ* ਨਾਮ ਦੇ ਕਿਤਾਬਚੇ ਦੇ ਸ਼ਬਦ ਏਥੇ ਦੁਹਰਾਉਣਾ ਜ਼ਰੂਰੀ ਸਮਝਦੇ ਹਾਂ, ਜੋ ਦਰਬਾਰ ਸਾਹਿਬ ਅੰਦਰ ਵਰਤਾਏ ਗਏ ਘਲੂਘਾਰੇ ਦੇ ਫ਼ੌਜੀ ਸਿਖ ਮਨਾਂ ਪਰ ਹੋਏ ਅਸਰ ਬਾਰੇ ਹਨ :

"ਇਹ ਬਗ਼ਾਵਤ ਨਹੀਂ, ਸਗੋਂ ਇਕ ਕਿਸਮ ਦੀ ਫ਼ੌਜ ਦੀ ਨੌਕਰੀ ਨੂੰ ਰੋਹ

1. ਇਨ੍ਹਾਂ ਵਿਚੋਂ ਪੰਜ ਸੌ (ਹੱਥ-ਲਿਖਤ) ਸਰੂਪ ਤਾਂ ਰੈਫ਼ਰੈਂਸ ਲਾਇਬ੍ਰੇਰੀ ਦੇ ਰੀਕਾਰਡ ਵਿਚ ਰਜਿਸਟਰਡ ਹੋ ਚੁੱਕੇ ਅਤੇ ਇਸ ਤੋਂ ਵਧੇਰੇ ਹਾਲਾਂ ਰਜਿਸਟਰਡ ਹੋਣ ਵਾਲੇ ਪਏ ਸਨ। ਇਨ੍ਹਾਂ ਤੋਂ ਇਲਾਵਾ ਇਕ ਹਜ਼ਾਰ ਤੋਂ ਉਪਰ ਸਰੂਪ ਅਕਾਲ ਤਖ਼ਤ ਸਾਹਿਬ ਦੇ ਗੁੰਬਦ ਵਾਲੇ ਕਮਰੇ ਅਤੇ ਕੋਠਾ ਸਾਹਿਬ ਦੇ ਉਪਰਲੇ ਅਸਥਾਨ 'ਤੇ ਸੁਰੱਖਿਅਤ ਸਨ, ਜੋ ਸਾਰੇ ਹੀ ਅਗਨ ਭੇਟ ਹੋ ਗਏ। ਸ੍ਰੀ ਨਨਕਾਣਾ ਸਾਹਿਬ ਵਾਲੀ ਸ਼ਹੀਦੀ ਬੀੜ, ਜੋ ਤੋਸ਼ਾਖ਼ਾਨੇ ਅੰਦਰ ਸੰਭਾਲੀ ਹੋਈ ਸੀ, ਵਿਚੋਂ ਏਨੀਆਂ ਗੋਲੀਆਂ ਲੰਘੀਆਂ ਹੋਈਆਂ ਸਨ ਕਿ ਸਾਰੇ ਵਰਕੇ ਛਾਨਣੀ ਹੋ ਗਏ ਹਨ। ਹੁਣ ਇਹ ਪ੍ਰਕਾਸ਼ ਕਰਨ ਯੋਗ ਨਹੀਂ ਰਹੀ।

ਭਰੀ ਠੋਕਰ ਸੀ। ਸਰਕਾਰ ਨੇ ਖ਼ੁਦ ਵੀ ਉਸ ਸਮੇਂ ਕਿਹਾ ਸੀ ਕਿ ਇਹ ਬਗ਼ਾਵਤ ਨਹੀਂ ਹੈ ਬਲਕਿ ਭਾਵਕਤਾ ਭਰਿਆ ਇਕ ਕਦਮ ਹੈ, ਇਸ ਵਿਚ ਕੋਈ ਸਾਜ਼ਿਸ਼ ਨਜ਼ਰ ਨਹੀਂ ਆਉਂਦੀ, ਜਿਸ ਨਾਲ ਕੋਈ ਰਾਸ਼ਟਰ ਵਿਰੋਧੀ ਖ਼ਤਰਾ ਪੈਦਾ ਹੋ ਸਕੇ।

"ਪਰ ਇਸ ਬਿਆਨ ਦੇ ਬਾਵਜੂਦ ਵੀ ਸੈਂਕੜੇ ਫ਼ੌਜੀ ਜਵਾਨ, ਜਿਨ੍ਹਾਂ ਵਿਚ ਬਹੁਤ ਸਾਰੇ ਨਵੇਂ ਰੰਗਰੂਟ ਸਨ, ਬੜੀ ਬੇਰਹਿਮੀ ਨਾਲ ਗੋਲੀਆਂ ਨਾਲ ਭੁੰਨ ਦਿੱਤੇ ਗਏ ਅਤੇ ਉਨ੍ਹਾਂ ਨੂੰ ਸਮਝਾਉਣ ਦੀ ਜਾਂ ਆਤਮ-ਸਮਰਪਣ ਕਰਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਤੋਂ ਵੱਧ ਦੁਖਦਾਈ ਖ਼ਬਰ ਕੀ ਹੋਵੇਗੀ ਕਿ ਪੀ.ਟੀ. ਆਈ. ਨੇ 11 ਜੂਨ 1984 ਨੂੰ ਬਨਾਰਸ ਦੀ ਇਕ ਰੀਪੋਰਟ ਵਿਚ ਇਨ੍ਹਾਂ ਫ਼ੌਜੀਆਂ ਨੂੰ 'ਦਹਿਸ਼ਤ-ਪਸੰਦਾਂ' (terrorist) ਦਾ ਦਰਜਾ ਦੇ ਦਿੱਤਾ। ਕੋਈ ਸਰਕਾਰੀ ਪ੍ਰਸਾਰ ਸੰਸਥਾ ਏਨੀ ਗਿਰ ਸਕਦੀ ਹੈ, ਕਲਪਨਾ ਤੋਂ ਪਰੇ ਦੀ ਗੱਲ ਹੈ। ਅੱਜ ਜੋ ਵੀ ਪ੍ਰਚਾਰ ਇਸ ਵੱਲੋਂ ਹੋ ਰਿਹਾ ਹੈ, ਸਾਰਾ ਕੂੜ ਭਰਿਆ ਅਤੇ ਸਿੱਖਾਂ ਨੂੰ ਬਦਨਾਮ ਕਰਨ ਵਾਲਾ ਹੀ ਹੈ।"

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅੰਦਰ 4 ਜੂਨ ਤੋਂ 7 ਜੂਨ 1984 ਤਕ ਮਨੁੱਖ-ਮਾਤਰ (ਇਸਤਰੀਆਂ, ਬੱਚਿਆਂ, ਬੁੱਢਿਆਂ ਅਤੇ ਨੌਜਵਾਨ ਯਾਤਰੂਆਂ) ਦਾ ਹੋਇਆ ਕਤਲੇਆਮ ਆਪਣੀ ਮਿਸਾਲ ਆਪ ਹੀ ਹੈ, ਖ਼ਾਸ ਕਰ ਇਸ ਵੀਹਵੀਂ ਸਦੀ ਈਸਵੀ ਅੰਦਰ, ਜਦੋਂ ਦੁਨੀਆ ਭਰ ਅੰਦਰ ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਦਾ ਵਿਚਾਰ ਸਿਖਰਾਂ ਨੂੰ ਛੋਹ ਰਿਹਾ ਹੋਵੇ ਅਤੇ ਬੇਦੋਸ਼ੇ ਮਨੁੱਖਾਂ ਇਸਤਰੀਆਂ ਅਤੇ ਬੱਚਿਆਂ ਨੂੰ ਅਣਪਛਾਣੇ ਅਤੇ ਬਗ਼ੈਰ ਮੌਕਾ ਦਿੱਤੇ ਕਿ ਉਹ ਆਪਣੀ ਨਿਰਦੋਸ਼ਤਾ ਸਿੱਧ ਕਰ ਸਕਣ, ਟੈਂਕਾਂ ਤੇ ਤੋਪਾਂ ਮੂਹਰੇ ਝੋਕ ਦਿੱਤਾ ਗਿਆ ਹੋਵੇ, ਜਾਂ ਬੰਬਾਂ ਦੁਆਰਾ ਫੀਤੀ ਫੀਤੀ ਕਰ ਦਿੱਤਾ ਗਿਆ ਹੋਵੇ ਅਤੇ ਇਹ ਸਾਰਾ ਕੁੱਝ ਉਦੋਂ ਹੋਇਆ ਹੋਵੇ ਜਦੋਂ ਦੁਨੀਆ ਭਰ ਦੀਆਂ ਕੌਮਾਂ ਇਕ ਆਵਾਜ਼ ਇਹ ਫ਼ੈਸਲਾ ਦੇ ਰਹੀਆਂ ਹੋਣ [ਵੇਖੋ 1899 ਤੋਂ 1907 ਦੀ ਹੇਗ ਕਨਵੈਨਸ਼ਨ (Hague Convention), 1949 ਦੀ ਜਨੇਵਾ ਕਨਵੈਨਸ਼ਨ (Geneva Convention) ਅਤੇ ਯੂ.ਐਨ.ਓ. (U.N.O.) ਦੀਆਂ ਬੈਠਕਾਂ ਅੰਦਰ ਕੀਤੇ ਗਏ ਫ਼ੈਸਲੇ] ਕਿ ਮਨੁੱਖ ਦੀ ਜਾਤ ਦੀ ਕਿਸੇ ਤਰ੍ਹਾਂ ਦੀ ਹਾਨੀ, ਕਤਲ ਜਾਂ ਉਸ ਨੂੰ ਕੋਹ ਕੋਹ ਕੇ ਮਾਰਨਾ, ਕਿਸੇ ਸ਼ਸਤਰਹੀਨ ਸਿਵਿਲੀਅਨ ਨੂੰ ਮਾਰਨਾ ਜਾਂ ਅਦਾਲਤੀ ਤੌਰ 'ਤੇ ਕਿਸੇ ਨੂੰ ਦੋਸ਼ੀ ਸਿੱਧ ਕੀਤੇ ਬਗ਼ੈਰ ਉਸ ਨੂੰ ਮਾਰ ਦੇਣਾ ਜਾਂ ਉਸ ਉਪਰ ਹੋਰ ਜ਼ੁਲਮ ਢਾਹੁਣਾ ਜਾਂ ਸਤੀਆਂ ਦਾ ਸਤਿ ਭੰਗ ਕਰਨਾ ਮਹਾਨ ਦੋਸ਼ ਹਨ। ਉਨ੍ਹਾਂ ਫ਼ੈਸਲਿਆਂ ਅੰਦਰ ਇਹ ਭੀ ਦਰਜ ਹੈ ਅਤੇ ਇਸ ਦੇ ਲਈ ਪ੍ਰੈਸ ਜ਼ਿੰਮੇਵਾਰ ਹੈ ਕਿ ਐਸਾ ਕਰਨ ਵਾਲਿਆਂ ਵਿਰੁੱਧ ਆਵਾਜ਼ ਉਠਾਵੇ। ਦੇਸ਼ ਅਤੇ ਪਰਦੇਸਾਂ ਅੰਦਰ ਅਜਿਹੇ ਜ਼ੁਲਮ ਢਾਹੁਣ ਵਾਲਿਆਂ ਨੂੰ ਨੰਗਾ

ਕਰਨਾ ਪ੍ਰੈਸ ਦਾ ਅਤੇ ਸਾਰੇ ਲੋਕਤੰਤਰੀਆਂ ਅਤੇ ਨਿਆਏਸ਼ੀਲ ਲੋਕਾਂ ਦਾ ਪਰਮ ਧਰਮ ਹੈ, ਪ੍ਰੰਤੂ ਅਜਿਹੇ ਅੰਤਰ-ਰਾਸ਼ਟਰੀ ਫ਼ੈਸਲਿਆਂ ਦੇ ਬਾਵਜੂਦ ਜੋ ਭਾਰਤ ਜੈਸੇ ਦੇਸ਼ ਦੀ ਹਕੂਮਤ ਨੇ, ਜਿਸ ਨੂੰ ਨਿਹਾਇਤ ਵੱਡੀ ਗਣਤੰਤਰੀ (democratic) ਤੇ ਨਿਆਏਸ਼ੀਲ ਹੋਣ ਦਾ ਮਾਣ ਹੋਵੇ, ਜਿਸ ਦੇ 82 ਫ਼ੀਸਦੀ ਲੋਕ ਅਹਿੰਸਾ ਪਰਮੋ ਧਰਮ ਦੇ ਪੂਰਨ ਵਿਸ਼ਵਾਸੀ ਹੋਣ ਅਤੇ ਜਿਸ ਦਾ ਪ੍ਰੈਸ ਨਿਰਪੱਖ ਤੇ ਆਜ਼ਾਦ ਹੋਣ ਦਾ ਦਾਹਵੇਦਾਰ ਹੋਵੇ—ਹਾਂ ਜੇ ਅਜਿਹੀ ਹਕੂਮਤ ਆਪਣੇ ਹੀ ਦੇਸ਼ ਦੀ ਅਤਿ ਛੋਟੀ (ਕੇਵਲ 1.8 ਫ਼ੀਸਦੀ) ਰਿਆਇਆ—ਉਸ ਦੀਆਂ ਅਬਲਾਵਾਂ ਅਤੇ ਦੁੱਧ ਚੁੰਘਦੇ ਨਿਰਦੋਸ਼ ਬੱਚਿਆਂ ਦੀ ਰਤੂ ਨਹਾਉਂਦੀ ਹੋਵੇ ਅਤੇ ਦੇਸ਼ ਦੇ ਅਹਿੰਸਾ-ਪੁਜਾਰੀਆਂ ਦੀ ਵੱਡੀ ਗਿਣਤੀ ਹਕੂਮਤ ਦੇ ਇਸ ਕਰਤੱਵ 'ਤੇ ਵਾਹ ਵਾਹ ਕਰਦੀ ਹੋਵੇ ਅਤੇ ਦੇਸ਼ ਦਾ ਪ੍ਰੈਸ ਹਕੂਮਤ ਦੇ ਸੋਹਲੇ ਗਾਉਂਦਾ ਹੋਵੇ ਤਾਂ ਐਸੀ ਹਕੂਮਤ, ਅਜਿਹੇ 82 ਫ਼ੀਸਦੀ ਲੋਕਾਂ ਅਤੇ ਐਸੇ ਪ੍ਰੈਸ ਬਾਰੇ ਕੀ ਕਿਹਾ ਜਾਵੇਗਾ ? ਜੇ ਇਸ ਨੂੰ ਹੇਗ ਅਤੇ ਜਨੇਵਾ ਅੰਦਰ ਕੀਤੇ ਸਮੂਹ ਕੌਮਾਂ ਦੇ ਅੰਤਰ-ਰਾਸ਼ਟਰੀ ਫ਼ੈਸਲਿਆਂ ਦੀ ਮਿੱਟੀ ਪੱਟੀ ਗਈ ਨਹੀਂ ਕਹਵਾਂਗੇ ਤਾਂ ਹੋਰ ਕੀ ਕਹਵਾਂਗੇ ? ਫਿਰ ਏਥੇ ਹੀ ਬਸ ਨਹੀਂ, ਜੇ ਦੇਸ਼ ਦੀ ਏਨੀ ਛੋਟੀ ਘੱਟ-ਗਿਣਤੀ ਦੇ ਧਰਮ-ਮੰਦਰ ਫੂਕ ਦਿੱਤੇ ਗਏ ਹੋਣ, ਉਸ ਦੀ ਸਾਰੀ ਉਮਰ ਭਰ ਦਾ ਸਮੁੱਚਾ ਵਿਰਸਾ, ਇਤਿਹਾਸ, ਪੁਸਤਕਾਲੇ, ਰੈਫ਼ਰੈਂਸ ਲਾਇਬ੍ਰੇਰੀਆਂ ਤੇ ਚਿੱਤਰਸ਼ਾਲਾਂ ਅਤੇ ਯਾਦਗੀਰੀ ਸ਼ਸਤਰ, ਬਲਕਿ ਜਿਸ ਦੇ ਜਾਗਤ ਸਰੂਪ ਗੁਰੂ ਨੂੰ ਅਗਨੀ ਭੇਟ ਕੀਤਾ ਗਿਆ ਹੋਵੇ ਅਤੇ ਇਸ ਉਤੇ ਸਾਰਾ ਪ੍ਰੈਸ ਕਹੇ ਕਿ ਸਰਕਾਰ ਨੇ ਐਸੇ ਧਰਮ ਮੰਦਰ ਨੂੰ ਢਾਹ-ਢੇਰੀ ਕਰ ਕੇ ਸਿੱਖਾਂ ਨੂੰ ਸਬਕ ਸਿਖਾਇਆ ਹੈ ਤਾਂ ਉਹ ਘੱਟ-ਗਿਣਤੀ ਕਿਉਂ ਨਾ ਕਹੇਗੀ ਕਿ 'ਸ਼ਰਮ ਸੀ ਆਤੀ ਹੈ ਮੁਝੇ ਇਸ ਵਤਨ ਕੋ ਵਤਨ ਕਹਤੇ ਹੁਏ।'

> "The whole of Punjab and especially the Golden Temple Complex, was turned into a murderous mouse-trap from where people could neither escape nor could they seek succour of any kind." *(Army Action in Punjab, p. 46)*

ਅਰਥਾਤ, "ਸਾਰਾ ਪੰਜਾਬ, ਵਿਸ਼ੇਸ਼ ਕਰਕੇ ਗੋਲਡਨ ਟੈਂਪਲ ਕੰਪਲੈਕਸ ਚੂਹੇ ਫਹਾਉਣ ਵਾਲੀ ਕੜਿੱਕੀ ਦਾ ਰੂਪ ਧਾਰੇ ਹੋਏ ਸੀ, ਜਿਸ ਅੰਦਰ ਫਸੇ ਲੋਕਾਂ ਲਈ ਨਾ ਨਿਕਲ ਸਕਣ ਦਾ ਕੋਈ ਰਾਹ ਸੀ ਅਤੇ ਨਾ ਕਿਸੇ ਸਹਾਇਤਾ-ਪ੍ਰਾਪਤੀ ਲਈ ਉਹ ਕੋਈ ਚਾਰਾ ਕਰ ਸਕਦੇ ਸਨ।"

ਫਿਰ ਇਸ ਤੋਂ ਵੱਡੀ ਘਿਰਣਾ-ਜਨਕ ਗੱਲ ਇਹ ਹੈ ਕਿ ਸਾਰਾ ਸਮਾਂ ਬਦੇਸ਼ਾਂ

ਤੋਂ ਕਿਸੇ ਰੀਪੋਰਟ ਨੂੰ ਪੰਜਾਬ ਆਉਣ ਦੀ ਆਗਿਆ ਨਹੀਂ ਸੀ, ਤਾਂ ਕਿ ਭਾਰਤ ਸਰਕਾਰ ਦੀਆਂ ਕਾਲੀਆਂ ਕਰਤੂਤਾਂ ਦੀ 'ਵਾ ਵੀ ਬਾਹਰ ਨਾ ਨਿਕਲ ਸਕੇ ਅਤੇ 'ਢੱਕੀ ਰਿੱਝੇ ਤੇ ਕੋਈ ਨਾ ਬੁੱਝੇ।' ਇਸ ਨੂੰ ਹੋਰ ਯਕੀਨੀ ਬਣਾਉਣ ਲਈ ਪੰਜਾਬ ਪ੍ਰੈਸ ਉੱਤੇ ਕਰੜੀ ਸੈਂਸਰ ਲਗਾਈ ਗਈ ਹੋਈ ਸੀ ਅਤੇ ਹਰ ਛਪਣ ਵਾਲੀ ਖ਼ਬਰ ਨੇ ਪਹਿਲੋਂ ਸਰਕਾਰੋਂ ਮੋਹਰ ਲਗਵਾਉਣੀ ਹੁੰਦੀ ਸੀ। ਫਿਰ ਬਾਹਰ ਤੋਂ ਪੰਜਾਬ ਨੂੰ ਆਉਣ ਜਾਣ ਅਤੇ ਤਾਲ ਮੇਲ ਦੇ ਸਾਰੇ ਜ਼ਰੀਏ—ਸਾਰੀ ਗੱਡੀ ਤੇ ਬਸ ਸਰਵਿਸ, ਤਾਰ, ਟੈਲੀਫ਼ੋਨ ਤੇ ਡਾਕ ਬੰਦ ਕੀਤੇ ਗਏ ਸਨ, ਬਲਕਿ ਦਰਬਾਰ ਸਾਹਿਬ ਅੰਦਰ ਵਰਤਾਏ ਜਾ ਰਹੇ ਘਲੂਘਾਰੇ ਤੇ ਕਤਲਾਮ ਦੀ ਸੋਅ ਤਕ ਬਾਹਰ ਨਾ ਨਿਕਲ ਸਕੇ, ਇਸ ਲਈ ਸਾਰਾ ਪੰਜਾਬ, ਕੀ ਸ਼ਹਿਰ ਤੇ ਕੀ ਪਿੰਡ, ਕੀ ਰਾਹ ਖਹਿੜੇ ਅਤੇ ਕੀ ਖੇਤੀ ਕਰਨ ਵਾਲਿਆਂ ਦੇ ਹਲ ਫਾਲੇ ਤੇ ਗੱਡੇ ਰੇਹੜੇ ਸਾਈਕਲ ਤਕ ਦੇ ਵੀ ਘਰੋਂ ਬਾਹਰ ਜਾਣ ਦੀ ਸਖ਼ਤ ਮਨਾਹੀ ਸੀ। ਅਤੇ ਇਹ ਸਾਰਾ ਲੁਕਾਅ ਇਸ ਲਈ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਜੈਸੇ ਪਰਮ ਪਵਿੱਤਰ ਧਰਮ ਅਸਥਾਨ ਉਪਰ ਖੁੱਲ੍ਹੇ ਮੂੰਹ ਗੋਲੇ ਵਰਸਾਏ ਅਤੇ ਇਹ ਢਾਹ-ਢੇਰੀ ਕੀਤੇ ਜਾ ਸਕਣ। ਫਿਰ ਇਤਨਾ ਹੀ ਨਹੀਂ, ਸਰਕਾਰ ਵੱਲੋਂ ਪ੍ਰਕਾਸ਼ਤ ਹੋਈ ਰੀਪੋਰਟ ਅਨੁਸਾਰ ਇਨ੍ਹਾਂ ਧਰਮ-ਮੰਦਰਾਂ ਦੀ ਲਗ ਲਬੇੜ ਵਾਲੇ ਪੰਜ ਸੌ ਘਰ ਅਤੇ ਤਿੰਨ ਸੌ ਦੁਕਾਨ ਭੀ ਮਿੱਟੀ ਦਾ ਢੇਰ ਬਣਾ ਦਿੱਤੇ ਗਏ, ਇਨ੍ਹਾਂ ਦੇ ਅੰਦਰ ਘਿਰੇ ਸੈਂਕੜੇ ਪਰਿਵਾਰ ਮੌਤ ਦੇ ਘਾਟ ਉਤਾਰੇ ਗਏ ਹੋਣਗੇ। ਕੀ ਇਹ ਸਾਰੇ ਲੋਕ ਅਤੇ ਦਰਬਾਰ ਸਾਹਿਬ ਦੇ ਪੁਜਾਰੀ, ਗ੍ਰੰਥੀ, ਰਾਗੀ ਤੇ ਸੇਵਾਦਾਰ ਅਤੇ ਹਜ਼ਾਰਹਾ ਯਾਤਰੂ ਤੀਵੀਆਂ, ਮਰਦ ਤੇ ਬੱਚੇ ਸਾਰੇ ਅਤਿਵਾਦੀ (terrorists) ਸਨ, ਜਿਨ੍ਹਾਂ ਨੂੰ ਮਾਰ ਮੁਕਾਉਣ ਲਈ ਇਹ ਖੇਡ ਰਚਾਈ ਗਈ ?

ਫਿਰ ਇਸ ਪ੍ਰਕਾਰ ਮਾਰੇ ਗਏ ਹਜ਼ਾਰਾਂ ਬੰਦਿਆਂ ਦੀਆਂ ਲਾਸ਼ਾਂ ਕਈ ਦਿਨ ਦਰਬਾਰ ਸਾਹਿਬ ਦੇ ਅੰਦਰ ਬਾਹਰ ਪਰਕਰਮਾ ਤੇ ਸਰੋਵਰ ਅੰਦਰ ਸੜਦੀਆਂ ਗਲਦੀਆਂ ਰਹੀਆਂ ਅਤੇ ਉਨ੍ਹਾਂ ਦੇ ਵਾਰਸਾਂ ਤਕ ਨੂੰ ਉਨ੍ਹਾਂ ਦੀ ਪਛਾਣ ਕਰਨ ਜਾਂ ਉਠਾ ਲੈ ਜਾਣ ਦੀ ਆਗਿਆ ਨਹੀਂ ਦਿੱਤੀ ਗਈ, ਬਲਕਿ ਗੁਪਤ ਢੰਗ ਨਾਲ ਹੀ ਉਨ੍ਹਾਂ ਦੇ ਨਾਮ ਨਿਸ਼ਾਨ ਮਿਟਾ ਦਿੱਤੇ ਗਏ। ਕੀ ਇਸ ਕਦਰ ਹਨੇਰ ਦੁਨੀਆ ਦੇ ਤਖ਼ਤੇ 'ਤੇ ਕਿਧਰੇ ਹੋਇਆ ਹੋਵੇਗਾ ਅਤੇ ਇਹ ਸਾਰਾ ਕੁੱਝ ਦੇਸ਼ ਦੀ ਆਪਣੀ ਹਕੂਮਤ ਵੱਲੋਂ ਆਪਣੀ ਇਕ ਘੱਟ-ਗਿਣਤੀ ਦੇ ਖ਼ਿਲਾਫ਼ ? ਫਿਰ ਇਸ ਸਾਰੇ ਉਪਰ ਹੋਰ ਤੋਹਫ਼ੇ ਦੀ ਗੱਲ ਇਹ ਹੈ ਕਿ ਦੇਸ਼ ਦੀ ਪ੍ਰਾਈਮ ਮਨਿਸਟਰ ਇੰਦਰਾ ਨੇ ਐਸਾ ਕਰਨ ਤੋਂ ਪਹਿਲੋਂ ਇਸ ਦੀ ਹਵਾੜ ਤਕ ਬਾਹਰ ਨਹੀਂ ਨਿਕਲਣ ਦਿੱਤੀ ਅਤੇ ਆਪਣੇ 2 ਜੂਨ 1984 ਨੂੰ ਕੀਤੇ ਦੇਸ਼ ਦੇ ਨਾਮ ਬ੍ਰਾਡਕਾਸਟ ਵਿਚ ਵੀ ਅਜਿਹਾ ਕਰਨ ਦੀ ਕੋਈ ਸੂਹ ਬਾਹਰ ਨਹੀਂ ਕੱਢੀ (ਵੇਖੋ *Army Action in Punjab* ਦਾ ਸਫ਼ਾ 48)।

ਸਿੱਖਾਂ ਨਾਲ ਇਸ ਤੋਂ ਵੱਡਾ ਵਿਸਾਹਘਾਤ ਹੋਰ ਕੀ ਹੋ ਸਕਦਾ ਹੈ ? ਇਸ ਉਪਰ ਗੁਰੂ-ਬਾਣੀ ਦਾ ਇਹ ਫ਼ੁਰਮਾਨ ਕਿੰਨਾ ਠੀਕ ਢੁੱਕਦਾ ਹੈ :

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥

(ਸਿਰੀਰਾਗੁ ਮ: ੧, ਪੰਨਾ 55)

ਉਪਰ ਦੱਸੀ ਗਈ ਪੁਸਤਕ ਦੇ ਸਫ਼ਾ 49 'ਤੇ ਦਰਜ ਸ਼ਬਦ ਕਿੰਨੇ ਭਾਵ-ਪੂਰਤ ਹਨ :

"Thus the Operation Blue Star will go down in history as one of the biggest massacres of unarmed civilians by the organised military force of a nation."

ਅਰਥਾਤ, "ਇਉਂ 'ਔਪ੍ਰੇਸ਼ਨ ਬਿਲੀਊ ਸਟਾਰ' ਇਤਿਹਾਸ ਅੰਦਰ ਨਿਹੱਥੇ ਸਿਵਿਲੀਅਨ ਲੋਕਾਂ ਦੇ (ਆਪਣੀ ਕੌਮ ਦੀ ਬਾਕਾਇਦਾ ਜਥੇਬੰਦ ਫ਼ੌਜ ਵੱਲੋਂ ਕੀਤੇ ਗਏ) ਇਕ ਅਤਿ ਵੱਡੇ ਕਤਲਾਮ ਦੀ ਯਾਦ ਬਣਿਆ ਰਹੇਗਾ।"

ਪਰ ਇਹ ਆਖ਼ਰੀ ਗੱਲ ਨਹੀਂ ਸੀ। ਇਤਿਹਾਸ ਆਪਣੇ ਅਨਪੜ੍ਹੇ ਵਰਕਿਆਂ ਉਪਰ ਇਸ ਤੋਂ ਭੀ ਵਡੇਰੇ ਘਲੂਘਾਰੇ ਦੀ ਵਾਰਤਾ ਛੁਪਾਈ ਬੈਠਾ ਸੀ।

ਸਿਆਣਿਆਂ ਦਾ ਕਥਨ ਹੈ ਕਿ ਕੁੱਝ ਵਾਕਿਆਤ ਦਾ ਨਿਰਾ ਲੜੀ-ਬੱਧ ਬਿਆਨ ਇਤਿਹਾਸ ਨਹੀਂ ਹੁੰਦਾ, ਸਗੋਂ ਅਜਿਹੇ ਵਾਕਿਆਤ ਪਿੱਛੇ ਛੁਪੇ ਕੁੱਝ ਵਿਅਕਤੀ ਉਸ ਸਮੇਂ ਦੇ ਇਤਿਹਾਸ ਦੇ ਰੂਹੇ-ਰਵਾਂ ਹੁੰਦੇ ਹਨ, ਜੋ ਵਾਕਿਆਤ ਨੂੰ ਮੋੜਾ ਦੇਂਦੇ ਅਤੇ ਇਤਿਹਾਸ ਘੜਿਆ ਕਰਦੇ ਹਨ। ਸੋ ਸਮੇਂ ਦੇ ਇਤਿਹਾਸ ਦੀ ਸਹੀ ਘੋਖ ਐਸੇ ਵਿਅਕਤੀਆਂ ਦੀ ਜਾਣ-ਪਛਾਣ ਵੀ ਕਰਾਇਆ ਕਰਦੀ ਹੈ। ਅੰਗਰੇਜ਼ੀ ਸਾਮਰਾਜ ਪਾਸੋਂ ਭਾਰਤ ਨੂੰ ਆਜ਼ਾਦ ਕਰਾਉਣ ਦੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਹੇ ਜਾਂਦੇ ਰੋਲ ਪਿੱਛੇ ਭੀ ਚੰਦ ਇਕ ਵਿਅਕਤੀ ਹੀ ਸਨ, ਜਿਨ੍ਹਾਂ ਨੂੰ ਇਸ ਦਾ ਕ੍ਰੈਡਿਟ ਜਾਂਦਾ ਹੈ, ਪ੍ਰੰਤੂ ਲਾਲਾ ਲਾਜਪਤ ਰਾਇ ਦੇ ਜੁਲਾਈ 1909 ਦੇ ਕਥਨ ਅਨੁਸਾਰ "Congress as it was known in the country from 1887 to 1907 has ceased to exist and was no more than a rump run by a section of the educated Hindus." ਅਰਥਾਤ, "1887 ਤੋਂ 1907 ਵਾਲੀ ਨੈਸ਼ਨਲ ਕਾਂਗਰਸ ਖ਼ਤਮ ਹੋ ਚੁੱਕੀ ਸੀ ਅਤੇ ਹੁਣ ਰਹੀ ਰਵੰਨੀ ਜੋ ਕਾਂਗਰਸ ਮੌਜੂਦ ਹੈ, ਇਹ ਪੜ੍ਹੇ ਲਿਖੇ ਕੁੱਝ ਹਿੰਦੂਆਂ ਦੇ ਇਕ ਗਰੋਹ ਦੀ ਸੰਸਥਾ ਸੀ।"

ਅੱਜ ਵੀ ਕੇ.ਵੀ. ਕਾਮਥ 31-3-1985 ਦੇ *ਇੰਡੀਅਨ ਐਕਸਪ੍ਰੈਸ* ਮੈਗਜ਼ੀਨ ਵਿਚ ਲਿਖਦਾ ਹੈ :

> "The name of the congress stands tarnished, it is synonymous with corruption. It should now be scrapped, as Raja Ji once said, dissolved and interred. Mrs. Gandhi had made the party her personal fief. It was a piece of robbery that has no parallel in history. Her son Rajiv Gandhi can thus be said to be thriving on stolen property. The very lable 'Congress' is an insult to the people."

ਅਰਥਾਤ, "ਕਾਂਗਰਸ ਆਪਣਾ ਵਕਾਰ ਗਵਾ ਚੁੱਕੀ ਹੈ। ਕਾਂਗਰਸ ਅਤੇ ਬੇਈਮਾਨੀ (Corruption) ਇਕੋ ਅਰਥ ਰੱਖਦੇ ਸ਼ਬਦ ਹਨ। ਜਿਵੇਂ ਰਾਜਾ ਜੀ ਨੇ ਇਕ ਵਾਰ ਕਿਹਾ ਸੀ ਕਾਂਗਰਸ ਦਾ ਹੁਣ ਭੋਗ ਪਾ ਕੇ ਇਸ ਨੂੰ ਦਫ਼ਨ ਕਰ ਦੇਣਾ ਚਾਹੀਦਾ ਹੈ। ਮਿਸਿਜ਼ ਗਾਂਧੀ ਨੇ ਪਾਰਟੀ ਨੂੰ ਨਿੱਜੀ/ਜ਼ਾਤੀ ਮਾਲਕੀ ਬਣਾ ਲਿਆ ਹੋਇਆ ਹੈ। ਉਸ ਦੇ ਲਈ ਇਹ ਇਕ ਅਜਿਹੀ ਡਾਕਾਜ਼ਨੀ ਹੈ ਜਿਸ ਦੀ ਮਿਸਾਲ ਇਤਿਹਾਸ ਅੰਦਰ ਨਹੀਂ ਮਿਲਦੀ। ਉਸ ਦੇ ਪੁੱਤਰ ਰਾਜੀਵ ਗਾਂਧੀ ਨੂੰ ਇਸ ਤਰ੍ਹਾਂ ਚੋਰੀ ਕੀਤੇ ਮਾਲ 'ਤੇ ਪਲਦਾ ਕਿਹਾ ਜਾ ਸਕਦਾ ਹੈ। ਕਾਂਗਰਸ ਦਾ ਨਾਮ ਵਰਤਣਾ ਹੀ ਲੋਕਾਂ ਦੀ ਹੱਤਕ ਦਾ ਲਖਾਇਕ ਹੈ।"

ਉਕਤ ਸਾਰੇ ਕਥਨ ਸਿੱਧ ਕਰਦੇ ਹਨ ਕਿ ਵਾਕਿਆਤ ਨਹੀਂ, ਸਗੋਂ ਬੰਦੇ ਇਤਿਹਾਸ ਰਚਿਆ ਕਰਦੇ ਹਨ। ਇਸ ਅਨੁਸਾਰ ਇੰਦਰਾ ਗਾਂਧੀ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਜੂਨ 1984 ਵਿਚ ਕੀਤੀ ਤਬਾਹੀ ਉਸ ਦੇ ਨਾਮ ਤੋਂ ਕਦੀ ਨਾ ਮਿਟ ਸਕਣ ਵਾਲਾ ਧੱਬਾ (stigma) ਕਦੀ ਵੀ ਨਹੀਂ ਧੁਪ ਸਕੇਗਾ। ਪਰ ਅਜਿਹੇ ਬੰਦਿਆਂ ਨੂੰ ਇਨ੍ਹਾਂ ਧੱਬਿਆਂ ਦੀ ਪ੍ਰਵਾਹ ਵੀ ਕੀ ਹੈ, ਉਹ ਤਾਂ ਸਮਝਦੇ ਹਨ 'ਕਿਆ ਬਦਨਾਮ ਹੋਂਗੇ ਤੋ ਨਾਮ ਨਾ ਹੋਗਾ', ਜਿਸ ਲਈ ਉਨ੍ਹਾਂ ਨੇ ਅੰਮ੍ਰਿਤਸਰ ਤੋਂ ਵਿਹਲੇ ਹੁੰਦੇ ਹੀ ਸਿੱਖਾਂ ਨੂੰ ਹੋਰ ਸਬਕ ਸਿਖਾਉਣ ਦੀ ਠਾਨ ਲਈ ਸੀ, ਗੋਇਆ ਕਿ ਅੰਮ੍ਰਿਤਸਰ ਦੇ ਕਤਲਾਮ ਤੋਂ ਉਹ ਸੰਤੁਸ਼ਟ ਨਹੀਂ ਹੋਏ ਸਨ। ਲਗਾਤਾਰ ਪੰਜ ਮਹੀਨੇ—ਜੂਨ ਤੋਂ ਅਕਤੂਬਰ 84 ਤਕ ਇਹ ਕਤਲਾਮ ਪੰਜਾਬ ਦੇ ਪਿੰਡਾਂ ਵਿਚ ਚੱਲਦਾ ਰਿਹਾ ਅਤੇ ਹਰਿਆਣੇ ਵਿਚੋਂ ਲੰਘਦੇ ਸਿੱਖਾਂ ਦੀਆ ਦਾੜ੍ਹੀਆਂ ਮੁੱਛਾਂ ਮੁੰਨੀਦੀਆਂ ਅਤੇ ਗੁਰਦੁਆਰੇ ਸਾੜੇ ਜਾਂਦੇ ਰਹੇ ਅਤੇ ਚੜ੍ਹਦੇ ਨਵੰਬਰ ਦੀ ਲੋਅ ਹਾਲਾਂ ਲੱਗੀ ਨਹੀਂ ਸੀ ਕਿ ਹਰ ਸਿਖ ਦੇਸ਼ ਦਾ ਦੁਸ਼ਮਣ ਗਰਦਾਨਿਆ ਗਿਆ ਤੇ ਸਿਖ ਦੀ ਦਸਤਾਰ ਅਤੇ ਮੂੰਹ ਪਰ ਦਾੜ੍ਹੀ ਉਸ ਦੀ ਮੌਤ ਦੇ ਵਾਰੰਟ ਬਣ ਗਏ।

(3)

ਸ੍ਰੀ ਹੇਜ਼ ਕਾਰਲਟਨ (Hayes Carleton) ਆਪਣੀ ਪੁਸਤਕ *Essays on Nationalism* ਦੇ ਸਫ਼ਾ 354 'ਤੇ ਲਿਖਦਾ ਹੈ :

> "A Nation is any group of persons, who speak a common language, who cherish common historical tradition and who constitute, or think they constitute, a distinct cultural society, in which among all other factors, religion and politics may have played important, though not necessarily continuous roles.
>
> "Culture being sum total of people's institutions, customs, morality, aesthetics."

ਅਰਥਾਤ, "ਨੇਸ਼ਨ (ਕੌਮ) ਅਜਿਹੇ ਮਨੁੱਖਾਂ ਦਾ ਇਕ ਗਰੋਹ ਹੁੰਦਾ ਹੈ ਜੋ ਇਕੋ ਸਾਂਝੀ ਬੋਲੀ ਬੋਲਦੇ ਹੋਣ, ਜਿਨ੍ਹਾਂ ਵਿਚਾਲੇ ਇਕੋ ਇਤਿਹਾਸਕ ਪ੍ਰੰਪਰਾ ਦੀ ਸਾਂਝ ਹੋਵੇ ਅਤੇ ਜਿਨ੍ਹਾਂ ਦੀ ਕਲਚਰ ਹੋਰਨਾਂ ਤੋਂ ਨਿਆਰੀ ਹੋਵੇ ਜਾਂ ਉਹ ਸਮਝਦੇ ਹੋਣ ਕਿ ਨਿਆਰੀ ਹੈ ਅਤੇ ਜਿਨ੍ਹਾਂ ਦੀ ਕਲਚਰ ਅੰਦਰ ਧਰਮ ਅਤੇ ਸਿਆਸਤ ਦਾ ਅਹਿਮ (ਵਿਸ਼ੇਸ) ਰੋਲ ਹੋਵੇ—ਭਾਵੇਂ ਇਸ ਰੋਲ ਦਾ ਲਗਾਤਾਰ ਇਕ-ਸਾਰ ਹੋਣਾ ਜ਼ਰੂਰੀ ਨਹੀਂ। ਲੋਕਾਂ ਵਿਚਾਲੇ ਆਸ਼ਰਮਾਂ, ਰਸਮਾਂ, ਰੀਤਾਂ ਅਤੇ ਸਦਾਚਾਰਕ ਤੇ ਭਾਵਾਤਮਕ ਕੀਮਤਾਂ ਦੀ ਸਾਂਝ ਉਨ੍ਹਾਂ ਦੀ ਕਲਚਰ ਕਹਾਉਂਦੀ ਹੈ।"

ਸਿਖ ਵਧੇਰੇ ਕਰਕੇ ਭਾਰਤਵਾਸੀ ਹਨ, ਪ੍ਰੰਤੂ ਭਾਰਤ ਤੋਂ ਬਾਹਰ ਦੁਨੀਆ ਭਰ ਦੇ ਹੋਰ ਕਈ ਦੇਸ਼ਾਂ ਵਿਚ ਵੀ ਥੋੜ੍ਹੇ ਜਾਂ ਬਹੁਤ ਵੱਸੇ ਹੋਏ ਹਨ। ਇਨ੍ਹਾਂ ਸਾਰਿਆਂ ਅੰਦਰ ਉਕਤ ਵਰਣੀਆਂ ਸਾਰੀਆਂ ਸਾਂਝਾਂ ਮੌਜੂਦ ਹਨ। ਉਹ ਸਾਰੇ ਆਮ ਕਰਕੇ ਪੰਜਾਬੀ ਬੋਲਦੇ ਹਨ, ਜਿਸ ਦੀ ਲਿੱਪੀ ਗੁਰਮੁਖੀ ਵੀ ਉਨ੍ਹਾਂ ਵਿਚ ਇਕਸਾਰ ਸਾਂਝੀ ਹੈ। ਉਨ੍ਹਾਂ ਦਾ ਇਤਿਹਾਸ, ਜੋ ਵਧੇਰੇ ਕਰਕੇ ਪੰਜਾਬ ਦਾ ਇਤਿਹਾਸ ਕਿਹਾ ਜਾ ਸਕਦਾ

ਹੈ ਅਤੇ ਜਿਸ ਦੀ ਅਉਧ ਪੰਜ ਕੁ ਸੌ ਸਾਲ ਹੈ, ਉਨ੍ਹਾਂ ਦੀ ਪ੍ਰੰਪਰਾ, ਉਨ੍ਹਾਂ ਦਾ ਧਰਮ, ਰਸਮਾਂ, ਰੀਤਾਂ, ਤਿਉਹਾਰ ਤੇ ਮੰਦਰ, ਉਨ੍ਹਾਂ ਦੀ ਰਹਿਤ-ਮਰਯਾਦਾ ਤੇ ਸਦਾਚਾਰਕ ਸੋਚਣੀ ਅਤੇ ਸਭ ਤੋਂ ਵੱਧ ਉਨ੍ਹਾਂ ਦਾ ਕੇਸ, ਦਾੜ੍ਹੀ ਤੇ ਦਸਤਾਰ ਵਾਲਾ, ਹੋਰ ਸਾਰੇ ਸੰਸਾਰ ਤੋਂ ਅੱਡਰਾ ਸਰੂਪ ਉਨ੍ਹਾਂ ਦੀ ਨਿਆਰੀ ਹੋਂਦ ਦੇ ਅਕੱਟ ਸਬੂਤ ਹਨ। ਦੁਨੀਆ ਭਰ ਅੰਦਰ ਕੇਵਲ ਸਿਖ ਹੀ ਹਨ ਜੋ ਆਪਣੇ ਧਰਮ ਗ੍ਰੰਥ (ਆਦਿ ਗ੍ਰੰਥ ਸਾਹਿਬ) ਨੂੰ ਜੀਉਂਦਾ ਜਾਗਦਾ ਹਾਜ਼ਰ ਹਜ਼ੂਰ ਗੁਰੂ (in person) ਮੰਨਦੇ ਹਨ। ਹੋਰ ਧਰਮਾਂ ਵਾਲੇ ਭਾਵੇਂ ਆਪਣੇ ਆਪਣੇ ਧਰਮ-ਗ੍ਰੰਥ ਯਥਾ ਵੇਦ, ਪੁਰਾਣ, ਕੁਰਾਨ, ਅੰਜੀਲ ਆਦਿ ਦਾ ਪੂਰਨ ਸਤਿਕਾਰ ਕਰਦੇ ਅਤੇ ਉਨ੍ਹਾਂ ਨੂੰ ਪੜ੍ਹਦੇ ਸੁਣਦੇ ਹਨ, ਪਰ ਇਨ੍ਹਾਂ ਨੂੰ ਇਸ਼ਟ ਜਾਂ ਗੁਰੂ ਹੋਣ ਦਾ ਦਰਜਾ ਨਹੀਂ ਦੇਂਦੇ। ਕੇਵਲ ਸਿਖ ਹੀ ਹਨ ਜਿਨ੍ਹਾਂ ਦਾ ਧਰਮ ਗ੍ਰੰਥ ਜਾਗਤ ਜੋਤਿ ਗੁਰੂ ਹੈ। ਕੇਵਲ ਇਹ ਇਕ ਨੁਕਤਾ ਹੀ ਸਿੱਖਾਂ ਦੇ ਨਿਆਰੇਪਨ ਦੀ ਪ੍ਰਤੱਖ ਗਵਾਹੀ ਹੈ।

ਭਾਰਤ ਦੀ ਸਰਕਾਰ ਅਤੇ ਇਸ ਦਾ ਵਿਧਾਨ ਸਿਖ ਦੇ ਇਸ ਨਿਆਰੇਪਨ ਨੂੰ ਚੈਲੰਜ ਕਰਦਾ ਹੈ ਅਤੇ ਬਾਵਜੂਦ ਇਨ੍ਹਾਂ ਸਾਰੇ ਵਖਰੇਵਿਆਂ ਦੇ, ਸਿਖ ਨੂੰ ਹਿੰਦੂ ਦੀ ਇਕ ਸੰਪਰਦਾ ਕਰਾਰ ਦੇਂਦਾ ਹੈ, ਜਿਸ ਤੋਂ ਸਿਖ ਇਹ ਮਹਿਸੂਸ ਕਰਦਾ ਹੈ ਕਿ ਜੇ ਸਿਖ ਨੇ ਅੱਜ ਇਸ ਗੱਲ ਦੀ ਸੰਭਾਲ ਨਾ ਕੀਤੀ ਤਾਂ (ਉਸ ਨੂੰ ਤੌਖ਼ਲਾ ਹੈ) ਸਮਾਂ ਪਾ ਕੇ ਉਸ ਨੂੰ ਹਿੰਦੂ ਆਪਣੇ ਅੰਦਰ ਉਵੇਂ ਹੀ ਜਜ਼ਬ ਕਰ ਲਵੇਗਾ ਜਿਵੇਂ ਉਸ ਨੇ ਬੁੱਧ ਤੇ ਜੈਨ ਮਤ ਨਾਲ ਕੀਤਾ ਹੈ।

ਸੋ ਸਿਖ ਦੇ ਸਾਹਮਣੇ ਅੱਜ ਪ੍ਰਮੁੱਖ ਸਵਾਲ ਸਿਖ ਦੀ ਨਿਆਰੀ ਹੋਂਦ (Sikh identity) ਨੂੰ ਕਾਇਮ ਰੱਖਣ ਦਾ ਹੈ। ਇਸ ਆਈਡੈਂਟਿਟੀ (ਵੱਖਰੀ ਹੋਂਦ) ਨੂੰ ਖ਼ਤਮ ਕਰਨ ਦੇ ਸਾਧਨ ਤਾਂ ਭਾਵੇਂ ਦੇਰ ਤੋਂ ਹੀ ਕੀਤੇ ਜਾਂਦੇ ਰਹੇ ਹਨ, ਪਰ ਸਿਖ ਕੌਮ ਦਾ ਜਿੰਨਾ ਸਿਰ ਨੀਵਾਂ (humiliation) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਨੀਚਤਾ ਭਰਿਆ ਹਮਲਾ ਕਰ ਕੇ ਕੀਤਾ ਗਿਆ ਹੈ, ਇਸ ਦੀ ਮਿਸਾਲ ਸਿਖ ਇਤਿਹਾਸ ਵਿਚ ਨਹੀਂ ਮਿਲਦੀ।

ਅੰਮ੍ਰਿਤਸਰ ਅਤੇ ਪੰਜਾਬ ਭਰ ਦੇ ਹੋਰ ਗੁਰਦੁਆਰਿਆਂ ਅੰਦਰ ਵਰਤਾਏ ਸਾਕਿਆਂ ਅਤੇ ਗੁਰਦੁਆਰਿਆਂ ਦੀ ਕੀਤੀ ਤਬਾਹੀ ਤੇ ਬੇਹੁਰਮਤੀ ਤੋਂ ਇੰਦਰਾ ਕਾਂਗਰਸ ਅਤੇ ਉਸ ਦੀ ਸਰਕਾਰ ਨੂੰ ਇਸ ਗੱਲ ਦਾ ਭੈ ਹੋਣਾ ਲਾਜ਼ਮੀ ਸੀ ਕਿ ਸਿਖ ਜਜ਼ਬਾਤ ਸਮੁੱਚੇ ਤੌਰ 'ਤੇ ਭੜਕਣਗੇ ਅਤੇ ਹੋ ਸਕਦਾ ਹੈ ਕਿ ਉਹ ਪੰਜਾਬੀ ਹਿੰਦੂ ਨੂੰ ਨੁਕਸਾਨ ਪਹੁੰਚਾਉਣ। ਸਿਖ ਜਜ਼ਬਾਤ ਦੇ ਭੜਕਣ ਦਾ ਸਬੂਤ ਉਨ੍ਹਾਂ ਨੂੰ ਕਈ ਛਾਉਣੀਆਂ ਅੰਦਰ ਫ਼ੌਜੀ ਜਵਾਨਾਂ ਨੂੰ ਆਪਣੀਆਂ ਡਿਊਟੀਆਂ ਤੋਂ ਗ਼ੈਰ-ਹਾਜ਼ਰ ਹੋ ਕੇ ਫ਼ੌਜੀ ਟਰੱਕਾਂ ਵਿਚ ਨਿੱਜੀ ਹਥਿਆਰਾਂ ਸਮੇਤ ਅੰਮ੍ਰਿਤਸਰ ਵੱਲ ਨੂੰ

ਧਾਈ ਕਰਨਾ, ਰਸਤਿਆਂ ਵਿਚ ਘੇਰੇ 'ਤੇ ਕਈਆਂ ਦਾ ਮਾਰੇ ਜਾਣਾ ਅਤੇ ਕੁੱਝ ਕੁ ਦੇ ਬਾਰਡਰ ਲੰਘ ਪਾਕਿਸਤਾਨ ਚਲੇ ਜਾਣ ਤੋਂ ਮਿਲ ਚੁੱਕਾ ਸੀ। ਇਹ ਸਾਰਾ ਕੁੱਝ ਭਾਂਪਦੇ ਹੋਏ ਇੰਦਰਾ ਕਾਂਗਰਸ ਨੇ ਸਿਖ ਨੂੰ ਸਬਕ ਸਿਖਾਉਣ ਲਈ ਇਕ ਵਿਸ਼ਾਲ ਪਲੈਨ ਉਲੀਕਿਆ, ਜੋ ਵਧੇਰੇ ਕਰਕੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ 'ਤੇ ਵਰਤਿਆ ਜਾਣਾ ਸੀ। ਅਜਿਹਾ ਕਰ ਕੇ ਉਹ ਪੰਜਾਬ ਦੇ ਸਿੱਖਾਂ ਨੂੰ ਭੈ-ਭੀਤ ਕਰਨਾ ਅਤੇ ਉਨ੍ਹਾਂ ਨੂੰ ਇਹ ਦ੍ਰਿੜ ਕਰਾਉਣਾ ਚਾਹੁੰਦੀ ਸੀ ਕਿ ਅਗਰ ਉਹ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦਾ ਭਲਾ ਲੋਚਦੇ ਹਨ ਤਾਂ ਪੰਜਾਬ ਦੇ ਹਿੰਦੂ ਦੀ ਜਾਨ-ਮਾਲ ਦਾ ਬੁਰਾ ਨਾ ਤੱਕਣ। ਇੰਦਰਾ ਕਾਂਗਰਸ ਦੇ ਇਸ ਪਲੈਨ ਦਾ ਵਿਸਥਾਰ ਅਤੇ ਇਸ ਦੀ ਵਰਤੋਂ ਕਿਵੇਂ ਹੋਣੀ ਸੀ, ਇਹ ਪਾਠਕ ਅੱਗੇ ਪੜ੍ਹਨਗੇ। ਇਸ ਪਲੈਨ ਦੇ ਬਹੁਤ ਸਮਾਂ ਪਹਿਲੋਂ ਉਲੀਕੇ ਗਏ ਹੋਣ ਦਾ ਸਬੂਤ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਨਾਲ ਕੁਲਦੀਪ ਨਈਅਰ ਦੇ ਹੋਏ ਇੰਟਰਵੀਊ ਦੇ ਹੇਠ ਲਿਖੇ ਸ਼ਬਦਾਂ ਵਿਚ ਲੱਭਦਾ ਹੈ :

> "There is no doubt about this that it was well-planned, possibly the plan had been worked out much earlier, that in case such situation arose, this would be done, how the politicians would take advantage."
>
> *(Sikh Review, January 1985, p. 42)*

ਅਰਥਾਤ, "ਇਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਇਹ ਸਾਰਾ ਕੁੱਝ ਬਹੁਤ ਅੱਛੀ ਤਰ੍ਹਾਂ ਵਿਉਂਤਿਆ ਗਿਆ ਹੋਇਆ ਸੀ ਅਤੇ ਸੰਭਵ ਹੈ ਕਿ ਇਹ ਪਲੈਨ ਬਹੁਤ ਪਹਿਲੇ ਉਲੀਕਿਆ ਗਿਆ ਹੋਵੇ, ਤਾਂ ਕਿ ਜਦੋਂ ਹਾਲਾਤ ਮੰਗ ਕਰਨ ਇਸ 'ਤੇ ਵਰਤੋਂ ਕੀਤੀ ਜਾਵੇ ਅਤੇ ਪਾਲਿਟੀਸ਼ਨ ਇਸ ਦਾ ਲਾਭ ਲੈ ਸਕਣ।"

ਇਸ ਦਾ ਸਪੱਸ਼ਟ ਸਬੂਤ ਇਹ ਵੀ ਹੈ ਕਿ ਇੰਦਰਾ ਦੇ ਕਤਲ ਤੋਂ ਫ਼ੌਰਨ ਪਿੱਛੋਂ ਸਾੜ-ਫੂਕ ਅਰੰਭ ਹੋਈ, ਉਸ ਵੇਲੇ ਵੋਟਰਾਂ ਦੀਆਂ ਲਿਸਟਾਂ, ਜਿਨ੍ਹਾਂ ਵਿਚ ਸਿੱਖਾਂ ਦੇ ਨਾਮਾਂ ਤੇ ਮਕਾਨਾਂ ਦੀ ਵਾਕਫ਼ੀ ਦਰਜ ਸੀ, ਅੱਗਾਂ ਲੁਆਉਣ ਵਾਲਿਆਂ ਦੇ ਹੱਥਾਂ ਵਿਚ ਸਨ, ਵਰਨਾ ਘੜੀ ਪਲ ਅੰਦਰ ਉਹ ਲਿਸਟਾਂ ਉਨ੍ਹਾਂ ਨੇ ਕਿਥੋਂ ਲੈ ਲਈਆਂ। ਨਿਰਾ ਇਹੋ ਨਹੀਂ, ਉਸ ਵੇਲੇ ਉਨ੍ਹਾਂ ਪਾਸ ਇਲਾਕੇ-ਵਾਰ ਉਹ ਨਕਸ਼ੇ ਵੀ ਸਨ ਜਿਨ੍ਹਾਂ ਤੋਂ ਸਿੱਖਾਂ ਦੇ ਘਰਾਂ ਦੇ ਨਿਸ਼ਾਨ ਵੀ ਵੇਖੇ ਜਾ ਸਕਦੇ ਸਨ। ਇਹ ਨਕਸ਼ੇ ਉਨ੍ਹਾਂ ਨੂੰ ਕਿਸ ਨੇ ਦਿੱਤੇ, ਕਦੋਂ ਦਿੱਤੇ ? ਜਨਰਲ ਅਰੋੜਾ ਦੇ ਇਹ ਸ਼ਬਦ ਵੇਖਣ ਯੋਗ ਹਨ : 'ਇਸ ਵਿਚ ਰਤਾ ਭਰ ਸ਼ੱਕ ਨਹੀਂ ਕਿ ਇਹ ਸਾਰਾ ਕੁੱਝ ਬਹੁਤ ਪਹਿਲੋਂ ਪਲੈਨ ਕੀਤਾ ਗਿਆ ਹੋਇਆ ਸੀ, ਤਾਂ ਕਿ ਮੌਕਿਆ ਆਉਣ 'ਤੇ ਇਸ 'ਤੇ ਫ਼ੌਰੀ ਅਮਲ ਹੋ ਸਕੇ।'

ਸਿੱਖਾਂ ਦੀਆਂ ਜਾਇਦਾਦਾਂ ਦੀ ਵਿਉਂਤ ਅਧੀਨ ਕੀਤੀ ਤਬਾਹੀ ਪਿੱਛੇ, ਉਨ੍ਹਾਂ ਦੀ ਆਰਥਕ ਉੱਨਤੀ ਵਿਰੁੱਧ ਈਰਖਾ ਅਤੇ ਸਾੜੇ ਦੀਆਂ ਭਾਵਨਾਵਾਂ ਵੀ ਕੰਮ ਕਰ ਰਹੀਆਂ ਸਨ।

ਪ੍ਰੰਤੂ ਭਾਵੇਂ ਇਸ ਨੂੰ ਸਿੱਖਾਂ ਦੀ ਅਕਲਮੰਦੀ ਕਹੋ ਜਾਂ ਕੁੱਝ ਹੋਰ, ਪੰਜਾਬ ਦੇ ਸਿੱਖਾਂ ਨੇ ਵੱਡੀ ਸ਼ਾਂਤੀ ਵਿਖਾਈ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਅੰਦਰ ਵਰਤੇ ਹਾਲਾਤ ਦੇ ਫਲਸਰੂਪ ਹਿੰਦੂ ਜਾਤੀ ਅਤੇ ਇੰਦਰਾ ਕਾਂਗਰਸ ਵਿਰੁੱਧ ਕੋਈ ਅਣਭਾਉਂਦੀ ਗੱਲ ਨਹੀਂ ਕੀਤੀ ਅਤੇ ਇੰਦਰਾ ਸਰਕਾਰ ਨੂੰ ਮੌਕਾ ਨਹੀਂ ਦਿੱਤਾ ਕਿ ਉਹ ਸਿੱਖਾਂ ਦੇ ਕਤਲਾਮ (genocide) ਦੇ ਪ੍ਰੋਗਰਾਮ ਨੂੰ ਵਰਤੋਂ ਵਿਚ ਲਿਆਵੇ। ਫਿਰ ਵੀ ਪੰਜਾਬ ਦੇ ਸਿੱਖਾਂ ਨੂੰ ਹੋਰ ਨੀਵਾਂ ਦਿਖਾਉਣ ਅਤੇ ਲੱਗਦੇ ਚਾਰੇ ਉੱਕਾ ਹੀ ਬੇਹਿਸ ਕਰਨ ਦੀ ਸੋਚ ਨੇ ਇੰਦਰਾ ਸਰਕਾਰ ਨੂੰ ਸੁਖ ਦੀ ਨੀਂਦ ਨਾ ਆਉਣ ਦਿੱਤੀ।

ਪਾਕਿਸਤਾਨ ਤੋਂ ਭਾਰਤ ਨੂੰ ਖ਼ਤਰੇ ਦੀ ਘੰਟੀ ਤਾਂ ਇੰਦਰਾ ਗਾਂਧੀ ਆਪਣੀ ਹਰ ਤਕਰੀਰ ਅਤੇ ਪ੍ਰੈਸ ਕਾਨਫ਼ਰੰਸ ਵਿਚ ਲਗਾਤਾਰ ਖੜਕਾਉਂਦੀ ਹੀ ਰਹੀ ਸੀ। ਇਸ ਵਿਚੋਂ ਹੀ ਉਸ ਨੇ ਸਿੱਖਾਂ ਦੇ ਕਤਲਾਮ (genocide) ਦੀ ਵਿਉਂਤ ਲੱਭਣੀ ਚਾਹੀ। ਪਾਕਿਸਤਾਨ ਦੇ ਆਪਣੇ ਅੰਦਰ ਦੇ ਹਾਲਾਤ ਇਸ ਗੱਲ ਦੇ ਗਵਾਹ ਸਨ ਅਤੇ ਹੁਣ ਭੀ ਹਨ ਕਿ ਇਨ੍ਹਾਂ ਹਾਲਾਤ ਅੰਦਰ ਪਾਕਿਸਤਾਨ ਨੂੰ ਭਾਰਤ 'ਤੇ ਹਮਲਾ ਕਰਨਾ ਸੁੱਝ ਹੀ ਨਹੀਂ ਸਕਦਾ, ਪਰ ਫਿਰ ਵੀ ਇੰਦਰਾ ਸਰਕਾਰ ਨੇ ਪਾਕਿਸਤਾਨ ਨੂੰ ਇਸ਼ਤਿਆਲ ਦੇਣ ਜਾਂ ਉਸ ਉਪਰ ਹਮਲਾ ਕਰਨ ਲਈ ਆਪਣੀ ਸੈਨਾ ਨੂੰ ਸਮੇਤ ਹਰ ਤਰ੍ਹਾਂ ਦੇ ਗੋਲੀ ਬਰੂਦ (ammunition) ਦੇ ਪਾਕ ਬਾਰਡਰ 'ਤੇ ਇਕੱਠਾ ਕਰਨਾ ਸ਼ੁਰੂ ਕੀਤਾ, ਜਿਸ ਨਾਲ ਪੰਜਾਬ ਦੇ ਬਾਰਡਰ 'ਤੇ ਜੰਗ ਦਾ ਭੈ ਏਨਾ ਛਾ ਗਿਆ ਸੀ ਕਿ ਖੇਮਕਰਨ ਦੇ ਆਲੇ-ਦੁਆਲੇ ਕਈ ਪਿੰਡਾਂ ਦੇ ਲੋਕਾਂ ਤਾਂ ਆਪਣੇ ਘਰ ਘਾਟ ਛੱਡ ਦੁਰੇਡੇ ਪਿੰਡਾਂ ਵਿਚ ਪਨਾਹ ਜਾ ਲਈ ਸੀ ਅਤੇ ਗ਼ੈਰ-ਪੰਜਾਬੀ (ਭਈਏ), ਜੋ ਯੂ.ਪੀ., ਬਿਹਾਰ, ਰਾਜਸਥਾਨ ਤੋਂ ਮਜ਼ਦੂਰੀ ਕਰਨ ਇਨ੍ਹਾਂ ਇਲਾਕਿਆਂ ਵਿਚ ਆਏ ਹੋਏ ਸਨ, ਆਪਣੇ ਆਪਣੇ ਦੇਸ਼ ਨੂੰ ਪਰਤ ਗਏ ਸਨ। ਪੰਜਾਬ ਦੇ ਬਾਰਡਰ ਦੇ ਜ਼ਿਲਿਆਂ ਅੰਦਰ ਇਹ ਚਰਚਾ ਏਨੀ ਵਧ ਚੁੱਕੀ ਸੀ ਕਿ ਲੋਕਾਂ ਹਮਲਾ ਹੋਣ ਦੇ ਮਿਥੇ ਗਏ ਦਿਨ ਵਾਰ ਵੀ ਜਾਣ ਲਏ ਸਨ। ਆਮ ਤੌਰ 'ਤੇ ਇਸ ਦੇ ਲਈ 2 ਨਵੰਬਰ ਅਤੇ ਕਿਧਰੇ 6 ਨਵੰਬਰ ਦੀ ਤਾਰੀਖ਼ ਦੱਸੀ ਜਾਂਦੀ ਸੀ।

ਸੱਚ ਜਾਂ ਝੂਠ, ਇਸ ਗੱਲ ਦੀ ਚਰਚਾ ਵੀ ਸੀ ਕਿ ਇਸ ਜੰਗ ਨੂੰ ਬਾਰਡਰ ਦੇ ਜ਼ਿਲਿਆਂ ਦੇ ਸਿੱਖਾਂ ਦੇ genocide (ਕਤਲਾਮ) ਦਾ ਬਹਾਨਾ ਬਣਾਇਆ ਜਾਵੇਗਾ।

ਇਸ ਸੰਬੰਧ ਵਿਚ 1965 ਦੇ ਭਾਰਤ-ਪਾਕ ਜੰਗ ਦੀ ਇਹ ਗੱਲ ਵੱਡੀ ਅਰਥ

ਭਰਪੂਰ ਹੈ ਕਿ ਉਸ ਜੰਗ ਸਮੇਂ ਭਾਰਤੀ ਸੈਨਾ ਦੇ ਸਮੇਂ ਦੇ ਮੁਖੀ ਦਾ ਦ੍ਰਿੜ੍ਹ ਇਰਾਦਾ ਸੀ ਕਿ ਦੁਸ਼ਮਣ ਨੂੰ ਦਰਿਆ ਬਿਆਸ ਤਕ ਵਧਣ ਦਿੱਤਾ ਜਾਵੇ, ਜਿਸ ਦਾ ਭਾਵ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਜ਼ਿਲਿਆਂ ਨੂੰ ਵੈਰੀ ਹਵਾਲੇ ਕਰ ਕੇ ਜੰਗ ਦੇ ਮੋਰਚੇ ਦਰਿਆ ਬਿਆਸ 'ਤੇ ਬਣਾਉਣ ਦਾ ਸੀ। ਉਸ ਸਮੇਂ ਪੱਛਮੀ ਕਮਾਂਡ ਦੇ ਜਰਨੈਲ ਸ: ਹਰਬਖ਼ਸ਼ ਸਿੰਘ ਨੇ ਇਸ ਵਿਉਂਤ ਦਾ ਡੱਟ ਕੇ ਵਿਰੋਧ ਕੀਤਾ ਸੀ, ਜਿਸ ਕਰਕੇ ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਲੜਾਈ ਦਾ ਮੈਦਾਨ ਨਾ ਬਣਾਇਆ ਜਾ ਸਕਿਆ। ਹੁਣ ਚੂੰਕਿ ਭਾਰਤ ਦੀ ਇੰਦਰਾ ਸਰਕਾਰ ਖ਼ੁਦ ਸਿੱਖਾਂ ਨੂੰ ਵਿਸ਼ੇਸ਼ ਸਬਕ ਸਿਖਾਉਣ ਦਾ ਇਰਾਦਾ ਧਾਰੇ ਹੋਏ ਸੀ, ਇਸ ਲਈ 1965 ਦੇ ਜੰਗ ਵਾਲੀ ਸਕੀਮ ਦਾ ਵਰਤੋਂ ਵਿਚ ਲਿਆਇਆ ਜਾਣਾ ਐਨ ਸੰਭਵ ਸੀ।

ਪ੍ਰੰਤੂ ਕਰਤਾ ਪੁਰਖ ਨੂੰ ਇਹ ਨਹੀਂ ਸੀ ਭਾਉਂਦਾ। ਉਸ ਨੇ ਸ੍ਰੀਮਤੀ ਇੰਦਰਾ ਗਾਂਧੀ, ਜੋ ਇਸ ਵਿਉਂਤੇ ਗਏ ਹਿੰਦ-ਪਾਕ ਜੰਗ ਦੀ ਰੂਹੇ-ਰਵਾਂ ਸੀ, ਨੂੰ ਇਸ ਖੇਡ ਦੇ ਖੇਡੇ ਜਾਣ ਦੇ ਪਹਿਲੋਂ ਹੀ ਆਪਣੇ ਦਰਬਾਰ ਅੰਦਰ ਹਾਜ਼ਰ ਹੋਣ ਦਾ ਹੁਕਮ ਜਾਰੀ ਕਰ ਦਿੱਤਾ। ਵਾਹਿਗੁਰੂ ਦੀ ਵੱਡੀ ਅਗਾਧ ਗਤੀ ਹੈ, ਕੋਈ ਨਹੀਂ ਕਹਿ ਸਕਦਾ ਕਿ ਉਸ ਨੇ ਕੀ ਕਰਨਾ ਹੈ—'ਅੰਤੁ ਨ ਜਾਪੈ ਕਿਆ ਮਨਿ ਮੰਤੁ'। ਉਸ ਦੇ ਘਰ ਨਿਆਉਂ ਹੈ ਕੁਨਿਆਂ ਨਹੀਂ—ਇਹ ਭੀ ਉਸ ਦੀ ਇਕ ਵਡਿਆਈ ਹੈ।

ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥ *(ਪੰਨਾ 84)*

ਕਿਸੇ ਉਰਦੂ ਦੇ ਸ਼ਾਇਰ ਨੇ ਠੀਕ ਹੀ ਕਿਹਾ ਸੀ :

ਜਬ ਆਹ ਪਹੁੰਚੀ ਬਰ ਫ਼ਲਕ ਯੂੰ ਬੋਲ ਕਹਿਨੇ ਲਗੇ ਮਲਿਕ,
ਸਦ ਆਫ਼ਰੀਂ ਇਸ ਆਹ ਪੈ ਜਿਸ ਨੇ ਸਾਰਾ ਫ਼ਲਕ ਹਿਲਾ ਦੀਆ।

ਇਤਿਹਾਸ ਗਵਾਹ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਅਤੇ ਇਸ ਪਵਿੱਤਰ ਭੂਮੀ 'ਤੇ ਕੀਤੇ ਅਪਰਾਧ ਕਦੀ ਖ਼ਾਲੀ ਨਹੀਂ ਗਏ। ਐਨ ਉਸ ਵੇਲੇ ਜਦੋਂ ਇਥੋਂ ਇਲਾਹੀ ਨਾਦ ਦੀ ਧੁਨ ਉਠ ਰਹੀ ਸੀ, ਇਸ ਉਪਰ ਅੰਧਾ-ਧੁੰਧ ਗੋਲੀਆਂ ਦੀ ਵਰਖਾ ਹੋਣੀ ਅਤੇ ਹਰੀ-ਜਸ ਗਾ ਰਹੇ ਗੁਰੂ ਘਰ ਦੇ ਕੀਰਤਨੀਆਂ ਦੇ ਅੰਮ੍ਰਿਤ ਭਿੰਨੇ ਬੋਲਾਂ ਨੂੰ ਹਮੇਸ਼ਾ ਲਈ ਚੁੱਪ ਕਰਾ ਦੇਣਾ ਅਕਾਲ ਪੁਰਖ ਨੂੰ ਕਿਵੇਂ ਭਾ ਸਕਦਾ ਸੀ। ਇਸ ਪਾਵਨ ਧਰਾ ਤੇ ਸੈਂਕੜੇ ਬੇਗੁਨਾਹ ਮਾਸੂਮਾਂ ਦਾ ਖ਼ੂਨ ਵੀਟਿਆ ਕਿਵੇਂ ਅਜਾਈਂ ਜਾ ਸਕਦਾ ਸੀ। ਇਸ ਦੇ ਲਈ ਇੰਦਰਾ ਦੀ ਬਗਲ ਵਿਚੋਂ ਹੀ ਐਸਾ ਕਾਲਾ ਨਾਗ ਪੈਦਾ ਕਰ ਦਿੱਤਾ ਗਿਆ, ਜਿਸ ਦੇ ਵਿਹੁਲੇ ਡੰਗ ਤੋਂ ਉਹ ਨਾ ਬਚ ਸਕੀ। ਵਰਨਾ ਏਨੀ ਵੱਡੀ ਸਿਕਿਉਰਟੀ ਗਾਰਡ, ਜਿਸ ਦੇ ਪੰਜ ਸੌ ਮੁਸੱਲਾ ਬਸ਼ਰ (ਹਥਿਆਰ-ਬੰਦ ਮਨੁੱਖ) ਜਿਨ੍ਹਾਂ ਵਿਚ ਪੁਲੀਸ ਦੇ ਕਈ ਅਸਿਸਟੈਂਟ ਕਮਿਸ਼ਨਰ, ਇਕ ਸੌ ਪੁਲੀਸ

ਇੰਸਪੈਕਟਰ ਤੇ ਸਬ-ਇੰਸਪੈਕਟਰ ਅਤੇ ਚਾਰ ਸੌ ਹੈੱਡ ਕੰਸਟੇਬਲ ਅਤੇ ਸਿਪਾਹੀ ਸ਼ਾਮਲ ਸਨ, ਜਿਨ੍ਹਾਂ ਦੇ ਮੋਢਿਆਂ 'ਤੇ ਹਰ ਵਕਤ ਲੋਡਿਡ ਸਟੇਨਗੰਨਾਂ ਤੇ ਰਾਈਫ਼ਲਾਂ ਲਟਕਦੀਆਂ ਦਿੱਸਦੀਆਂ ਸਨ ਅਤੇ ਜੋ ਹਰ ਵਕਤ ਪ੍ਰਧਾਨ ਮੰਤਰੀ ਦੇ ਅੱਗੇ ਪਿੱਛੇ ਹਾਜ਼ਰ ਰਹਿੰਦੇ ਸਨ—ਹਾਂ ਏਨੀ ਵੱਡੀ ਸਿਕਿਉਰਟੀ ਗਾਰਡ ਦੇ ਵਿਚੋਂ ਹੀ ਉਹ ਬੰਦੇ ਉਗਮ ਪਏ ਦੱਸੇ ਜਾਂਦੇ ਹਨ ਜਿਨ੍ਹਾਂ ਨੇ ਅੱਖ ਫਰਕਣ ਵਿਚ ਹੀ ਸ੍ਰੀਮਤੀ ਇੰਦਰਾ ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ।

ਦੇਸ਼ ਦੇ ਪ੍ਰਾਈਮ ਮਨਿਸਟਰ ਦਾ ਕਤਲ ਕੋਈ ਛੋਟੀ ਜਿਹੀ ਗੱਲ ਨਹੀਂ ਸੀ। ਇਸ ਦਾ ਭਾਵਕ ਅਸਰ ਹੋਣਾ ਕੁਦਰਤੀ ਸੀ। ਇਸ ਦਾ ਜੋ ਅਸਰ ਉਸ ਦੇ ਇਕੋ ਇਕ ਬੇਟੇ ਦੇ ਮਨ 'ਤੇ ਹੋਇਆ ਹੋਵੇਗਾ, ਉਹ ਸਹਿਜੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਜਿਉਂ ਹੀ ਰਾਜੀਵ ਗਾਂਧੀ, ਜੋ ਕਲਕੱਤੇ ਵੱਲ ਦੌਰੇ 'ਤੇ ਸੀ, ਨੂੰ ਇਸ ਦੀ ਉਥੇ ਖ਼ਬਰ ਮਿਲੀ ਅਤੇ ਇਹ ਪਬਲਿਕ ਵਿਚ ਫੈਲੀ ਤਾਂ ਪਹਿਲੀ ਗੱਲ ਜੋ ਕਲਕੱਤੇ ਹੋਈ ਉਹ ਇੰਦਰਾ ਕਾਂਗਰਸ ਦੇ ਵਾਲੰਟੀਅਰਾਂ ਦਾ ਜੀਪਾਂ ਵਿਚ ਬੈਠ ਕਲਕੱਤੇ ਦੇ ਬਾਜ਼ਾਰਾਂ ਤੇ ਗਲੀਆਂ ਅੰਦਰ ਘੁੰਮਦੇ ਹੋਏ ਲੋਕਾਂ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾਉਣ ਦੀ ਸੀ। ਕਿੰਨੀਆਂ ਹੀ ਸਿਖ ਦੁਕਾਨਾਂ ਲੁੱਟੀਆਂ ਤੇ ਫਿਰ ਸਾੜੀਆਂ ਗਈਆਂ। ਸਿੱਖਾਂ ਦੀਆਂ ਟੈਕਸੀਆਂ ਨੂੰ ਅੱਗ ਲਗਾਈ ਗਈ। ਬੜਾ ਬਾਜ਼ਾਰ ਅਤੇ ਰਾਸ ਬਿਹਾਰੀ ਐਵੇਨੀਊ ਅੰਦਰ ਦੇ ਦੋਹਾਂ ਗੁਰਦੁਆਰਿਆਂ ਉਪਰ ਅੰਧਾ-ਧੁੰਧ ਪੱਥਰ ਵਰਸਾਏ ਗਏ ਅਤੇ ਗੁਰਦੁਆਰਿਆਂ ਦੇ ਬਾਹਰ ਖੜੀਆਂ ਸਾਰੀਆਂ ਕਾਰਾਂ, ਟੈਕਸੀਆਂ ਤੇ ਟੈਂਪੂਆਂ ਨੂੰ ਅੱਗ-ਭੇਟ ਕੀਤਾ ਗਿਆ। ਇਹ ਸਿਲਸਿਲਾ ਪਹਿਲੀ ਨਵੰਬਰ ਨੂੰ ਭੀ ਜਾਰੀ ਰਿਹਾ, ਉਸ ਦਿਨ ਸਿੱਖਾਂ ਦੀਆਂ ਘੱਟੋ ਘੱਟ 27 ਲਾਰੀਆਂ ਤੇ ਕਾਰਾਂ ਸਾੜੀਆਂ ਗਈਆਂ। ਕਈ ਇਲੈਕਟ੍ਰਾਨਿਕ ਸਟੋਰ ਲੁੱਟੇ ਤੇ ਸਾੜੇ ਗਏ। ਮੀਟਰੋ ਸਿਨੇਮਾ ਲਾਗੇ ਕਈ ਸਿਖ ਹੋਟਲ ਤਬਾਹ ਕੀਤੇ ਗਏ। *ਸੁਰੀਆ* ਮੈਗਜ਼ੀਨ ਅਨੁਸਾਰ ਅੱਗਾਂ ਲਾਉਣ ਵਾਲੇ ਗੁੰਡੇ ਇੰਦਰਾ ਕਾਂਗਰਸ ਦੇ ਝੰਡੇ ਉਠਾਏ ਹੋਏ ਸਨ ਅਤੇ ਲੁੱਟ-ਮਾਰ ਸਾੜ-ਫੂਕ ਦਾ ਸਾਰਾ ਸਿਲਸਿਲਾ ਇਕ highly organised pattern (ਨਿਹਾਇਤ ਅੱਛੀ ਤਰ੍ਹਾਂ ਸੋਚੀ ਸਮਝੀ ਵਿਉਂਤ) ਅਨੁਸਾਰ ਕੀਤਾ ਜਾ ਰਿਹਾ ਸੀ।

ਰਾਜੀਵ ਫ਼ੌਰਨ ਦਿੱਲੀ ਪਹੁੰਚੇ। ਉਸ ਵੇਲੇ ਭਾਰਤ ਦੇ ਕਈ ਪ੍ਰਾਂਤਾਂ ਦੇ ਚੀਫ਼ ਮਨਿਸਟਰ ਉਥੇ ਆਏ ਹੋਏ ਸਨ। ਉਨ੍ਹਾਂ ਨੂੰ ਮਿਲਣ ਸਾਰ ਰਾਜੀਵ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦਾ ਦਿੱਲੀ ਆ ਬੈਠਣ ਦਾ ਕੋਈ ਕੰਮ ਨਹੀਂ, ਉਹ ਤਤਕਾਲ ਆਪਣੇ ਆਪਣੇ ਸੂਬੇ ਵਿਚ ਜਾ ਕੇ ਇੰਤਜ਼ਾਮ ਕਰਨ। ਇਹ ਕੈਸਾ ਇੰਤਜ਼ਾਮ ਸੀ, ਇਹ ਤਾਂ ਰਾਜੀਵ ਜਾਂ ਚੀਫ਼ ਮਨਿਸਟਰ ਜਾਣਦੇ ਹੋਣਗੇ, ਪ੍ਰੰਤੂ 31 ਅਕਤੂਬਰ ਤੋਂ 10 ਨਵੰਬਰ 1984 ਤਕ ਜੋ ਕੁਝ ਸਾਰੇ ਕਾਂਗਰਸੀ ਹਕੂਮਤ ਵਾਲੇ ਸੂਬਿਆਂ ਅੰਦਰ ਵਰਤਿਆ,

ਉਹ ਰਾਜੀਵ ਦੇ ਉਕਤ ਵਰਣੇ ਹੁਕਮ ਦੀ ਮੂੰਹ-ਬੋਲਦੀ ਤਸਵੀਰ ਹੈ। ਉਹ ਪਲੈਨ ਜੋ ਅੰਮ੍ਰਿਤਸਰ ਕਾਂਡ ਪਿੱਛੋਂ ਇੰਦਰਾ ਕਾਂਗਰਸ ਨੇ ਪੰਜਾਬ ਵਾਸਤੇ ਉਲੀਕਿਆ ਹੋਇਆ ਸੀ, ਪ੍ਰੰਤੂ ਪੰਜਾਬ ਦੇ ਸਿੱਖਾਂ ਵੱਲੋਂ ਕੋਈ ਅਣਸੁਖਾਵੀਂ ਗੱਲ ਨਾ ਹੋਈ ਹੋਣ ਕਾਰਨ ਵਰਤਿਆ ਨਹੀਂ ਗਿਆ ਸੀ, ਇੰਦਰਾ ਦੇ ਕਤਲ ਦੀ ਜਵਾਬੀ ਕਾਰਵਾਈ ਵਜੋਂ ਵਰਤਣ ਦਾ ਗੁਪਤ ਫ਼ੈਸਲਾ ਕੀਤਾ ਗਿਆ। ਇਹ ਕਤਲ ਪ੍ਰਧਾਨ ਮੰਤਰੀ ਦੇ ਨਿੱਜੀ ਸਿਕਿਉਰਟੀ ਗਾਰਡ ਦੇ ਦੋ ਬੰਦਿਆਂ ਵੱਲੋਂ ਕੀਤਾ ਦਸਿਆ ਗਿਆ ਸੀ, ਜੋ ਬਦਕਿਸਮਤੀ ਨਾਲ ਸਿਖ ਸਨ, ਇਸ ਦਾ ਦੋਸ਼ੀ ਸਾਰੀ ਸਿਖ ਕੌਮ ਨੂੰ ਸਮਝ ਲਿਆ ਗਿਆ ਅਤੇ ਹਰ ਪੱਗ-ਬੰਨ੍ਹ, ਇੰਦਰਾ ਦਾ ਕਾਤਲ ਮੰਨ ਲਿਆ ਗਿਆ। ਇਥੇ ਇਹ ਪੁੱਛਣਾ ਕੁਥਾਏਂ ਨਹੀਂ ਹੋਵੇਗਾ ਕਿ ਕੀ ਮਹਾਤਮਾ ਗਾਂਧੀ, ਜਿਸ ਨੂੰ ਦੇਸ਼ ਦਾ ਰਾਸ਼ਟਰ ਪਿਤਾ ਕਿਹਾ ਜਾਂਦਾ ਹੈ, ਦੇ ਕਤਲ ਹੋ ਜਾਣ 'ਤੇ ਗਾਡਸੇ ਤੋਂ ਬਿਨਾਂ ਕਿਸੇ ਮਰਹੱਟੇ ਜਾਂ ਕਿਸੇ ਹੋਰ ਸੰਬੰਧਤ ਮਨੁੱਖ ਦਾ ਵਾਲ ਵੀ ਵਿੰਗਾ ਹੋਇਆ ਸੀ। ਅਤੇ ਗਾਡਸੇ ਨੂੰ ਵੀ ਕਾਨੂੰਨ ਅਨੁਸਾਰ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਉਪ੍ਰੰਤ ਹੀ ਮੌਤ ਦੀ ਸਜ਼ਾ ਦਿੱਤੀ ਗਈ ਸੀ। ਪਰ ਇਥੇ ਕਿਸੇ ਇਕ ਜਾਂ ਦੋ ਕਥਿਤ ਦੋਸ਼ੀਆਂ ਦੇ ਦੱਸੇ ਜਾਂਦੇ ਗੁਨਾਹ ਕਾਰਨ ਸਾਰੀ ਸਿਖ ਕੌਮ, ਸਮੇਤ ਬੱਚਿਆਂ ਤੇ ਇਸਤਰੀਆਂ ਦੇ, ਦੋਸ਼ੀ ਕਰਾਰ ਦਿੱਤੀ ਅਤੇ ਕੁਹ ਕੁਹ ਕੇ ਮੌਤ ਦੇ ਘਾਟ ਉਤਾਰੀ ਗਈ। ਇਹੋ ਜਿਹੀਆਂ, ਮੁਖੀ ਨੇਤਾਵਾਂ ਦੇ ਕਾਤਲਾਂ ਹੱਥੋਂ ਮਾਰੇ ਜਾਣ ਦੀਆਂ ਬਦੇਸ਼ਾਂ ਅੰਦਰ ਹੋਰ ਵੀ ਕਈ ਮਿਸਾਲਾਂ ਹੋਣਗੀਆਂ (ਜਿਵੇਂ ਅਮਰੀਕਾ ਦਾ ਪ੍ਰੈਜ਼ੀਡੈਂਟ ਕੈਨੇਡੀ, ਬੰਗਲਾ ਦੇਸ਼ ਦਾ ਮੁਜੀਬੁਲ ਰਹਿਮਾਨ, ਪਾਕਿਸਤਾਨ ਦਾ ਲਿਆਕਤ ਅਲੀ) ਪ੍ਰੰਤੂ ਉਨ੍ਹਾਂ ਕਾਤਲਾਂ ਪਿੱਛੇ ਕਿੰਨੇ ਕੁ ਉਨ੍ਹਾਂ ਦੇਸ਼ਾਂ ਦੇ ਹੋਰ ਨੈਸ਼ਨਲ ਮਾਰ ਦਿੱਤੇ ਜਾਂ ਜੀਉਂਦੇ ਸਾੜੇ ਗਏ। ਸੋਚਣ ਵਾਲੀ ਗੱਲ ਹੈ ਕਿ ਸ੍ਰੀਮਤੀ ਇੰਦਰਾ ਦੇ ਕਹੇ ਜਾਂਦੇ ਦੋ ਜਾਂ ਤਿੰਨ ਸਿਖ ਕਾਤਲਾਂ ਦੇ ਇਸ ਬੱਜਰ ਗੁਨਾਹ ਪਿੱਛੇ ਕਈ ਹਜ਼ਾਰ ਬੇਗੁਨਾਹ ਸਿਖ ਨੌਜਵਾਨਾਂ ਨੂੰ ਜੀਉਂਦੇ ਸਾੜ ਦੇਣਾ, ਸੈਂਕੜੇ ਸਤਵੰਤੀਆਂ ਨੂੰ ਬੇਵਾ ਬਣਾ ਦੇਣਾ ਅਤੇ ਹਜ਼ਾਰਾਂ ਮਾਸੂਮ ਬੱਚਿਆਂ ਨੂੰ ਯਤੀਮ ਕਰ ਦੇਣਾ ਕਿਥੋਂ ਤਕ ਜਾਇਜ਼ ਸੀ।

ਦੇਸ਼ ਭਰ ਦੇ ਲਗਪਗ ਹਰ ਸ਼ਹਿਰ ਅੰਦਰ, ਜਿਥੇ ਸਿਖ ਵੱਸਦੇ ਜਾਂ ਕੋਈ ਕਾਰ-ਵਿਹਾਰ ਕਰਦੇ ਸਨ, ਉਨ੍ਹਾਂ ਨਾਲ ਇਕੋ ਵਕਤ ਇਕ-ਸਾਰ ਇਕ ਤਰ੍ਹਾਂ ਦਾ ਵਰਤਾਉ ਕੀਤਾ ਗਿਆ। ਇਸ ਵਿਚੋਂ ਜਿੰਨੀਆਂ ਕੁ ਥਾਵਾਂ 'ਤੇ ਵਰਤਦੇ ਹਾਲਾਤ ਦੀ ਵਾਕਫ਼ੀ ਸਾਨੂੰ ਮਿਲੀ ਹੈ, ਉਸ ਦਾ ਸੰਖੇਪ ਵਰਣਨ ਭੀ ਭਾਵੇਂ ਕੀਤਾ ਜਾਵੇਗਾ, ਪਰ ਪਹਿਲੋਂ ਦੇਸ਼ ਦੀ ਰਾਜਧਾਨੀ ਦਿੱਲੀ, ਜਿਥੇ ਰਾਜਸੀ ਪ੍ਰਬੰਧਕ ਢਾਂਚਾ ਹੋਰ ਥਾਵਾਂ ਤੋਂ ਵਧੇਰੇ ਅੱਛਾ ਹੋਣ ਦੀ ਸੰਭਾਵਨਾ ਹੋਣੀ ਚਾਹੀਦੀ ਹੈ, ਦੀ ਗੱਲ ਕਰਦੇ ਹਾਂ ਅਤੇ ਉਹ ਵੀ ਉਸ ਰੀਪੋਰਟ ਦੇ ਆਧਾਰ 'ਤੇ, ਜੋ ਦੋ ਨਿਰਪੱਖ ਤੇ ਆਜ਼ਾਦ ਸੁਸਾਇਟੀਆਂ

(i) ਪੀਪਲਜ਼ ਯੂਨੀਅਨ ਆਫ਼ ਡੈਮੋਕ੍ਰੇਟਿਕ ਰਾਈਟਸ (P.U.D.R.) ਅਤੇ (ii) ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ (P.U.C.L.) ਨੇ *Who are the Guilty* (*ਦੋਸ਼ੀ ਕੌਣ ਹੈ ?*) ਦੇ ਸਿਰਲੇਖ ਹੇਠ ਪ੍ਰਕਾਸ਼ਤ ਕੀਤੀ।

ਇਸ ਰੀਪੋਰਟ ਵਿਚ ਪਹਿਲ ਪ੍ਰਥਮੇ ਦਰਜ ਹੈ:

> "The attacks on members of Sikh community were the outcome of well organised plan marked by acts of both commission and omission by important politicians of the Congress (I) at the top and by authorities in the administration.....The attacks on Sikhs followed a common pattern in all colonies and were masterminded by some powerful organised groups.....There was also a definite pattern discernible in the choice of victims as they largely belonged to the age-group 20 to 50."

ਅਰਥਾਤ, "ਸਿੱਖਾਂ ਉੱਪਰ ਕੀਤੇ ਗਏ ਵਾਰ ਸੋਚ ਸਮਝ ਕੇ ਬਾਕਾਇਦਾ ਉਲੀਕੀ ਗਈ ਵਿਉਂਤ (Plan) ਅਨੁਸਾਰ ਸਨ, ਜਿਸ ਦੀ ਵਰਤੋਂ ਇੰਦਰਾ ਕਾਂਗਰਸ ਦੇ ਜਾਣੇ ਉੱਘੇ ਸਿਆਸੀ ਬੰਦਿਆਂ ਵੱਲੋਂ ਮਿਲੀ ਸੇਧ ਅਧੀਨ ਹਕੂਮਤ ਦੇ ਮੁਖੀ ਕਰਮਚਾਰੀ ਕਰ ਰਹੇ ਸਨ, ਜੋ ਸੇਧ ਏਨੀ ਸਪੱਸ਼ਟ ਸੀ ਕਿ ਸਭ ਕਿਸੇ ਨੂੰ ਪਤਾ ਸੀ ਕਿ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ।... ਸਿੱਖਾਂ ਉਪਰ ਹੋਏ ਵਾਰ ਸਾਰੀਆਂ ਆਬਾਦੀਆਂ (colonies) ਵਿਚ ਇਕ-ਸਾਰ ਤੇ ਇਕੋ-ਭਾਂਤ (pattern) ਦੇ ਸਨ। ਇਨ੍ਹਾਂ ਦੀ ਇਕਸਾਰਤਾ ਇਸ ਗੱਲ ਦਾ ਪ੍ਰਤੱਖ ਸਬੂਤ ਸੀ ਕਿ ਇਹ ਸਾਰੇ ਮਜ਼ਬੂਤ ਜਥੇਬੰਦ ਧੜੇ ਦੇ ਦਿਮਾਗ਼ ਦੀ ਕਾਢ ਸੀ।... ਏਨਾ ਹੀ ਨਹੀਂ, ਬਲਕਿ ਇਸ ਵਿਉਂਤ ਅਧੀਨ ਮਾਰੇ ਜਾਣ ਵਾਲੇ ਬੰਦਿਆਂ ਦੀ ਚੋਣ ਕਰਨ ਦੇ ਪੈਟਰਨ ਦਾ ਇਕ-ਸਾਰ ਹੋਣਾ ਵੀ ਪ੍ਰਤੱਖ ਦਿੱਸਦਾ ਸੀ ਅਤੇ ਉਹ ਸੀ ਵੀਹ ਤੋਂ ਪੰਜਾਹ ਸਾਲ ਤਕ ਦੇ ਮਨੁੱਖਾਂ ਦਾ ਕਤਲ। ਪਹਿਲੀ ਗੱਲ, ਜੋ ਇਨ੍ਹਾਂ ਕੀਤੀ, ਉਹ 31 ਅਕਤੂਬਰ ਬਾਅਦ ਦੁਪਹਿਰ, ਜਦੋਂ ਇੰਦਰਾ ਗਾਂਧੀ ਦੇ ਮਰਨ ਦੀ ਖ਼ਬਰ ਸੁਣੀ ਗਈ, ਤੋਂ ਹੀ ਸਿੱਖਾਂ ਬਾਰੇ ਤਿੰਨ ਝੂਠੀਆਂ ਅਫ਼ਵਾਹਾਂ ਦੇ ਫੈਲਾਉਣ ਦੀ ਸੀ, ਇਸ ਲਈ ਲਾਊਡ ਸਪੀਕਰ ਵਰਤੇ ਗਏ, ਜਿਸ ਵਿਚ ਦਿੱਲੀ ਪੁਲੀਸ ਦੇ ਆਦਮੀਆਂ ਨੇ ਖ਼ੁਦ ਅੱਗੇ ਲੱਗ ਕੇ ਇਹ ਕੰਮ ਕੀਤਾ। ਅਫ਼ਵਾਹਾਂ ਇਹ ਸਨ:

(i) ਸ੍ਰੀਮਤੀ ਇੰਦਰਾ ਦੇ ਮਰਨ ਦੀ ਸਿੱਖਾਂ ਨੇ ਖ਼ੁਸ਼ੀ ਮਨਾਈ, ਲੱਡੂ ਵੰਡੇ ਤੇ ਸ਼ਾਮੀਂ ਦੀਪਮਾਲਾ ਕੀਤੀ ਹੈ; (ii) ਕਤਲ ਕੀਤੇ ਹਿੰਦੂਆਂ ਦੀਆਂ ਸੈਂਕੜੇ ਲਾਸ਼ਾਂ ਦੀ ਭਰੀ ਹੋਈ ਗੱਡੀ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ 'ਤੇ ਆਈ ਹੈ; ਅਤੇ (iii) ਸਿੱਖਾਂ

ਨੇ ਦਿੱਲੀ ਦੇ ਵਾਟਰ-ਟੈਂਕਾਂ ਵਿਚ ਜ਼ਹਿਰ ਮਿਲਾ ਕੇ ਸਾਰਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ। ਦਿੱਲੀ ਪੁਲੀਸ ਦੇ ਆਦਮੀ ਥਾਉਂ ਥਾਈਂ ਫਿਰ ਕੇ ਲੋਕਾਂ ਨੂੰ ਟੂਟੀਆਂ ਦਾ ਪਾਣੀ ਨਾ ਵਰਤਣ ਲਈ ਕਹਿ ਰਹੇ ਸਨ।

ਇਹ ਤਿੰਨੇ ਅਫ਼ਵਾਹਾਂ ਹਿੰਦੂ ਜਨਤਾ ਨੂੰ ਸਿੱਖਾਂ ਉਲਟ ਭੜਕਾਉਣ ਲਈ ਫੈਲਾਈਆਂ ਗਈਆਂ। ਮੁਸੱਲਾ ਨੌਜਵਾਨ ਹਿੰਦੂ ਕਾਂਗਰਸ ਵਰਕਰ ਟੈਂਪੂਆਂ, ਸਕੂਟਰਾਂ, ਮੋਟਰ ਸਾਈਕਲਾਂ ਅਤੇ ਟਰੱਕਾਂ ਵਿਚ ਗਲੀ ਗਲੀ, ਮੁਹੱਲੇ ਮੁਹੱਲੇ 31 ਅਕਤੂਬਰ ਦੀ ਰਾਤ ਅਤੇ ਪਹਿਲੀ ਨਵੰਬਰ ਸਵੇਰੇ ਫਿਰ ਨਿਕਲੇ ਸਨ, ਬਲਕਿ ਟਰੱਕਾਂ ਵਿਚ ਪੈਟਰੋਲ ਦੀਆਂ ਕੈਨੀਆਂ ਰੱਖੀਆਂ ਹੋਈਆਂ ਸਨ, ਜੋ ਸਿਖ ਮਕਾਨਾਂ, ਗੁਰਦੁਆਰਿਆਂ ਤੇ ਦੁਕਾਨਾਂ ਨੂੰ ਅੱਗਾਂ ਲਾਉਣ ਲਈ ਵੰਡਿਆ ਜਾ ਰਿਹਾ ਸੀ।

ਉਹ ਸਾਰਾ ਪਲੈਨ, ਜੋ ਪਿਛਲੇ ਜੂਨ ਵਿਚ 'ਸਿੱਖਾਂ ਨੂੰ ਸਬਕ ਸਿਖਾਉਣ' ਹਿੱਤ ਉਲੀਕਿਆ ਗਿਆ ਸੀ, ਵਰਤੇ ਜਾਣ ਦੀ ਸੂਚਨਾ ਜਾਣਕਾਰਾਂ ਨੂੰ ਦਿੱਤੀ ਜਾ ਰਹੀ ਸੀ। ਇਹੋ ਕਾਰਨ ਸੀ ਕਿ, ਨਿਰਾ ਦਿੱਲੀ ਦੀ ਹਰ ਕਾਲੋਨੀ ਵਿਚ ਹੀ ਨਹੀਂ, ਸਗੋਂ ਦੇਸ਼ ਭਰ ਦੇ ਹਰ ਸ਼ਹਿਰ ਵਿਚ, ਜਿਥੇ ਥੋੜੀ ਬਹੁਤੀ ਸਿਖ-ਵੱਸੋਂ ਸੀ, ਇਕੋ ਤਰੀਕੇ ਸਿਰ ਅਤੇ ਇਕੋ ਵਿਉਂਤ ਅਧੀਨ ਸਿੱਖਾਂ ਨੂੰ ਮਾਰਨ, ਉਨ੍ਹਾਂ ਦੇ ਘਰਾਂ ਤੇ ਦੁਕਾਨਾਂ ਅਤੇ ਕੰਮ ਦੇ ਹੋਰ ਅਦਾਰਿਆਂ, ਗੁਰਦੁਆਰਿਆਂ ਅਤੇ ਸਿਖ ਆਸ਼ਰਮਾਂ (ਸਕੂਲਾਂ ਆਦਿਕਾਂ) ਨੂੰ ਲੁੱਟਣ, ਅੱਗਾਂ ਲਾਉਣ ਤੇ ਫੂਕਣ ਦੀ ਲਹਿਰ ਚਲਾਈ ਗਈ।

ਕਾਂਗਰਸੀ ਲੀਡਰ ਤੇ ਵਰਕਰ ਅੱਗਾਂ ਲਾਉਣ ਵਾਲਿਆਂ, ਜੋ ਆਮ ਕਰਕੇ ਦਿੱਲੀ ਦੇ ਨੇੜੇ ਦੇ ਪਿੰਡਾਂ ਤੋਂ ਗੁੱਜਰ ਤੇ ਜਾਟ ਦਿੱਲੀ ਟਰਾਂਸਪੋਰਟ ਦੀਆਂ ਬੱਸਾਂ ਅਤੇ ਟਰੱਕ ਵਿਚ ਲਿਆਂਦੇ ਗਏ ਸਨ, ਦੀ ਅਗਵਾਈ ਕਰ ਰਹੇ ਅਤੇ ਉਨ੍ਹਾਂ ਨੂੰ ਸਿੱਖਾਂ ਦੇ ਘਰਾਂ ਤੇ ਦੁਕਾਨਾਂ ਦੀ ਨਿਸ਼ਾਨ-ਦੇਹੀ ਦੇ ਰਹੇ ਸਨ। ਵੋਟਰਾਂ ਦੀਆਂ ਫ਼ਹਿਰਿਸਤਾਂ, ਜਿਨ੍ਹਾਂ ਵਿਚ ਸਿਖ ਵੋਟਰਾਂ ਦੇ ਨਾਮ ਦਰਜ ਸਨ, ਕਾਂਗਰਸ ਵਰਕਰਾਂ ਦੇ ਹੱਥਾਂ ਵਿਚ ਸਨ ਅਤੇ ਉਨ੍ਹਾਂ ਵਿਚ ਦਰਜ ਸਿਖ ਮਕਾਨਾਂ ਦੇ ਨੰਬਰਾਂ ਤੋਂ ਉਹ ਲੁੱਟੇ ਤੇ ਸਾੜੇ ਜਾਣ ਵਾਲੇ ਮਕਾਨਾਂ ਦੀ ਸੇਧ ਤੇ ਵਾਕਫ਼ੀ ਲੈ ਰਹੇ ਸਨ।

ਲੁੱਟ-ਮਾਰ ਦੇ ਲਾਲਚ ਅਧੀਨ ਦਿੱਲੀ ਦੀ ਭੰਗੀ ਸ਼੍ਰੇਣੀ ਜਿਨ੍ਹਾਂ ਵਿਚ ਬਹੁਤੇ ਦਿੱਲੀ ਕਾਰਪੋਰੇਸ਼ਨ ਦੇ ਮੁਲਾਜ਼ਮ ਸਨ, ਵੀ ਬਾਹਰੋਂ ਆਏ ਗੁੱਜਰਾਂ ਤੇ ਜਾਟਾਂ ਨਾਲ ਮਿਲ ਗਈ ਹੋਈ ਸੀ। ਦਿੱਲੀ ਟਰਾਂਸਪੋਰਟ ਦੀਆਂ ਬੱਸਾਂ ਹੀ ਲੁਟੇਰਿਆਂ ਨੂੰ ਇਕ ਕਾਲੋਨੀ ਤੋਂ ਦੂਜੀ ਵਿਚ ਲੈ ਜਾਣ ਲਈ ਵਰਤੀਆਂ ਜਾਂ ਰਹੀਆਂ ਸਨ।

ਬੰਦਿਆਂ ਨੂੰ ਚੁਣਨ ਮਾਰਨ ਦਾ ਤਰੀਕਾ ਵੀ ਦਿੱਲੀ ਦੀਆਂ ਸਾਰੀਆਂ, ਅਥਵਾ ਜਮਨਾ ਪਾਰ ਅਤੇ ਸ਼ਹਿਰ ਦੇ ਪੱਛਮ ਦੀਆਂ ਕਾਲੋਨੀਆਂ ਵਿਚ ਇਕੋ ਹੀ ਸੀ। ਕੇਵਲ ਨੌਜਵਾਨ ਸਿੱਖਾਂ ਨੂੰ ਮਾਰਿਆ ਜਾਂਦਾ ਸੀ। ਉਨ੍ਹਾਂ ਨੂੰ ਘਰਾਂ ਤੋਂ ਧਰੂਹ ਕੇ ਬਾਹਰ

ਲਿਆਇਆ ਜਾਂਦਾ, ਪਹਿਲੋਂ ਲੋਹੇ ਦੇ ਡੰਡਿਆਂ (rods) ਨਾਲ, ਜੋ ਹਰ ਮਾਰਨ ਵਾਲੇ ਨੂੰ ਦਿੱਤੇ ਗਏ ਸਨ, ਸਿੱਖਾਂ ਦੇ ਸਿਰ ਫੋੜੇ ਤੇ ਫੇਹੇ ਜਾਂਦੇ ਸਨ ਜਾਂ ਗੁਦਾ ਵਿਚ ਅੰਦਰ ਖੋਭੇ ਜਾਂਦੇ ਅਤੇ ਤੇਲ ਪਾ ਕੇ ਅੱਗ ਲਗਾ ਦਿੱਤੀ ਜਾਂਦੀ ਸੀ। ਆਮ ਤੌਰ 'ਤੇ ਇਹ ਕਾਰਵਾਈ ਸ਼ਰੇਆਮ ਸੜਕਾਂ 'ਤੇ ਕੀਤੀ ਜਾਂਦੀ ਸੀ। ਸਿਖ ਔਰਤਾਂ ਦੇ ਵਾਰ-ਵਾਰ ਸਤ ਭੰਗ ਕਰਨ ਦੀਆਂ ਵਾਰਦਾਤਾਂ ਵੀ ਆਮ ਹੋਈਆਂ ਅਤੇ ਕਈ ਥਾਈਂ ਛੋਟੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਮਾਵਾਂ ਦੀਆਂ ਗੋਦੀਆਂ ਵਿਚੋਂ ਖੋਹ ਖੋਹ ਕੇ ਮਾਰੇ ਤੇ ਸਾੜੇ ਗਏ।

ਹਕੂਮਤ ਤੇ ਸਰਕਾਰੀ ਕਰਮਚਾਰੀਆਂ, ਵੱਡੇ ਤੋਂ ਲੈ ਕੇ ਛੋਟੇ ਤਕ ਦਾ ਉਕਤ ਸਾਰੇ ਵਾਕਿਆਤ ਵੱਲ ਰੋਲ, 31 ਅਕਤੂਬਰ ਤੋਂ 4 ਨਵੰਬਰ ਤਕ, ਨਾ ਕੇਵਲ ਲਾ-ਗਰਜ਼ੀ ਵਾਲਾ ਸੀ, ਸਗੋਂ ਉਨ੍ਹਾਂ ਵੱਲੋਂ ਵਿਖਾਈ ਜਾ ਰਹੀ ਗ਼ੈਰ-ਜ਼ਿੰਮੇਵਾਰਾਨਾ ਹਰਕਤ ਤੇ ਫ਼ਰਜ਼ ਦੀ ਕੋਤਾਹੀ ਸੋਚੀ ਸਮਝੀ ਹੋਈ ਸੀ ਅਤੇ ਉਨ੍ਹਾਂ ਦੇ ਦਿਲੀ-ਭਾਵ ਦਾ ਪ੍ਰਗਟਾਵਾ ਕਰਦੀ ਸੀ। ਇਹ ਗੱਲ ਇਸ ਤੋਂ ਹੀ ਸਪੱਸ਼ਟ ਹੋ ਜਾਂਦੀ ਹੈ ਕਿ 31 ਅਕਤੂਬਰ ਸ਼ਾਮ ਨੂੰ ਹੋਮ ਮਨਿਸਟਰ ਨਰਸਿਮ੍ਹਾ ਰਾਉ, ਭਾਰਤੀ ਜਨਤਾ ਲੀਡਰ ਵਾਜਪਾਈ ਦੇ ਇਸ ਵੱਲ ਧਿਆਨ ਦਿਵਾਉਣ 'ਤੇ ਕਹਿੰਦਾ ਹੈ ਕਿ ਦੋ ਘੰਟਿਆਂ ਦੇ ਅੰਦਰ ਅੰਦਰ ਸਭ ਠੀਕ ਹੋ ਜਾਏਗਾ, ਪ੍ਰੰਤੂ ਓਸੇ ਦਿਨ ਪੁਲੀਸ ਦਾ ਐਡੀਸ਼ਨਲ ਕਮਿਸ਼ਨਰ ਗੌਤਮ ਕੌਲ ਪੁੱਛੇ ਜਾਣ 'ਤੇ ਕਹਿੰਦਾ ਹੈ ਕਿ 'ਇਸ ਕਿਸਮ ਦੇ ਹਾਲਾਤ ਅੰਦਰ ਸਾਡੇ ਲਈ ਕੁੱਝ ਕਰ ਸਕਣਾ ਸੰਭਵ ਹੀ ਨਹੀਂ।' ਹੋਰ ਲਓ, ਪਹਿਲੀ ਨਵੰਬਰ, ਜਦੋਂ ਸਾਰੇ ਦਿੱਲੀ ਸ਼ਹਿਰ ਅੰਦਰ ਸਾੜ-ਫੂਕ ਹੋ ਰਹੀ ਸੀ, ਵਜ਼ੀਰ ਸਾਹਿਬ ਤਾਂ ਇਹ ਕਹਿ ਰਹੇ ਸਨ ਕਿ ਅਸੀਂ ਕਰਫ਼ਿਊ ਲਗਾ ਰਹੇ ਹਾਂ ਅਤੇ ਫ਼ੌਜ ਬੁਲਾ ਰਹੇ ਹਾਂ, ਪਰ ਉਸੇ ਸ਼ਾਮ ਪ੍ਰੈਜ਼ੀਡੈਂਟ ਸਾਹਿਬ ਸ਼ਹਿਰੀਆਂ ਦੇ ਇਕ ਡੈਪੂਟੇਸ਼ਨ ਨੂੰ ਦੱਸਦੇ ਹਨ ਕਿ ਸਰਕਾਰ ਸੋਚ ਰਹੀ ਹੈ ਕਿ ਫ਼ੌਜ ਬੁਲਾਈ ਜਾਏ ਜਾਂ ਨਾ।

ਸ਼ਹਿਰ ਦੇ ਮਧ ਵਿਚ ਕਨਾਟ ਪਲੇਸ ਵਿਚ ਸੀ.ਆਰ.ਪੀ. ਤੇ ਪੁਲੀਸ ਦੇ ਪਹਿਰੂਆਂ ਦੇ ਸਾਹਮਣੇ ਸਿਖ ਦੁਕਾਨਾਂ ਸਾੜੀਆਂ ਜਾ ਰਹੀਆਂ ਸਨ, ਪਰ ਨਾ ਸੀ.ਆਰ.ਪੀ. ਤੇ ਨਾ ਪੁਲੀਸ ਟਸ ਤੋਂ ਮਸ ਹੋਈ ਸੀ। 2 ਨਵੰਬਰ ਸਵੇਰੇ ਅੱਠ ਵਜੇ ਦੋ ਐਮ.ਪੀ. ਨਰਸਿਮ੍ਹਾ ਰਾਉ ਅਤੇ ਸ਼ਿਵ ਸ਼ੰਕਰ ਦੋਹਾਂ ਵਜ਼ੀਰਾਂ ਨੂੰ ਵਾਰ ਵਾਰ ਟੈਲੀਫ਼ੋਨ ਕਰ ਰਹੇ ਸਨ ਕਿ ਪੰਜਾਬ ਤੋਂ ਆ ਰਹੀਆਂ ਗੱਡੀਆਂ ਦੇ ਸਿਖ ਮੁਸਾਫ਼ਰਾਂ ਦੇ ਬਚਾਉ ਲਈ ਪੁਲੀਸ ਭੇਜਣ ਦਾ ਪ੍ਰਬੰਧ ਕਰੋ, ਉਨ੍ਹਾਂ ਦੀ ਜਾਨ ਖ਼ਤਰੇ ਵਿਚ ਹੈ। ਪ੍ਰੰਤੂ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ। ਗੱਡੀ ਸਟੇਸ਼ਨ 'ਤੇ ਪਹੁੰਚਦੀ ਹੈ, ਸਿਖ ਮੁਸਾਫ਼ਰਾਂ ਨੂੰ ਧਰੂਹ ਧਰੂਹ ਕੇ ਗੱਡੀ ਵਿਚੋਂ ਬਾਹਰ ਲਿਆਇਆ ਜਾਂਦਾ ਅਤੇ ਪਲੇਟਫ਼ਾਰਮ 'ਤੇ ਪੈਟਰੋਲ ਪਾ ਕੇ ਜੀਉਂਦੇ ਸਾੜ ਦਿੱਤਾ ਜਾਂਦਾ ਹੈ। ਅਖ਼ਬਾਰੀ ਰੀਪੋਰਟ ਅਨੁਸਾਰ ਉਥੇ

43 ਸਿਖ ਇਉਂ ਮਾਰ ਦਿੱਤੇ ਜਾਂਦੇ ਹਨ। ਕਹਿੰਦੇ ਹਨ, ਸੀ.ਆਰ.ਪੀ. ਪਹੁੰਚ ਗਈ ਸੀ, ਪ੍ਰੰਤੂ ਜਾਂ ਤਾਂ ਉਕਤ ਘਟਨਾ ਉਨ੍ਹਾਂ ਦੇ ਪਹੁੰਚਣ ਤੋਂ ਪਹਿਲੋਂ ਵਰਤ ਚੁੱਕੀ ਸੀ ਅਤੇ ਜਾਂ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਵਰਤੀ, ਪਰ ਉਹ ਚੁੱਪ-ਚਾਪ ਵੇਖਦੇ ਰਹੇ। ਇਹ ਹਨ ਕੁੱਝ ਮਿਸਾਲਾਂ ਹੋਮ ਮਨਿਸਟਰੀ ਦੇ ਸਾੜ-ਫੂਕ ਵੱਲ ਵਰਤਾਰੇ ਦੀਆਂ।

ਫ਼ੌਜ ਦਾ ਇਸ ਪਰਥਾਏ ਰੋਲ

31 ਅਕਤੂਬਰ ਸ਼ਾਮ ਤਕ ਮੇਰਠ ਤੋਂ ਇਕ ਪੂਰਾ ਬ੍ਰਿਗੇਡ, ਤਿੰਨ ਫ਼ੌਜੀ ਪਲਟਨਾਂ ਅਤੇ ਇਕ ਤੋਪਖ਼ਾਨੇ ਦੀ ਪਲਟਨ ਦਿੱਲੀ ਪਹੁੰਚ ਚੁੱਕੇ ਸਨ, ਪ੍ਰੰਤੂ ਇਨ੍ਹਾਂ ਨੂੰ ਕੋਈ ਆਰਡਰ ਨਹੀਂ ਦਿੱਤਾ ਗਿਆ ਕਿ ਉਹ ਕਿਉਂ ਬੁਲਾਏ ਹਨ। ਪਹਿਲੀ ਨਵੰਬਰ ਸਾਰਾ ਦਿਨ ਸਿਖ ਅਦਾਰੇ ਸੜਦੇ ਰਹੇ ਅਤੇ ਸਿਖ ਮਾਰੇ ਜਾਂਦੇ ਰਹੇ ਅਤੇ ਮੇਰਠ ਤੋਂ ਆਈ ਫ਼ੌਜ ਆਪਣੇ ਕੈਂਪ ਵਿਚ ਬੈਠੀ ਰਹੀ। ਅਖ਼ੀਰ ਸ਼ਾਮ ਦੇ ਚਾਰ ਵਜੇ ਹੁਕਮ ਮਿਲਿਆ ਕਿ ਬ੍ਰਿਗੇਡ ਦੀ ਪਲਟਨ ਨੰ: 15, ਜੋ ਸਿੱਖਾਂ ਦੀ ਸੀ, ਤੋਂ ਬਿਨਾਂ ਬਾਕੀ ਬ੍ਰਿਗੇਡ ਨੂੰ ਹਿਫ਼ਾਜ਼ਤੀ ਡਿਊਟੀ ਸੌਂਪੀ ਜਾਏ। ਪ੍ਰੰਤੂ ਫ਼ੌਜ ਨੂੰ ਪੁਲੀਸ ਆਦਿ ਵੱਲੋਂ ਦੱਸਿਆ ਤਕ ਨਹੀਂ ਗਿਆ ਕਿ ਉਨ੍ਹਾਂ ਨੇ ਦਿੱਲੀ ਦੀ ਕਿਸ ਕਾਲੋਨੀ ਵਿਚ ਜਾਣਾ ਹੈ ਅਤੇ ਉਥੇ ਕੀ ਹਾਲਾਤ ਹਨ, ਜਿਨ੍ਹਾਂ ਨਾਲ ਫ਼ੌਜ ਨੇ ਨਿਪਟਣਾ ਹੈ। ਉਸ ਵਕਤ ਤਕ ਕੋਈ ਸਰਬ-ਪੱਖੀ ਸੂਝ ਦੇਣ ਵਾਲਾ ਦਫ਼ਤਰ ਵੀ ਕਾਇਮ ਨਹੀਂ ਸੀ ਕੀਤਾ ਗਿਆ ਹੋਇਆ, ਜਿਸ ਤੋਂ ਫ਼ੌਜੀ ਅਫ਼ਸਰ ਕਿਸੇ ਤਰ੍ਹਾਂ ਦੀ ਰਹਿਨੁਮਾਈ ਲੈ ਸਕਦੇ ਜਾਂ ਕੋਈ ਪੁੱਛ-ਗਿੱਛ ਕਰ ਸਕਦੇ।

ਫ਼ੌਜ ਦੇ ਰੋਲ ਬਾਰੇ ਇਕ ਫ਼ੌਜੀ ਮੁਖੀ ਦੇ ਸ਼ਬਦ ਸਨ : 'ਵਿਚਾਰਨ ਯੋਗ ਗੱਲ ਇਹ ਨਹੀਂ ਸੀ ਕਿ ਸਾਰੇ ਸ਼ਹਿਰ ਅੰਦਰ ਕਰਫ਼ਿਊ ਲਾਗੂ ਕਰਨ ਲਈ ਸਾਡੇ ਪਾਸ ਏਨੀ ਨਫ਼ਰੀ ਹੈ ਕਿ ਨਹੀਂ, ਗੱਲ ਤਾਂ ਐਸਾ ਕਰਨ ਪਿੱਛੇ ਦ੍ਰਿੜ ਇਰਾਦੇ ਅਤੇ ਸਪੱਸ਼ਟ ਹਿਦਾਇਤ ਮਿਲਣ ਦੀ ਹੈ' (ਕਿ ਫ਼ੌਜ ਨੇ ਕੀ ਕਰਨਾ ਹੈ) ਭਾਵੇਂ ਅਖ਼ਬਾਰਾਂ, ਆਕਾਸ਼ਬਾਣੀ ਅਤੇ ਟੀ.ਵੀ. ਰਾਹੀਂ ਕਰਫ਼ਿਊ ਲੱਗੇ ਹੋਏ ਹੋਣ ਅਤੇ ਉਲੰਘਣਾ ਕਰਨ ਵਾਲੇ ਨੂੰ ਤਤਕਾਲ ਗੋਲੀ ਮਾਰ ਦੇਣਾ ਨਸ਼ਰ ਕੀਤੇ ਜਾ ਰਹੇ ਸਨ, ਪਰ ਬਦਮਾਸ਼ ਉਵੇਂ ਹੀ ਹਰਲ ਹਰਲ ਕਰਦੇ ਮਕਾਨ ਤੇ ਦੁਕਾਨਾਂ ਲੁੱਟਦੇ, ਸਾੜਦੇ ਅਤੇ ਨੌਜਵਾਨ ਸਿੱਖਾਂ ਨੂੰ ਮਾਰਦੇ ਫਿਰਦੇ ਸਨ, ਨਾ ਕੋਈ ਉਨ੍ਹਾਂ ਨੂੰ ਪੁੱਛਣ ਵਾਲਾ ਸੀ ਅਤੇ ਨਾ ਪੁਲੀਸ ਵੱਲੋਂ ਫ਼ੌਜ ਨੂੰ ਸਪੱਸ਼ਟ ਕੀਤਾ ਜਾ ਰਿਹਾ ਸੀ ਕਿ ਸ਼ਹਿਰ ਦੇ ਕਿਹੜੇ ਹਲਕੇ ਵਿਚ ਫ਼ੌਰੀ ਕਾਰਵਾਈ ਕਰਨ ਦੀ ਲੋੜ ਸੀ। ਇਹ ਫ਼ੌਜ 'ਤੇ ਛੱਡ ਦਿੱਤਾ ਗਿਆ ਸੀ ਕਿ ਉਹ ਵੇਖਣ ਕਿ ਉਨ੍ਹਾਂ ਦੀ ਕਿਥੇ ਲੋੜ ਹੈ।

ਫਿਰ 31 ਅਕਤੂਬਰ ਤੋਂ 3 ਨਵੰਬਰ ਤਕ ਜੋ ਕੁੱਝ ਦਿੱਲੀ ਅੰਦਰ ਵਾਪਰਿਆ ਸੀ, ਉਹ ਹੋਮ ਮਨਿਸਟਰੀ (ਗ੍ਰਹਿ ਮੰਤਰਾਲੇ) ਦੇ ਪ੍ਰਬੰਧਕ ਢਾਂਚੇ ਦੇ ਗੜਬੜ ਉੱਤੇ ਕ਼ਾਬੂ ਪਾਉਣ ਵਿਚ ਅਸਫਲ ਰਹਿਣ ਦਾ ਸਪੱਸ਼ਟ ਸਬੂਤ ਹੋਣ ਦੇ ਬਾਵਜੂਦ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਗਵਾਈ ਨੂੰ ਚੁੱਪ-ਚੁਪੀਤੇ ਛੁੱਟੀ ਭੇਜ ਦੇਣਾ ਅਤੇ ਉਸ ਦੀ ਥਾਂ ਉਸੇ ਗ੍ਰਹਿ ਮੰਤਰਾਲੇ ਦੇ ਹੋਮ ਸਕੱਤਰ ਐਮ.ਐਮ.ਕੇ. ਵਲੀ ਨੂੰ ਲੈਫ਼ਟੀਨੈਂਟ ਗਵਰਨਰ ਲਗਾ ਦੇਣਾ ਕਿਥੋਂ ਤਕ ਦਰੁਸਤ ਸੀ, ਵੀ ਸੋਚਣ ਦੀ ਗੱਲ ਹੈ।

ਇੰਦਰਾ ਕਾਂਗਰਸ ਦਾ ਰੋਲ

ਗੜਬੜ ਵਾਲੇ ਚਾਰੇ ਦਿਨ ਅਤੇ ਉਸ ਤੋਂ ਕਈ ਦਿਨ ਪਿੱਛੋਂ ਵੀ ਦਿੱਲੀ ਵਿਚ ਅਗਰ ਕੋਈ ਸਰਕਾਰ ਸੀ ਤਾਂ ਉਹ ਉਨ੍ਹਾਂ ਕਾਂਗਰਸੀ ਆਗੂਆਂ ਦੀ ਸੀ ਅਤੇ ਉਹ ਹੀ ਸਾਰੇ ਫ਼ੈਸਲੇ ਦੇ ਰਹੇ ਸਨ, ਜਿਨ੍ਹਾਂ ਸਾਰੀ ਗੜਬੜ ਕਰਾਉਣ ਅਤੇ ਸਿੱਖਾਂ ਦਾ ਜਾਨੀ ਤੇ ਮਾਲੀ ਨੁਕਸਾਨ ਕਰਾਉਣ ਵਿਚ ਸਾਰਾ ਰੋਲ ਅਦਾ ਕੀਤਾ ਸੀ। ਸਤਬੀਰ ਸਿੰਹੁ ਜੈਸਾ ਕਾਂਗਰਸੀ ਆਗੂ ਬੇਰੀ ਸਰਾਇ ਪਿੰਡ ਤੋਂ ਭਰ ਕੇ ਬਦਮਾਸ਼ਾਂ ਤੇ ਲੁਟੇਰਿਆਂ ਦੀਆਂ ਬੱਸਾਂ ਲਿਆਉਂਦਾ ਅਤੇ ਉਨ੍ਹਾਂ ਪਾਸੋਂ ਸਿੱਖਾਂ ਦਾ ਸ਼ਿਕਾਰ ਕਰਵਾ ਰਿਹਾ ਸੀ ਅਤੇ ਮਕਾਨਾਂ ਦੁਕਾਨਾਂ ਸੜਵਾ ਰਿਹਾ ਸੀ।

ਮੁਨੀਰਕਾ ਵਿਚ ਵਾਕਿਆ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਬਿਲਡਿੰਗ ਤੇ ਗੁਰਦੁਆਰੇ ਆਦਿ ਵੀ ਸੜਵਾਏ ਗਏ। ਕਿਸੇ ਪੁਲੀਸ ਅਫ਼ਸਰ ਨੂੰ ਰੀਪੋਰਟ ਕਰਨ 'ਤੇ ਉਸ ਨੇ ਜਵਾਬ ਦਿੱਤਾ ਸੀ, 'ਸ਼ੇਰ ਪਿੰਜਰੇ ਸੇ ਨਿਕਾਲ ਦੀਆ, ਫਿਰ ਕਹਿਤੇ ਹੈਂ ਪਕੜ ਲਾਓ।'

ਇਹ ਕੋਈ ਸਵਾਲ ਨਹੀਂ ਕਿ ਕੋਈ ਕਾਂਗਰਸੀ ਸਿਖ ਸੀ ਜਾਂ ਐਂਟੀ-ਕਾਂਗਰਸ, ਕੇਵਲ ਮੂੰਹ 'ਤੇ ਦਾੜ੍ਹੀ ਅਤੇ ਸਿਰ ਉਪਰ ਪੱਗ ਉਸ ਦੀ ਮੌਤ ਦੇ ਵਾਰੰਟ ਸਨ। ਸ: ਚਰਨਜੀਤ ਸਿੰਘ ਵਰਗਾ ਕੱਟੜ ਕਾਂਗਰਸੀ ਐਮ.ਪੀ. ਅਤੇ ਸ: ਇੰਦਰਜੀਤ ਸਿੰਘ ਸਾਬਕ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਨੂੰ ਵੀ ਛੋਟ ਨਹੀਂ ਦਿੱਤੀ ਗਈ ਅਤੇ ਇਨ੍ਹਾਂ ਇਕੱਲਿਆਂ ਦਾ ਹੀ ਕਰੋੜਾਂ ਦਾ ਮਾਲ ਲੁੱਟ ਪੁੱਟ ਕੇ ਫ਼ੈਕਟਰੀਆਂ ਤੇ ਮਕਾਨ ਫੂਕ ਦਿੱਤੇ ਗਏ। ਅਗਰ ਦੂਰਦਰਸ਼ਨ (ਟੀ.ਵੀ.), ਜੋ ਸਰਕਾਰ ਦੀ ਨਿੱਜੀ ਪ੍ਰਸਾਰ (broadcasting) ਏਜੰਸੀ ਹੈ, ਪ੍ਰਧਾਨ ਮੰਤਰੀ ਦੀ ਹਾਜ਼ਰੀ ਵਿਚ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ' ਦੇ ਨਾਹਰੇ ਬ੍ਰਾਡ-ਕਾਸਟ ਕਰਦਾ ਹੈ, ਅਤੇ ਅਗਰ ਪ੍ਰਾਈਮ ਮਨਿਸਟਰ ਰਾਜੀਵ ਗਾਂਧੀ ਇਹ ਕਹਿੰਦਾ ਹੈ ਕਿ 'ਇਕ ਵੱਡੇ ਦਰੱਖ਼ਤ ਦੇ ਡਿੱਗਣ ਨਾਲ ਧਰਤੀ ਹਿੱਲ ਹੀ ਜਾਇਆ ਕਰਦੀ ਹੈ', ਅਤੇ ਅਗਰ ਕਾਂਗਰਸ ਹਾਈ-ਕਮਾਂਡ ਇਤਨੇ ਵੱਡੇ

ਧਮਾਕੇ ਦਾ, ਜਿਸ ਵਿਚ ਰੀਪੋਰਟ ਅਨੁਸਾਰ ਪੰਜ ਹਜ਼ਾਰ ਤੋਂ ਵੱਧ ਮਨੁੱਖ ਮਾਰੇ ਗਏ ਅਤੇ ਅਰਬਾਂ ਦਾ ਮਾਲੀ ਨੁਕਸਾਨ ਹੋ ਗਿਆ ਹੈ, ਦੀ ਜੁਡੀਸ਼ਲ ਜਾਂਚ ਪੜਤਾਲ ਕਰਾਉਣ ਤੋਂ ਇਨਕਾਰ ਕਰਦੀ ਹੈ ਤਾਂ ਇਸ ਤੋਂ ਵਧੇਰੇ ਹੋਰ ਕਿਹੜੇ ਸਬੂਤ ਦੀ ਲੋੜ ਹੈ, ਕਿ ਇਹ ਸਾਰਾ ਕੁਝ ਇੰਦਰਾ ਕਾਂਗਰਸ ਦਾ ਗਿਣਿਆ ਮਿਥਿਆ ਅਤੇ 'ਪੰਜਾਬ ਦੇ ਸਿੱਖਾਂ ਨੂੰ ਵਿਸ਼ੇਸ਼ ਸਬਕ ਸਿਖਾਉਣ ਲਈ' ਵਰਤਾਇਆ ਇਕ ਹੋਰ ਘਲੂਘਾਰਾ ਸੀ ? ਜਿਵੇਂ ਕਿ ਅੰਮ੍ਰਿਤਸਰ ਦਰਬਾਰ ਸਾਹਿਬ ਅਤੇ ਪੰਜਾਬ ਦੇ ਕਈ ਹੋਰ ਗੁਰਦੁਆਰਿਆਂ ਅੰਦਰ ਵਰਤਾਏ ਸਾਕੇ ਅਤੇ ਸਿੱਖਾਂ ਦੀ ਕੀਤੀ ਹੇਠੀ ਨਾਲ ਇੰਦਰਾ ਕਾਂਗਰਸ ਦਾ ਸ਼ਹੁ ਨਹੀਂ ਭਰਿਆ ਸੀ।

ਯੂ.ਐਨ.ਓ. ਅਧੀਨ ਜਨੇਵਾ ਵਿਚ ਲੱਗੇ ਇਕ ਹਿੰਦੁਸਤਾਨੀ ਨੇ ਇੰਦਰਾ ਦੇ ਕਤਲ ਪਿੱਛੋਂ ਹੋਏ ਘਲੂਘਾਰੇ ਦੇ ਹਵਾਲੇ ਨਾਲ ਕਿਹਾ ਸੀ ਕਿ ਭਾਰਤੀ ਸਰਕਾਰ ਦੇ ਇਸ ਦੇ ਵਰਤਾਏ ਜਾਣ ਦੀ ਖੁੱਲ੍ਹ ਦੇਣ ਦਾ ਕਾਰਨ ਸਿੱਖਾਂ ਨੂੰ ਸਬਕ ਸਿਖਾਉਣਾ ਸੀ। ਪੁਲੀਸ ਦੇ ਸੀਨੀਅਰ ਅਫ਼ਸਰਾਂ ਵੱਲੋਂ ਛੋਟੇ ਮੁਲਾਜ਼ਮਾਂ (ranks) ਨੂੰ ਤਿੰਨ ਚਾਰ ਦਿਨ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਸੀ ਕਿ ਉਹ ਕਾਂਗਰਸ ਦੀ ਡੱਟ ਕੇ ਮਦਦ ਕਰਨ ਤਾਂ ਕਿ ਸਿੱਖਾਂ ਨੂੰ ਚੰਗੀ ਸਮਝ ਆ ਜਾਵੇ। ਮਾਰਨ ਵਾਲਿਆਂ ਵਿਚ ਲੋਕਲ ਸਿਆਸੀ ਬੰਦੇ (Politicians), ਪੁਲੀਸ ਅਤੇ ਸੰਬੰਧਤ ਮੁਹੱਲਿਆਂ ਦੇ ਲੋਕਲ ਆਦਮੀ ਸ਼ਾਮਲ ਸਨ, ਜੋ ਉਨ੍ਹਾਂ ਮੁਹੱਲਿਆਂ ਦੇ ਪ੍ਰਧਾਨਾਂ ਦੇ ਇਸ਼ਾਰੇ 'ਤੇ ਸਭ ਕੁੱਝ ਕਰਦੇ ਸਨ ਅਤੇ ਇਨ੍ਹਾਂ ਪ੍ਰਧਾਨਾਂ ਦੀ ਅਗਵਾਈ ਲੋਕਲ ਕਾਂਗਰਸੀ ਐਮ.ਪੀ. ਸਜਨ ਕੁਮਾਰ ਕਰ ਰਿਹਾ ਸੀ। ਥਾਣੇਦਾਰਾਂ ਦਾ ਕੰਮ ਸੀ ਸਿੱਖਾਂ ਪਾਸੋਂ ਉਨ੍ਹਾਂ ਦੇ ਲਾਈਸੈਂਸ ਅਧੀਨ ਮਿਲੇ ਹਥਿਆਰ (ਬੰਦੂਕ ਪਿਸਤੌਲ ਆਦਿ) ਜਮ੍ਹਾ ਕਰਾਉਣ, ਤਾਂ ਕਿ ਉਹ ਹਮਲਾ ਕਰਨ ਵਾਲਿਆਂ ਦਾ ਮੁਕਾਬਲਾ ਨਾ ਕਰ ਸਕਣ। ਤੇਲ ਵੇਚਣ ਵਾਲੇ ਦੁਕਾਨਦਾਰਾਂ ਦਾ ਕੰਮ ਤੇਲ ਮੁਹੱਈਆ ਕਰਨਾ ਸੀ। ਬਦਮਾਸ਼ਾਂ ਨੂੰ ਆਗੂਆਂ ਵੱਲੋਂ ਉੱਚੀ ਆਵਾਜ਼ ਵਿਚ ਕਿਹਾ ਜਾ ਰਿਹਾ ਸੀ, 'Kill men and rape women.' (ਆਦਮੀ ਕਤਲ ਕਰ ਦਿਓ ਅਤੇ ਔਰਤਾਂ ਦਾ ਸਤ ਭੰਗ ਕਰੋ)।

ਸੁਲਤਾਨਪੁਰੀ ਕਾਲੋਨੀ ਵਿਚ ਹੋਰ ਥਾਵਾਂ ਵਾਂਗ ਮਾਰੇ ਜਾਣ ਵਾਲੇ ਲੋਕ ਆਮ ਕਰਕੇ ਜਵਾਨ ਆਦਮੀ ਸਨ ਅਤੇ ਮਾਰਨ ਵਾਲੇ ਗ੍ਰੋਹਾਂ ਦੀ ਅਗਵਾਈ ਲੋਕਲ ਕਾਂਗਰਸੀ ਤੇ ਪੁਲੀਸ ਕਰ ਰਹੀ ਸੀ, ਜਿਨ੍ਹਾਂ ਪ੍ਰਤੀ ਸਾਰੀਆਂ ਹਿਦਾਇਤਾਂ ਕਾਂਗਰਸੀ ਐਮ.ਪੀ. ਸਜਨ ਕੁਮਾਰ ਦੇਂਦਾ ਸੀ। ਪੁਲੀਸ ਦੇ ਥਾਣੇਦਾਰ ਭੱਟੀ ਨੇ ਸਿੱਖਾਂ ਪਾਸੋਂ ਹਥਿਆਰ ਖੋਹੇ ਜਾਣ ਤੋਂ ਇਲਾਵਾ ਆਪਣੀ ਹੱਥੀਂ ਦੋ ਸਿੱਖਾਂ ਨੂੰ ਕਤਲ ਕੀਤਾ। ਆਮ ਤੌਰ 'ਤੇ ਸਿਖ ਜਵਾਨਾਂ ਨੂੰ ਘਰਾਂ ਤੋਂ ਬਾਹਰ ਲਿਆ ਕੇ ਪਹਿਲੋਂ ਲੋਹੇ ਦੇ ਰਾਡ (ਡੰਡੇ) ਮਾਰੇ ਗਏ ਅਤੇ ਫਿਰ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਗਈ। ਇਕ

ਸਿਖ ਨੂੰ ਉਸ ਦੀ ਕਾਰ ਵਿਚ ਬੰਦ ਕਰ ਕੇ ਕਾਰ ਨੂੰ ਅੱਗ ਲਗਾ ਦਿੱਤੀ ਗਈ। 3 ਅਤੇ 4 ਨਵੰਬਰ ਨੂੰ ਕਈ ਗੱਭਰੂ-ਸਿਖ ਇਕ ਕਮਰੇ ਵਿਚ ਬੰਦ ਕੀਤੇ ਗਏ ਅਤੇ ਇਕ ਨਾਈ ਨੂੰ ਲਿਆ ਕੇ ਉਸ ਪਾਸੋਂ ਹਰ ਸਿਖ ਦੇ ਕੇਸ ਤੇ ਦਾੜ੍ਹੀ ਮੁੰਨਵਾਏ ਗਏ ਅਤੇ ਪ੍ਰਤੀ ਸਿਖ 21 ਰੁਪਏ ਉਨ੍ਹਾਂ ਪਾਸੋਂ ਨਾਈ ਨੂੰ ਦਿਵਾਏ ਗਏ। ਇਸ ਤਰ੍ਹਾਂ ਨਾਈ ਨੂੰ ਪੰਜ ਸੌ ਰੁਪਏ ਵਸੂਲ ਹੋਏ।

ਇਸ ਕਾਲੋਨੀ ਦੇ ਬੇ-ਘਰ ਹੋਏ ਲੋਕਾਂ ਦੇ ਕੈਂਪ ਵਿਚ ਰੀਪੋਰਟ ਅਨੁਸਾਰ ਕੇਵਲ ਔਰਤਾਂ ਤੇ ਬੱਚੇ ਹੀ ਸਨ, ਸਾਰੇ ਜਵਾਨ ਮਾਰੇ ਜਾ ਚੁੱਕੇ ਸਨ। ਜਦੋਂ ਪੜਤਾਲੀਆ ਸੱਜਣ ਉਸ ਕੈਂਪ ਵਿਚ ਗਏ ਤਾਂ ਇਕ ਵਡੇਰੀ ਉਮਰ ਦੀ ਔਰਤ ਨੇ ਉਨ੍ਹਾਂ ਨੂੰ ਕਿਹਾ, "ਅਬ ਸਭ ਸੇ ਅੱਛਾ ਯਿਹ ਹੋਗਾ ਕਿ ਆਪ ਹਮ ਸਭ ਕੋ ਜ਼ਹਿਰ ਦੇ ਦੇਂ। ਅਬ ਹਮ ਜੀ ਨਹੀਂ ਸਕਤੀ—ਕੈਸੇ ਜੀਈਂਗੀ।"

2 ਨਵੰਬਰ ਨੂੰ ਸੁਪਰੀਮ ਕੋਰਟ ਦੀ ਲਾਇਬ੍ਰੇਰੀ ਅੰਦਰ 35 ਵਕੀਲ ਇਕੱਠੇ ਹੋਏ। ਇਨ੍ਹਾਂ ਵਿਚ ਹੀ ਐਮ. ਤਾਰਕੁੰਡੇ, ਸੋਲੀ ਸ਼ੁਰਾਬ ਜੀ, ਐਫ਼. ਨਾਰੀਮਾਨ, ਅਨਿਲ ਦੀਵਾਨ, ਗੋਬਿੰਦ ਮਖੌਟੀ, ਕਪਲ ਸਿਬਲ ਅਤੇ ਰਾਜਨ ਦਿਵੇਦੀ ਜੈਸੇ Human Rights) (ਹਿਊਮਨ ਰਾਈਟਸ) ਦੇ ਮੈਂਬਰ ਵੀ ਸ਼ਾਮਲ ਸਨ ਅਤੇ ਵਰਤ ਰਹੇ ਹਾਲਾਤ ਦੀ ਜਾਂਚ ਕਰਨ ਲਈ ਅੱਠ ਕਾਰਾਂ ਵਿਚ ਬੈਠ ਸਾਰੇ ਇਕ ਕਾਫ਼ਲੇ ਦੇ ਰੂਪ ਵਿਚ ਕਈ ਅਬਾਦੀਆਂ—ਸ਼ਕਰਪੁਰ, ਪਾਂਡਵ ਨਗਰ, ਵਿਨੋਦ ਨਗਰ ਆਦਿਕ ਵਿਚ ਗਏ। ਜੋ ਕੁੱਝ ਇਨ੍ਹਾਂ ਵੇਖਿਆ ਤੇ ਸੁਣਿਆ, ਇਸ ਤਰ੍ਹਾਂ ਸੀ : ਹਰ ਘਰ ਦੇ ਮੂਹਰਲੇ ਬਰਾਂਡੇ ਵਿਚ ਉਸ ਘਰ ਦੇ ਨੌਜਵਾਨ ਸਿਖ ਮਾਲਿਕ ਦੀ ਦੇਹ ਸਾੜੀ ਹੋਈ ਪਈ ਸੀ। ਘਰਾਂ ਦੀਆਂ ਔਰਤਾਂ ਵੱਲੋਂ ਦੱਸਿਆ ਗਿਆ ਕਿ ਪਹਿਲੋਂ ਨੌਜਵਾਨਾਂ ਦੇ ਕੇਸ ਦਾੜ੍ਹੀ ਮੁੰਨੇ ਜਾਂਦੇ, ਲੋਹੇ ਦਾ ਰਾਡ ਉਨ੍ਹਾਂ ਦੀਆਂ ਗੁਦਾ ਵਿਚ ਖੋਭੇ ਜਾਂਦੇ ਅਤੇ ਡੰਡੇ ਮਾਰੇ ਜਾਂਦੇ, ਕੁਰਲਾਉਂਦਿਆਂ ਉਪਰ ਤੇਲ ਛਿੜਕ ਕੇ ਅੱਗ ਲਗਾ ਦਿੱਤੀ ਜਾਂਦੀ। ਜਦੋਂ ਅਜਿਹਾ ਕੁੱਝ ਕੀਤਾ ਜਾ ਰਿਹਾ ਹੁੰਦਾ, ਬਦਮਾਸ਼ਾਂ ਦੇ ਦੂਜੇ ਸਾਥੀ ਪਾਸ ਖੜੇ ਨੱਚਦੇ ਟੱਪਦੇ ਖਿੱਲੀਆਂ ਪਾਉਂਦੇ ਅਤੇ ਕਹਿੰਦੇ—ਵੇਖੋ ਮੋਨਾ, ਮੋਨਾ, ਮੋਨਾ।

ਜਦੋਂ ਵਕੀਲਾਂ ਦੀ ਇਸ ਪਾਰਟੀ ਦੇ ਕੁੱਝ ਬੰਦੇ ਕਈ ਜ਼ਖ਼ਮੀ ਜ਼ਨਾਨੀਆਂ ਨੂੰ ਮਲ੍ਹਮ ਪੱਟੀ ਕਰਾਉਣ ਲਈ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਲੈ ਕੇ ਗਏ ਅਤੇ ਡਾਕਟਰਾਂ ਦੇ ਪੁੱਛਣ 'ਤੇ ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਹ ਜ਼ਖ਼ਮੀ ਔਰਤਾਂ ਵਿਨੋਦ ਨਗਰ ਤੋਂ ਲਿਆਂਦੀਆਂ ਗਈਆਂ ਸਨ ਤਾਂ ਡਾਕਟਰਾਂ ਨੇ ਇਹ ਕਹਿ ਕੇ ਉਨ੍ਹਾਂ ਨੂੰ ਮੋੜ ਦਿੱਤਾ ਕਿ ਇਹ ਕਾਲੋਨੀ ਸਾਡੇ ਹਲਕੇ ਵਿਚ ਨਹੀਂ ਹੈ, ਬਲਕਿ ਉਨ੍ਹਾਂ ਦੀਆਂ ਕਾਰਾਂ 'ਤੇ ਵੀ ਬਦਮਾਸ਼ਾਂ ਵੱਲੋਂ ਪੱਥਰ ਮਾਰੇ ਗਏ ਕਿ ਉਹ ਸਿੱਖਾਂ ਦੀ ਮਦਦ ਕਿਉਂ ਕਰ ਰਹੇ ਸਨ।

ਮੰਗੋਲਪੁਰੀ ਕਾਲੋਨੀ ਦੀਆਂ ਵਾਰਦਾਤਾਂ ਇਸ ਤੋਂ ਭੀ ਘਿਣਾਉਣੀਆਂ ਹਨ। ਪੁਲੀਸ ਵੱਲੋਂ ਕੁੱਝ ਸਿੱਖਾਂ ਨੂੰ ਮਹਿਫ਼ੂਜ਼ ਜਗ੍ਹਾ 'ਤੇ ਪਹੁੰਚਾਉਣ ਦੇ ਬਹਾਨੇ ਘਰਾਂ ਤੋਂ ਬਾਹਰ ਲਿਆਂਦਾ ਗਿਆ ਅਤੇ ਜਿਥੇ ਮਾਰਨ ਵਾਲਿਆਂ ਦਾ ਗਰੋਹ ਜੁੜਿਆ ਹੋਇਆ ਸੀ, ਉਨ੍ਹਾਂ ਦੇ ਹਵਾਲੇ ਕੀਤਾ ਗਿਆ। ਉਨ੍ਹਾਂ ਪਹਿਲੋਂ ਹਰ ਸਿੱਖ ਨੂੰ ਲੋਹੇ ਦੇ ਡੰਡਿਆਂ ਨਾਲ ਗਿੱਦੜ-ਕੁੱਟ ਕੀਤੀ ਅਤੇ ਫੇਰ ਤੇਲ ਪਾ ਕੇ ਸਾੜ ਦਿੱਤੇ। ਪਿੱਛੋ ਉਨ੍ਹਾਂ ਦੇ ਘਰ ਲੁੱਟ ਕੇ ਤੇਲ ਛਿੜਕਿਆ ਅਤੇ ਅੱਗ ਲਾ ਕੇ ਫੂਕ ਦਿੱਤੇ।

ਇਸ ਕਾਲੋਨੀ ਵਿਚੋਂ ਕੈਂਪ ਵਿਚ ਜਮ੍ਹਾ ਹੋਈਆਂ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਗੋਦੀਆਂ ਦੇ ਬੱਚੇ ਉਨ੍ਹਾਂ ਪਾਸੋਂ ਖੋਹ ਕੇ ਉਨ੍ਹਾਂ ਨੂੰ ਚੀਰ ਦਿੱਤਾ ਗਿਆ। ਵਡੇਰੀ ਉਮਰ ਦੇ ਬੱਚਿਆਂ ਅਤੇ ਉਨ੍ਹਾਂ ਔਰਤਾਂ ਦੇ ਖ਼ਾਵੰਦਾਂ ਦੇ ਉਨ੍ਹਾਂ ਦੇ ਸਾਹਮਣੇ ਪਹਿਲੋਂ ਕੇਸ ਕੱਟੇ ਗਏ, ਲੋਹੇ ਦੇ ਰਾਡਾਂ ਨਾਲ ਮਾਰ ਮਾਰ ਕੇ ਅਧਮੋਏ ਕੀਤੇ ਗਏ ਅਤੇ ਫਿਰ ਤੇਲ ਪਾ ਕੇ ਸਾੜੇ ਗਏ। ਐਸਾ ਵਰਤਾਰਾ ਸਾਰੇ ਨੌਜਵਾਨਾਂ ਨਾਲ ਕੀਤਾ ਗਿਆ। ਇਸ ਕਾਲੋਨੀ ਦੇ ਕੈਂਪ ਵਿਚ ਆਏ ਲੋਕਾਂ ਪਾਸੋਂ ਇਹ ਰੀਪੋਰਟ ਵੀ ਮਿਲੀ ਕਿ ਸਜਨ ਕੁਮਾਰ ਐਮ.ਪੀ. ਵੱਲੋਂ ਹਰ ਮਾਰਨ ਵਾਲੇ ਆਦਮੀ ਨੂੰ ਇਕ ਸ਼ਰਾਬ ਦੀ ਬੋਤਲ ਅਤੇ ਇਕ ਸੌ ਰੁਪਏ ਦਿੱਤੇ ਗਏ।

ਤ੍ਰਿਲੋਕਪੁਰੀ ਕਾਲੋਨੀ ਬਾਰੇ ਰੀਪੋਰਟ ਵਿਚ ਦਰਜ ਹੈ:

"The happenings in Tirlokpuri between Oct. 31 and Nov. 2 were a gruesome picture of the intensity of butchery. Within 48 hours at least 400 Sikhs mainly youngmen were burnt alive with the connivance of local police machinery and active participation of an organised group of miscreants led by a Congress (I) councillor Ashok Kumar."

ਅਰਥਾਤ, "31 ਅਕਤੂਬਰ ਤੋਂ 2 ਨਵੰਬਰ ਤਕ ਤ੍ਰਿਲੋਕਪੁਰੀ ਵਿਚ ਵਰਤੇ ਹਾਲਾਤ ਸਿਖਰ ਦੇ ਕਸਾਈਪੁਣੇ ਦੀ ਇਕ ਅਤਿ ਭਿਆਨਕ ਤਸਵੀਰ ਸਨ। 48 ਘੰਟਿਆਂ ਦੇ ਅੰਦਰ ਅੰਦਰ 400 ਸਿੱਖਾਂ, ਵਧੇਰੇ ਕਰਕੇ ਨੌਜਵਾਨਾਂ ਨੂੰ ਲੋਕਲ ਪੁਲੀਸ ਦੀਆਂ ਅੱਖਾਂ ਓਹਲੇ ਅਤੇ ਇੰਦਰਾ ਕਾਂਗਰਸ ਦੇ ਕੌਂਸਲਰ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਲਿਆਂਦੇ ਬਦਮਾਸ਼ਾਂ ਦੇ ਇਕ ਬਾਕਾਇਦਾ ਜਥੇਬੰਦ ਗਰੋਹ ਨੇ ਜੀਉਂਦੇ ਸਾੜ ਕੇ ਸੁਆਹ ਕਰ ਦਿੱਤਾ ਸੀ।"

ਅੱਗੇ ਜਾ ਕੇ ਰੀਪੋਰਟ ਵਿਚ ਦਰਜ ਹੈ:

"It was a continuous spree of arson, rape and murders. At

least 4 women of fourteen to fifty years, were gang raped. Later seven cases of rape were officially reported by J.P. Narayan Hospital."

ਅਰਥਾਤ, "ਇਹ ਸਾੜ-ਫੂਕ, ਬਲਾਤਕਾਰੀ ਅਤੇ ਕਤਲਾਂ ਦਾ ਇਕ ਲਗਾਤਾਰ ਚੱਲ ਰਿਹਾ ਤਮਾਸ਼ਾ ਸੀ। ਚੌਦ੍ਹਾਂ ਤੋਂ ਪੰਜਾਹ ਸਾਲ ਦੀਆਂ ਔਰਤਾਂ ਦੀ ਬਦਮਾਸ਼ਾਂ ਵੱਲੋਂ ਵਾਰ ਵਾਰ ਪੱਤ ਲੁੱਟੀ ਗਈ। ਬਾਅਦ ਵਿਚ ਜੇ.ਪੀ. ਨਾਰਾਇਣ ਹਸਪਤਾਲ ਵੱਲੋਂ ਸਰਕਾਰੀ ਤੌਰ 'ਤੇ ਸੱਤ ਬਲਾਤਕਾਰ ਦੇ ਵਾਕਿਆਤ ਦੀ ਰੀਪੋਰਟ ਮਿਲੀ।"

2 ਨਵੰਬਰ ਸ਼ਾਮ ਦੇ 5-30 ਵਜੇ ਤ੍ਰਿਲੋਕਪੁਰੀ ਦੇ ਬਲਾਕ 32 ਵਿਚ ਮਾਰ-ਕੁਟਾਈ, ਸਾੜ-ਫੂਕ ਅਤੇ ਬਲਾਕ ਦੇ ਮਕਾਨਾਂ ਦੀਆਂ ਸਾਰੀਆਂ ਲਾਈਨਾਂ ਸੜ ਚੁੱਕੀਆਂ ਅਤੇ ਆਦਮੀ ਮਾਰੇ ਗਏ ਹੋਣ ਦੀ ਰੀਪੋਰਟ ਸੰਬੰਧਤ ਏ.ਐਸ.ਪੀ. ਨਿਖਲ ਕੁਮਾਰ ਨੂੰ ਦਿੱਤੀ ਗਈ, ਤਾਂ ਉਸ ਕਿਹਾ ਕਿ ਕੇਵਲ ਤਿੰਨ ਆਦਮੀ ਮਰੇ ਹਨ, ਅਤੇ ਜਦੋਂ ਸਾਰੀ ਤ੍ਰਿਲੋਕਪੁਰੀ ਸੜ ਰਹੀ ਅਤੇ ਸਿਖ ਮਾਰੇ ਜਾ ਰਹੇ ਸਨ ਅਤੇ ਇਸ ਦੀ ਰੀਪੋਰਟ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਨੂੰ ਦਿੱਤੀ ਗਈ ਤਾਂ ਉਸ ਕਿਹਾ, 'The situation in the capital was under control.' (ਰਾਜਧਾਨੀ ਦੀ ਸਥਿਤੀ ਕੰਟਰੋਲ ਵਿਚ ਸੀ)।

ਉਸੇ ਦਿਨ ਬਲਾਕ 28 ਬਾਰੇ ਥਾਣੇਦਾਰ ਸੁਰਵੀਰ ਸਿੰਘ ਦੀ ਰੀਪੋਰਟ ਸੀ ਕਿ 'Total peace was reigning' (ਪੂਰਾ ਅਮਨ-ਅਮਾਨ ਕਾਇਮ ਹੈ), ਪ੍ਰੰਤੂ ਉਸ ਸਮੇਂ ਨਜ਼ਾਮਦੀਨ ਵਾਲੀ ਪੁਲ ਹੇਠਲੀ ਸੜਕ 'ਤੇ ਰੋਂਦੇ ਅਤੇ ਭੱਜੇ ਜਾ ਰਹੇ 70 ਦੇ ਕਰੀਬ ਬੱਚੇ ਤੇ ਔਰਤਾਂ ਦੱਸ ਰਹੇ ਸਨ ਕਿ ਉਨ੍ਹਾਂ ਦੇ ਸਾਰੇ ਮਰਦ ਮਾਰੇ ਜਾ ਚੁੱਕੇ ਸਨ।

3 ਨਵੰਬਰ ਸਵੇਰੇ 7 ਵਜੇ ਤਕ ਲੋਕਲ ਕਾਂਗਰਸ ਕੌਂਸਲਰ ਅਸ਼ੋਕ ਕੁਮਾਰ ਦੀ ਅਗਵਾਈ ਹੇਠ, ਬੱਚੇ ਤੇ ਔਰਤਾਂ ਛੱਡ ਕੇ ਬਾਕੀ ਸਾਰੇ ਸਿਖ ਮਾਰੇ ਜਾ ਚੁੱਕੇ ਸਨ, ਜਿਸ ਵਿਚ ਪੁਲੀਸ ਨੇ ਵਧ ਚੜ੍ਹ ਕੇ ਹਿੱਸਾ ਲਿਆ ਸੀ, ਪ੍ਰੰਤੂ ਉਸੇ ਦਿਨ ਬੁਲਾਈ ਪ੍ਰੈਸ ਕਾਨਫ਼ਰੰਸ ਵਿਚ ਪੁਲੀਸ ਕਮਿਸ਼ਨਰ ਸੁਭਾਸ਼ ਟੰਡਨ ਮਰਿਆਂ ਦੀ ਗਿਣਤੀ 15-20 ਦੱਸਦਾ ਅਤੇ ਲੈਫ਼ਟੀਨੈਂਟ ਗਵਰਨਰ ਗਵਈ 'ਸਭ ਠੀਕ' ਦਾ ਰਾਗ ਅਲਾਪ ਰਿਹਾ ਸੀ, ਜਦੋਂ ਕਿ ਕੇਵਲ ਤ੍ਰਿਲੋਕਪੁਰੀ ਅੰਦਰ ਮਰਿਆਂ ਦੀ ਸਰਕਾਰੀ ਰੀਪੋਰਟ 613 ਸੀ, ਸਭ ਥਾਂ ਸੈਂਕੜਿਆਂ ਦੀ ਗਿਣਤੀ ਵਿਚ ਲਾਸ਼ਾਂ ਵਿਛੀਆਂ ਪਈਆਂ ਸਨ।

ਦਿੱਲੀ ਅੰਦਰ ਵਰਤੇ ਘਲੂਘਾਰੇ ਕਾਰਨ ਬੇਘਰ ਹੋਏ ਲੋਕ, ਜੋ ਆਮ ਬੱਚੇ ਬੁੱਢੇ ਅਤੇ ਬੇਵਾ ਔਰਤਾਂ ਹੀ ਸਨ (ਜਵਾਨ ਲਗਪਗ ਸਾਰੇ ਹੀ ਮਾਰੇ ਜਾ ਚੁੱਕੇ ਸਨ), ਵਾਸਤੇ ਰੀਲੀਫ਼ ਦਾ ਪ੍ਰਬੰਧ ਵੀ ਨਾ-ਕਾਫ਼ੀ ਸੀ। ਸਰਕਾਰ ਦੇ ਕਥਨ ਅਨੁਸਾਰ ਅਜਿਹੇ ਬੇਘਰ ਹੋਏ ਲੋਕ ਵੀਹ ਕੁ ਹਜ਼ਾਰ ਹੀ ਸਨ, ਜਦੋਂ ਕਿ ਵਾਸਤਵ ਵਿਚ ਇਹ ਪੰਜਾਹ

ਹਜ਼ਾਰ ਤੋਂ ਘੱਟ ਨਹੀਂ ਸਨ। ਇਨ੍ਹਾਂ ਨੂੰ ਆਮ ਤੌਰ 'ਤੇ ਸਕੂਲਾਂ ਦੀਆਂ ਇਮਾਰਤਾਂ ਤੇ ਹੋਰ ਪਬਲਿਕ ਬਿਲਡਿੰਗਾਂ ਵਿਚ ਰੱਖਿਆ ਗਿਆ ਸੀ, ਪ੍ਰੰਤੂ ਹਾਜਤ ਰਫ਼ਾਈ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਇਹ ਆਮ ਤੌਰ 'ਤੇ ਬਰਾਂਡਿਆਂ ਵਿਚ ਜਾਂ ਸੜਕਾਂ 'ਤੇ ਹੀ ਟੱਟੀ ਪਿਸ਼ਾਬ ਕਰਦੇ ਸਨ, ਜਿਸ ਕਾਰਨ ਸਾਰੇ ਥਾਂ ਹੀ ਗੰਦਗੀ ਦੇ ਘਰ ਬਣੇ ਹੋਏ ਸਨ।

7 ਨਵੰਬਰ ਪ੍ਰਧਾਨ ਮੰਤਰੀ ਵੱਲੋਂ ਕੀਤੇ ਐਲਾਨ ਅਨੁਸਾਰ ਇਨ੍ਹਾਂ ਵਾਸਤੇ ਚਾਲ੍ਹੀ ਲੱਖ ਰੁਪਏ ਪ੍ਰਵਾਨ ਕੀਤੇ ਗਏ ਸਨ, ਪ੍ਰੰਤੂ ਹਵਾਲੇ ਵਾਲੀ ਰੀਪੋਰਟ ਅਨੁਸਾਰ ਕੈਂਪਾਂ ਵਿਚ ਜਮ੍ਹਾ ਲੋਕਾਂ ਨੂੰ ਕਿਸੇ ਨੂੰ ਕੁਛ ਨਹੀਂ ਮਿਲਿਆ। ਉਹ ਚਾਲ੍ਹੀ ਲੱਖ ਕਿਧਰ ਗਏ ? (ਕਾਂਗਰਸ ਇਲੈਕਸ਼ਨ ਫ਼ੰਡ ਵਿਚ ?)

ਪ੍ਰੈਸ ਰੀਪੋਰਟ ਅਨੁਸਾਰ ਲੁੱਟ-ਮਾਰ ਕਰਨ ਵਾਲਿਆਂ ਦੇ ਘਰਾਂ ਤੋਂ 2 ਕਰੋੜ ਦਾ ਲੁੱਟ ਦਾ ਮਾਲ ਬਰਾਮਦ ਹੋਇਆ ਅਤੇ 2960 ਲੁਟੇਰੇ ਫੜੇ ਗਏ ਸਨ, ਪ੍ਰੰਤੂ ਲੋਕਲ ਕਾਂਗਰਸ ਲੀਡਰ ਇਨ੍ਹਾਂ ਸਾਰਿਆਂ ਨੂੰ ਛੁਡਵਾ ਕੇ ਲੈ ਗਏ; ਬਹੁਤ ਐਵੇਂ ਹੀ ਅਤੇ ਕਈ ਜ਼ਮਾਨਤਾਂ ਦੇ ਕੇ। ਬਰਾਮਦ ਹੋਇਆ ਮਾਲ ਕਿਥੇ ਗਿਆ, ਇਸ ਬਾਰੇ ਕੁੱਝ ਨਹੀਂ ਦੱਸਿਆ ਗਿਆ।

ਸਰਕਾਰ ਵੱਲੋਂ ਸਾੜ-ਫੂਕ ਤੇ ਕਤਲਾਮ ਵਿਚ ਤਾਂ ਲਾਪਰਵਾਹੀ ਵਿਖਾਈ ਹੀ ਗਈ ਸੀ, ਪ੍ਰੰਤੂ "Its deliberate inaction and its callousness towards relief are far-reaching." ..."It is indeed a matter of great concern that the govt. has made no serious enquiries into the entire tragic episode, which seems to be so well planned and designed."

"ਮਾਰੇ ਕੁੱਟੇ ਲੋਕਾਂ ਨੂੰ ਰੀਲੀਫ਼ ਸਹਾਰਾ ਤੇ ਸਹਾਇਤਾ ਦੇਣ ਬਾਰੇ ਸਰਕਾਰ ਦੀ ਖ਼ਾਮੋਸ਼ੀ ਅਤੇ ਸੋਚੀ ਸਮਝੀ ਲਾਪ੍ਰਵਾਹੀ ਨੇ ਤਾਂ ਅਖ਼ੀਰ ਨੂੰ ਛੋਹ ਲਿਆ ਸੀ। ਇਹ ਹੋਰ ਵੀ ਚਿੰਤਾ-ਜਨਕ ਗੱਲ ਬਣ ਜਾਂਦੀ ਹੈ ਅਤੇ ਇਸ ਵਿਚ ਉੱਕਾ ਹੀ ਸ਼ੱਕ ਨਹੀਂ, ਜਦੋਂ ਅਸੀਂ ਵੇਖਦੇ ਹਾਂ ਕਿ ਇਸ ਸਾਰੇ ਮਾਮਲੇ ਦੀ ਸਰਕਾਰ ਵੱਲੋਂ ਕੋਈ ਦਿਲਚਸਪੀ ਨਹੀਂ ਵਿਖਾਈ ਗਈ, ਜੋ ਕਿ ਆਪਣੇ ਆਪ ਵਿਚ ਪਹਿਲੇ ਤੋਂ ਹੀ ਸੋਚਿਆ, ਸਮਝਿਆ ਤੇ ਵਿਚਾਰਿਆ ਹੋਇਆ ਸਪੱਸ਼ਟ ਹੁੰਦਾ ਹੈ।" ਬਾਹਰ ਦੀਆਂ ਕਾਲੋਨੀਆਂ ਦੀ ਤਾਂ ਗੱਲ ਛੱਡੋ, ਦਿੱਲੀ ਦੇ ਮਧ ਵਿਚ ਕਨਾਟ ਪਲੇਸ ਅੰਦਰ ਪੁਲੀਸ ਅਤੇ ਸੀ.ਆਰ.ਪੀ. ਦੇ ਸਾਹਮਣੇ ਸਿਖ ਦੁਕਾਨਾਂ ਤੇ ਹੋਰ ਅਦਾਰੇ ਸਾੜੇ-ਫੂਕੇ ਜਾ ਰਹੇ ਸਨ, ਪ੍ਰੰਤੂ ਪੁਲੀਸ ਤੇ ਸੀ.ਆਰ.ਪੀ. ਦੇ ਜਵਾਨ ਤਮਾਸ਼ਬੀਨਾਂ ਦੀ ਨਿਆਈਂ ਖੜੇ ਇਹ ਸਾਰਾ ਕੁੱਝ ਵੇਖ ਰਹੇ ਸਨ।

ਸਿੱਖਾਂ ਦੇ ਜਾਨੀ ਤੇ ਮਾਲੀ ਨੁਕਸਾਨ ਅਤੇ ਉਨ੍ਹਾਂ ਦੇ ਘਰ-ਘਾਟ, ਦੁਕਾਨਾਂ ਆਦਿ ਲੁੱਟ ਕੇ ਸਾੜ ਦੇਣ ਨਾਲ ਕਾਂਗਰਸੀ ਆਗੂਆਂ ਦੀ, ਜਿਨ੍ਹਾਂ ਦੀ ਸਰਪ੍ਰਸਤੀ ਤੇ ਰਹਿਨੁਮਾਈ ਹੇਠ ਇਹ ਸਾਰਾ ਕੁੱਝ ਕੀਤਾ ਗਿਆ ਸੀ, ਦੀ ਸੰਤੁਸ਼ਟਤਾ ਨਹੀਂ ਹੋਈ। ਭਾਵੇਂ ਦਿੱਲੀ ਦੇ ਪੰਜੇ ਕਾਂਗਰਸੀ ਐਮ. ਪੀਆਂ ਦਾ ਇਸ ਸਾੜ-ਫੂਕ ਅੰਦਰ ਰੋਲ ਕਹਿਣ ਕਥਨ ਤੋਂ ਬਾਹਰ ਸੀ, ਪਰ ਜੋ ਤਬਾਹੀ ਪੰਜਾਬੀ ਹਿੰਦੂ ਐਮ.ਪੀ. ਕੇ.ਐਲ. ਭਗਤ ਦੇ ਹਲਕੇ (constituency) ਵਿਚ ਹੋਈ, ਉਹ ਆਪਣੀ ਮਿਸਾਲ ਆਪ ਹੀ ਸੀ ਅਤੇ ਉਸ ਦੀ ਇਸ ਕੋਝੀ ਕਰਤੂਤ ਦਾ ਇਨਾਮ ਉਸ ਨੂੰ ਮੁੜ ਐਮ.ਪੀ. ਤੇ ਮੰਤਰੀ ਚੁਣ ਕੇ ਦਿੱਤਾ ਗਿਆ। ਇਨ੍ਹਾਂ ਨੇ ਸਿੱਖਾਂ ਦੇ ਧਰਮ ਅਸਥਾਨਾਂ (ਗੁਰਦੁਆਰਿਆਂ) ਅਤੇ ਹੋਰ ਸਿਖ ਪਬਲਿਕ ਅਦਾਰਿਆਂ ਨੂੰ ਵੀ ਇਸ ਤੋਂ ਛੋਟ ਨਹੀਂ ਦਿੱਤੀ। ਇਨ੍ਹਾਂ ਦੇ ਸਾਹਮਣੇ ਜ਼ਿਲਾ ਕਰਨਾਲ ਤੇ ਪਾਨੀਪਤ ਅੰਦਰ ਹਰਿਆਣਵੀ ਪੁਲੀਸ ਦੀ ਹਾਜ਼ਰੀ ਵਿਚ ਗੁਰਦੁਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾੜੇ ਜਾਣ ਦੀਆਂ ਮਿਸਾਲਾਂ ਮੌਜੂਦ ਸਨ। ਹੋ ਸਕਦਾ ਹੈ, ਉਹ ਭੀ ਹੁਣ ਵਰਤਾਏ ਪਲਾਨ ਅਧੀਨ ਹੀ ਕੀਤਾ ਗਿਆ ਹੋਵੇ। ਸੋ ਇਨ੍ਹਾਂ ਇਸ ਘਲੂਘਾਰੇ ਸਮੇਂ ਪਵਿੱਤਰ ਗੁਰਦੁਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਭੀ ਇਸ ਘਿਨਾਉਣੀ ਕਰਤੂਤ ਤੋਂ ਲਾਂਭੇ ਨਹੀਂ ਰਹਿਣ ਦਿੱਤਾ, ਹਾਲਾਂਕਿ ਸਮੁੱਚੇ 500 ਸਾਲਾ ਇਤਿਹਾਸ ਅੰਦਰ ਬਾਵਜੂਦ ਅਨੇਕ ਜੰਗਾਂ ਜੁੱਧਾਂ ਅਤੇ ਆਪਸੀ ਵਿਰੋਧ ਹੋਣ ਦੇ, ਕਦੀ ਭੀ ਕਿਸੇ ਹਿੰਦੂ ਮੰਦਰ ਜਾਂ ਮੁਸਲਮਾਨ ਮਸਜਿਦ ਦਾ ਸਿੱਖਾਂ ਨੇ ਬੁਰਾ ਨਹੀਂ ਤੱਕਿਆ। ਇਕ ਇਕੱਲੇ ਦਿੱਲੀ ਅੰਦਰ 173 ਗੁਰਦੁਆਰੇ ਅਤੇ ਇਸ ਤੋਂ ਕਿਤੇ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅੱਗ-ਭੇਟ ਕੀਤੇ ਗਏ ਹਨ। ਇਤਿਹਾਸਕ, ਮੁਖ ਗੁਰਦੁਆਰੇ ਸੀਸ ਗੰਜ ਅਤੇ ਬੰਗਲਾ ਸਾਹਿਬ ਕੇਵਲ ਇਸ ਲਈ ਬਚੇ ਕਿ ਉਥੇ ਸਿਖ ਮੌਜੂਦ ਸਨ ਅਤੇ ਉਹ ਹਜੂਮ ਦੇ ਮੁਕਾਬਲੇ ਲਈ ਡੱਟ ਗਏ। ਗੁਰਦੁਆਰਾ ਰਕਾਬ ਗੰਜ ਦਾ ਇਨ੍ਹਾਂ ਕੁੱਝ ਨੁਕਸਾਨ ਕੀਤਾ, ਅੱਗ ਭੀ ਲਗਾਈ, ਪ੍ਰੰਤੂ ਸਿੰਘਾਂ ਦੀ ਹਿੰਮਤ ਤੇ ਮੁਕਾਬਲੇ ਕਾਰਨ ਇਹ ਉਥੇ ਮਨਮਾਨੀ ਨਾ ਕਰ ਸਕੇ।

ਕਿਤਨੇ ਸ਼ੋਕ ਦੀ ਗੱਲ ਹੈ ਅਤੇ ਕਿਤਨੇ ਅਹਿਸਾਨ-ਫ਼ਰਾਮੋਸ਼ ਅਤੇ ਅਕ੍ਰਿਤਘਣ ਹਨ ਇਹ ਲੋਕ, ਜਿਨ੍ਹਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ, ਜਿਨ੍ਹਾਂ ਨੇ ਇਨ੍ਹਾਂ ਲੋਕਾਂ ਦੇ 'ਤਿਲਕ ਜੰਞੂ' ਦੀ ਰੱਖਿਆ ਹਿੱਤ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ ਅਤੇ ਜਿਨ੍ਹਾਂ ਦੀ ਪਾਵਨ ਸਰੀਰਕ ਬਿਭੂਤੀ ਦੇ ਇਸ ਥਾਉਂ (ਗੁ: ਰਕਾਬ ਗੰਜ ਸਾਹਿਬ) ਅੰਤਮ ਸੰਸਕਾਰ ਹੋਣ ਦਾ ਇਤਿਹਾਸਕ ਸਬੂਤ ਤੇ ਵਿਸ਼ਵਾਸ ਹੈ, ਦੇ ਸਤਿਕਾਰ ਵਜੋਂ ਭੀ ਇਸ ਥਾਉਂ ਤੋਂ ਲਾਂਭੇ ਰਹਿਣ ਦੀ ਉਨ੍ਹਾਂ ਨੂੰ ਸ਼ਰਮ ਤਕ ਨਹੀਂ ਆਈ। ਇਸ ਨੂੰ ਸਮੁੱਚੀ ਕੌਮ ਦੀ ਗਿਰਾਵਟ ਦੀ ਇੰਤਹਾ ਕਹੀਏ ਜਾਂ ਕੁੱਝ ਹੋਰ?

ਭਾਵੇਂ ਕੋਈ ਸਮਝੇ ਜਾਂ ਨਾ, ਪਰ ਵਾਹਿਗੁਰੂ ਨੂੰ ਅੱਤ ਨਹੀਂ ਭਾਉਂਦੀ ਹੁੰਦੀ, ਭਾਵੇਂ ਉਸ ਦੇ ਅੱਤ ਦਾ ਅੰਤ ਕਰਨ ਦੇ ਰਾਹ ਬਹੁਤ ਨਿਆਰੇ ਹਨ। ਗੁਰੂ ਨਾਨਕ ਦੇਵ ਜੀ ਨੇ ਐਮਨਾਬਾਦ ਅੰਦਰ ਬੇਗੁਨਾਹਾਂ ਦੇ ਹੋਏ ਕਤਲਾਮ ਨੂੰ ਵੇਖ ਕੇ ਫ਼ੁਰਮਾਇਆ ਸੀ:

ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥ *(ਪੰਨਾ 417)*

ਜ਼ੁਲਮ ਦਾ ਅੰਤ ਕਰਨ ਵਿਚ ਭਾਵੇਂ ਫ਼ੌਰੀ ਕਾਰਵਾਈ ਕਰਨ ਲਈ ਵੀ ਅਕਾਲ ਪੁਰਖ ਸਮਰੱਥ ਹੈ ਅਤੇ ਕਈ ਵਾਰ ਐਸਾ ਕਰਨ ਵਿਚ ਢਿੱਲ ਨਹੀਂ ਲਾਉਂਦਾ, ਪਰ ਉਸ ਦਾ ਕਾਰਜ-ਕਰਨੀ-ਵਿਧਾਨ ਐਸਾ ਉਲੀਕਿਆ ਗਿਆ ਹੋਇਆ ਹੈ ਕਿ ਉਸ ਵਿਚ ਹਰ ਗੱਲ ਸਹਿਜ-ਭਾ ਅਤੇ ਕਿਸੇ ਜੁਗਤ ਅਨੁਕੂਲ ਹੁੰਦੀ ਹੈ, ਐਵੇਂ ਧੱਕਾ ਨਹੀਂ ਹੁੰਦਾ। ਜਦੋਂ ਉਹ ਅੱਤ ਹੋਈ ਵੇਖਦਾ ਹੈ ਅਤੇ ਅੱਤ ਕਰਨ ਵਾਲੇ ਨੂੰ ਦੰਡ (ਸਜ਼ਾ) ਦੇਣਾ ਜ਼ਰੂਰੀ ਸਮਝਦਾ ਹੈ ਤਾਂ ਉਸ ਅੰਦਰੋਂ ਉਸ ਦੇ ਮਨੁੱਖਪੁਣੇ ਦਾ ਅੰਤ ਕਰਦਾ ਅਥਵਾ ਉਸ ਦੀ ਚੰਗਿਆਈ ਉੱਤੇ ਕਾਲਖ ਫੇਰ ਦੇਂਦਾ ਹੈ ਅਤੇ ਉਸ ਨੂੰ ਬੁਰਾਈਆਂ ਦੇ ਰਾਹ ਪਾ ਦੇਂਦਾ ਹੈ, ਤਾਂ ਕਿ ਅਕਾਲੀ ਵਿਧਾਨ ਅਨੁਸਾਰ ਉਸ ਦੀਆਂ ਬੁਰਾਈਆਂ ਹੀ ਉਸ ਦਾ ਅੰਤ ਲੈ ਆਉਣ ਅਤੇ ਹਰ ਕੋਈ ਰੱਬ ਦੇ ਅਜਿਹੇ ਨਿਆਉਂ ਤੋਂ ਸੰਤੁਸ਼ਟ ਹੋਵੇ ਅਤੇ ਉਸ ਨੂੰ ਵਿਸ਼ਵਾਸ ਹੋ ਜਾਵੇ ਕਿ ਅੱਤ ਕਰਨ ਵਾਲੇ ਨੇ ਆਪਣੇ ਕੀਤੇ ਦਾ ਫਲ ਪਾਇਆ ਹੈ। ਇਸ ਦੀਆਂ ਅਨੇਕਾਂ ਮਿਸਾਲਾਂ ਇਤਿਹਾਸ ਅੰਦਰ ਮਿਲਦੀਆਂ ਹਨ; ਪਰ ਜ਼ਾਲਮ ਨੂੰ ਉਸ ਦੇ ਕੀਤੇ ਜ਼ੁਲਮ ਦਾ ਫ਼ੌਰੀ ਫਲ ਨਾ ਮਿਲਦਾ ਵੇਖ ਅਸੀਂ ਕਈ ਵਾਰ ਡੋਲ ਜਾਂਦੇ ਹਾਂ। ਸਾਨੂੰ ਨਿਸ਼ਚਾ ਰੱਖਣਾ ਚਾਹੀਦਾ ਹੈ ਕਿ ਉਸ ਦੇ ਘਰ ਅਨਿਆਂ ਨਹੀਂ, ਨਿਆਉਂ ਹੈ, ਜੋ ਜ਼ਰੂਰ ਵਰਤੇਗਾ ਅਤੇ ਅੱਤ ਕਰਨ ਵਾਲੇ ਆਪਣੇ ਕੀਤੇ ਦਾ ਫਲ ਅਵੱਸ਼ ਭੋਗਣਗੇ। ਕਦੋਂ ਅਤੇ ਕਿਵੇਂ, ਇਹ ਵਿਧਾਨ-ਨਿਰਮਾਤਾ ਹੀ ਜਾਣਦਾ ਹੈ।

ਦਿੱਲੀ ਅੰਦਰ ਸਿੱਖਾਂ ਨਾਲ ਵਰਤੀਆਂ ਘਟਨਾਵਾਂ ਨੂੰ ਉਲੀਕਣਾ ਕਿਸੇ ਵੀ ਕਲਮ ਦੀ ਸਮਰੱਥਾ ਤੋਂ ਬਾਹਰ ਹੈ, ਪਰ ਦਿੱਲੀ ਨਿਵਾਸੀ ਇਕ ਚੰਗੇ ਜ਼ਿੰਮੇਵਾਰ ਸਿਖ ਦੇ ਹੇਠਾਂ ਦਰਜ ਸ਼ਬਦ ਵਰਤੇ ਹਾਲਾਤ ਦਾ ਵੱਡੇ ਸੰਖੇਪ ਰੂਪ ਵਿਚ ਨਿਚੋੜ ਇਉਂ ਦੇਂਦੇ ਹਨ:

> "Delhi has never seen a worse situation than what happened during the 31st Oct. untill the 3rd Nov. 84. There is not a single Sikh family in Delhi, which has not been affected. The roads are littered with cars, scooters, buses and trucks lying burnt. Thousands of houses, shops and

factories have been looted and burnt. Most of the persons were burnt to death. Traces of their remains are also not there. Hundreds of women have become widows. The death toll is in thousands."

ਅਰਥਾਤ, "31 ਅਕਤੂਬਰ ਤੋਂ 3 ਨਵੰਬਰ ਤਕ ਦਿੱਲੀ ਅੰਦਰ ਵਾਪਰੇ ਹਾਲਾਤ ਦੀ ਮਿਸਾਲ ਨਹੀਂ ਮਿਲਦੀ। ਦਿੱਲੀ ਵਿਚ ਇਕ ਵੀ ਅਜਿਹਾ ਸਿਖ ਪਰਿਵਾਰ ਨਹੀਂ ਜਿਸ ਨਾਲ ਕੁੱਝ ਨਾ ਕੁੱਝ ਵਾਪਰਿਆ ਨਾ ਹੋਵੇ। ਸੜਕਾਂ ਉਪਰ ਥਾਂ ਥਾਂ ਸੜੀਆਂ ਹੋਈਆਂ ਕਾਰਾਂ, ਸਕੂਟਰ, ਬੱਸਾਂ ਅਤੇ ਟਰੱਕ ਵਿਛੇ ਪਏ ਦਿੱਸਦੇ ਹਨ। ਹਜ਼ਾਰਹਾ ਘਰ, ਦੁਕਾਨਾਂ ਅਤੇ ਫ਼ੈਕਟਰੀਆਂ ਲੁੱਟੀਆਂ ਤੇ ਸਾੜੀਆਂ-ਫੂਕੀਆਂ ਗਈਆਂ ਹਨ। ਬਹੁਤੇ ਆਦਮੀ ਜੀਉਂਦੇ ਸਾੜ ਕੇ ਸੁਆਹ ਕੀਤੇ ਗਏ ਹਨ, ਜਿਨ੍ਹਾਂ ਦਾ ਕੋਈ ਨਿਸ਼ਾਨ ਭੀ ਨਹੀਂ ਰਿਹਾ। ਸੈਂਕੜੇ ਇਸਤਰੀਆਂ ਬੇਵਾ ਹੋ ਗਈਆਂ ਹਨ। ਮਰ ਚੁੱਕੇ ਬੰਦੇ ਹਜ਼ਾਰਾਂ ਵਿਚ ਹਨ।"

ਜਿਵੇਂ ਪਿੱਛੇ ਦੱਸਿਆ ਗਿਆ ਹੈ, ਜੋ ਵਰਤਿਆ, ਸੁਭਾਵਕ ਨਹੀਂ ਸੀ, ਸਗੋਂ ਇਕ ਸੋਚੇ ਸਮਝੇ ਤੇ ਉਲੀਕੇ ਪਲੈਨ ਅਧੀਨ ਸੀ, ਇਕ ਵਿਸ਼ੇਸ਼ ਸ਼੍ਰੇਣੀ ਵੱਲੋਂ ਸੀ, ਜਿਸ ਦੇ ਪਿੱਛੇ (ਪੁਸ਼ਤ-ਪਨਾਹ) ਇਕ ਵੱਡੀ ਤਾਕਤ ਸੀ, ਜਿਸ ਦਾ ਨਿਸ਼ਾਨਾ (victim) ਸਮੁੱਚੀ ਸਿਖ ਕੌਮ ਸੀ, ਭਾਵੇਂ ਉਸ ਦੀ ਲਗ-ਲਬੇੜ ਵਾਲੇ ਕਈ ਦੂਜੇ ਬੰਦੇ ਵੀ, ਜਿਨ੍ਹਾਂ ਨੇ ਸਿੱਖਾਂ ਨੂੰ ਕੋਈ ਸਹਾਰਾ ਦਿੱਤਾ, ਇਸ ਦਾ ਸ਼ਿਕਾਰ ਹੋਏ। ਇਸ ਦਾ ਸਬੂਤ ਦੂਰ ਭਾਲਣ ਜਾਣ ਦੀ ਲੋੜ ਨਹੀਂ, ਕਿਉਂਕਿ ਇਸੇ ਸਮੇਂ, ਇਹੋ ਵਰਤਾਰਾ ਉਸੇ ਸ਼੍ਰੇਣੀ ਦੇ ਬੰਦਿਆਂ ਵੱਲੋਂ ਦੇਸ਼ ਭਰ ਦੇ ਹਰ ਉਸ ਸੂਬੇ ਵਿਚ ਹੋਇਆ ਜਿਥੇ ਉਨ੍ਹਾਂ ਹੀ ਹਕੂਮਤ ਸੀ।

ਇਸ ਦੇ ਵਿਸਥਾਰ ਵਿਚ ਜਾਣਾ ਤਾਂ ਮੁਸ਼ਕਲ ਹੈ, ਪ੍ਰੰਤੂ ਗਿਣਤੀ ਦੀਆਂ ਕੁੱਝ ਥਾਵਾਂ, ਜਿਥੋਂ ਲੇਖਕ ਨੂੰ ਸੂਚਨਾ ਮਿਲੀਆਂ ਹਨ, ਦਾ ਸੰਖੇਪ ਜਿਹਾ ਵਰਣਨ ਕੀਤਾ ਜਾਂਦਾ ਹੈ।

ਭਾਵੇਂ ਦੇਸ਼ ਦੇ ਕਰੀਬਨ ਹਰ ਸ਼ਹਿਰ ਵਿਚ ਥੋੜੇ ਬਹੁਤ ਸਿਖ ਜ਼ਰੂਰ ਆਬਾਦ ਹਨ, ਪਰ ਆਮ ਤੌਰ 'ਤੇ ਉਨ੍ਹਾਂ ਦੀ ਸਮੁੱਚੀ ਦੇਸ਼-ਗਿਣਤੀ ਦੇ ਤਨਾਸਬ ਨਾਲ, ਜੋ ਕੇਵਲ 1.8 ਪ੍ਰਤੀਸ਼ਤ ਅਥਵਾ ਹਰ ਹਜ਼ਾਰ ਮਨੁੱਖਾਂ ਵਿਚ ਕੇਵਲ 18 ਹੈ, ਸਿਖ ਗਿਣਤੀ ਆਟੇ ਵਿਚ ਲੂਣ ਸਮਾਨ ਭੀ ਨਹੀਂ। ਪਰ ਏਨੀ ਘੱਟ-ਗਿਣਤੀ ਦੇ ਬਾਵਜੂਦ ਵੀ ਜਿਥੇ ਸਿੱਖਾਂ ਦੀ ਵੱਸੋਂ ਇਕੋ ਥਾਂ ਅਥਵਾ ਇਕੋ ਮਹੱਲੇ ਜਾਂ ਗਲੀ ਵਿਚ ਸੀ, ਉਥੇ ਉਨ੍ਹਾਂ ਆਪਣਾ ਬਚਾਉ ਆਪਣੀ ਹਿੰਮਤ ਨਾਲ ਕੀਤਾ। ਪ੍ਰੰਤੂ ਜਿਥੇ ਟਾਵੇਂ ਟਾਵੇਂ ਸਿਖ ਘਰ ਜਾਂ ਸਿਖ ਦੁਕਾਨਾਂ ਸਨ, ਉਹ ਆਮ ਕਰਕੇ ਸਾਰੇ ਹੀ ਲੁੱਟ ਲਏ ਅਤੇ

ਸਾੜੇ ਗਏ। ਕਈ ਥਾਵਾਂ 'ਤੇ ਗ਼ੈਰ-ਸਿਖ ਗਵਾਂਢੀਆਂ ਨੇ ਸਿਖ ਜਾਨਾਂ, ਉਨ੍ਹਾਂ ਨੂੰ ਆਪਣੇ ਘਰਾਂ ਅੰਦਰ ਛੁਪਾ ਕੇ, ਬਚਾਈਆਂ।

ਗੱਡੀਆਂ ਜਾਂ ਬੱਸਾਂ ਵਿਚ ਸਫ਼ਰ ਕਰਦੇ ਸਿੱਖਾਂ ਵਿਚੋਂ ਕੋਈ ਵਿਰਲਾ ਹੀ ਬਚਿਆ ਹੋਵੇਗਾ। ਮਿਸਾਲ ਵਜੋਂ 31 ਅਕਤੂਬਰ ਨੂੰ ਜੈਪੁਰ ਤੋਂ ਦਿੱਲੀ ਨੂੰ ਆ ਰਹੀ ਗੱਡੀ ਜਦੋਂ ਰੀਵਾੜੀ ਠਹਿਰੀ ਤਾਂ ਹਜੂਮ ਟੁੱਟ ਕੇ ਗੱਡੀ 'ਤੇ ਪੈ ਗਿਆ। ਇਕ ਕੰਪਾਰਟਮੈਂਟ ਵਿਚ ਕੁੱਝ ਸਿਖ ਅਤੇ ਹਿੰਦੂ ਫ਼ੌਜੀ ਅਫ਼ਸਰ ਸਨ। ਸਿੱਖਾਂ ਵਿਚ ਇਕ ਰੀਟਾਇਰਡ ਡਾਕਟਰ ਸੀ, ਜੋ ਸਰਕਾਰੀ ਤੌਰ 'ਤੇ ਅੰਮ੍ਰਿਤਸਰ ਤੋਂ ਜੈਪੁਰ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਦਾ ਪ੍ਰੈਕਟੀਕਲ ਦਾ ਇਮਤਿਹਾਨ ਲੈਣ ਭੇਜਿਆ ਗਿਆ ਹੋਇਆ ਸੀ। ਉਹ ਇਸ ਗੱਡੀ ਵਿਚ ਵਾਪਸ ਮੁੜ ਰਿਹਾ ਸੀ ਅਤੇ ਰਸਤੇ ਵਿਚ ਉਸ ਦੀ ਹਿੰਦੂ ਫ਼ੌਜੀ ਅਫ਼ਸਰਾਂ ਨਾਲ ਜਾਣ-ਪਛਾਣ ਬਣ ਗਈ ਸੀ। ਉਨ੍ਹਾਂ ਦੇ ਸੁਝਾਉ 'ਤੇ ਡਾਕਟਰ ਟੱਟੀ ਅੰਦਰ ਛੁਪ ਗਿਆ ਅਤੇ ਫ਼ੌਜੀਆਂ ਨੇ ਉਸ ਦੀ ਦੇਖ-ਭਾਲ ਰੱਖੀ। ਇਸ ਤਰ੍ਹਾਂ ਉਹ ਬਚ ਗਿਆ। ਲੇਕਿਨ ਬਾਕੀ ਦੇ ਇਸ ਡੱਬੇ, ਅਤੇ ਗੱਡੀ ਦੇ ਹੋਰ ਡੱਬਿਆਂ ਵਿਚ ਸਫ਼ਰ ਕਰਦੇ ਸਾਰੇ ਸਿਖ ਕੁਲ 28 ਆਦਮੀ ਮਾਰ ਦਿੱਤੇ ਗਏ। ਡਾਕਟਰ 5 ਘੰਟੇ ਟੱਟੀ ਵਿਚ ਬੰਦ ਰਹਿਣ ਪਿੱਛੋਂ ਬਾਹਰ ਆਇਆ। ਇਹ ਉਨ੍ਹਾਂ ਦਿਨਾਂ ਵਿਚ ਸਫ਼ਰ ਕਰ ਰਹੇ ਸਿੱਖਾਂ ਨਾਲ ਵਾਪਰੇ ਇਕ ਵਾਕਿਆ ਦੀ ਵਾਰਤਾ ਹੈ।

ਦਿੱਲੀ ਨੂੰ ਆਈ ਇਕ ਹੋਰ ਗੱਡੀ ਦੇ 43 ਸਿਖ ਮੁਸਾਫ਼ਰ, ਜਿਨ੍ਹਾਂ ਵਿਚ ਦੋ-ਤਿੰਨ ਫ਼ੌਜੀ ਅਫ਼ਸਰ (ਬਾ-ਵਰਦੀ) ਦੱਸੇ ਜਾਂਦੇ ਹਨ, ਦਿੱਲੀ ਤੋਂ ਪਿੱਛੇ ਤੁਗ਼ਲਕਾਬਾਦ, ਗ਼ਾਜ਼ੀਆਬਾਦ ਆਦਿ ਸਟੇਸ਼ਨਾਂ 'ਤੇ ਡੱਬਿਆਂ ਵਿਚੋਂ ਧਰੂਹ ਕੇ ਬਾਹਰ ਪਲੇਟਫ਼ਾਰਮ ਜਾਂ ਰੇਲਵੇ ਲਾਈਨ ਉਪਰ ਪੈਟਰੋਲ ਪਾ ਕੇ ਜ਼ਿੰਦਾ ਜਲਾ ਦਿੱਤੇ ਗਏ। ਦੱਸਦੇ ਹਨ ਕਿ ਇਸ ਮੌਕੇ 'ਤੇ ਪੁਲੀਸ ਮੌਜੂਦ ਸੀ, ਪ੍ਰੰਤੂ ਕੋਈ ਟਸ ਤੋਂ ਮਸ ਨਹੀਂ ਹੋਇਆ। ਗੱਡੀਆਂ ਤੋਂ ਬਾਹਰ ਲੁਟੇਰਿਆਂ ਦਾ ਹਜੂਮ ਗੱਡੀਆਂ ਦੇ ਡੱਬਿਆਂ ਵੱਲ ਝਾਕਦਾ ਅਤੇ 'ਕੋਈ ਸਰਦਾਰ ਹੈ ?' ਪੁੱਛਦਾ ਲੰਘਦਾ ਜਾ ਰਿਹਾ ਸੀ ਅਤੇ 'ਸਰਦਾਰ' ਦੇ ਮਿਲ ਜਾਣ 'ਤੇ ਉਸ ਨੂੰ ਬਾਹਰ ਧਰੂਹ ਕੇ ਪਲੇਟਫ਼ਾਰਮ 'ਤੇ ਹੀ ਤੇਲ ਪਾ ਕੇ ਸਾੜ ਦਿੱਤਾ ਜਾਂਦਾ ਸੀ। ਇਹ ਵਰਤਾਰਾ ਹਰ ਆਈ ਗੱਡੀ ਸਮੇਂ ਵਰਤ ਰਿਹਾ ਸੀ।

ਦਿੱਲੀ ਤੋਂ ਆਏ ਇਕ ਪੱਤਰ ਵਿਚ ਲਿਖੇ ਇਹ ਸ਼ਬਦ ਭਾਵ-ਪੂਰਤ ਹਨ:

'ਕਿਸੇ ਨੂੰ ਤਲਵਾਰ ਜਾਂ ਗੋਲੀ ਨਾਲ ਮਾਰ ਦੇਣਾ ਤਾਂ ਦੁਨੀਆ ਦਾ ਦਸਤੂਰ ਰਿਹਾ ਹੈ, ਪਰ ਸਾਰਾ ਸਾਰਾ ਪਰਿਵਾਰ ਜੀਉਂਦਾ ਸਾੜ ਦੇਣਾ ਨਵੀਂ ਕਾਢ ਹੈ।'

ਦਿੱਲੀ ਵਿਚ ਹੋਏ ਬੇਹਿਸਾਬ ਜਾਨੀ ਅਤੇ ਅਰਬਾਂ ਦੀ ਮਾਲੀਅਤ ਦੇ ਨੁਕਸਾਨ ਤੋਂ ਇਲਾਵਾ ਸਿੰਘਾਂ ਦੇ ਕੇਸ ਅਤੇ ਦਾੜ੍ਹੀਆਂ ਮੁੰਨ ਦੇਣ ਦੀਆਂ ਅਨੇਕ ਵਾਰਦਾਤਾਂ ਦੀ ਰੀਪੋਰਟ ਹੈ। ਬਹੁਤ ਸਾਰੇ ਸਿੱਖਾਂ ਦੇ ਦਾੜ੍ਹੀ ਕੇਸ ਕੱਟ ਕੇ ਉਨ੍ਹਾਂ ਨੂੰ ਛੱਡ ਦਿੱਤਾ

ਗਿਆ। ਉਨ੍ਹਾਂ ਦੀ ਇਸ ਤਰ੍ਹਾਂ ਜਾਨ-ਬਖ਼ਸ਼ੀ ਹੁੰਦੀ ਵੇਖ ਕੇ ਅਨੇਕਾਂ ਨਾਮ-ਧਰੀਕ ਸਿਖ ਨੌਜਵਾਨਾਂ ਨੇ ਆਪ ਹੀ ਆਪਣੇ ਕੇਸ ਦਾੜ੍ਹੀ ਕੱਟ ਲਏ ਅਤੇ ਪੱਗਾਂ ਉਤਾਰ ਦਿੱਤੀਆਂ। ਇਕ ਜ਼ਿੰਮੇਵਾਰ ਸੱਜਣ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਪਤਿਤ ਹੋਏ ਸਿੱਖਾਂ ਦੀ ਗਿਣਤੀ ਇਕ ਲੱਖ ਤੋਂ ਘੱਟ ਨਹੀਂ ਹੋਣੀ। ਇਹ ਵੀ ਪਤਾ ਲੱਗਾ ਹੈ ਕਿ ਹਰਿਆਣੇ ਦੇ ਜ਼ਿਲਾ ਕਰਨਾਲ ਵਿਚ ਆਬਾਦ ਕਈ ਪੇਂਡੂ ਜ਼ਿਮੀਂਦਾਰ ਸਿਖ ਨੌਜਵਾਨ, ਜੋ ਵਧੇਰੇ ਕਰਕੇ ਜ਼ਿਲਾ ਸ਼ੇਖ਼ੂਪੁਰਾ ਦੀ ਵਿਰਕ ਬਰਾਦਰੀ ਵਿਚੋਂ ਹਨ, ਵੀ ਪਤਿਤ ਹੋ ਗਏ ਹਨ। ਮੈਨੂੰ ਇਹ ਗੱਲ ਦੱਸਦੇ ਹੋਏ ਅਤੀਅੰਤ ਦੁੱਖ ਹੁੰਦਾ ਹੈ, ਜਦੋਂ ਮੈਂ ਸੋਚਦਾ ਹਾਂ ਕਿ ਇਸ ਤਰ੍ਹਾਂ ਸੈਂਕੜੇ ਪਤਿਤ ਹੋਏ ਨੌਜਵਾਨ ਉਸ ਵਿਰਕੈਤ ਦੇ ਤੇ ਉਨ੍ਹਾਂ ਸਰਦਾਰਾਂ ਦੇ ਪੁੱਤਰ ਪੋਤਰੇ ਹਨ ਜਿਨ੍ਹਾਂ ਨੂੰ ਨਨਕਾਣਾ ਸਾਹਿਬ ਹੁੰਦਿਆਂ ਪੰਦਰਾਂ ਸਾਲ ਮੈਂ ਵੇਖਦਾ ਰਿਹਾ ਕਿ ਉਨ੍ਹਾਂ ਵਿਚ ਇਕ ਵੀ ਅਜਿਹਾ ਸਿਖ ਨਹੀਂ ਸੀ ਜਿਸ ਨੇ ਕਦੀ ਵੀ ਦਾੜ੍ਹੀ ਕੇਸਾਂ ਦੀ ਨਿਰਾਦਰੀ ਕੀਤੀ ਹੋਵੇ ਅਤੇ ਜਿਸ ਵਿਰਕੈਤ ਨੇ ਕੌਮ ਨੂੰ ਭਾਈ ਮੂਲ ਸਿੰਘ ਗਰਮੂਲਾ, ਭਾਈ ਕਰਤਾਰ ਸਿੰਘ ਝੱਬਰ ਅਤੇ ਭਾਈ ਮਾਨ ਸਿੰਘ ਹੰਬੋ ਜਿਹੇ ਗੁਰਮਤਿ ਦੇ ਪ੍ਰਚਾਰਕ ਤੇ ਜਥੇਦਾਰ ਦਿੱਤੇ ਹੋਣ।

ਬਕਾਰੋ (ਸਟੀਲ ਪਲਾਂਟ) ਸ਼ਹਿਰ ਵਿਚ ਮੋਟਰ ਪਾਰਟਸ ਦੀਆਂ ਕਈ ਸਿਖ ਦੁਕਾਨਾਂ ਸਨ। ਇਥੇ ਮਾਰਨ ਦਾ ਤਰੀਕਾ ਆਮ ਤੌਰ 'ਤੇ ਇਹ ਸੀ ਕਿ ਦੁਕਾਨ ਵਿਚੋਂ ਹੀ ਟਾਇਰ ਲੈ ਕੇ ਸਿਖ ਦੇ ਗਲ ਵਿਚ ਪਾ ਅਤੇ ਇਸ ਉਪਰ ਥੋੜਾ ਤੇਲ ਛਿੜਕ ਕੇ ਅੱਗ ਲਗਾ ਦਿੱਤੀ ਜਾਂਦੀ, ਜਿਸ ਨਾਲ ਆਦਮੀ ਲੰਬਾ ਸਮਾਂ ਤੜਫਦਾ ਤੇ ਸੜਦਾ ਰਹਿੰਦਾ। ਇਸ ਸ਼ਹਿਰ ਵਿਚ 70 ਤੋਂ 100 ਤਕ ਸਿਖ ਮਾਰੇ ਤੇ ਸਾੜੇ ਗਏ ਦੱਸੇ ਜਾਂਦੇ ਹਨ। ਇਸ ਤੋਂ ਇਲਾਵਾ ਸਿਖ ਡਰਾਈਵਰਾਂ ਦੇ ਦੋ ਸੌ ਦੇ ਕਰੀਬ ਟਰੱਕ ਫੂਕੇ ਗਏ ਦੱਸੇ ਜਾਂਦੇ ਹਨ। ਸਿੱਖਾਂ ਦੀਆਂ ਦੁਕਾਨਾਂ ਤੇ ਮਕਾਨ ਭੀ ਲੁੱਟੇ ਤੇ ਸਾੜੇ ਗਏ।

ਇਸ ਥਾਂ ਲਾਗੇ ਕੋਪਰ ਗਾਉਂ ਸ਼ਹਿਰ ਹੈ, ਜਿਥੇ ਭਾਵੇਂ ਜਾਨੀ ਨੁਕਸਾਨ ਤਾਂ ਇਤਨਾ ਨਹੀਂ ਹੋਇਆ ਪ੍ਰੰਤੂ ਮਕਾਨ ਦੁਕਾਨਾਂ ਸਮੇਤ ਅੰਦਰਲੇ ਸਾਮਾਨ ਦੇ ਅਤੇ ਕਈ ਟਰੱਕ ਕਰੋੜਾਂ ਰੁਪਏ ਦੀ ਮਾਲੀਅਤ ਦੇ ਫ਼ਨਾਹ ਕਰ ਦਿੱਤੇ ਗਏ।

ਕਾਨਪੁਰ, ਜਿਥੇ ਸਿਖ ਵੱਸੋਂ ਕਾਫ਼ੀ ਹੈ, ਵਿਚ ਹੋਇਆ ਜਾਨੀ ਅਤੇ ਮਾਲੀ ਨੁਕਸਾਨ ਦਿੱਲੀ ਤੋਂ ਪਿੱਛੋਂ ਦੂਜੀ ਥਾਂ ਰੱਖਦਾ ਹੈ। ਏਥੇ ਵੀ ਲੁੱਟ-ਮਾਰ, ਸਾੜ-ਫੂਕ ਅਤੇ ਨੌਜਵਾਨ ਸਿੱਖਾਂ ਨੂੰ ਜੀਉਂਦੇ ਸਾੜਨ ਅਤੇ ਹੋਰ ਸਾਰੀਆਂ ਵਾਰਦਾਤਾਂ ਵੀ ਉਸੇ ਤਰ੍ਹਾਂ ਹੋਈਆਂ ਜਿਵੇਂ ਦਿੱਲੀ ਵਿਚ। ਕਈ ਸੌ ਸਿੱਖਾਂ ਦੇ ਮਾਰੇ ਗਏ ਹੋਣ ਦੀ ਰੀਪੋਰਟ ਹੈ। ਏਥੇ ਇਕ ਸਿਖ ਸਰਦਾਰ ਦਾ, ਜੋ ਡੀਫ਼ੈਂਸ ਦੇ ਮਹਿਕਮੇ ਵਿਚ ਵੱਡੀ ਪੋਸਟ 'ਤੇ ਬੰਗਲੌਰ ਲੱਗਿਆ ਹੋਇਆ ਸੀ ਅਤੇ ਜਿਸ ਦਾ ਇਕ ਲੜਕਾ ਅਮਰੀਕਾ ਰਹਿੰਦਾ ਹੈ, ਇਕ ਬਹੁਤ ਵੱਡਾ ਮੁਰਗੀਖ਼ਾਨਾ (Poultry) ਸੀ, ਜਿਸ ਵਿਚ ਕਈ ਹਜ਼ਾਰ

ਮੁਰਗ਼ੀਆਂ ਸਨ। ਇਸ ਨੂੰ ਅੱਗ ਲਗਾ ਦਿੱਤੀ ਗਈ, ਜਿਸ ਨਾਲ ਹਜ਼ਾਰਾਂ ਬੇਬੱਸ ਜਾਨਵਰ ਤੜਫ਼ ਤੜਫ਼ ਜਾਨਾਂ ਤੋੜ ਗਏ ਅਤੇ ਥੋੜੇ ਮਿੰਟਾਂ ਵਿਚ ਇਹ ਫ਼ਨਾਹ ਹੋ ਗਿਆ। ਇਸ ਸਰਦਾਰ ਦੇ ਅਮਰੀਕਾ ਵਿਚ ਬੈਠੇ ਲੜਕੇ ਨੇ ਟੀ.ਵੀ. 'ਤੇ ਕਾਨਪੁਰ ਦਾ ਪੋਲਟਰੀ ਫ਼ਾਰਮ ਸੜਦਾ ਵੇਖ ਕੇ ਆਪਣੇ ਬਾਪ ਨੂੰ ਬੰਗਲੌਰ ਟੈਲੀਫ਼ੋਨ ਕਰ ਕੇ ਦੱਸਿਆ ਕਿ ਉਨ੍ਹਾਂ ਦਾ ਮੁਰਗ਼ੀਖ਼ਾਨਾ ਸੁਆਹ ਹੋ ਚੁੱਕਾ ਸੀ।

ਕਾਨਪੁਰ ਦੇ ਸਿਵਾਏ ਇਕ ਦੋ ਦੇ, ਬਾਕੀ ਸਾਰੇ ਕਰੀਬਨ ਪੰਜਾਹ ਗੁਰਦੁਆਰੇ ਸਾੜੇ ਗਏ ਦੱਸੇ ਜਾਂਦੇ ਹਨ, ਜਿਨ੍ਹਾਂ ਵਿਚ ਹੀ ਕਈ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨ।

ਅਜਿਹੀਆਂ ਰੀਪੋਰਟਾਂ ਹੀ ਰਾਂਚੀ, ਧਨਬਾਦ, ਲਖਨਊ, ਸਹਾਰਨਪੁਰ ਆਦਿ ਸ਼ਹਿਰਾਂ ਤੋਂ ਮਿਲੀਆਂ ਹਨ। ਜਮਨਾ ਨਗਰ ਅੰਦਰ ਇਕ ਸਿਖ ਨੌਜਵਾਨ, ਜੋ ਆਪਣੇ ਘਰ ਬੇਫ਼ਿਕਰੀ ਨਾਲ ਟੈਲੀਵਿਜਨ ਵੇਖ ਰਿਹਾ ਸੀ, ਨੂੰ ਬਾਹਰ ਤੋਂ ਘੰਟੀ ਦੇ ਕੇ ਬੁਲਾਇਆ ਗਿਆ, ਨਿਕਲਦੇ ਸਾਰ ਉਸ ਉਪਰ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਗਈ ਅਤੇ ਉਹ ਤੜਫ਼ ਤੜਫ਼ ਕੇ ਜਾਨ ਤੋੜ ਗਿਆ।

ਪਟਨਾ ਸਾਹਿਬ ਦੀ ਵਾਰਤਾ ਹੋਰ ਦੁਖਦਾਈ ਹੈ। ਏਥੇ 360 ਸਿਖ ਪਰਿਵਾਰ ਰਹਿੰਦੇ ਦੱਸੇ ਜਾਂਦੇ ਹਨ। ਏਥੇ ਹੋਏ ਜਾਨੀ ਨੁਕਸਾਨ ਦਾ ਹਾਲੀਂ ਠੀਕ ਠੀਕ ਪਤਾ ਨਹੀਂ, ਪ੍ਰੰਤੂ ਮਾਲੀ ਨੁਕਸਾਨ ਬਹੁਤ ਹੋਇਆ ਦੱਸਿਆ ਜਾਂਦਾ ਹੈ। ਪਰ ਅਤੀਅੰਤ ਹਿਰਦੇ-ਵੇਧਕ ਰੀਪੋਰਟ ਸ੍ਰੀ ਹਰਿਮੰਦਰ ਤਖ਼ਤ ਸਾਹਿਬ ਤੋਂ ਬਿਨਾਂ ਬਾਕੀ ਦੇ ਕਈ ਇਤਿਹਾਸਕ ਗੁਰਦੁਆਰਿਆਂ, ਜੋ ਗੁਰੂ ਗੋਬਿੰਦ ਸਿੰਘ ਬਾਲਾ ਪ੍ਰੀਤਮ ਜੀ ਦੇ ਪਟਨਾ ਸਾਹਿਬ ਅੰਦਰ ਗੁਜ਼ਾਰੇ ਸਮੇਂ ਨਾਲ ਸੰਬੰਧਤ ਹਨ, ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਪਟਨਾ ਸਾਹਿਬ ਦੇ 360 ਪਰਿਵਾਰਾਂ ਵਿਚੋਂ ਅੱਧੇ ਪਰਿਵਾਰ ਅੱਧ ਜਨਵਰੀ 1985 ਤਕ ਪੰਜਾਬ ਆ ਚੁੱਕੇ ਦੱਸੇ ਜਾਂਦੇ ਹਨ ਅਤੇ ਕਈ ਹੋਰ ਆਉਣ ਨੂੰ ਤਿਆਰ ਬੈਠੇ ਹਨ। ਅਗਰ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਸੇਵਾ-ਸੰਭਾਲ ਤੋਂ 1947 ਦੀ ਦੇਸ਼-ਵੰਡ ਨੇ ਸਿੱਖਾਂ ਨੂੰ ਵਾਂਝ ਦਿੱਤਾ ਹੈ ਤਾਂ ਕੀ ਦੇਸ਼ ਦੀ ਹਿੰਦੂ ਸਰਕਾਰ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਅਸਥਾਨ ਅਤੇ ਕੌਮ ਦੇ ਇਕ ਮਹਾਨ ਤਖ਼ਤ ਤੋਂ ਵਾਂਝ ਦੇਣ ਦੇ ਰਾਹੇ ਤਾਂ ਨਹੀਂ ਤੁਰ ਰਹੀ ? ਜਿਸ ਦੇਸ਼ ਦੀ ਅਖੰਡਤਾ ਦੇ ਬਣਾਏ ਰੱਖਣ ਲਈ ਕਾਂਗਰਸ ਸਰਕਾਰ ਚਾਹੁੰਦੀ ਹੈ ਕਿ ਸਿਖ ਇਸ ਦਾ ਵਿਰੋਧ ਨਾ ਕਰਨ ਅਤੇ ਭਾਰਤ ਦੀ ਅਖੰਡਤਾ ਦੇ ਦਾਹਵੇਦਾਰ ਬਣੇ ਰਹਿਣ, ਕੀ ਉਨ੍ਹਾਂ ਸਿੱਖਾਂ ਨੂੰ ਪਟਨਾ ਸਾਹਿਬ ਤੋਂ ਦੂਰ ਕਰ ਕੇ, ਉਹ ਸਿਖ ਹਿਰਦੇ ਜਿੱਤ ਸਕਦੀ ਹੈ ?

ਦਿੱਲੀ ਤੋਂ ਬਾਹਰ ਵਰਤੇ ਹਾਲਾਤ ਦੀ ਸਹੀ ਜਾਣਕਾਰੀ ਲੈਣ ਲਈ ਬੇਹਤਰ

ਹੋਵੇਗਾ, ਅਗਰ ਉਨ੍ਹਾਂ ਥਾਵਾਂ ਤੋਂ ਆਈਆਂ ਰੀਪੋਰਟਾਂ ਵਿਚ ਦਰਜ ਕੁੱਝ ਸ਼ਬਦ ਹੀ ਪਾਠਕਾਂ ਦੀ ਭੇਟ ਕੀਤੇ ਜਾਣ, ਜੋ ਇਸ ਤਰ੍ਹਾਂ ਹਨ :

1. ਰਾਂਚੀ ਤੋਂ ਇਕ ਸੱਜਣ ਲਿਖਦੇ ਹਨ :

ਅਸੀਂ ਸਵੇਰੇ ਅੱਠ ਵਜੇ ਪਹਿਲੀ ਨਵੰਬਰ ਤੋਂ ਹੀ ਟੀ.ਵੀ. 'ਤੇ ਸੁਣ ਰਹੇ ਸਾਂ ਕਿ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ।' ਸਾਨੂੰ ਭਾਸਣ ਲੱਗ ਗਿਆ ਸੀ ਕਿ ਹੁਣ ਸਿੱਖਾਂ ਵਿਰੁੱਧ ਕੋਈ ਕਾਰਵਾਈ ਹੋਵੇਗੀ। ਮੇਰੇ ਗਵਾਂਢ ਇਕ ਸੈਣੀ ਸਿਖ ਪਰਿਵਾਰ ਰਹਿੰਦਾ ਸੀ, ਦੋ ਭਰਾ ਸਨ, ਦੋਵੇਂ ਮਾਰ ਦਿੱਤੇ ਗਏ ਤੇ ਘਰ ਲੁੱਟ ਲਿਆ ਗਿਆ। ਸਾਡੀਆਂ ਦੋਵੇਂ ਦੁਕਾਨਾਂ ਸਾੜ ਦਿੱਤੀਆਂ ਗਈਆਂ, ਚਾਰ ਸਕੂਟਰ, ਜੀਪ ਅਤੇ ਬਾਹਰ ਦਾ ਮਕਾਨ 50'×25' ਦਿਨ ਦੇ 12 ਵਜੇ ਸਾਡੀਆਂ ਅੱਖਾਂ ਸਾਹਮਣੇ ਪੁਲੀਸ ਦੀ ਮੌਜੂਦਗੀ ਅਤੇ ਕਾਂਗਰਸ ਦੀ ਅਗਵਾਈ ਹੇਠਾਂ ਸਾੜ ਦਿੱਤੇ ਗਏ।...ਕਪੜੇ ਆਦਿ ਤੋਂ ਬਗ਼ੈਰ ਸਾਡਾ 12 ਲੱਖ ਦਾ ਨੁਕਸਾਨ ਹੋਇਆ। ਇਹ ਸਭ ਕੁਝ ਪੁਲੀਸ ਤੇ ਕਾਂਗਰਸ (ਆਈ) ਨੇ ਆਪ ਸ਼ਾਮਲ ਹੋ ਕੇ ਕਰਵਾਇਆ ਹੈ। ਰਾਮਗੜ੍ਹ (ਜਿਥੇ ਇਕ ਦੁਕਾਨ ਮੇਰੇ ਇਕ ਲੜਕੇ ਦੀ ਵੀ ਸੀ) ਵਿਚ ਸਿੱਖਾਂ ਦੀਆਂ ਸਾਰੀਆਂ ਦੁਕਾਨਾਂ ਸਾੜ ਦਿੱਤੀਆਂ ਗਈਆਂ...।

ਬਕਾਰੋ (Steel City) ਜੋ ਉਪੱਦਰ ਹੋਏ ਹਨ, ਉਸ ਦੀ ਮਿਸਾਲ ਤਾਂ ਦੁਨੀਆ ਦੇ ਕਿਸੇ ਇਤਿਹਾਸ ਵਿਚ ਨਹੀਂ ਮਿਲਦੀ। ਛੋਟੀਆਂ ਬਾਰਾਂ ਬਾਰਾਂ ਸਾਲ ਦੀਆਂ ਬੱਚੀਆਂ ਦੀ ਦਰਿੰਦਿਆਂ ਨੇ ਪੱਤ ਲੁੱਟੀ ਅਤੇ ਫਿਰ ਕਤਲ ਕਰ ਕੇ ਨਾਲੇ ਵਿਚ ਸੁੱਟ ਦਿੱਤਾ। ਮਕਾਨਾਂ ਦੇ ਅੰਦਰ ਆਦਮੀ ਤੇ ਤੀਵੀਆਂ ਬੰਦ ਕਰ ਕੇ ਡਾਇਨਾਮਾਈਟ ਨਾਲ ਉੜਾ ਦਿੱਤੇ। ਡਾਲਟਨ ਗੰਜ ਵਿਚ ਸਿੱਖਾਂ ਦੀਆਂ ਲਗਪਗ ਦੋ ਸੌ ਦੁਕਾਨਾਂ ਲੁੱਟ ਲਈਆਂ ਤੇ ਸਾੜ ਦਿੱਤੀਆਂ।

2. ਧਨਬਾਦ ਤੋਂ ਆਈ ਰੀਪੋਰਟ ਵਿਚ ਦਰਜ ਹੈ :

1-11-84 ਸਵੇਰੇ ਹੀ ਲੁੱਟ-ਮਾਰ ਤੇ ਅਗਜ਼ਨੀ ਸ਼ੁਰੂ ਹੋ ਗਈ ਸੀ। ਸ਼ਹਿਰ ਦੇ ਇਕ ਗੁਰਦੁਆਰੇ ਨੂੰ ਅੱਗ ਲਗਾਈ ਗਈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 14-15 ਸਰੂਪ ਸਾੜੇ ਗਏ। ਇਲਾਕੇ ਵਿਚ ਨੌਂ ਮੌਤਾਂ ਹੋਈਆਂ ਤੇ 4-5 ਗੁਰਦੁਆਰੇ ਸਾੜੇ ਤੇ ਲੁੱਟੇ ਗਏ। ਇਥੋਂ 35 ਮੀਲ ਦੂਰ ਬਕਾਰੋ ਤਾਂ ਬਹੁਤ ਕਹਿਰ ਵਰਤਿਆ। ਉਥੇ ਲੋਕਾਂ ਨੂੰ ਘਰੋਂ ਕੱਢ ਕੇ ਪੈਟਰੋਲ ਪਾ ਪਾ ਕੇ ਸਾੜਿਆ ਗਿਆ। 70 ਤੋਂ 100 ਤਕ ਮੌਤਾਂ ਹੋਈਆਂ ਦੱਸੀਆਂ ਜਾਂਦੀਆਂ ਹਨ।

ਕਈ ਥਾਂ ਸਿੱਖਾਂ ਨੇ ਜਾਨ ਬਚਾਉਣ ਲਈ ਕੇਸ ਕਟਾ ਦਿੱਤੇ, ਜਦੋਂ ਲੁੱਟ-ਮਾਰ ਹੋ ਰਹੀ ਸੀ, ਪੁਲੀਸ ਸਾਹਮਣੇ ਖੜੀ ਵੇਖਦੀ ਸੀ।

3. ਕੋਪਰ ਗਾਉਂ ਤੋਂ ਇਕ ਸੱਜਣ ਲਿਖਦੇ ਹਨ :

ਇਸ ਛੋਟੇ ਜਿਹੇ ਸ਼ਹਿਰ ਵਿਚ ਘੱਟੋ ਘੱਟ ਪੰਜ ਕਰੋੜ ਦਾ ਨੁਕਸਾਨ ਪੰਜਾਬੀਆਂ ਦਾ ਹੋਇਆ ਹੈ ਅਤੇ ਤਿੰਨ ਸਿਖ ਮਾਰ ਦਿੱਤੇ ਗਏ ਹਨ। ਗੁਰਦੁਆਰੇ ਨੂੰ ਵੀ ਅੱਗ ਲਗਾਈ ਗਈ ਅਤੇ ਸੈਂਕੜੇ ਟਰੱਕ ਸਾਮਾਨ ਦੇ ਭਰੇ ਹੋਏ ਸਾੜੇ ਗਏ। ਦੁਕਾਨਾਂ ਅਤੇ ਕਾਰੋਬਾਰ ਦੇ ਹੋਰ ਸਿਖ ਅਦਾਰੇ ਲੁੱਟ ਪੁੱਟ ਕੇ ਸਾੜ ਦਿੱਤੇ ਗਏ, ਜਿਸ ਨਾਲ ਸਾਰੇ ਲੱਖਾਂ ਦੇ ਲੈਣ ਦੇਣ ਦੇ ਹਿਸਾਬ ਖਾਤੇ ਸੜ ਗਏ, ਸਗੋਂ ਉਨ੍ਹਾਂ ਪਾਸ ਖਾਣ ਦਾ ਸਾਮਾਨ ਤੇ ਪਹਿਨਣ ਦਾ ਕਪੜਾ ਬਿਸਤਰੇ ਆਦਿ ਭੀ ਨਹੀਂ ਰਹੇ। ਇਹ ਸਾਰਾ ਕੁੱਝ ਲੋਕਲ ਪੁਲੀਸ, ਹੋਰ ਅਫ਼ਸਰਾਂ ਅਤੇ ਕਾਂਗਰਸੀ ਕਾਰਕੁੰਨਾਂ ਦੀ ਹਾਜ਼ਰੀ ਵਿਚ ਅਤੇ ਉਨ੍ਹਾਂ ਦੀ ਸ਼ਹਿ ਨਾਲ ਹੋਇਆ। ਕਿਸੇ ਨੇ ਸਾਡੇ ਨਾਲ ਹਮਦਰਦੀ ਤਕ ਨਹੀਂ ਪ੍ਰਗਟਾਈ। ਉਹ ਤਮਾਸ਼ਬੀਨਾਂ ਵਾਂਗ ਸਾਰਾ ਕੁੱਝ ਵਰਤਦਾ ਵੇਖਦੇ ਰਹੇ।

ਇਹੋ ਸੱਜਣ ਕੋਪਰ ਗਾਉਂ ਤੋਂ ਤੀਹ ਮੀਲ ਦੂਰ ਦੇ ਸ਼ਹਿਰ ਸ੍ਰੀ ਰਾਮਪੁਰ ਬਾਰੇ ਭੀ ਅਜਿਹੀ ਰੀਪੋਰਟ ਹੀ ਦੇਂਦੇ ਹਨ। ਉਥੇ ਸਿੱਖਾਂ, ਪੰਜਾਬੀਆਂ ਅਤੇ ਸਿੰਧੀਆਂ ਦੇ ਦੋ ਸੌ ਟੱਬਰ ਆਬਾਦ ਸਨ। ਉਨ੍ਹਾਂ ਸਾਰਿਆਂ ਨਾਲ ਇਹੋ ਕੁੱਝ ਹੋਇਆ। 135 ਦੁਕਾਨਾਂ ਭਾਂਤ ਭਾਂਤ ਸਾਮਾਨ ਦੀਆਂ ਭਰੀਆਂ ਹੋਈਆਂ ਪਹਿਲੋਂ ਲੁੱਟੀਆਂ ਤੇ ਫਿਰ ਸਾੜੀਆਂ ਗਈਆਂ। ਬਹੁਤ ਸਾਰੇ ਟਰੱਕ ਸਾੜੇ ਗਏ। ਏਥੇ ਅੱਠ ਕਰੋੜ ਦਾ ਮਾਲੀ ਨੁਕਸਾਨ ਹੋਇਆ।

ਇਉਂ ਹੀ ਭੂਸਾਵਲ ਸ਼ਹਿਰ ਵਿਚ ਵੱਸਦੇ ਪੰਜਾਬੀਆਂ ਦੇ ਘਰ ਤੇ ਦੁਕਾਨਾਂ ਲੁੱਟੇ ਤੇ ਸਾੜੇ ਗਏ। ਨੈਸ਼ਨਲ ਹਾਈਵੇ 'ਤੇ ਲੰਘਦੇ ਅਨੇਕ ਸਾਮਾਨ ਦੇ ਭਰੇ ਟਰੱਕਾਂ ਦਾ ਨੁਕਸਾਨ ਹੋਇਆ, ਪੁਲੀਸ ਸਾਹਮਣੇ ਖੜੀ ਤਮਾਸ਼ਾ ਵੇਖਦੀ ਰਹੀ।

4. ਗੁੜਗਾਉਂ (ਹਰਿਆਣੇ) ਤੋਂ ਮਿਲੀ ਰੀਪੋਰਟ ਵਿਚ ਦਰਜ ਹੈ :

ਏਥੋਂ ਸੱਤ ਕਿਲੋਮੀਟਰ ਦੂਰ ਪਿੰਡ ਬਾਦਸ਼ਾਹਪੁਰ (ਅਲਵਰ ਰੋਡ) ਰਹਿੰਦੇ ਇਕ ਸਿਖ ਦਾ ਸਾਰਾ ਪਰਿਵਾਰ (ਛੇ ਮਰਦ ਤੇ ਔਰਤਾਂ) ਮਾਰ ਦਿੱਤੇ ਤੇ ਘਰ ਫੂਕ ਦਿੱਤਾ। ਮਕਾਨ ਸੜਦਾ ਚਿੱਠੀ ਦੇ ਲੇਖਕ ਨੇ, ਜਦੋਂ ਉਹ ਉਸ ਸੜਕ ਤੋਂ ਲੰਘ ਰਿਹਾ ਸੀ, ਅੱਖੀਂ ਵੇਖਿਆ।

ਗੁੜਗਾਉਂ ਸ਼ਹਿਰ ਵਿਚ ਜਿਥੇ ਵੀ ਕੋਈ ਸਿਖ ਘਰ ਜਾਂ ਦੁਕਾਨ ਸੀ, ਫ਼ਸਾਦੀਆਂ ਨੇ, ਜੋ ਹਜ਼ਾਰਾਂ ਦੀ ਗਿਣਤੀ ਵਿਚ ਕੁਹਾੜੀਆਂ, ਤ੍ਰਿਸ਼ੂਲਾਂ ਅਤੇ ਮਿੱਟੀ ਦੇ ਤੇਲ ਦੀਆਂ ਕੈਨੀਆਂ ਫੜੇ ਹੋਏ ਸਨ, ਲੁੱਟ ਕੇ ਤੇ ਤੇਲ ਪਾ ਕੇ ਫੂਕ ਦਿੱਤੇ। ਫ਼ਸਾਦੀ ਇਹ ਨਾਹਰੇ ਲਾਉਂਦੇ ਸਨ :

ਮਾਰੋ ਸਰਦਾਰ ਕੋ—ਦੇਸ਼ ਕੇ ਗ਼ਦਾਰੋਂ ਕੋ।
ਖ਼ੂਨ ਕਾ ਬਦਲਾ ਖ਼ੂਨ—ਯਾਦ ਕਰੇਗਾ ਖ਼ਾਲਸਾ।

ਜ਼ਿਲਾ ਮੈਜਿਸਟ੍ਰੇਟ, ਡੀ.ਸੀ., ਐਸ.ਪੀ. ਆਦਿ ਸਭ ਕੁੱਝ ਵੇਖ ਤੇ ਸੁਣ ਰਹੇ

ਸਨ, ਪਰ ਮੋਨ ਧਾਰੇ ਹੋਏ ਸਨ। ਪਹਿਲੀ ਨਵੰਬਰ ਸ਼ਾਮ ਤਕ ਸ਼ਹਿਰ ਵਿਚ ਪੰਦਰਾਂ ਆਦਮੀ ਮਾਰੇ ਜਾ ਚੁੱਕੇ ਸਨ। ਮਦਨਪੁਰੀ ਦਾ ਗੁਰਦੁਆਰਾ ਸਮੇਤ ਚਾਰ ਗੁਰੂ-ਸਰੂਪਾਂ ਦੇ ਸਾੜ ਕੇ ਸੁਆਹ ਕੀਤਾ ਜਾ ਚੁੱਕਾ ਸੀ।

ਰੇਲਵੇ ਸਟੇਸ਼ਨ ਕੋਲ ਰਹਿੰਦੀ ਰੈਣ-ਸਬਾਈ ਕੀਰਤਨਾਂ ਵਿਚ ਕੀਰਤਨ ਕਰਨ ਵਾਲੀ ਬੀਬੀ ਸਵਰਨ ਕੌਰ ਦੇ ਪਰਿਵਾਰ ਦੇ ਅੱਠ ਬੰਦੇ ਵੱਡੀ ਬੇਰਹਿਮੀ ਨਾਲ ਕਤਲ ਕੀਤੇ ਅਤੇ ਕੋਠੀ ਫੂਕ ਦਿੱਤੀ ਗਈ।

ਇਸ ਸ਼ਹਿਰ ਵਿਚ ਮਰਨ ਵਾਲਿਆਂ ਨਾਲੋਂ ਪਤਿਤ ਕੀਤਿਆਂ ਦੀ ਗਿਣਤੀ ਕਈ ਗੁਣਾ ਜ਼ਿਆਦਾ ਹੈ। ਇਥੇ ਪਹਿਲੋਂ ਸਿਖ ਨੌਜਵਾਨਾਂ ਨੂੰ ਘੇਰ ਕੇ ਕੇਸ ਕੱਟੇ ਜਾਂਦੇ, ਫਿਰ ਘਰ ਲੁੱਟੇ ਅਤੇ ਫੂਕੇ ਜਾਂਦੇ ਸਨ।

ਦਿੱਲੀ ਗੁੜਗਾਉਂ ਰੋਡ 'ਤੇ ਢਾਈ ਸੌ ਦੇ ਕਰੀਬ ਟਰੱਕ ਸਾੜੇ ਗਏ, ਕਈ ਡਰਾਈਵਰ ਟਰੱਕਾਂ ਵਿਚ ਹੀ ਸਾੜ ਦਿੱਤੇ ਗਏ। ਗਲਾਂ ਵਿਚ ਟਾਇਰ ਪਾ ਕੇ, ਖੰਭਿਆਂ ਨਾਲ ਪੁੱਠੇ ਬੰਨ੍ਹ ਕੇ, ਕੇਸਾਂ ਵਿਚ ਤੇਲ ਪਾ ਕੇ ਸਿੱਖਾਂ ਦੇ ਸਾੜੇ ਜਾਣ ਦੀਆਂ ਰੀਪੋਰਟਾਂ ਵੀ ਹਨ।

ਜ਼ਿਲਾ ਗੁੜਗਾਉਂ ਦੇ ਕਸਬਾ ਪਾਟੌਦੀ ਵਿਚ ਸੋਲ੍ਹਾਂ ਸਿਖ ਕਤਲ ਹੋਏ, ਗੁਰਦੁਆਰਾ ਫੂਕ ਦਿੱਤਾ ਗਿਆ ਅਤੇ ਕਰੋੜਾਂ ਦੀ ਸੰਪਤੀ ਲੁੱਟੀ ਤੇ ਸਾੜੀ ਗਈ। ਇਥੇ ਹਮਲਾ ਹੋਣ ਸਮੇਂ ਸੰਸਕ੍ਰਿਤ ਵਿਦਿਆਲੇ ਅੰਦਰ ਆ ਕੇ ਛੁਪੇ ਛੇ ਸਿੱਖਾਂ ਨੂੰ ਫ਼ਸਾਦੀਆਂ ਦੇ ਆਉਣ ਪਰ ਬਾਹਰ ਧੱਕ ਦਿੱਤਾ ਗਿਆ, ਜੋ ਸਾਰੇ ਹੀ ਮਾਰੇ ਗਏ। ਥੋੜ੍ਹੀ ਦੂਰ ਇਕ ਸਿਖ ਨੂੰ ਖੇਤ ਵਿਚ ਪਾਣੀ ਲਾਉਂਦੇ ਆਦਮੀ ਨੇ ਕਹੀ ਮਾਰ ਕੇ ਖ਼ਤਮ ਕਰ ਦਿੱਤਾ। ਪਿੰਡ ਹੋਂਦ ਤਸੀਲ ਰੇਵਾੜੀ ਵਿਚ 31 ਸਿਖ ਖੇਤੀ ਕਰਨ ਵਾਲੇ ਮਾਰ ਦਿੱਤੇ ਅਤੇ ਪਿੰਡ ਦਾ ਗੁਰਦੁਆਰਾ ਸਾੜ ਦਿੱਤਾ ਗਿਆ, ਘਰਾਂ ਦੇ ਛੱਪਰਾਂ ਨੂੰ ਅੱਗ ਲਾ ਕੇ ਇਸਤਰੀਆਂ, ਬੱਚਿਆਂ ਤੇ ਮਰਦਾਂ ਨੂੰ ਧਰੂਹ ਧਰੂਹ ਕੇ ਬਲਦੇ ਛੱਪਰਾਂ ਅੰਦਰ ਸੁੱਟਿਆ ਤੇ ਸਾੜਿਆ ਗਿਆ। ਰੇਵਾੜੀ ਵਿਚ ਵੀ ਬੰਦੇ ਗੱਡੀ ਵਿਚੋਂ ਕੱਢ ਕੇ ਮਾਰੇ ਗਏ।

ਪਲਵਲ ਗੁਰਦੁਆਰੇ ਵਿਚ ਸੁੱਤੇ ਗ੍ਰੰਥੀ ਅਤੇ ਇਕ ਯਾਤਰੂ ਨੂੰ ਮੰਜਿਆਂ 'ਤੇ ਬੰਨ੍ਹ ਕੇ ਅੱਗ ਲਗਾ ਦਿੱਤੀ ਗਈ ਅਤੇ ਗੁਰਦੁਆਰਾ ਫੂਕ ਦਿੱਤਾ ਗਿਆ। ਪਲਵਲ ਰੇਲਵੇ ਸਟੇਸ਼ਨ 'ਤੇ ਗੱਡੀ ਅੰਦਰ ਸਵਾਰ ਸਾਰੇ ਸਿੱਖਾਂ ਨੂੰ ਸਮੇਤ ਬੱਚਿਆਂ, ਹੇਠਾਂ ਉਤਾਰ ਕੇ ਕਤਲ ਕੀਤਾ ਅਤੇ ਅੱਗ ਵਿਚ ਝੋਕੇ ਗਏ। ਇਨ੍ਹਾਂ ਵਿਚ ਵੀਹ ਆਦਮੀ ਇੰਦੌਰ ਦੇ ਵਸਨੀਕ ਦੱਸੇ ਜਾਂਦੇ ਹਨ।

5. ਸਹਾਰਨਪੁਰ ਤੋਂ ਮਿਲੀ ਰੀਪੋਰਟ ਤੋਂ ਪਤਾ ਲੱਗਦਾ ਹੈ ਕਿ ਏਥੇ ਮੁਸਲਮਾਨਾਂ ਨੇ ਭੀ ਫ਼ਸਾਦੀ ਹਿੰਦੂਆਂ ਦਾ ਸਾਥ ਦਿੱਤਾ ਅਤੇ ਦੋਹਾਂ ਧਿਰਾਂ ਨੇ ਮਿਲ ਕੇ ਸਿੱਖਾਂ

ਨੂੰ ਨੁਕਸਾਨ ਪਹੁੰਚਾਇਆ। ਇਨ੍ਹਾਂ ਵੱਲੋਂ ਇਕ ਨਵਾਂ ਨਾਹਰਾ (slogan) ਘੜਿਆ ਤੇ ਵਾਰ ਵਾਰ ਲਾਇਆ ਗਿਆ:

ਹਿੰਦੂ ਮੁਸਲਮਾਨ ਭਾਈ ਭਾਈ, ਸਿਖ ਕੌਮ ਕਹਾਂ ਸੇ ਆਈ।

ਏਥੇ ਦੋ ਗੁਰਦੁਆਰਿਆਂ ਦੀਆਂ ਇਮਾਰਤਾਂ ਅਤੇ ਸਾਮਾਨ ਸਮੇਤ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਨੁਕਸਾਨ ਦੀ ਰੀਪੋਰਟ ਮਿਲੀ ਹੈ।

6. ਇਕ ਹਰਿਆਣਾ ਨਿਵਾਸੀ ਜ਼ਿੰਮੇਵਾਰ ਸੱਜਣ ਲਿਖਦੇ ਹਨ:

ਫਿਰ ਜੋ ਬਾਅਦ ਵਿਚ ਤਿੰਨ ਦਿਨ ਹੋਇਆ, ਸਾਰੇ ਹਿੰਦੁਸਤਾਨ ਵਿਚ, ਕਾਂਗਰਸ ਸਰਕਾਰ ਤੇ ਪੁਲੀਸ ਦੀ ਉਕਸਾਹਟ ਤੇ ਅਗਵਾਈ ਥੱਲੇ ਹੋਇਆ। ਇਸ ਦੀ ਮਿਸਾਲ ਨਾ ਨਾਦਰ ਸ਼ਾਹ, ਨਾ ਅਬਦਾਲੀ ਅਤੇ ਨਾ ਹੀ ਮੁਲਕ ਦੀ ਤਕਸੀਮ ਸਮੇਂ ਮਿਲਦੀ ਹੈ। ਘਰੋ-ਘਰ ਵਿਧਵਾ ਤੇ ਅਨਾਥਾਂ ਦੀ ਗਿਣਤੀ ਦਾ ਕੋਈ ਵੇਰਵਾ ਨਹੀਂ ਰਿਹਾ। ਹਜ਼ਾਰਾਂ ਸਿੰਘਾਂ ਨੂੰ ਜ਼ਿੰਦਾ ਪੈਟਰੋਲ ਤੇਲ ਪਾ ਕੇ, ਕਾਰਾਂ ਵਿਚ, ਟਰੱਕਾਂ ਵਿਚ, ਘਰਾਂ ਵਿਚ ਸਾੜ-ਫੂਕ ਦਿੱਤਾ ਗਿਆ। ਮਾਵਾਂ ਦੇ ਪੁੱਤਰ, ਭੈਣਾਂ ਦੇ ਭਰਾ ਅਤੇ ਔਰਤਾਂ ਦੇ ਘਰ ਵਾਲੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਜ਼ਿੰਦਾ ਸਾੜੇ ਗਏ। ਮਕਾਨ, ਦੁਕਾਨ, ਫ਼ੈਕਟਰੀਆਂ ਦਾ ਜੋੜ ਨਹੀਂ ਲੱਗ ਸਕਦਾ ਅਤੇ ਸਿਖ ਆਪਣੇ ਦੇਸ਼ ਅੰਦਰ ਫਿਰ ਰੀਫ਼ੀਊਜੀ ਹੋ ਗਿਆ। ਮਹੱਲਿਆਂ ਦੇ ਮਹੱਲੇ ਸਾੜ ਦਿੱਤੇ ਗਏ ਅਤੇ ਜੋ ਸਿਖ ਯੂ.ਪੀ. ਤੇ ਨੇਪਾਲ ਦੇ ਬਾਰਡਰ 'ਤੇ ਡੇਰਿਆਂ ਵਿਚ ਬੈਠੇ ਸਨ, ਉਨ੍ਹਾਂ ਦੀ ਹਵਾੜ ਤਕ ਨਹੀਂ ਨਿਕਲੀ। ਹਿੰਦੁਸਤਾਨ ਦਾ ਸਿਖ ਪੰਜਾਬ ਦੇ ਸਿਖ ਨਾਲੋਂ ਵਧੇਰੇ ਖ਼ੁਸ਼ਹਾਲ, ਵਧੇਰੀ ਜ਼ਮੀਨ ਵਾਲਾ ਸੀ, ਉਹ ਉਜੜਿਆ ਹੋਇਆ ਸਿਖ ਪੰਜਾਬ ਦੇ ਅਕਾਲੀ ਨੇਤਾਵਾਂ ਨੂੰ ਅੱਜ ਪੁੱਛਦਾ ਹੈ, 'ਕਿਹੜਾ ਥਾਂ ਹੈ ਹੁਣ ਸਾਨੂੰ ਮੁੜ ਵਸਾਉਣ ਲਈ?'

ਉਕਤ ਵਰਣੇ ਹਾਲਾਤ ਕੇਵਲ ਵੰਨਗੀ-ਮਾਤਰ ਹੀ ਹਨ। ਇਸੇ ਪ੍ਰਕਾਰ ਦੀਆਂ ਘਟਨਾਵਾਂ ਦੇਸ਼ ਅੰਦਰ ਕਈ ਹੋਰ ਥਾਵਾਂ 'ਤੇ ਭੀ ਵਰਤੀਆਂ ਹਨ, ਜਿਨ੍ਹਾਂ ਦੇ ਵਿਸਥਾਰ ਵਿਚ ਜਾਣਾ ਮੁਸ਼ਕਲ ਹੈ। ਇਹ ਸਾਰੇ ਵਰਣਨ ਵੱਡੇ ਜ਼ਿੰਮੇਵਾਰ ਸੱਜਣਾਂ ਵੱਲੋਂ ਕੀਤੀਆਂ ਰੀਪੋਰਟਾਂ 'ਤੇ ਆਧਾਰਤ ਹਨ ਅਤੇ ਇਹ ਵਧੇਰੇ ਕਰਕੇ ਦੇਸ਼ ਅੰਦਰ ਪ੍ਰਕਾਸ਼ਤ ਹੁੰਦੇ ਰੋਜ਼ਾਨਾ, ਹਫ਼ਤਾਵਾਰੀ ਤੇ ਮਾਸਿਕ ਪੱਤਰਾਂ ਵਿਚ ਛਪੀਆਂ ਵੀ ਪੜ੍ਹੀਆਂ ਗਈਆਂ ਹਨ।

ਇਸ ਪ੍ਰਥਾਏ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ, ਸ੍ਰੀ ਕੁਲਦੀਪ ਨਈਅਰ ਅਤੇ ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੀ ਹੋਈ ਗੱਲ-ਬਾਤ, ਜੋ *ਸਿਖ ਰਿਵੀਊ* ਮੈਗਜ਼ੀਨ ਦੇ ਜਨਵਰੀ 1985 ਦੇ ਅੰਕ ਵਿਚ ਛਪੀ ਹੈ, ਦਾ ਨਿਚੋੜ ਇਸ ਤਰ੍ਹਾਂ ਹੈ:

ਇਸ ਵਿਚ ਰਤਾ ਵੀ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਅਤੇ ਇਹ ਬਿਲਕੁਲ ਮੁਮਕਿਨ ਹੈ ਕਿ ਇਸ ਸਾਰੇ ਕੁੱਝ ਦਾ (ਜੋ ਦਿੱਲੀ ਵਿਚ ਅਤੇ ਹੋਰ ਥਾਈਂ ਸਿੱਖਾਂ ਨਾਲ ਵਰਤਿਆ) ਬਹੁਤ ਪਹਿਲੇ ਤੋਂ ਪਲੈਨ ਉਲੀਕਿਆ ਗਿਆ ਹੋਇਆ ਸੀ, ਤਾਂ ਹੀ ਹਰ ਜਗ੍ਹਾ ਫ਼ੌਜ ਓਦੋਂ ਪਹੁੰਚਦੀ ਰਹੀ ਜਦੋਂ ਫ਼ਸਾਦੀਆਂ ਨੇ ਆਪਣਾ ਕੰਮ ਕਰ ਲਿਆ ਹੋਇਆ ਸੀ। ਪੁਲੀਸ ਦੀ ਦਿਲਚਸਪੀ ਫ਼ੌਜੀਆਂ ਨੂੰ ਵਕਤ ਸਿਰ ਇਤਲਾਹ ਨਾ ਦੇਣ ਵਿਚ ਸੀ। ਲੋਕਾਂ ਦੇ ਕਥਨ ਅਨੁਸਾਰ ਦਿੱਲੀ ਦੀ ਪੁਲੀਸ ਨੇ ਉਨ੍ਹਾਂ ਦੀ ਮਦਦ ਤਾਂ ਕੀ ਕਰਨੀ ਸੀ, ਉਨ੍ਹਾਂ ਨੇ ਕਈ ਥਾਈਂ ਬਲਵਈਆਂ ਦੀ ਲੁੱਟ-ਮਾਰ ਤੇ ਕਤਲ ਕਰਨ ਵਿਚ ਸਹਾਇਤਾ ਕੀਤੀ। ਨਾ ਸਰਕਾਰ ਨੇ ਐਸਾ ਸਾਂਝਾ ਸੈਂਟਰ ਕਾਇਮ ਕੀਤਾ ਜਿਥੇ ਪੁਲੀਸ, ਫ਼ੌਜ ਅਤੇ ਸਿਵਿਲੀਅਨ ਪ੍ਰਬੰਧਕ ਇਕ ਦੂਜੇ ਤੋਂ ਜਾਣਕਾਰੀ ਲੈ ਦੇ ਸਕਦੇ।

ਜ਼ਿੰਮੇਵਾਰ ਅਫ਼ਸਰਾਂ ਵੱਲੋਂ ਵਿਖਾਈਆਂ ਗਈਆਂ ਉਕਾਈਆਂ ਬਿਆਨ ਤੋਂ ਬਾਹਰ ਹਨ। ਏਨਾ ਹੀ ਕਿਹਾ ਜਾ ਸਕਦਾ ਹੈ ਕਿ ਹਾਲਾਤ 'ਤੇ ਕਾਬੂ ਪਾਉਣ ਲਈ ਉਹ ਯੋਗ ਹੀ ਨਹੀਂ ਸਨ। ਫਿਰ ਜਦੋਂ ਦਿੱਲੀ ਲੈਫ਼ਟੀਨੈਂਟ ਗਵਰਨਰ ਅਤੇ ਏਰੀਆ ਕਮਾਂਡਰ ਬਾਬਤ ਸ੍ਰੀ ਨਰਸਿਮ੍ਹਾ ਰਾਓ ਹੋਮ ਮਨਿਸਟਰ ਨੂੰ ਦੱਸਿਆ ਗਿਆ ਕਿ ਉਹ ਹਾਲਾਤ 'ਤੇ ਕਾਬੂ ਪਾਉਣ ਦੇ ਯੋਗ ਸਾਬਤ ਨਹੀਂ ਹੋਏ ਤਾਂ ਉਸ ਨੇ ਜਵਾਬ ਵਿਚ ਏਨਾ ਹੀ ਕਿਹਾ ਕਿ ਉਹ ਇਸ ਬਾਰੇ ਸੋਚੇਗਾ ਅਤੇ ਗੱਲ ਇਥੇ ਹੀ ਖ਼ਤਮ ਹੋ ਗਈ। ਸਿਆਸੀ ਬੰਦਿਆਂ ਦਾ ਰੋਲ ਇਸ ਤੋਂ ਭੀ ਮਾੜਾ ਸੀ, ਉਹ ਹਕੂਮਤ ਅਤੇ ਅਫ਼ਸਰਾਂ ਨੂੰ ਉੱਕਾ ਹੀ ਕੁਰੱਪਟ ਕਰ ਦੇਣ ਦੇ ਦੋਸ਼ੀ ਹਨ।

ਜਿਹੜੇ ਸਿਖ ਕੈਂਪਾਂ ਵਿਚ ਗਏ ਹਨ, ਉਹ ਆਪਣੇ ਘਰਾਂ ਵਿਚ ਵਾਪਸ ਜਾ ਰਹਿਣ ਨੂੰ ਤਿਆਰ ਨਹੀਂ, ਕਿਉਂਕਿ ਉਥੇ ਉਹ ਆਪਣੇ ਆਪ ਨੂੰ ਮਹਿਫ਼ੂਜ਼ ਨਹੀਂ ਸਮਝਦੇ। ਉਨ੍ਹਾਂ ਵਿਚੋਂ ਬਹੁਤੇ ਸੋਚਦੇ ਹਨ, ਉਨ੍ਹਾਂ ਵਾਸਤੇ ਮੁੜ ਪਾਕਿਸਤਾਨ ਬਣ ਗਿਆ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਪੰਜਾਬ ਭੇਜ ਦਿੱਤਾ ਜਾਵੇ। ਮਿਲੀਆਂ ਰੀਪੋਰਟਾਂ ਤੋਂ ਜ਼ਾਹਰ ਹੁੰਦਾ ਹੈ ਕਿ ਹੁਕਮਰਾਨ ਪਾਰਟੀ ਨੇ ਇਸ ਮਾਰ-ਧਾੜ ਵਿਚ ਨਿਰੀ ਹੱਲਾ-ਸ਼ੇਰੀ ਹੀ ਨਹੀਂ ਦਿੱਤੀ ਸਗੋਂ ਕਈ ਥਾਈਂ ਖ਼ੁਦ ਇਸ ਵਿਚ ਹਿੱਸਾ ਲਿਆ। ਕਈ ਟਰੱਕਾਂ ਵਿਚ ਨੌਜਵਾਨ ਮੁੰਡੇ 'ਜੈ ਬਜਰੰਗ ਬਲੀ' ਦੇ ਨਾਹਰੇ ਲਾਉਂਦੇ ਹੋਏ ਇਉਂ ਫਿਰਦੇ ਸਨ ਜਿਵੇਂ ਕੋਈ ਤਿਉਹਾਰ ਮਨਾਇਆ ਜਾ ਰਿਹਾ ਹੋਵੇ। ਉਨ੍ਹਾਂ ਦੇ ਚਿਹਰਿਆਂ 'ਤੇ ਅਫ਼ਸੋਸ ਵਾਲੀ ਗੱਲ ਹੀ ਕੋਈ ਨਹੀਂ ਸੀ।

ਸ: ਅਰਜਨ ਸਿੰਘ ਨੇ ਦੱਸਿਆ ਕਿ ਜਦੋਂ ਬਲਵਈ ਸਾਡੀ ਕਾਲੋਨੀ ਵਿਚ ਦਾਖ਼ਲ ਹੋਏ ਤਾਂ ਇਨ੍ਹਾਂ ਦੇ ਹੱਥਾਂ ਵਿਚ ਕਾਲੋਨੀ ਦੇ ਨਕਸ਼ੇ ਸਨ, ਜੋ ਸਿੱਖਾਂ ਦੇ ਘਰਾਂ ਦੇ ਨਿਸ਼ਾਨ ਦੇਂਦੇ ਸਨ। ਸੋਚਣ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਉਹ ਨਕਸ਼ੇ ਕਿਸ ਨੇ ਦਿੱਤੇ। ਮੈਂ ਇਸ ਕਾਲੋਨੀ ਦਾ ਵਸਨੀਕ ਹਾਂ, ਪਰ ਮੈਨੂੰ ਕਿਸੇ ਦੇ ਘਰ ਦਾ ਪਤਾ

ਨਹੀਂ (ਜਦੋਂ ਕਿ ਬਲਵਈਆਂ ਨੂੰ ਸਾਰੇ ਸਿਖ ਘਰਾਂ ਦਾ ਪਤਾ ਸੀ)। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕਲ ਸਿਆਸੀ ਲੀਡਰਾਂ ਨੇ ਇਸ ਮਾਮਲੇ ਵਿਚ ਵੱਡਾ ਨੀਚਤਾ ਭਰਿਆ ਰੋਲ ਅਦਾ ਕੀਤਾ ਹੈ। ਜਿਤਨੀ ਤੇ ਜਿਸ ਕਿਸਮ ਦੀ ਤਬਾਹੀ ਹੋਈ ਹੈ, ਇਹੋ ਜਿਹੀ ਤਬਾਹੀ ਹਿੰਦੁਸਤਾਨ ਵਿਚ ਅੱਗੇ ਕਦੀ ਨਹੀਂ ਹੋਈ।

ਇਸ ਬਾਰੇ ਸ: ਖ਼ੁਸ਼ਵੰਤ ਸਿੰਘ ਦੇ ਲਫ਼ਜ਼ ਵੀ ਧਿਆਨ ਯੋਗ ਹਨ : 'ਹਿੰਦੂਆਂ ਨੇ ਪੰਜਾਬ ਵਿਚ ਅਤੇ ਸਿੱਖਾਂ ਨੇ ਹਿੰਦੁਸਤਾਨ ਵਿਚ ਨਵੇਂ ਕਾਰੋਬਾਰਾਂ 'ਤੇ ਪੂੰਜੀ ਲਾਉਣੀ ਬੰਦ ਕਰ ਦਿੱਤੀ ਹੈ, ਉਨ੍ਹਾਂ ਨੇ ਸਾਨੂੰ ਸਾਡੇ ਆਪਣੇ ਦੇਸ਼ ਅੰਦਰ ਪਰਦੇਸੀ ਬਣਾ ਦਿੱਤਾ ਹੈ।' ਇਸ ਪ੍ਰਥਾਏ ਇਕਬਾਲ ਦਾ ਇਹ ਮਿਸਰਾ ਐਨ ਠੀਕ ਢੁੱਕਦਾ ਹੈ:

ਸ਼ਰਮ ਸੀ ਆਤੀ ਹੈ ਮੁਝੇ ਇਸ ਵਤਨ ਕੋ ਵਤਨ ਕਹਿਤੇ ਹੁਏ।

ਇਸੇ *ਸਿਖ ਰੀਵੀਊ* ਅੰਦਰ ਛਪੇ 23 ਦਸੰਬਰ 1984 ਦੇ *ਇਲੱਸਟ੍ਰੇਟਡ* ਵੀਕਲੀ ਦੇ ਸ: ਰਮੇਸ਼ ਥਾਪਰ ਦੇ ਕੁੱਝ ਸ਼ਬਦ ਵੀ ਧਿਆਨ ਯੋਗ ਹਨ। ਉਹ ਲਿਖਦਾ ਹੈ:

" 'ਲੁਟੇਰੇ' ਬਲਵਈਆਂ ਦੇ ਗ੍ਰੋਹ ਵਧੇਰੇ ਕਰਕੇ ਮੰਨੇ-ਪ੍ਰਮੰਨੇ ਕਾਂਗਰਸ (ਆਈ) ਲੀਡਰਾਂ ਦੀ ਅਗਵਾਈ ਹੇਠ ਮਾਰ-ਧਾੜ ਕਰ ਰਹੇ ਸਨ। (ਇਸ ਗੱਲ ਨੂੰ ਛੁਪਾਉਣ ਲਈ) ਸਿਰ ਤੋੜ ਜਤਨ ਕੀਤੇ ਜਾ ਰਹੇ ਹਨ ਕਿ ਇਸ ਮਾਰ-ਧਾੜ ਨੂੰ ਫ਼ਿਰਕੂ ਰੰਗਤ ਦਿੱਤੀ ਜਾਵੇ, ਜੋ ਕਿ ਬਿਲਕੁਲ ਗ਼ਲਤ ਹੈ। ਇਸ ਨੂੰ ਨਿਖਾਰਨ ਲਈ ਦੇਸ਼ ਦੇ ਕਈ ਉੱਘੇ ਪਤਵੰਤੇ ਸਹੀ ਗੱਲ ਲੱਭਣ ਤੇ ਪੇਸ਼ ਕਰਨ ਲਈ ਅੱਗੇ ਆਏ, ਜਿਨ੍ਹਾਂ ਵਿਚ ਇਕ ਸ੍ਰੀ ਵੀ.ਐਮ. ਤਾਰਕੁੰਡੇ ਹਨ।"

28 ਜਨਵਰੀ 1935 ਦੇ *ਇੰਡੀਅਨ ਐਕਸਪ੍ਰੈਸ* ਅਨੁਸਾਰ ਉਕਤ ਮੁਖੀ ਸੱਜਣਾਂ ਦੇ ਸਿਟੀਜ਼ਨਸ 'ਕਮਿਸ਼ਨ', ਜਿਸ ਦੇ ਮੁਖੀ ਸ੍ਰੀ ਐਸ.ਐਮ. ਸੀਕਰੀ ਸਾਬਕਾ ਚੀਫ਼ ਜਸਟਿਸ ਅਤੇ ਜਿਸ ਦੇ ਮੈਂਬਰ ਸਨ : (1) ਕਰਨਾਟਕ ਦਾ ਸਾਬਕਾ ਗਵਰਨਰ ਸ੍ਰੀ ਗੋਬਿੰਦ ਨਾਰਾਇਣ, (2) ਸਾਬਕਾ ਵਿਦੇਸ਼ ਸਕੱਤਰ ਸ੍ਰੀ ਰਾਜ਼ੇਸ਼ਵਰ ਦਿਆਲ, (3) ਸਾਬਕਾ ਕਾਮਨ ਵੈਲਥ ਸੈਕਟਰੀ ਬਦਰੁਦੀਨ ਤਾਇਬਜੀ, ਅਤੇ (4) ਸਾਬਕਾ ਗ੍ਰਹਿ ਮੰਤਰੀ ਸ੍ਰੀ ਟੀ.ਸੀ.ਏ. ਸ੍ਰੀ ਨਿਵਾਸ ਵਰਧਨ, ਵੱਲੋਂ 27 ਜਨਵਰੀ ਨੂੰ ਇਕ ਰੀਪੋਰਟ ਪ੍ਰਕਾਸ਼ਤ ਹੋਈ ਸੀ, ਜਿਸ ਵਿਚ ਨਵੰਬਰ, 1984 ਵਿਚ ਸਮੁੱਚੇ ਤੌਰ 'ਤੇ ਸਿੱਖਾਂ ਵਿਰੁੱਧ ਹੋਈ ਕਾਰਵਾਈ ਬਾਰੇ ਸ੍ਰੀ ਸੀਕਰੀ ਜੀ ਲਿਖਦੇ ਹਨ : 'ਦੇਸ਼-ਵੰਡ (ਅਥਵਾ ਸੰਨ 1947) ਪਿੱਛੋਂ ਮੁਲਕ ਅੰਦਰ ਏਨੀ ਤਬਾਹੀ ਕਦੀ ਨਹੀਂ ਹੋਈ' (the worst carnage across the country after partition)। ਅੱਗੇ ਜਾ ਕੇ ਇਸ 'ਤੇ ਟੀਕਾ ਟਿੱਪਣੀ ਕਰਦੇ ਹੋਏ ਇਸ ਪ੍ਰਥਾਏ ਉਨ੍ਹਾਂ ਦੇ ਸ਼ਬਦ ਹਨ:

"An incredible and abysmal failure of the administration

and the police, instegation by dubious political elements, the equivocal role of the information media and the inertia, apathy and indifference of the official machinery."

ਅਰਥਾਤ, "ਇਸ ਸਾਰੇ ਕਾਰਜ ਅੰਦਰ ਸਰਕਾਰੀ ਮਸ਼ੀਨਰੀ ਅਤੇ ਉਸ ਦੀ ਪੁਲੀਸ ਦੀ ਅਸਫਲਤਾ ਰਸਾਤਲ ਦੀਆਂ ਹੱਦਾਂ ਛੂੰਹਦੀ ਹੈ ਅਤੇ ਸਰਕਾਰ ਦਾ ਗਿਆ-ਗੁਜ਼ਰਿਆ ਹੋਣਾ ਮੰਨਣ ਦੀ ਹੱਦ ਤੋਂ ਵੀ ਲੰਘ ਜਾਂਦਾ ਹੈ। ਮਸ਼ਕੂਕ ਸਿਆਸੀ ਬੰਦਿਆਂ ਦੀ ਚੁੱਕ, ਖ਼ਬਰਾਂ ਦੇਣ ਵਾਲੀ ਏਜੰਸੀ ਦਾ ਸ਼ੱਕੀ ਰੋਲ ਅਤੇ ਸਰਕਾਰੀ ਮਸ਼ੀਨਰੀ ਦਾ ਮੁਕੰਮਲ ਤੌਰ 'ਤੇ ਸਾਹਸ-ਹੀਨ ਤੇ ਲਾਪਰਵਾਹ ਤੇ ਅਣਭਿੱਜ ਹੋਣਾ (ਵੀ ਸਪੱਸ਼ਟ ਹਨ)।" ਇਨ੍ਹਾਂ ਵੱਲੋਂ ਪ੍ਰਕਾਸ਼ਤ ਰੀਪੋਰਟ ਵਿਚ ਹੁਕਮਰਾਨ ਪਾਰਟੀ ਦੇ ਵਿਸ਼ੇਸ਼ ਬੰਦਿਆਂ, ਜਿਨ੍ਹਾਂ ਵਿਚ ਕਾਂਗਰਸੀ ਐਮ.ਪੀ., ਮੈਂਬਰ ਦਿੱਲੀ ਕਾਰਪੋਰੇਸ਼ਨ ਤੇ ਪ੍ਰਧਾਨ ਸ਼ਾਮਲ ਸਨ, ਨੂੰ ਇਸ ਕਤਲਾਮ ਅਤੇ ਤਬਾਹੀ ਦਾ ਦੋਸ਼ੀ ਠਹਿਰਾਇਆ ਗਿਆ ਹੈ।

ਉਹ ਪੁਲੀਸ ਕਰਮਚਾਰੀਆਂ ਨੂੰ ਵੀ ਪੰਜੇ ਦਿਨ ਨਾ ਨਿਰਾ ਲੋਕਾਂ ਨੂੰ ਭੜਕਾਉਣ ਲਈ ਹੀ, ਬਲਕਿ ਇਸ ਵਿਚ ਨੰਗੇ ਮੂੰਹ ਅੱਗੇ ਲੱਗ ਕੇ ਹਿੱਸਾ ਪਾਉਣ ਦੇ ਦੋਸ਼ੀ ਸਮਝਦੇ ਹਨ। ਰੀਪੋਰਟ ਵਿਚ ਅੱਗੇ ਜਾ ਕੇ ਹਕੂਮਤ ਅਤੇ ਪੁਲੀਸ ਬਾਰੇ ਲਿਖਿਆ ਹੈ :

"It is evident that a certain paralysis of decision making had gripped the authorities."

ਅਰਥਾਤ, "ਇਹ ਬਿਲਕੁਲ ਸਪੱਸ਼ਟ ਹੈ ਕਿ ਸਾਰੀ ਹਕੂਮਤ ਹੀ ਇਕ ਤਰ੍ਹਾਂ ਅਧਰੰਗ ਮਾਰੀ ਹੋਈ ਸੀ।"

ਇਸ ਘਲੂਘਾਰੇ ਅੰਦਰ ਸ੍ਰੀ ਵੀ.ਐਮ. ਤਾਰਕੁੰਡੇ ਦਾ ਤਿੰਨ ਅਰਬ ਦੇ ਮਾਲ ਮਤਾਹ ਤੇ ਪਦਾਰਥ ਦੇ ਤਬਾਹ ਕੀਤੇ ਜਾਣ ਦਾ ਅਨੁਮਾਨ ਹੈ ਅਤੇ ਦੋ ਹਜ਼ਾਰ ਦੇ ਕਰੀਬ ਟਰੱਕ ਸਾੜ ਕੇ ਸੁਆਹ ਕੀਤੇ ਗਏ ਹਨ। ਜਿਨ੍ਹਾਂ ਟੱਬਰਾਂ ਦੇ ਕਮਾਈ ਕਰਨ ਯੋਗ ਬੰਦੇ ਵੱਢੇ ਟੁੱਕੇ, ਜੀਉਂਦੇ ਸਾੜੇ ਗਏ ਅਤੇ ਹੋਰਵੇਂ ਖ਼ਤਮ ਕੀਤੇ ਗਏ (ਜਿਨ੍ਹਾਂ ਦਾ ਪਤਾ ਹੀ ਨਹੀਂ) ਦੀ ਗਿਣਤੀ ਛੇ ਤੋਂ ਅੱਠ ਹਜ਼ਾਰ ਦੇ ਵਿਚ-ਵਿਚਾਲੇ ਦੱਸੀ ਗਈ ਹੈ। ਇਨ੍ਹਾਂ ਦੀ ਸਹੀ ਵਾਕਫ਼ੀ ਇਕੱਠੀ ਨਾ ਕੀਤੇ ਜਾ ਸਕਣ ਦਾ ਕਾਰਨ ਕੇਵਲ ਦਿੱਲੀ ਦੇ ਰੀਫ਼ੀਊਜੀ ਕੈਂਪਾਂ ਦੀ, ਜਿਨ੍ਹਾਂ ਵਿਚ ਪੰਜਾਹ ਹਜ਼ਾਰ ਦੇ ਲਗਪਗ ਟੱਬਰਾਂ ਨੇ ਪਨਾਹ ਲਈ ਹੋਈ ਸੀ, ਜਲਦੀ ਜਲਦੀ ਸਮਾਪਤ ਕਰ ਦੇਣਾ ਸੀ।

ਦੇਸ਼-ਵੰਡ ਸਮੇਂ 1947 ਵਿਚ ਜੋ ਹੋਇਆ ਸੀ, ਉਸ ਤੋਂ ਇਹ ਕਿਤੇ ਵੱਧ ਹੈ। ਦੇਸ਼ ਦੀ ਸੈਨਾ ਦੇ ਤੀਹ ਦੇ ਕਰੀਬ ਸਿਖ ਅਫ਼ਸਰਾਂ, ਜੋ ਫ਼ੌਜੀ ਵਰਦੀ ਵਿਚ ਸਨ, ਦੇ ਗ਼ੈਰ-ਸਿਖ ਫ਼ੌਜੀਆਂ ਦੇ ਸਾਹਮਣੇ ਜਾਨੋਂ ਮਾਰ ਦੇਣ ਤੋਂ ਇਲਾਵਾ ਹੋਰ ਵਧੇਰੇ

ਸ਼ੋਕਦਾਇਕ ਗੱਲ ਇਹ ਹੈ ਕਿ ਇਕ ਲੱਖ ਵੀਹ ਹਜ਼ਾਰ ਸਿਖ ਸਿਪਾਹੀਆਂ ਅਤੇ ਫ਼ੌਜੀ ਅਫ਼ਸਰ ਕੋਰ, ਜਿਸ ਵਿਚ 22 ਫ਼ੀਸਦੀ ਸਿਖ ਅਫ਼ਸਰ ਸਨ, ਵਿਚੋਂ ਕਿਸੇ ਸਿਖ ਸਿਪਾਹੀ ਜਾਂ ਸਿਖ ਫ਼ੌਜੀ ਅਫ਼ਸਰ ਨੂੰ ਨਾ ਸ੍ਰੀਮਤੀ ਇੰਦਰਾ ਦੇ ਸਸਕਾਰ ਜਲੂਸ ਲਾਗੇ ਅਤੇ ਨਾ ਵਰਤਾਏ ਘਲੂਘਾਰੇ ਪਿੱਛੋਂ ਅਮਨ ਦੀ ਬਹਾਲੀ ਲਈ ਨੇੜੇ ਆਉਣ ਦਿੱਤਾ ਗਿਆ ਹੈ। ਇਸ ਦਾ ਦੁਖਦਾਈ ਪ੍ਰਭਾਵ ਜੋ ਸਿਖ ਮਨਾਂ ਪਰ ਭਾਰਤ ਦੀ ਭਵਿੱਖ ਵਿਚ ਧਰਮ-ਨਿਰਪੇਖ ਤੇ ਨਿਆਏਸ਼ੀਲ (Indian secularity and justice) ਰਹਿਣ ਦੀ ਨੀਤੀ ਬਾਰੇ (ਜੋ ਸਿੱਖਾਂ ਦਾ ਵਿਸ਼ਵਾਸ ਬਹਾਲ ਕਰਨ ਲਈ ਜ਼ਰੂਰੀ ਹੈ) ਪਵੇਗਾ, ਇਸ ਦੀ ਸੋਚ ਹੀ ਅਤਿ ਭਿਆਨਕ ਹੈ। ਫਿਰ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਹੀ ਨਹੀਂ ਕੀਤੇ ਗਏ ਅਤੇ ਜੇ ਕੁੱਝ ਕੀਤੇ ਭੀ ਗਏ ਤਾਂ ਦੋਸ਼ੀਆਂ ਨੂੰ ਛੱਡੇ ਜਾਣ ਦਾ ਭਰੋਸਾ ਦਿੱਤਾ ਗਿਆ। ਅਜਿਹੀ ਹਾਲਤ ਵਿਚ ਐਨ ਸੰਭਵ ਹੈ ਕਿ ਅਸੀਂ ਪੰਜ ਤੋਂ ਦਸ ਹਜ਼ਾਰ ਦੇ ਸਿਖ ਕਾਫ਼ਲੇ ਪੰਜਾਬ ਜਾ ਵੱਸਣ ਲਈ ਜਾਂਦੇ ਵੇਖਾਂਗੇ, ਜਿਨ੍ਹਾਂ ਨੂੰ ਰੋਕ ਸਕਣਾ ਭੀ ਫਿਰ ਕਠਿਨ ਹੋਵੇਗਾ।

ਹੇਠਾਂ ਦਰਜ ਕੁੱਝ ਟੂਕਾਂ ਤੇ ਸਵਾਲ, ਸ੍ਰੀਮਤੀ ਧਰਮ ਕੁਮਾਰ ਨੇ *ਟਾਈਮਜ਼ ਆਫ਼ ਇੰਡੀਆ* ਵਿਚ ਇਸ ਪ੍ਰਥਾਏ ਛਪੇ ਇਕ ਲੇਖ ਵਿਚੋਂ ਲਏ ਹਨ:

(i) ਜੇ (ਇੰਦਰਾ ਗਾਂਧੀ ਦੇ ਕਤਲ ਹੋਣ ਪਰ) ਹਿੰਦੁਸਤਾਨ ਦੀ ਸਾਰੀ ਮਿਠਿਆਈ ਵੀ ਤਕਸੀਮ ਕੀਤੀ ਜਾਂਦੀ ਤਾਂ ਵੀ ਜਾਇਜ਼ ਨਹੀਂ ਸੀ ਕਿ ਇਕ ਵੀ ਸਿਖ ਜੀਉਂਦਾ ਜਲਾਇਆ ਜਾਂਦਾ।

(ii) (ਮੈਂ ਸਾਊ ਹਿੰਦੂ ਪਾਠਕਾਂ ਨੂੰ ਪੁੱਛਦੀ ਹਾਂ) ਕੀ ਭਵਿੰਡੀ ਜਾਂ ਅਹਿਮਦਾਬਾਦ ਅੰਦਰ ਵਰਤੇ ਹਾਲਾਤ ਨੂੰ ਵੇਖਦੇ ਹੋਏ ਜੇ ਕੋਈ ਦਿੱਲੀ ਦਾ ਮੁਸਲਮਾਨ ਤੁਹਾਨੂੰ ਜੀਉਂਦੇ ਜੀ ਭੁੰਨ (roast ਕਰ) ਦੇਵੇ ਤਾਂ ਇਹ ਜਾਇਜ਼ ਹੋਵੇਗਾ?

(iii) ਕੀ ਹਿੰਦੁਸਤਾਨੀਆਂ ਲਈ 'ਖ਼ੂਨ ਕਾ ਬਦਲਾ ਖ਼ੂਨ' ਲੈਣਾ ਹੁਣ ਜਾਇਜ਼ ਹੈ?

(iv) ਕਿਸੇ ਹੋਰ ਸਿਖ ਦੇ ਫੇਅਲ ਲਈ ਹਰ ਸਿਖ ਨੂੰ ਕਿਉਂ ਜ਼ਿੰਮੇਵਾਰ ਗਰਦਾਨਿਆ ਜਾਵੇ?

(v) ਜੋ ਲੋਕ ਇਹ ਚਾਹੁੰਦੇ ਹਨ ਕਿ ਆਪਣੇ ਦੇਸ਼ ਵੱਲ ਵਫ਼ਾਦਾਰ ਰਿਹਾ ਜਾਏ ਤਾਂ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਦੇਸ਼ ਨੂੰ ਇਸ ਯੋਗ ਬਣਾਉਣ ਕਿ ਇਸ ਵੱਲ ਵਫ਼ਾਦਾਰ ਰਿਹਾ ਜਾ ਸਕੇ।

ਜੁਰਮ ਕਰਨ ਵਾਲੇ ਪਾਲੀਟੀਸ਼ਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿੱਖਾਂ ਦੀ ਕੀਤੀ ਗਈ ਮਾਰ-ਧਾੜ ਤੇ ਕਤਲੋ-ਗ਼ਾਰਤ ਇਕ ਰੀਹਰਸਲ ਹੈ, ਸਮੁੱਚੇ ਭਾਰਤੀ ਸਮਾਜ ਨੂੰ ਲੁਟੇਰਿਆਂ ਪਾਸ ਗਹਿਣੇ ਧਰਨ ਦਾ।

ਇਸ ਸਾਰੀ ਵਾਰਤਾ ਅੰਦਰ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਾਰਾ ਕੁੱਝ (ਹੁਣ ਤਕ ਪ੍ਰਕਾਸ਼ਤ ਹੋਈਆਂ ਰੀਪੋਰਟਾਂ ਅਤੇ ਦੇਸ਼ ਦੇ ਉੱਘੇ ਮੰਨੇ-ਪ੍ਰਮੰਨੇ ਤੇ ਪ੍ਰਤਿਸ਼ਠਿਤ ਮੁਖੀਆਂ ਦੀ ਖੋਜ ਅਨੁਸਾਰ) ਮੁਲਕ ਦੀ ਹੁਕਮਰਾਨ ਪਾਰਟੀ, ਜੋ ਦੇਸ਼ ਨੂੰ ਡੈਮੋਕਰੈਟਿਕ, ਸੈਕੂਲਰ ਤੇ ਨਿਆਇਸ਼ੀਲ ਹਕੂਮਤ ਦੇਣ ਦੀ ਦਾਹਵੇਦਾਰ ਹੈ, ਵੱਲੋਂ ਆਪਣੇ ਦੇਸ਼ ਦੀ ਅਤਿ ਕਲੀਲ ਗਿਣਤੀ (ਜੋ ਦੇਸ਼ ਦੀ ਸਮੁੱਚੀ ਆਬਾਦੀ ਦਾ ਕੇਵਲ 1.8 ਫ਼ੀਸਦੀ ਹੈ) ਦੇ ਖ਼ਿਲਾਫ਼ ਕੀਤਾ ਗਿਆ ਹੈ ਅਤੇ ਇਹ ਵੀ ਉਸ ਜਮਾਤ ਨਾਲ, ਜਿਸ ਦਾ ਦੇਸ਼ ਨੂੰ ਆਜ਼ਾਦ ਕਰਾਉਣ ਹਿੱਤ ਦਿੱਤੀਆਂ ਕੁਰਬਾਨੀਆਂ ਵਿਚ ਹਿੱਸਾ 85 ਫ਼ੀਸਦੀ ਤੋਂ ਘੱਟ ਨਹੀਂ, ਜਿਸ ਦੀਆਂ ਘਾਲਣਾਂ ਸਦਕਾ ਦੇਸ਼ ਖ਼ੁਰਾਕ ਦੇ ਮਾਮਲੇ ਵਿਚ ਸਵੈ-ਨਿਰਭਰ ਹੋਇਆ ਹੈ, ਜਿਸ ਦੇ ਜਾਨ-ਮਾਲ, ਪਤ, ਧਰਮ, ਕਲਚਰ ਤੇ ਬੋਲੀ ਦੀ ਸੁਰੱਖਿਆ ਵਾਸਤੇ ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਤੇ ਪੰਡਤ ਮਾਲਵੀਆ ਜੈਸੇ ਦੇਸ਼-ਨੇਤਾ ਬਚਨ-ਬੱਧ ਸਨ, ਜਿਸ ਨੇ ਸੁਤੰਤਰ ਦੇਸ਼ ਪੰਜਾਬ ਦੀ ਪੇਸ਼ਕਸ਼ (offer) ਨੂੰ ਠੁਕਰਾਅ ਕੇ ਆਪਣਾ ਭਵਿੱਖ ਹਿੰਦੂ ਭਾਰਤ ਨਾਲ ਜੋੜਿਆ ਸੀ, ਜਿਸ ਦੀ ਬਦੌਲਤ ਹੀ ਦਰਿਆ ਰਾਵੀ ਤੋਂ ਜਮਨਾ ਤਕ ਲਗਪਗ ਅੱਧਾ ਪੰਜਾਬ ਅਤੇ (ਇਸੇ ਬਦੌਲਤ) ਜੰਮੂ ਤੇ ਕਸ਼ਮੀਰ ਦੀਆਂ ਰਿਆਸਤਾਂ ਭਾਰਤ ਨਾਲ ਜੁੜੀਆਂ ਸਨ।

ਜੇ ਹੁਕਮਰਾਨ ਪਾਰਟੀ ਇਨ੍ਹਾਂ ਘਟਨਾਵਾਂ ਨੂੰ ਕੇਵਲ ਫ਼ਿਰਕੂ ਫ਼ਸਾਦ ਸਮਝਦੀ ਸੀ, ਜੈਸਾ ਕਿ ਉਨ੍ਹਾਂ ਵੱਲੋਂ ਹੁਣ ਕਿਹਾ ਜਾ ਰਿਹਾ ਹੈ ਤਾਂ ਘੱਟੋ-ਘੱਟ ਇਸ ਦਾ ਫ਼ਰਜ਼ ਸੀ ਕਿ ਦੇਸ਼ ਦੀਆਂ ਹੋਰ ਸਾਰੀਆਂ ਸਿਆਸੀ ਪਾਰਟੀਆਂ ਅਤੇ ਸਿੱਖਾਂ ਦੀ ਮੰਗ ਅਨੁਸਾਰ ਇਸ ਦੀ ਜੁਡੀਸ਼ਲ ਪੜਤਾਲ ਕਰਾ ਕੇ ਅਸਲ ਦੋਸੀਆਂ ਨੂੰ ਨੰਗਾ ਕਰਦੀ। ਜੇ ਮਾਮੂਲੀ ਘਟਨਾਵਾਂ ਜੁਡੀਸ਼ਲ ਜਾਂਚ ਕਰਾਏ ਜਾਣ ਦੀਆਂ ਅਧਿਕਾਰੀ ਹੋ ਸਕਦੀਆਂ ਹਨ ਤਾਂ ਹਜ਼ਾਰਾਂ ਮਨੁੱਖਾਂ ਇਸਤਰੀਆਂ ਬੱਚਿਆਂ ਦਾ ਅਤਿ ਬੇਰਹਿਮਾਨਾ ਕਤਲ ਅਤੇ ਅਰਬਾਂ ਰੁਪਏ ਦੇ ਪਦਾਰਥ ਦੀ ਲੁੱਟ-ਮਾਰ ਤੇ ਸਾੜ-ਫੂਕ ਜੁਡੀਸ਼ਲ ਜਾਂਚ ਕਰਾਏ ਜਾਣ ਦੀ ਅਧਿਕਾਰੀ ਕਿਉਂ ਨਹੀਂ, ਸਿਰਫ਼ ਇਸ ਲਈ ਕਿ ਐਸਾ ਕਰ ਕੇ ਉਹ ਆਪਣਾ ਪੇਟ ਨੰਗਾ ਕਰਦੀ ਸੀ ? ਅਤੇ ਕਿਉਂਕਿ ਇਸ ਦਾ ਸ਼ਿਕਾਰ ਕੇਵਲ ਸਿਖ ਹੋਏ ਸਨ।

ਫਿਰ ਛੇ ਮਹੀਨੇ ਦੇ ਸਮੇਂ ਅੰਦਰ ਦੋ ਅਜਿਹੇ ਘਲੂਘਾਰੇ ਵਰਤਾਉਣੇ ਅਤੇ ਵਿਚ-ਵਿਚਾਲੇ ਭੀ ਸਿਖ ਨੌਜਵਾਨਾਂ ਨੂੰ ਫ਼ਰਜ਼ੀ (fake) ਮੁਕਾਬਲਿਆਂ ਵਿਚ ਅਤੇ ਹੋਰ ਫ਼ੌਜਦਾਰੀ ਕੇਸ ਖੜ੍ਹੇ ਕਰ ਕੇ ਮਾਰ ਦੇਣਾ, ਉਨ੍ਹਾਂ ਪਰ ਅੱਤਿਆਚਾਰ ਢਾਹੁਣੇ ਅਤੇ ਕੈਦੀ ਬਣਾਏ ਰੱਖਣਾ—ਇਸ ਦੇ ਕੀ ਅਰਥ ਕੱਢੇ ਜਾਣ ? ਅੰਮ੍ਰਿਤਧਾਰੀ ਸਿੱਖਾਂ ਨੂੰ ਸਮੁੱਚੇ ਤੌਰ 'ਤੇ ਖ਼ਤਰਨਾਕ ਕਰਾਰ ਦੇਂਦੇ ਹੋਏ ਉਨ੍ਹਾਂ ਉਪਰ ਸ਼ੱਕੀਆ ਨਜ਼ਰ ਰੱਖਣ ਦੇ ਕੀ ਅਰਥ ਹਨ ?

ਇਹ ਸਾਰਾ ਕੁੱਝ ਸਿਖ ਦੇ ਭਵਿੱਖ ਦੀ ਵੱਡੀ ਧੁੰਧਲੀ ਤਸਵੀਰ ਦਰਸਾਉਂਦਾ ਹੈ। ਅਤੀਅੰਤ ਮੁਹਲਕ ਸੱਟ ਜੋ ਸਿਖ ਨੂੰ ਅੱਜ ਦੀ ਹੁਕਮਰਾਨ ਪਾਰਟੀ (ਕਾਂਗਰਸ) ਨੇ ਮਾਰੀ ਹੈ, ਉਹ ਸਦੀਆਂ ਤੋਂ ਰਲ-ਵੱਸਦੇ ਹਿੰਦੂ ਸਿੱਖਾਂ ਵਿਚਾਲੇ ਕਦੀ ਨਾ ਮਿਲ ਸਕਣ ਵਾਲਾ ਪਾੜਾ ਪਾ ਦੇਣਾ ਹੈ। ਹਿੰਦੂ ਵੋਟ ਹਾਸਲ ਕਰਨ ਦੀ ਖ਼ਾਤਰ ਸਿਖ ਨੂੰ ਹਿੰਦੂ ਦੀ ਨਜ਼ਰ ਵਿਚ ਏਨਾ ਨੀਵਾਂ ਅਤੇ ਦੇਸ-ਧਰੋਹੀ ਕਰ ਕੇ ਵਿਖਾਇਆ ਗਿਆ ਹੈ ਕਿ ਹਰ ਸਿਖ ਉਨ੍ਹਾਂ ਨੂੰ ਦੇਸ਼ ਅਤੇ ਕੌਮ ਦਾ ਦੁਸ਼ਮਣ ਪ੍ਰਤੀਤ ਹੋਣ ਲੱਗ ਗਿਆ ਹੈ, ਜਿਸ ਦਾ ਹੀ ਸਬੂਤ ਨਵੰਬਰ ਵਿਚ ਹੋਈ ਸਿੱਖਾਂ ਦੀ ਕਤਲਾਮ ਤੇ ਸਿੱਖਾਂ ਦੇ ਧਰਮ-ਅਦਾਰਿਆਂ ਦੀ ਹੋਈ ਤਬਾਹੀ ਹੈ। ਸਿਖ ਅੱਜ ਹਿੰਦੂ ਤੋਂ ਓਪਰਾਇਆ ਜਾ ਚੁੱਕਾ ਹੈ। ਸਿਖ ਦਾ ਦੇਸ਼ ਦੀ ਅਖੰਡਤਾ ਦਾ ਦੁਸ਼ਮਣ ਹੋਣਾ ਏਨਾ ਨਸ਼ਰ ਕੀਤਾ ਗਿਆ ਹੈ ਕਿ ਸਿਖ ਹੁਣ ਨਾ ਦੇਸ਼ ਦੀ ਅਤਿ ਵੱਡੀ ਬਹੁ-ਸੰਖਿਆ ਦਾ ਅਤੇ ਨਾ ਉਸ ਦੀ ਸਰਕਾਰ ਦੇ ਵਿਸ਼ਵਾਸ ਦਾ ਪਾਤਰ ਰਿਹਾ ਹੈ। ਹੋਰ ਵਧੇਰੇ ਤਸ਼ਵੀਸ਼ਨਾਕ ਗੱਲ ਇਹ ਹੈ ਕਿ ਦਿੱਲੀ ਸਰਕਾਰ ਨੂੰ ਘੱਟੋ-ਘੱਟ ਪੰਜ ਸਾਲ ਹੋਰ ਆਪਣੀਆਂ ਮਨਮਾਨੀਆਂ ਕਰਨ ਦਾ ਅਵਸਰ ਪ੍ਰਾਪਤ ਹੋ ਚੁੱਕਾ ਹੈ, ਜੋ ਕਿ ਸਿਖ ਦੀ ਰਹਿੰਦੀ ਖਹਿੰਦੀ ਸਤਿਆ ਨੂੰ ਖ਼ਤਮ ਕਰ ਦੇਣ ਲਈ ਕੋਈ ਥੋੜਾ ਸਮਾਂ ਨਹੀਂ। ਫਿਰ ਸਰਕਾਰ ਦੀ ਇਹ ਨੀਤੀ ਅੱਜ ਨਹੀਂ ਬਣੀ, ਬਲਕਿ ਜਦ ਤੋਂ ਇਸ ਨੇ ਦੇਸ਼ ਅੰਦਰ ਸੱਤਾ ਹਾਸਲ ਕੀਤੀ ਹੈ, ਇਹ ਉਸੇ ਨੀਤੀ 'ਤੇ ਚੱਲ ਰਹੀ ਹੈ। ਇਹ ਨੀਤੀ ਕੀ ਹੈ ਅਤੇ ਸਿਖ ਇਸ ਦਾ ਸ਼ਿਕਾਰ ਕਿਵੇਂ ਹੋ ਰਿਹਾ ਹੈ ? ਇਹ ਨੀਤੀ ਹੈ :

(i) ਸਿਖ ਨੂੰ ਆਰਥਿਕ ਤੌਰ 'ਤੇ (economically) ਕਮਜ਼ੋਰ ਕਰਨਾ। ਹੁਣ ਤਕ ਸਿਖ ਨੇ ਆਪਣੀ ਆਰਥਿਕ ਦਸ਼ਾ ਨੂੰ ਉਚਿਆਂ ਰੱਖਣ ਲਈ ਖੇਤੀ ਬਾੜੀ ਦਾ ਸਹਾਰਾ ਲਈ ਰੱਖਿਆ ਸੀ, ਜਿਸ ਵਿਚ ਉਸ ਨੇ ਆਖ਼ਰਾਂ ਦਾ ਇਨਕਲਾਬ ਲਿਆਂਦਾ ਹੈ, ਜਿਸ ਨੂੰ ਹਰਾ ਇਨਕਲਾਬ (green revolution) ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪੰਜਾਬ ਦੇ 80-85 ਫ਼ੀਸਦੀ ਸਿੱਖਾਂ ਦੀ ਖ਼ੁਸ਼ਹਾਲੀ ਇਸੇ ਦੇ ਸਿਰ 'ਤੇ ਹੋਈ ਹੈ, ਪਰ ਹੁਣ ਜਦੋਂ ਆਬਾਦੀ ਵਧ ਗਈ ਹੈ, ਖੇਤੀ ਵਾਲੀ ਧਰਤੀ ਦੀ ਪ੍ਰਤੀ ਮਨੁੱਖ ਇਕਾਈ (unit) ਘਟੀ ਹੈ ਅਤੇ ਧਰਤੀ ਉਪਜਾਊ-ਸ਼ਕਤੀ ਸਿਖਰ 'ਤੇ ਪੁੱਜੀ ਹੋਣ ਕਾਰਨ ਹੋਰ ਵਧੇਰੀ ਉਪਜ ਨਹੀਂ ਦੇ ਸਕਦੀ, ਜਿਸ ਨੂੰ ਅਰਥ-ਵਿਗਿਆਨ ਦੇ ਖੇਤਰ ਅੰਦਰ ਲਾਭ-ਰਹਿਤ (no return) ਦਾ ਨਾਮ ਦਿੱਤਾ ਗਿਆ ਹੈ ਤਾਂ ਕਾਸ਼ਤਕਾਰ (ਕਿਸਾਨ) ਦੀ ਖ਼ੁਸ਼ਹਾਲੀ ਖ਼ਤਰੇ ਦੀ ਹੱਦ ਤੋਂ ਵੀ ਨੀਵੀਂ ਜਾ ਰਹੀ ਹੈ। ਅਜਿਹੀ ਹਾਲਤ ਵਿਚ ਕਿਸਾਨ ਮਜ਼ਦੂਰ ਨੂੰ ਪੇਟ ਭਰਨ ਲਈ ਹੋਰ ਕੰਮ ਭਾਲਣ ਦੀ ਲੋੜ ਹੈ, ਜੋ ਸਨਅੱਤ (industry) ਤੋਂ ਮਿਲ ਸਕਦਾ ਹੈ, ਜਿਸ ਦੀ ਪੰਜਾਬ ਵਿਚ ਕਰੀਬਨ ਅਣਹੋਂਦ ਹੈ ਅਤੇ ਸਰਕਾਰ ਇਧਰ ਧਿਆਨ ਦੇਣ ਲਈ ਤਿਆਰ

ਨਹੀਂ, ਜਿਸ ਦਾ ਲਾਜ਼ਮੀ ਸਿੱਟਾ ਪੰਜਾਬ ਦੇ ਕਿਸਾਨ, ਮਜ਼ਦੂਰ, ਜੋ ਆਮ ਕਰਕੇ ਸਿਖ ਹੈ, ਦੀ ਮੰਦਹਾਲੀ ਦਾ ਹੋਣਾ ਹੈ।

ਸਿਖ ਦੀ ਆਰਥਿਕ ਹਾਲਤ ਚੰਗੀ ਬਣਾਈ ਰੱਖਣ ਦਾ ਇਕ ਸਾਧਨ ਹੁਣ ਤਕ ਫ਼ੌਜੀ ਨੌਕਰੀ ਵੀ ਰਿਹਾ ਸੀ, ਜੋ ਆਜ਼ਾਦੀ ਤੋਂ ਪਹਿਲੋਂ 30 ਫ਼ੀਸਦੀ ਸੀ, ਜਿਸ ਨੂੰ ਕਾਂਗਰਸ ਸਰਕਾਰ ਨੇ ਘਟਾ ਕੇ 12 ਫ਼ੀਸਦੀ 'ਤੇ ਲਿਆਂਦਾ ਅਤੇ ਹੁਣ ਦੇਸ਼ ਦੀ ਸਾਰੀ ਵੱਸੋਂ ਵਿਚ ਆਬਾਦੀ ਦੇ ਤਨਾਸਬ ਨਾਲ ਕਰ ਦਿੱਤਾ ਹੈ। ਸਿਖ ਦੀ ਆਬਾਦੀ 1.8 ਫ਼ੀਸਦੀ ਹੋਣ ਕਰਕੇ, ਜਿਥੇ ਅੱਗੇ ਸੌ ਵਿਚੋਂ ਤੀਹ ਸਿਖ ਹੋਇਆ ਕਰਦੇ ਸਨ, ਉਥੇ ਹੁਣ ਇਕ ਹਜ਼ਾਰ ਵਿਚ ਕੇਵਲ ਅਠਾਰਾਂ ਸਿਖ ਹੋਣਗੇ।

ਬਾਕੀ ਸਰਕਾਰੀ ਨੌਕਰੀਆਂ ਵਿਚ ਸਿਖ ਦੀ ਹਾਲਤ ਇਸ ਤੋਂ ਭੀ ਮੰਦੀ ਹੋ ਜਾਣ ਦੀ ਸੰਭਾਵਨਾ ਹੈ, ਕਿਉਂਕਿ ਜਿਸ ਸਰਕਾਰ ਦਾ ਸਿਖ ਦੀ ਵਫ਼ਾਦਾਰੀ 'ਤੇ ਭਰੋਸਾ ਹੀ ਨਹੀਂ ਰਿਹਾ, ਉਹ ਸਿਖ ਨੂੰ ਕਿਉਂ ਨੌਕਰ ਰੱਖੇਗੀ।

(ii) ਸਿਖ ਨੂੰ ਵਿਦਿਅਕ ਤੌਰ 'ਤੇ ਉਸ ਦੇ ਮਹਾਨ ਵਿਰਸੇ ਤੋਂ ਵਾਂਝ ਦੇਣਾ : ਸਕੂਲਾਂ ਦੇ ਬੱਚਿਆਂ ਦੀਆਂ ਪਾਠ-ਪੁਸਤਕਾਂ ਵੇਖੋ—ਅੱਵਲ ਤਾਂ ਸਿਖ ਦੀਆਂ ਦੇਸ਼ ਅਤੇ ਇਸ ਦੀ ਜਨਤਾ ਲਈ ਪੰਜ ਸੌ ਸਾਲ ਅੰਦਰ ਘਾਲੀਆਂ ਘਾਲਣਾਂ ਦੀ ਇਨ੍ਹਾਂ ਪਾਠ-ਪੁਸਤਕਾਂ ਵਿਚ ਗੱਲ ਹੀ ਕੋਈ ਨਹੀਂ ਅਤੇ ਜੇ ਕੋਈ ਹੈ ਵੀ, ਤਾਂ ਉਹ ਅਜਿਹੀ ਰੰਗਤ ਵਿਚ ਪੇਸ਼ ਕੀਤੀ ਗਈ ਹੈ ਜਿਸ ਨਾਲ ਸਿਖ ਦਾ ਸਿਰ ਹੋਰ ਨੀਵਾਂ ਹੋਵੇ।

(iii) ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਹੈ, ਪ੍ਰੰਤੂ ਚੂੰਕਿ ਹਿੰਦੂ ਇਸ ਨੂੰ ਅਪਨਾਉਣ ਤੋਂ ਆਰੀ ਹੈ, ਇਸ ਲਈ ਸਿਖ ਦੀ ਇਹ ਮਾਂ ਦੇਸ ਅੰਦਰ ਭਿਖਾਰਨ ਤੋਂ ਵੱਧ ਹੈਸੀਅਤ ਨਹੀਂ ਰੱਖਦੀ। ਪੰਜਾਬ ਅੰਦਰ ਗਵਰਨਰੀ ਰਾਜ ਹੋਣ ਦੇ ਨਾਲ ਹੀ 1984 ਵਿਚ ਹਿਦਾਇਤ ਜਾਰੀ ਕੀਤੀ ਗਈ ਸੀ ਕਿ ਦਫ਼ਤਰਾਂ ਅੰਦਰ ਨੈਸ਼ਨਲ ਭਾਸ਼ਾ ਜਾਂ ਅੰਗਰੇਜ਼ੀ ਵਿਚ ਨੋਟਿੰਗ ਆਦਿ ਦਿੱਤਾ ਜਾਵੇ।

(iv) ਸਿਖ ਦੀ ਸਮੂਹਿਕ ਦਸ਼ਾ : ਸਿਖ ਸੰਖਿਆ ਦੇਸ਼-ਵੱਸੋਂ ਦਾ ਕੇਵਲ 1.8 ਫ਼ੀਸਦੀ ਅਥਵਾ ਹਜ਼ਾਰ ਵਿਚ ਕੇਵਲ 18 ਹੈ ਅਤੇ 1947 ਦੀ ਦੇਸ਼-ਵੰਡ ਪਿੱਛੋਂ ਇਸ ਨਾਮ-ਮਾਤਰ ਆਬਾਦੀ ਨੂੰ ਦੇਸ਼ ਅੰਦਰ ਇਉਂ ਖਿੰਡਾਇਆ ਗਿਆ ਹੈ ਜਿਵੇਂ ਕਿਸਾਨ ਖੇਤ ਵਿਚ ਬੀਜ ਖਿਲਾਰਦਾ ਹੈ, ਜਿਸ ਦਾ ਸਿੱਟਾ ਹੈ ਕਿ ਸਿਖ ਆਪਣੇ ਭਲੇ ਵਾਸਤੇ ਮਜਮੂਈ ਤੌਰ 'ਤੇ ਕੋਈ ਗੱਲ ਨਹੀਂ ਕਰ ਸਕਦਾ। ਵਿਅਕਤੀਗਤ ਤੌਰ 'ਤੇ ਟਾਵੇਂ-ਟਾਵੇਂ ਸਿਖ ਭਾਵੇਂ ਕਿੰਨੇ ਭੀ ਧਨਾਢ ਸਨਅੱਤਕਾਰ (industrialist), ਵਿਗਿਆਨੀ ਜਾਂ ਵਿਦਵਾਨ ਕਿਉਂ ਨਾ ਹੋ ਜਾਣ, ਆਪਣੀ ਵਡਿਆਈ ਦਾ ਲਾਭ ਸਮੁੱਚੇ ਤੌਰ 'ਤੇ ਸਿਖ ਕੌਮ ਨੂੰ ਇਹ ਨਹੀਂ ਪਹੁੰਚਾ ਸਕਦੇ, ਨਾ ਉਹ ਰਾਜਨੀਤਕ ਤੇ ਸਮਾਜਕ (Politically and Socially) ਤੌਰ 'ਤੇ ਸਿਖ ਨੂੰ ਉੱਚਾ ਉਠਾ ਸਕਦੇ

ਹਨ। ਜਿਥੇ ਥੋੜੇ ਬਹੁਤ ਇਹ ਇਕੱਠੇ ਹਨ ਭੀ (ਜਿਵੇਂ ਪੰਜਾਬ ਵਿਚ), ਉਥੇ ਭੀ ਸਮੁੱਚੇ ਦੇਸ਼ ਦੀ ਬਹੁ-ਸੰਖਯਾ ਜਾਤੀ ਦੇ ਬਲ-ਬੋਤੇ ਇਹ ਮਾਰ ਖਾ ਰਹੇ ਹਨ ਅਤੇ ਪੰਜਾਬ ਅੰਦਰ ਭੀ ਇਨ੍ਹਾਂ ਨੂੰ ਕੋਈ ਪੁੱਛਦਾ ਨਹੀਂ।

ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਵਿਅਕਤੀਗਤ ਸਿਖ ਧਨਵਾਨ ਹੁੰਦਾ ਹੋਇਆ, ਵਿਦਵਾਨ ਤੇ ਵਿਗਿਆਨੀ ਹੁੰਦਾ ਹੋਇਆ, ਸਨਅੱਤਕਾਰ ਅਤੇ ਸਰੀਰਕ ਤੌਰ 'ਤੇ ਬਲਵਾਨ ਹੁੰਦਾ ਹੋਇਆ ਵੀ ਕੌਮ ਦਾ ਸਮੁੱਚੇ ਤੌਰ 'ਤੇ ਕੁੱਝ ਸੰਵਾਰ ਨਹੀਂ ਸਕਦਾ। ਤਾਂ ਸਿਖ ਕੀ ਕਰੇ ?

ਸਿਖ ਦੇਸ਼ ਦੇ ਕਿਸੇ ਕੋਨੇ ਭੀ ਵੱਸਦਾ ਹੋਵੇ, ਉਹ ਆਪਣੀ ਨਿਗਾਹ ਆਪਣੀ ਮਾਤ-ਭੂਮੀ ਪੰਜਾਬ (ਜਿਥੇ ਸਿੱਖੀ ਜਨਮੀ ਅਤੇ ਪ੍ਰਫੁੱਲਤ ਹੋਈ) ਨੂੰ ਹਰ ਦ੍ਰਿਸ਼ਟੀ ਤੋਂ ਪਹਿਲ ਦੇਵੇ ਅਤੇ ਇਸ ਨੂੰ ਮਜ਼ਬੂਤ ਕਰੇ। ਆਪਣੀ ਪੂੰਜੀ (ਭਾਵੇਂ ਇਹ ਕਿਤੇ ਬੈਠਾ ਹੈ) ਪੰਜਾਬ ਵਿਚ ਲਗਾ ਕੇ ਪੰਜਾਬ ਦੀ ਇੰਡਸਟਰੀ ਨੂੰ ਉਚਿਆਂ ਕਰੇ, ਜਿਸ ਦਾ ਲਾਭ ਹਰ ਸਿਖ ਲੈ ਸਕੇ, ਸਿੱਖਾਂ ਨੂੰ ਰੁਜ਼ਗਾਰ ਮਿਲੇ ਤੇ ਉਹ ਆਰਥਕ ਤੌਰ 'ਤੇ ਵਧੇ ਫੁੱਲੇ।

ਸਿਆਣਿਆਂ ਦਾ ਕਹਿਣਾ ਹੈ ਕਿ ਬੱਚੇ ਮਨੁੱਖ ਪਾਸ ਨਿਰੰਕਾਰ ਸਿਰਜਨਹਾਰ ਦੀ ਅਮਾਨਤ ਹਨ, ਇਨ੍ਹਾਂ ਦੀ ਸੰਭਾਲ ਮਨੁੱਖ ਦੀ ਨਿਰੰਕਾਰ ਪ੍ਰਤੀ ਇਕ ਜ਼ਿੰਮੇਵਾਰੀ ਤੇ ਪਰਮ ਧਰਮ ਹੈ। ਧਨਾਢ ਸਿਖ, ਜਿਸ ਦੀ ਜਾਨ ਸਹਿੰਦੀ ਹੈ, ਉਹ ਆਪਣੇ ਧਨ ਨੂੰ ਗ਼ਰੀਬ ਸਿਖ ਬੱਚਿਆਂ, ਜਿਨ੍ਹਾਂ ਦੀ ਗਿਣਤੀ ਪੰਜਾਬ ਅੰਦਰ ਬੇਸ਼ੁਮਾਰ ਹੈ, ਦੀ ਉੱਨਤੀ ਲਈ ਖ਼ਰਚ ਕਰੇ। ਪੇਂਡੂ ਸਿਖ ਬੱਚਿਆਂ ਲਈ ਥਾਂ-ਪਰ-ਥਾਂ ਨਰਸਰੀ ਸਕੂਲ ਖੋਲ੍ਹ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਮਹਾਨ ਸਿਖ ਵਿਰਸੇ ਤੋਂ ਜਾਣੂੰ ਕਰਾਵੇ, ਤਾਂ ਕਿ ਉਹ ਚੰਗੇ ਤੇ ਗੁਣਵਾਨ ਸਿਖ ਬਣ ਸਕਣ, ਜਿਸ ਨਾਲ ਸਿੱਖੀ ਪ੍ਰਫੁਲਤ ਹੋਵੇ।

ਵਿਦਵਾਨ ਸਿਖ ਜਿਥੇ ਭੀ ਬੈਠਾ ਹੈ, ਪੰਜਾਬੀ ਦੀ ਉੱਨਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਅਤੇ ਸਿਖ ਬੱਚਿਆਂ ਅਤੇ ਨੌਜਵਾਨਾਂ ਨੂੰ ਸਿਖ ਵਿਰਸੇ ਦੀ ਜਾਣਕਾਰੀ ਦੇਣ ਲਈ ਤੇ ਸਿਖ ਇਤਿਹਾਸ ਦੀ ਸਹੀ ਤਸਵੀਰ ਪੇਸ਼ ਕਰਨ ਹਿੱਤ ਪਾਠ-ਪੁਸਤਕਾਂ ਅਤੇ ਹੋਰ ਛੋਟੇ ਛੋਟੇ ਟ੍ਰੈਕਟ ਲਿਖਣ ਤੇ ਪ੍ਰਚਾਰਨ। ਧਨਾਢ ਸਿਖ ਤੇ ਸਿਖ ਸੰਸਥਾਵਾਂ ਆਪਣਾ ਧਨ, ਮਹਿਲ ਮੰਦਰ ਉਸਾਰਨ ਅਤੇ ਇਨ੍ਹਾਂ ਉਪਰ ਸੋਨਾ ਚੜ੍ਹਾਉਣ ਦੀ ਬਜਾਏ, ਅਜਿਹੀਆਂ ਲਿਖਤਾਂ ਪ੍ਰਸਾਰਨ ਅਤੇ ਸਿੱਖੀ ਦੇ ਅਸਲ ਅਤੇ ਅਤਿ ਲੋੜੀਂਦੇ ਮਹਿਲ ਉਸਾਰਨ ਲਈ ਵਰਤਣ।

ਸਿਖ ਧਨਾਢ ਕੌਮ ਮੰਨੀ ਜਾਂਦੀ ਹੈ, ਦੇਸ਼ ਅੰਦਰ ਅਤੇ ਦੇਸ਼ੋਂ ਬਾਹਰ ਕਰੋੜਾਂ-ਪਤੀ ਸਿਖ ਮੌਜੂਦ ਹਨ, ਵਿਦਵਾਨ ਸਿੱਖਾਂ ਦਾ ਭੀ ਘਾਟਾ ਨਹੀਂ, ਪਰ ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਸਿੱਖਾਂ ਪਾਸ ਇਕ ਭੀ ਗ਼ੈਰ-ਜ਼ਬਾਨ ਯਥਾ ਅੰਗਰੇਜ਼ੀ ਵਿਚ ਅਜਿਹਾ ਅਖ਼ਬਾਰ ਨਹੀਂ, ਜੋ ਸਿੱਖਾਂ ਨੂੰ ਆਏ ਦਿਨ ਵਾਪਰਦੇ ਖੇਦ ਦੀ ਜਾਣਕਾਰੀ ਦੇਵੇ ਅਤੇ

ਸਿੱਖੀ ਦੇ ਮਹਾਨ ਉੱਚੇ ਅਸੂਲਾਂ ਦੇ ਪ੍ਰਸਾਰ ਹਿੱਤ ਕੰਮ ਕਰੇ। ਕਿਉਂ ਨਾ ਧਨਾਢ ਤੇ ਵਿਦਵਾਨ ਸਿਖ ਸਿਰ ਜੋੜਨ ਅਤੇ ਅਜਿਹੇ ਅਖ਼ਬਾਰ ਜਾਰੀ ਕਰ ਕੇ ਗ਼ੈਰ-ਪੰਜਾਬੀਆਂ ਤਕ ਪਹੁੰਚਾਉਣ। ਇਸ ਪ੍ਰਥਾਏ ਸਾਡੀਆਂ ਕਰੋੜਾਂ ਦੀਆਂ ਆਮਦਨਾਂ ਵਾਲੀਆਂ ਸਿਖ ਸੁਸਾਇਟੀਆਂ ਕਿਉਂ ਅੱਖੀਆਂ ਮੀਟੇ ਹੋਏ ਹਨ ? ਹੁਣ ਜ਼ਮਾਨਾ ਪ੍ਰੈਸ ਦਾ ਹੈ, ਕਿਉਂ ਨਾ ਗੁਰਦੁਆਰਿਆਂ ਦਾ ਬੇਸ਼ੁਮਾਰ ਧਨ, ਮਹਿਲ-ਮਾੜੀਆਂ ਉਸਾਰਨ ਦੀ ਬਜਾਏ, ਅਜਿਹੇ ਕੰਮਾਂ 'ਤੇ ਖ਼ਰਚ ਕੀਤਾ ਜਾਏ।

ਹਰ ਹਾਲਤ ਵਿਚ ਅੱਜ ਲੋੜ ਹੈ ਆਪਣੀ ਨਬਜ਼ 'ਤੇ ਹੱਥ ਰੱਖਣ ਅਤੇ ਇਸ ਦੀ ਹਰਾਰਤ ਵੇਖਣ ਦੀ। ਜੇ ਅਸੀਂ ਏਨੀ ਮਾਰ ਖਾ ਕੇ ਅੱਜ ਵੀ ਨਹੀਂ ਸੰਭਲਦੇ ਅਤੇ ਆਪਣਾ ਨਫ਼ਾ ਨੁਕਸਾਨ ਨਹੀਂ ਵਿਚਾਰਦੇ ਅਤੇ ਹਾਲੇ ਵੀ ਮਨਿਸਟਰੀਆਂ ਅਤੇ ਜਥੇਦਾਰੀਆਂ ਦੀਆਂ ਕੁਰਸੀਆਂ ਹੀ ਸਾਡਾ ਨਿਸ਼ਾਨਾ ਹਨ ਤਾਂ ਸਾਡੇ ਜਿਤਨਾ ਗਿਆ-ਗਵਾਚਿਆ ਮਨੁੱਖ ਹੋਰ ਕੌਣ ਹੋਵੇਗਾ ? ਸਾਰਿਆਂ ਤੋਂ ਮਾੜੀ ਗੱਲ ਸਾਡਾ ਆਪਣੇ ਸਤਿਗੁਰੂ 'ਤੇ ਭਰੋਸਾ ਤੇ ਵਿਸ਼ਵਾਸ ਗਵਾ ਲੈਣ ਦੀ ਹੈ। ਐਸੇ ਘੋਰ ਸਮੇਂ ਸਾਨੂੰ ਸਤਿਗੁਰੂ ਦਾ ਲੜ ਫੜਨ ਦੀ ਲੋੜ ਹੈ। ਗੁਰੂ ਜੀ ਵਾਰ ਵਾਰ ਸਾਨੂੰ ਇਹ ਵਿਸ਼ਵਾਸ ਬੰਨ੍ਹਾਉਂਦੇ ਹਨ ਕਿ :

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ ॥
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥ *(ਪੰਨਾ 1410)*

ਆਓ, ਇਸ ਬਿਪਤਾ ਕਾਲ ਵਿਚ ਸਤਿਗੁਰੂ ਦਾ ਦਾਮਨ ਫੜੀਏ। ਸਤਿਗੁਰੂ ਜੀ ਦਾ ਫ਼ੁਰਮਾਨ ਹੈ :

ਜਿਸ ਦਾ ਸਾਹਿਬੁ ਡਾਢਾ ਹੋਇ ॥
ਤਿਸ ਨੋ ਮਾਰਿ ਨ ਸਾਕੈ ਕੋਇ ॥ *(ਪੰਨਾ 842)*

ਸਤਿਗੁਰੂ ਦੇ ਲੜ ਲੱਗਿਆਂ ਖ਼ਾਲਸਾ ਸਦਾ ਜੀਵਤ ਰਹੇਗਾ। ਇਸ ਵਿਸ਼ਵਾਸ ਉਪਰ ਦ੍ਰਿੜ੍ਹਤਾ ਲਿਆਉਣ ਦੀ ਲੋੜ ਹੈ :

ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ,
ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥ *(ਪੰਨਾ 859)*

ਪਰ :

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥ *(ਪੰਨਾ 1372)*

ਜਦੋਂ ਖ਼ਾਲਸੇ ਨੇ ਆਪਣਾ ਕਰਮ ਛੱਡ ਦਿੱਤਾ ਤਾਂ 'ਸਾਚਾ ਸਤਿਗੁਰੁ ਕਿਆ ਕਰੈ', ਸਤਿਗੁਰੂ ਲੜ-ਲੱਗਿਆਂ ਦੀ ਹੀ ਬਾਂਹ ਫੜਦਾ ਹੈ। ਜਦੋਂ ਇਹ ਸਤਿਗੁਰੂ ਦਾ ਲੜ ਛੱਡ ਕੇ ਹੋਰਨਾਂ ਦੀ ਓਟ ਆਸਰਾ ਧਾਰ ਲਵੇ ਤਾਂ ਸਤਿਗੁਰੂ ਕਹਿੰਦੇ ਹਨ :

ਮੈਂ ਨ ਕਰੋਂ ਇਨ ਕੀ ਪ੍ਰਤੀਤ ॥

ਜਦੋਂ ਇਹ ਖ਼ਾਲਸਾ ਨਾ ਰਿਹਾ ਅਤੇ ਗੁਰੂ ਨੂੰ ਛੱਡ ਆਪਣਾ 'ਵੇਸਾਹੁ' ਦੂਜਿਆਂ 'ਤੇ ਕਰ ਲਿਆ ਤਾਂ ਇਸ ਨੂੰ ਵਾਪਰੇ ਹਾਨ-ਲਾਭ ਦਾ ਗੁਰੂ ਨੂੰ ਕਾਹਦਾ ਦੋਸ਼ ? ਤੁਸੀਂ ਪੁੱਛੋਗੇ ਕਿ ਅਸੀਂ ਗੁਰੂ ਦਾ ਵੇਸਾਹੁ ਕਦੋਂ ਤੇ ਕਿਵੇਂ ਛੱਡਿਆ ? ਆਓ ਇਸ ਦੀ ਪੜਚੋਲ ਕਰੀਏ :

ਸਤਿਗੁਰੂ ਦਾ ਫ਼ੁਰਮਾਨ ਸੀ : 'ਪ੍ਰਿਥਮ ਭਗੌਤੀ ਸਿਮਰਿ ਕੈ'।

ਸਿਖ ਨੂੰ ਪਹਿਲ ਪ੍ਰਿਥਮੇ ਸ਼ਕਤੀਸ਼ਾਲੀ ਹਸਤੀ ਉੱਤੇ ਭਰੋਸਾ ਰੱਖਦੇ ਹੋਏ ਉਸ ਨੂੰ ਚੇਤੇ ਅੰਦਰ ਵਸਾਉਣ ਦਾ ਹੁਕਮ ਹੈ। ਵਾਹਿਗੁਰੂ ਦੇ ਅਨੇਕ ਗੁਣਾਂ ਵਿਚੋਂ ਉਸ ਦੀ ਸ਼ਕਤੀ (ਬਲ-ਸਮਰੱਥਾ) ਦੇ ਗੁਣ ਨੂੰ ਹੋਰ ਸਾਰੇ ਗੁਣਾਂ ਉਪਰ ਪਹਿਲ ਦਿੱਤੀ ਹੈ, ਇਸ ਦੀ ਪੁਸ਼ਟੀ ਸਤਿਗੁਰੂ ਜੀ ਦੇ ਇਨ੍ਹਾਂ ਬਚਨਾਂ ਤੋਂ ਭੀ ਹੁੰਦੀ ਹੈ :

(੧) **ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ ॥੨॥**

(ਚੰਡੀ ਦੀ ਵਾਰ, ਦਸਮ ਗ੍ਰੰਥ)

(ਪਹਿਲ ਖੰਡੇ ਨੂੰ ਦਿੱਤੀ ਹੈ।)

(੨) **ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ ॥**
ਸੈਫ ਸਰੋਹੀ ਸਹਥੀ ਯਹੈ ਹਮਾਰੇ ਪੀਰ ॥੩॥ *(ਸ਼ਸਤਰਨਾਮਾ, ਦਸਮ ਗ੍ਰੰਥ)*

(ਸ਼ਸਤਰ ਪੀਰ ਵਤ ਪੂਜਣ ਯੋਗ ਹਨ।)

ਅਸੀਂ ਰੋਜ਼ ਸਵੇਰੇ ਸ਼ਾਮ ਅਰਦਾਸ ਭੀ 'ਪ੍ਰਿਥਮ ਭਗੌਤੀ ਸਿਮਰਿ ਕੈ' ਹੀ ਕਰਦੇ ਹਾਂ। ਸਿੰਘ ਸਜਣ ਸਮੇਂ ਸਾਨੂੰ ਹੁਕਮ ਭੀ ਕ੍ਰਿਪਾਨ ਧਾਰੇ ਰੱਖਣ ਦਾ ਹੈ। ਪ੍ਰੰਤੂ ਸਾਡੇ ਵਿਚੋਂ ਕਿੰਨੇ ਕੁ ਹਨ ਜੋ ਸਵੇਰੇ ਉਠਣ ਸਾਰ ਜਾਂ ਦਿਨ ਭਰ ਅੰਦਰ ਕਦੀ ਸ਼ਸਤਰ ਦਾ ਧਿਆਨ ਭੀ ਮਨ ਅੰਦਰ ਲਿਆਉਂਦੇ ਹੋਣ, ਕ੍ਰਿਪਾਨ ਖ਼ਾਲਸੇ ਦਾ ਧਾਰਮਿਕ ਸ਼ਸਤਰ ਅਤੇ ਸਿੰਘ ਦੇ ਜੀਵਨ ਦਾ ਲਾਜ਼ਮੀ ਚਿੰਨ੍ਹ ਹੈ, ਜਿਸ ਦੇ ਰੱਖਣ 'ਤੇ ਕੋਈ ਕਾਨੂੰਨੀ ਪਾਬੰਦੀ ਵੀ ਨਹੀਂ ਅਤੇ ਜਿਸ ਦੇ ਵਰਤਣ ਬਾਰੇ ਭੀ ਗੁਰੂ ਜੀ ਦਾ ਵਿਸ਼ੇਸ਼ ਫ਼ੁਰਮਾਨ ਹੈ :

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ ॥
ਹਲਾਲ ਅਸਤ ਬੁਰਦਨ ਬ-ਸ਼ਮਸੀਰ ਦਸਤ ॥੨੨॥ *(ਜ਼ਫ਼ਰਨਾਮਾ, ਪਾ: ੧੦)*

ਜਦੋਂ ਹਾਲਾਤ 'ਤੇ ਕਾਬੂ ਪਾਉਣ ਦੇ ਹੋਰ ਸਾਰੇ ਹੀਲੇ ਨਾਕਾਮ ਹੋ ਜਾਣ ਤਾਂ ਤਲਵਾਰ ਨੂੰ ਹੱਥ ਲੈ ਲੈਣਾ ਜਾਇਜ਼ ਹੈ। ਬਲਕਿ ਗੁਰੂ ਜੀ ਵੱਡੇ ਤਾੜਨਾ ਭਰੇ ਸ਼ਬਦਾਂ ਵਿਚ ਸੂਚਨਾ ਦੇਂਦੇ ਹਨ :

ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ ॥
ਗਹੇ ਕਾਨ ਤੇ ਨਰ ਕਿਤੈ ਲੈ ਸਿਧਾਨੋ ॥ *(ਗੁਰਬਿਲਾਸ, ਭਾਈ ਸੁਖਾ ਸਿੰਘ)*

ਤਾਂ ਇਸ ਪ੍ਰਥਾਏ ਇਹ ਪੁੱਛਣਾ ਅਨੁਚਿਤ ਨਹੀਂ ਹੋਵੇਗਾ ਕਿ ਸਾਡੇ ਵਿਚ ਕਿੰਨੇ ਕੁ ਸਿੰਘ ਹਨ ਜੋ ਇਸ ਗੁਰੂ-ਹੁਕਮ ਦੀ ਪਾਲਨਾ ਲਈ ਆਪਣੇ ਪਾਸ ਜਾਂ ਆਪਣੇ ਘਰ ਕ੍ਰਿਪਾਨ ਰੱਖਦੇ ਹਨ ? ਅਤੇ ਜੋ ਰੱਖਦੇ ਹਨ ਉਨ੍ਹਾਂ ਵਿਚੋਂ ਕਿੰਨਿਆਂ ਨੇ ਆਪਣੀ ਅਤੇ ਆਪਣੇ ਧੀਆਂ ਭੈਣਾਂ ਬੱਚਿਆਂ ਦੇ ਜਾਨ-ਮਾਲ ਦੀ ਹਿਫ਼ਾਜ਼ਤ ਅਤੇ ਘਰਾਂ ਘਾਰਾਂ ਦੇ ਫੂਕੇ ਜਾਣ ਤੋਂ ਬਚਾਉਣ ਜਾਂ ਪਰਮ ਪਾਵਨ ਗੁਰਦੁਆਰਿਆਂ ਅਤੇ ਗੁਰੂ ਸਰੂਪ ਦੀ ਬੇਇੱਜ਼ਤੀ ਰੋਕਣ ਲਈ ਇਸ ਦੀ ਵਰਤੋਂ ਕੀਤੀ ?

ਆਪਣੇ ਬਚਾਉ ਜਾਂ ਕਿਸੇ ਹੋਰ ਅਨਾਥ ਮਜ਼ਲੂਮ ਦੀ ਰੱਖਿਆ ਲਈ ਇਸ ਦਾ ਵਰਤਣਾ ਕਾਨੂੰਨੀ ਜੁਰਮ ਭੀ ਨਹੀਂ ਸੀ, ਪ੍ਰੰਤੂ ਬਹੁਤ ਘੱਟ ਰੀਪੋਰਟਾਂ ਮਿਲੀਆਂ ਹਨ ਜਿਥੇ ਗੁਰਸਿੱਖਾਂ ਨੇ ਆਪਣੇ ਇਸ ਅਹਿਮ ਫ਼ਰਜ਼ ਨੂੰ ਪਛਾਣਿਆ ਹੋਵੇ। ਐਸੀਆਂ ਰੀਪੋਰਟਾਂ ਵੀ ਹਨ ਕਿ ਜਿਥੇ ਸਿੰਘਾਂ ਨੇ ਕ੍ਰਿਪਾਨਾਂ ਧੂਹ ਲਈਆਂ, ਉਥੋਂ ਬਲਵਈ ਪਾਸਾ ਕਰ ਗਏ ਅਤੇ ਜਾਨ-ਮਾਲ ਤੇ ਇੱਜ਼ਤ ਦਾ ਬਚਾਅ ਹੋ ਗਿਆ।

ਮੈਨੂੰ ਸਾਲ 1917-18 ਦੀ ਗੱਲ ਯਾਦ ਹੈ ਜਦੋਂ ਮੁਸਲਮਾਨ ਬਲਵਈਆਂ ਨੇ ਜ਼ਿਲਾ ਝੰਗ ਅੰਦਰ ਬਹੁਤ ਸਾਰੇ ਹਿੰਦੂ ਪਿੰਡਾਂ ਨੂੰ ਲੁੱਟਿਆ ਅਤੇ ਅਹਿਮਦਪੁਰ ਜਿਹੇ ਵੱਡੇ ਵੱਡੇ ਕਈ ਕਸਬੇ ਭੀ ਲੁੱਟੇ, ਪ੍ਰੰਤੂ ਉਨ੍ਹਾਂ ਦੇ ਸਾਹਮਣੇ ਕਿਸੇ ਹੱਥ ਨਾ ਉਠਾਇਆ ਅਤੇ ਉਹ ਲੁੱਟ-ਮਾਰ ਕਰਦੇ ਹੋਏ ਜ਼ਿਲਾ ਮੁਲਤਾਨ ਦੇ ਇਕ ਪਿੰਡ ਜੱਸੋ ਕਾਂਵੀਂ 'ਤੇ ਪੁੱਜ ਗਏ। ਅਗਲੇ ਭਲਕ ਉਸ ਪਿੰਡ ਦੀ ਵਾਰੀ ਸੀ ਤਾਂ ਉਥੋਂ ਦੇ ਕੁੱਝ ਮੁਖੀ ਹਿੰਦੂ ਗਵਾਂਢ ਵਿਚ ਇਕ ਸਿੱਖਾਂ ਦੇ ਪਿੰਡ ਨੰਦਪੁਰ ਮਦਦ ਲਈ ਪਹੁੰਚੇ। ਏਥੋਂ ਤਿੰਨ ਸਿੰਘ ਤਿੰਨ-ਫ਼ੁੱਟੀਆਂ ਨੰਗੀਆਂ ਕ੍ਰਿਪਾਨਾਂ ਹੱਥੀਂ ਲੈ ਕੇ ਐਨ ਉਸ ਵੇਲੇ ਜੱਸੋ ਪਹੁੰਚ ਗਏ ਜਦੋਂ ਬਲਵਈਆਂ ਦਾ ਢੋਲ ਵੱਜਦਾ ਅਤੇ ਉਨ੍ਹਾਂ ਦਾ ਟੋਲਾ ਪਿੰਡ ਵਿਚ ਦਾਖ਼ਲ ਹੋ ਹੀ ਰਿਹਾ ਸੀ। ਇਹ ਟੁੱਟ ਕੇ ਹਜੂਮ 'ਤੇ ਪੈ ਗਏ, ਜਿਸ ਨਾਲ ਇਕ ਮੁਸਲਮਾਨ ਤਾਂ ਥਾਂ ਹੀ ਰੱਖਿਆ (ਮਾਰ ਦਿੱਤਾ) ਤੇ ਕਈ ਫੱਟੜ ਹੋਏ। ਇਹ ਵੇਖ ਸਾਰੇ ਬਲਵਈਆਂ ਕੰਡ ਵਿਖਾਈ ਤੇ ਭੱਜ ਗਏ। ਇਉਂ ਨਿਰਾ ਜੱਸੋ ਦੇ ਹਿੰਦੂ ਹੀ ਲੁੱਟੇ ਜਾਣ ਤੋਂ ਨਹੀਂ ਬਚੇ, ਬਲਕਿ ਲੁੱਟ-ਮਾਰ ਦਾ ਸਿਲਸਿਲਾ ਉਥੇ ਹੀ ਬੰਦ ਹੋ ਗਿਆ।

ਇਸੇ ਦੌਰਾਨ ਮੁਲਤਾਨ ਸ਼ਹਿਰ ਵਿਚ ਭੀ ਮੁਸਲਮਾਨ ਹਜੂਮ ਨੇ ਕਈ ਹਿੰਦੂਆਂ ਦੀਆਂ ਦੁਕਾਨਾਂ ਤੇ ਘਰ ਲੁੱਟੇ ਸਨ। ਇਕ ਟੋਲਾ ਲੁੱਟ-ਮਾਰ ਕਰਦਾ ਹੋਇਆ ਉਸ ਗਲੀ ਵਿਚ ਆ ਗਿਆ ਜਿਥੇ ਗੁਰਦੁਆਰਾ ਭਾਈ ਦਿਆਲ ਸੀ। ਇਨ੍ਹਾਂ ਗੁਰਦੁਆਰੇ ਵੱਲ ਨੂੰ ਰੁਖ਼ ਕੀਤਾ ਤਾਂ ਇਕ ਯਾਤਰੂ ਕ੍ਰਿਪਾਨਧਾਰੀ ਸਿੰਘ, ਜੋ ਰਾਤ ਤੋਂ ਉਥੇ ਠਹਿਰਿਆ ਹੋਇਆ ਸੀ, ਇਕੱਲਾ ਹੀ ਕ੍ਰਿਪਾਨ ਧੂਹ ਕੇ ਗੁਰਦੁਆਰੇ ਦੇ ਗੇਟ ਮੂਹਰੇ ਗਲੀ ਵਿਚ ਆ ਖੜਾ ਹੋਇਆ। ਉਹ ਪਲੱਥੇ-ਬਾਜ਼ ਸੀ ਅਤੇ ਤਲਵਾਰ ਵਾਹੁਣੀ ਜਾਣਦਾ ਸੀ। ਉਸ ਨੇ ਐਸੀ ਤਲਵਾਰ ਘੁਮਾਈ ਅਤੇ ਛਲਾਂਗਾਂ ਲਗਾਉਂਦਾ ਇਕੱਲਾ

ਹੀ ਹਜੂਮ 'ਤੇ ਟੁੱਟ ਪਿਆ ਕਿ ਹਜੂਮ ਅਲ ਪਲ ਵਿਚ ਤਿਤਰ ਬਿਤਰ ਹੋ ਗਿਆ। ਇਸ ਤੋਂ ਕੁੱਝ ਦਿਨ ਬਾਅਦ ਜਦੋਂ ਅਮਨ ਚੈਨ ਹੋਇਆ ਤਾਂ ਪੰਡਤ ਮਦਨ ਮੋਹਨ ਮਾਲਵੀਆ ਜੀ ਮੁਲਤਾਨ ਆਏ ਤੇ ਇਹ ਵਾਕਿਆ ਸੁਣਿਆ ਤਾਂ ਹਿੰਦੂਆਂ ਦੇ ਇਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਪੰਡਤ ਜੀ ਨੇ ਉਨ੍ਹਾਂ ਪ੍ਰਤੀ ਕਿਹਾ ਕਿ ਹਰ ਹਿੰਦੂ ਪ੍ਰਵਾਰ ਨੂੰ ਆਪਣਾ ਇਕ ਲੜਕਾ ਸਿੰਘ ਸਜਾਉਣਾ ਚਾਹੀਦਾ ਹੈ। ਇਸੇ ਦਾ ਪ੍ਰਭਾਵ ਸੀ ਕਿ ਉਨ੍ਹੀਂ ਦਿਨੀਂ ਕਈ ਹਿੰਦੂ ਪ੍ਰਵਾਰ, ਜੋ ਆਪਣੇ ਆਪ ਨੂੰ ਸਹਿਜਧਾਰੀ ਕਹਿੰਦੇ ਸਨ, ਅੰਮ੍ਰਿਤ ਛਕ ਕੇ ਸਿੰਘ ਸਜ ਗਏ।

ਕਿੰਨੀ ਸ਼ੋਕਮਈ ਗੱਲ ਹੈ ਕਿ ਸਾਡੇ ਘਰਾਂ ਵਿਚ ਟੈਲੀਵਿਜਨ, ਰੇਡੀਓ, ਟੇਪ-ਰੀਕਾਰਡਰਾਂ, ਗ੍ਰਾਮੋਫੋਨਾਂ ਦੀ, ਅਤੇ ਹੋਰ ਮੌਜ ਮੇਲੇ ਤੇ ਸੁਖ ਦੇ ਸਾਮਾਨ ਦੀ ਭਰਮਾਰ ਤਾਂ ਹੋਵੇ ਅਤੇ ਅਸੀਂ ਸਮੇਤ ਬੱਚਿਆਂ ਜ਼ਨਾਨੀਆਂ ਟੀ.ਵੀ. ਆਦਿ 'ਤੇ ਗੰਦੀ ਤੋਂ ਗੰਦੀ ਫ਼ਿਲਮ ਅਤੇ ਫ਼ੁਹਸ਼ ਗੀਤ ਸੁਣਨ ਲਈ ਸਮਾਂ ਤੇ ਪੈਸਾ ਤਾਂ ਪਾਣੀ ਵਾਂਗ ਰੋੜ੍ਹ ਸਕਦੇ ਹੋਈਏ, ਸ਼ਰਾਬ ਦੀਆਂ ਕੈਨੀਆਂ ਵੀ ਸਾਡੇ ਘਰੀਂ ਭਰੀਆਂ ਪਈਆਂ ਹੋਣਗੀਆਂ, ਪਰ ਜਿਸ ਭਗਉਤੀ ਦੇ ਸਵੇਰੇ ਸ਼ਾਮ ਸਿਮਰਨ ਦਾ ਸਾਨੂੰ ਹੁਕਮ ਹੈ, ਉਸ ਨੂੰ ਰੱਖਣ ਜਾਂ ਲੋੜ ਪੈਣ 'ਤੇ ਵਰਤ ਲੈਣ ਦੀ ਨਾ ਸਾਨੂੰ ਵੇਹਲ ਹੋਵੇ ਨਾ ਜਾਚ ਅਤੇ ਨਾ ਉਸ ਵਾਸਤੇ ਪੈਸਾ।

ਇਹ ਤਾਂ ਮਹਾਤਮਾ ਗਾਂਧੀ ਜੈਸਾ ਅਹਿੰਸਾ ਦਾ ਪੁਜਾਰੀ ਵੀ ਕਹਿੰਦਾ ਗਿਆ ਸੀ ਕਿ ਸਿਖ ਨੂੰ ਜਾਚ ਹੈ ਅਤੇ ਸਿਖ ਆਪਣੇ ਹੱਕ ਦੀ ਹਿਫ਼ਾਜ਼ਤ ਲਈ ਤਲਵਾਰ ਦੀ ਵਰਤੋਂ ਵੀ ਕਰ ਸਕਦਾ ਹੈ, ਤਾਂ ਉਹ ਕੀ ਕਾਰਨ ਸੀ ਜੋ ਅਸੀਂ ਮਹਾਤਮਾ ਜੀ ਦੀ ਸਲਾਹ ਵੀ ਭੁੱਲ ਗਏ।

ਜਿਥੇ ਆਪਣੇ ਬਚਾਉ ਲਈ ਹੱਥ ਉਠਾਇਆ ਜਾ ਸਕਦਾ ਸੀ, ਅਸੀਂ ਉਥੇ ਭੀ ਸੰਕੋਚ ਤੋਂ ਕੰਮ ਲਿਆ, ਜਿਸ ਦਾ ਇਕੋ ਹੀ ਕਾਰਨ ਲੱਭਦਾ ਹੈ ਕਿ ਬਲਵਈਆਂ ਦੇ ਹਜੂਮ ਅਤੇ ਵਰਤਾਉ ਤੋਂ ਸਾਨੂੰ ਮੌਤ ਆਉਂਦੀ ਝਲਕੀ, ਜਿਸ ਦੇ ਭੈ ਨੇ ਸਾਨੂੰ ਪਹਿਲੋਂ ਹੀ ਸਾਹਸ-ਹੀਨ ਕਰ ਦਿੱਤਾ। ਅਸੀਂ ਇਹ ਭੀ ਨਾ ਸੋਚਿਆ ਕਿ ਮੌਤ ਨੇ ਤਾਂ ਹੁਣ ਆਉਣਾ ਹੀ ਆਉਣਾ ਹੈ, ਮਰਦਾਂ ਵਾਂਗੂੰ ਜੂਝ ਕੇ ਕਿਉਂ ਨਾ ਮਰਿਆ ਜਾਏ ? ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੁੱਤਰ ਕਹਾਉਂਦੇ ਹਾਂ।

ਸਾਨੂੰ ਖ਼ਾਲਸਾ ਸਜਣ ਸਮੇਂ ਪੰਜ ਪਿਆਰਿਆਂ ਵੱਲੋਂ ਇਹੋ ਦੱਸਿਆ ਗਿਆ ਸੀ। ਸਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਬਾਰੇ ਕਹਿੰਦੇ ਹਨ:

ਛਤ੍ਰੀ ਕੋ ਪੂਤ ਹੋਂ ਬਾਮਨ ਕੋ ਨਹਿ ॥
ਕੈ ਤਪ ਆਵਤ ਹੈ ਜੁ ਕਰੋ ॥੨੪੮੯॥

ਅਤੇ ਅੱਗੇ ਜਾ ਕੇ ਅਕਾਲ ਪੁਰਖ ਪ੍ਰਤੀ ਅਰਦਾਸ ਭੀ ਇਹੋ ਕਰਦੇ ਹਨ:

(ਪ੍ਰਭੂ) 'ਮੇਰੀ ਅਬੈ ਬਿਨਤੀ ਸੁਨ ਲੀਜੈ'—ਇਹ ਬੇਨਤੀ ਕੀ ਹੈ?

ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥੨੩੧॥

(ਚੰਡੀ ਚਰਿਤ੍ਰ)

ਜਿਸ ਗੁਰੂ ਦੀ ਵਾਹਿਗੁਰੂ ਪ੍ਰਤੀ ਅਰਦਾਸ ਹੀ ਇਹੋ ਹੈ ਕਿ ਮੈਂ ਕਿਸੇ ਕਿਸਮ ਦਾ ਡਰ ਨਾ ਮੰਨਾਂ ਅਤੇ ਮੇਰਾ ਇਸ ਗੱਲ 'ਤੇ ਦ੍ਰਿੜ੍ਹ ਵਿਸ਼ਵਾਸ ਹੋਵੇ ਕਿ ਮੇਰੀ ਜਿੱਤ ਹੋਵੇਗੀ, ਪ੍ਰੰਤੂ ਜੇ ਤੈਨੂੰ ਇਹ ਪ੍ਰਵਾਨ ਨਾ ਹੋਵੇ ਤਾਂ ਮੇਰੀ ਇਹੋ ਅਰਦਾਸ ਹੈ ਕਿ:

ਜੂਝ ਮਰੋਂ ਰਣ ਮਹਿ ਤਜਿ ਭੈ... ॥੧੯੦੧॥

ਐਸੇ ਗੁਰੂ ਦਾ ਸਾਜਿਆ ਖ਼ਾਲਸਾ ਕਿਉਂ ਮੰਨੇ ਡਰ ਵੈਰੀ ਦਾ? ਅਤੇ ਕਿਉਂ ਨਾ ਆਪਣੇ ਪ੍ਰਾਣ ਵੈਰੀ ਨਾਲ ਜੂਝਦਾ ਹੋਇਆ ਤਿਆਗੇ?

ਬਾਬਾ ਗੁਰਬਖ਼ਸ਼ ਸਿੰਘ, ਅਬਦਾਲੀ ਦੀ ਦਸ ਹਜ਼ਾਰ ਲੜਾਕੀ ਫ਼ੌਜ ਨਾਲ ਜੂਝਣ ਲਈ ਕੇਵਲ ਤੀਹ ਸਿੰਘਾਂ ਨਾਲ ਟੁੱਟ ਕੇ ਪਠਾਣਾਂ 'ਤੇ ਪੈ ਗਿਆ ਸੀ। ਉਨ੍ਹਾਂ ਨੂੰ ਮੌਤ ਸਾਹਮਣੇ ਦਿੱਸਦੀ ਸੀ, ਪਰ ਉਨ੍ਹਾਂ ਪਰਵਾਹ ਨਹੀਂ ਕੀਤੀ ਅਤੇ ਸੈਂਕੜੇ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਤੀਹ ਦੇ ਤੀਹ ਹੀ ਸ਼ਹੀਦੀਆਂ ਪਾ ਗਏ ਸਨ। ਜੇ ਕਰ ਉਹ ਵੀ ਸਾਡੇ ਵਾਂਗ ਮੌਤ ਦਾ ਭੈ ਮੰਨਦੇ ਤਾਂ ਅੱਜ ਉਨ੍ਹਾਂ ਦਾ ਨਾਮ ਵੀ ਕਿਸੇ ਨਹੀਂ ਲੈਣਾ ਸੀ। ਗੁਰੂ ਕਲਗ਼ੀਧਰ ਪਾਤਸ਼ਾਹ ਫ਼ੁਰਮਾਉਂਦੇ ਹਨ:

ਦੇਹ ਅਨਿੱਤ ਨ ਨਿੱਤ ਰਹੈ,
ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ ॥੨੪੯੨॥

ਜਿਸ ਸਰੀਰ ਨੇ ਹਮੇਸ਼ਾ ਰਹਿਣਾ ਹੀ ਨਹੀਂ ਅਤੇ ਜਾਣਾ ਹੀ ਜਾਣਾ ਹੈ, ਉਹ ਸੰਸਾਰ ਤੋਂ ਜਸ ਖੱਟ ਕੇ ਕਿਉਂ ਨਾ ਜਾਏ ਅਤੇ ਅਪ-ਜਸ ਵਾਲੀ ਮੌਤ ਕਿਉਂ ਮਰੇ? ਗੁਰੂ ਜੀ ਨੇ ਆਪਣਾ ਜੀਵਨ-ਉਦੇਸ਼ ਹੀ:

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ *(ਬਚਿਤ੍ਰ ਨਾਟਕ, ਅਧਿਆਇ ੬)*

ਦੱਸਿਆ ਸੀ। ਧਰਮ ਦਾ ਪ੍ਰਚਾਰ ਕਰਨਾ ਅਤੇ ਦੁਸ਼ਟ ਦੀ ਜੜ੍ਹ ਪੁੱਟ ਦੇਣਾ, ਇਹੋ ਦੋ ਕੰਮ ਸਨ ਜਿਸ ਲਈ ਉਨ੍ਹਾਂ ਕਿਹਾ: 'ਯਾਹੀ ਕਾਜ ਧਰਾ ਹਮ ਜਨਮੰ' ਅਤੇ ਜਿਸ ਕਿਸੇ ਨੇ ਆਪ ਦੇ ਇਸ ਉਦੇਸ਼ ਨੂੰ ਅਪਣਾਇਆ ਉਨ੍ਹਾਂ ਲਈ ਕਿਹਾ:

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥੨੪੯੨॥

(i) ਹਰੀ ਨਾਮ ਦਾ ਸਿਮਰਨ ਅਤੇ (ii) ਧਰਮ ਜੁੱਧ ਲਈ ਚਾਓ।

ਗੁਰੂ ਦੇ ਇਸ ਉਦੇਸ਼ ਨੂੰ ਅਪਣਾਅ ਕੇ ਹੀ ਅਸੀਂ ਗੁਰੂ ਦੇ ਵੇਸਾਹੁ ਦੇ ਪਾਤਰ ਰਹਿ ਸਕਦੇ ਹਾਂ। ਗੁਰੂ ਦਾ ਬਾਣਾ ਅਤੇ ਬਾਣੀ—ਸ਼ਸਤਰ ਅਤੇ ਗੁਟਕਾ ਹੀ ਗੁਰੂ ਦੀਆਂ ਐਸੀਆਂ ਦੇਣਾਂ ਹਨ ਜਿਨ੍ਹਾਂ ਰਾਹੀਂ ਸਾਡੀ ਗੁਰੂ ਨਾਲ ਪਰਤੀਤ ਬਣੀ ਰਹਿ ਸਕਦੀ ਹੈ। ਇਨ੍ਹਾਂ ਤੋਂ ਵਾਂਝੇ ਜਾਣਾ ਗੁਰੂ ਦੀ ਪਰਤੀਤ ਤੋਂ ਵਾਂਝਿਆ ਜਾਣਾ ਹੈ। ਸੋ ਸ਼ਸਤਰ-ਧਾਰੀ ਹੋਣਾ ਅਤੇ ਧਰਮ ਦੀ ਵ੍ਰਿਧੀ ਲਈ ਇਸ ਦੀ ਵਰਤੋਂ ਸਿਖ ਦੇ ਮੁਖ ਕਰਮ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭੀ ਫ਼ੁਰਮਾਇਆ ਸੀ: 'ਸ਼ਸਤਰ ਗਰੀਬ ਕੀ ਰਖਿਆ, ਜਰਵਾਣੇ ਕੀ ਭਖਿਆ' ਲਈ ਹੈ।

ਸਾਡੀ ਗ਼ੈਰਾਂ ਪਾਸੋਂ ਮੰਗੀ ਤੇ ਅਪਣਾਈ ਸੱਭਿਅਤਾ ਨੇ ਸਾਨੂੰ ਗੁਰੂ ਵੱਲੋਂ ਬੇਮੁਖ ਕਰ ਦਿੱਤਾ, ਅਸੀਂ ਮਾਇਆ ਹੱਥ ਵਿਕ ਗਏ, ਸੁਖ-ਰਹਿਣੇ ਹੋ ਗਏ ਅਤੇ ਸਾਡੇ ਲਈ ਉਹੋ 'ਸੁਖੁ ਰੋਗੁ ਭਇਆ'। ਜੇ ਸਾਡੇ ਪਾਸ ਸ਼ਸਤਰ ਹੁੰਦੇ ਅਤੇ ਅਸੀਂ ਇਨ੍ਹਾਂ ਦਾ ਵਰਤਣਾ ਜਾਣਿਆ ਹੁੰਦਾ, ਤਾਂ ਸਾਡੀ 'ਵਾ ਵੱਲ ਵੀ ਕੋਈ ਨਾ ਵੇਖ ਸਕਦਾ, ਪਰ ਅਸੀਂ ਪੀਣ, ਖਾਣ, ਪਹਿਰਨ ਅਤੇ ਰੰਗ-ਮੰਚ ਦੀ ਮੌਜ ਮਾਣਨ ਵਿਚ ਉਲਝ ਗਏ, ਸਾਨੂੰ ਵੇਹਲ ਹੀ ਨਾ ਮਿਲਿਆ, ਗੁਰੂ ਗੋਬਿੰਦ ਸਿੰਘ ਦੀ ਰਹਿਤ ਰਹਿਣ ਦਾ। ਅਸੀਂ, ਜੋ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਆਬਰੂ ਦੇ ਰਾਖੇ ਸਾਂ, ਆਪਣੀਆਂ ਧੀਆਂ ਭੈਣਾਂ ਦੀ ਪੱਤ ਦੀ ਰਾਖੀ ਵੀ ਨਾ ਕਰ ਸਕੇ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ *(ਪੰਨਾ 417)*

ਜੇਕਰ ਅਸੀਂ ਜਰ ਤੇ ਜ਼ਮੀਨ (ਧਨ, ਦੌਲਤ, ਪਦਾਰਥ ਤੇ ਮਹਿਲ-ਮਾੜੀਆਂ) ਨਾਲ ਏਨਾ ਪਿਆਰ ਨਾ ਪਾਇਆ ਹੁੰਦਾ ਤਾਂ ਏਨੀ ਖ਼ੁਆਰੀ ਨਾ ਹੁੰਦੀ। ਭਾਵੇਂ ਇਹ ਠੀਕ ਹੈ ਕਿ ਅਰੰਭ ਵਿਚ ਸਾਰਾ ਬਲਵਾ ਦਾੜ੍ਹੀ, ਕੇਸ ਤੇ ਪਗੜੀ ਵਾਲੇ ਹਰ ਸਿਖ ਦੇ ਖ਼ਿਲਾਫ਼ ਸੀ, ਪਰ ਜਦੋਂ ਬਲਵਈਆਂ ਦੇ ਮੂੰਹ ਧਨ ਪਦਾਰਥ ਦੀ ਲੁੱਟ ਦਾ ਲਹੂ ਲੱਗ ਗਿਆ, ਤਾਂ ਉਨ੍ਹਾਂ ਦਾ ਨਿਸ਼ਾਨਾ ਵਧੇਰੇ ਕਰਕੇ ਧਨਾਢ ਮਨੁੱਖ ਬਣੇ ਅਤੇ ਬਲਾਤਕਾਰੀ ਵੀ ਵਧੇਰੇ ਫ਼ੈਸ਼ਨ-ਪ੍ਰਸਤ ਬੀਬੀਆਂ ਨਾਲ ਹੋਈ ਅਤੇ ਗੁਰੂ ਜੀ ਦੇ ਫ਼ੁਰਮਾਨ ਅਨੁਸਾਰ:

ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ॥ *(ਪੰਨਾ 417)*

ਪਰ ਜੋ ਵਰਤਿਆ ਉਹ ਵਾਪਸ ਨਹੀਂ ਮੁੜ ਸਕਦਾ ਅਤੇ ਇਸ ਉੱਤੇ ਸਬਰ ਦਾ ਘੁੱਟ

ਕਰਨਾ ਅਰ ਸਰਬ-ਸਮਰੱਥ ਪ੍ਰਭੂ ਦੀ ਰਜ਼ਾ ਨੂੰ ਸਿਰ ਮੱਥੇ ਮੰਨਣਾ ਹੀ ਬਣਦਾ ਹੈ। ਨਾ ਇਸ ਦਾ ਦੋਸ਼ ਅਸੀਂ ਵਾਹਿਗੁਰੂ ਨੂੰ ਦੇ ਸਕਦੇ ਹਾਂ, ਕਿਉਂਕਿ ਉਹ ਆਪਣੀ ਜਾਤ ਵਿਚ ਨਿਰਵੈਰ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:

ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥

(ਗਉੜੀ ਛੰਤ ਮ: ੫, ਪੰਨਾ 247)

ਪਤੀ-ਪ੍ਰਭੂ ਦਾ ਤਾਂ ਇਸ ਵਿਚ ਕੋਈ ਦੋਸ਼ ਨਹੀਂ, ਸਾਡੀਆਂ ਬੁਰੀਆਂ ਖ਼ਸਲਤਾਂ ਨੇ ਸਾਨੂੰ ਉਸ ਪਾਸੋਂ ਦੂਰ ਕਰ ਦਿੱਤਾ ਅਤੇ ਅਸੀਂ ਦੁੱਖਾਂ ਦੇ ਮੂੰਹ ਆ ਗਏ।

ਹੁਣ ਤਾਂ 'ਆਗੇ ਸਮਝ ਚਲੋ ਨੰਦ ਲਾਲਾ ਪਾਛੇ ਜੋ ਬੀਤੀ ਸੁ ਬੀਤੀ'।

ਅਸੀਂ ਹੁਣ, ਜੋ ਬੀਤ ਚੁੱਕਾ ਹੈ, ਉਸ ਦਾ ਹਿਰਖ ਨਾ ਕਰੀਏ, ਨਾ ਜੀਵਨ ਦਾ ਰਹਿੰਦਾ ਸਮਾਂ ਅਜਾਈਂ ਗਵਾਈਏ ਅਤੇ ਸਤਿਗੁਰੂ ਪਾਤਸ਼ਾਹ ਦੀ ਚਰਨ-ਸ਼ਰਨ ਵਿਚ ਰਹਿ ਕੇ ਉਸ ਦੇ ਹੁਕਮਾਂ ਨੂੰ ਸਮਝੀਏ ਤੇ ਗੁਰੂ ਨਾਲ ਆਪਣੀ ਪਰਤੀਤ ਬਣਾਈਏ।

ਮੈਂ ਸਮਝਦਾ ਹਾਂ ਕਿ ਦੁਖਿਤ ਅਤੇ ਡੋਲੇ ਹੋਏ ਹਿਰਦਿਆਂ 'ਤੇ ਅਜਿਹੀਆਂ ਸਮਝਾਉਣੀਆਂ ਬਹੁਤੀ ਕਾਟ ਨਹੀਂ ਕਰ ਸਕਦੀਆਂ, ਨਾ ਐਸੀ ਹਾਲਤ ਵਿਚ ਉਹ ਆਪਣੇ ਭਵਿੱਖ ਬਾਰੇ ਹੀ ਬਹੁਤ ਸੋਚ ਸਕਦੇ ਹੁੰਦੇ ਹਨ। ਜਿਨ੍ਹਾਂ ਮਾਵਾਂ ਦੇ ਜਵਾਨ ਪੁੱਤਰ ਘਿਣਾਉਣੀ ਮੌਤੇ ਮਾਰੇ ਗਏ ਹੋਣ, ਜਿਨ੍ਹਾਂ ਜਵਾਨ ਉਮਰ ਇਸਤਰੀਆਂ ਦੇ ਬਾਂਕੇ ਗੱਭਰੂ ਪਤੀ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਜੀਉਂਦੇ ਸਾੜ ਦਿੱਤੇ ਗਏ ਹੋਣ, ਜਿਨ੍ਹਾਂ ਦੇ ਨਿਆਣੇ ਬਾਲਾਂ ਨੂੰ ਚੀਰਿਆ ਅਤੇ ਕੁਹ ਕੁਹ ਸੁੱਟਿਆ ਗਿਆ ਹੋਵੇ, ਜਿਨ੍ਹਾਂ ਬਿਰਧਾਂ ਦੀਆਂ ਨੂੰਹਾਂ ਧੀਆਂ ਦੀ ਪੱਤ ਉਨ੍ਹਾਂ ਦੇ ਵੇਖਦਿਆਂ ਲੁੱਟੀ ਗਈ ਹੋਵੇ ਅਤੇ ਏਨਾ ਕੁੱਝ ਕਰਨ ਕਰਾਉਣ ਵਾਲੇ ਬਦਮਾਸ਼ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਅੱਜ ਵੀ ਆਕੜ ਆਕੜ ਫਿਰਦੇ ਹੋਣ ਅਤੇ ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਾ ਹੋਵੇ, ਤਾਂ ਉਨ੍ਹਾਂ ਦੇ ਮਨ ਕੀ ਬੀਤਦੀ ਹੋਵੇਗੀ ਅਤੇ ਉਹ ਸਾਡੀਆਂ ਇਨ੍ਹਾਂ ਗੱਲਾਂ ਨਾਲ ਕਿਵੇਂ ਧੀਰਜ ਫੜ ਸਕਦੇ ਹੋਣਗੇ, ਖ਼ਾਸ ਕਰ ਜਦੋਂ ਓਹ ਆਪੂੰ ਕੁੱਝ ਕਰ ਸਕਣ ਲਈ ਬੇਬੱਸ ਹੋਣ।

ਪਰ ਸਾਡੇ ਨਾਲ ਇਹ ਕੁੱਝ ਪਹਿਲੀ ਵਾਰ ਨਹੀਂ ਹੋਇਆ। ਅਸੀਂ ਮੁਗ਼ਲ ਤੇ ਪਠਾਣ ਕਾਲ ਸਮੇਂ ਵੀ ਦੋ ਘਲੂਘਾਰੇ ਦੇਖੇ। ਅੰਗਰੇਜ਼ ਕਾਲ ਸਮੇਂ ਜਲ੍ਹਿਆਂ ਵਾਲਾ ਬਾਗ, ਨਨਕਾਣਾ ਸਾਹਿਬ, ਗੁਰੂ ਕੇ ਬਾਗ ਅਤੇ ਗੁਰਦੁਆਰਾ ਗੰਗਸਰ (ਜੈਤੋ) ਅੰਦਰ ਜੋ ਕੁੱਝ ਸਾਡੇ ਨਾਲ ਵਾਪਰਿਆ, ਇਹ ਭੀ ਸਾਨੂੰ ਭੁੱਲਿਆ ਨਹੀਂ ਅਤੇ ਦੇਸ਼ ਦੀ ਆਜ਼ਾਦ ਜਮਹੂਰੀ ਹਕੂਮਤ ਸਮੇਂ ਇਕ ਸਾਲ ਅੰਦਰ ਸਾਡੇ ਨਾਲ ਦੋ ਬੇਮਿਸਾਲ ਅਤਿ ਵੱਡੇ ਘਲੂਘਾਰੇ ਜੂਨ ਅਤੇ ਨਵੰਬਰ 84 ਵਿਚ ਵਰਤ ਚੁੱਕੇ ਹਨ, ਜਿਨ੍ਹਾਂ ਨੇ ਪਿਛਲੇ ਸਾਰੇ ਵਾਕਿਆਤ ਨੂੰ ਮਾਤ ਪਾ ਦਿੱਤਾ ਹੈ।

ਇਹ ਸਮਾਂ ਸਾਡੇ ਲਈ ਦਿਲ ਹਾਰਨ ਦਾ ਨਹੀਂ, ਸਗੋਂ ਅਸੀਂ ਜੋ ਸੱਠ ਸਾਲ (1924 ਤੋਂ 1984) ਸੁਖ ਆਰਾਮ ਦੀ ਨੀਂਦੇ ਸੌਂ ਕੇ ਗੁਜ਼ਾਰੇ ਹਨ ਅਤੇ ਸਾਡੀ ਦਸ਼ਾ ਧਾਰਮਿਕ, ਸਮਾਜਕ, ਰਾਜਨੀਤਕ ਅਤੇ ਸੱਭਿਆਚਾਰਕ (Cultural) ਹਰ ਪੱਖੋਂ ਨਿਘਰੀ ਹੈ, ਇਸ ਦਸ਼ਾ ਨੂੰ ਸੰਭਾਲਣ ਅਤੇ ਖ਼ਾਲਸਈ ਅਸਲੇ ਦੇ ਪੁਨਰ-ਨਿਰਮਾਣ ਕਰਨ ਦੀ ਅੱਜ ਲੋੜ ਹੈ। ਇਸ ਨੂੰ ਵਾਹਿਗੁਰੂ ਦੇ ਹੁਕਮ ਦੀ ਖੇਡ ਜਾਣ ਕੇ 'ਜੋ ਕਿਛੁ ਅਹੈ ਸਭ ਤੇਰੀ ਰਜਾਇ'[1] ਮੰਨ ਲਈਏ। ਜੇ ਅਸੀਂ ਨਹੀਂ ਮੰਨਾਂਗੇ ਤਾਂ ਵੀ ਅਸੀਂ ਵਾਪਰ ਚੁੱਕੀਆਂ ਘਟਨਾਵਾਂ ਨੂੰ ਅਣਹੋਈ (undo) ਤਾਂ ਕਿਸੇ ਸੂਰਤ ਕਰ ਨਹੀਂ ਸਕਦੇ, ਤਾਂ ਸਾਡਾ ਰੋਣਾ ਕੁਰਲਾਣਾ ਜਾਂ ਝੁਰਨਾ ਕਿਸ ਕੰਮ ਹੈ। ਸਾਨੂੰ ਮਰਦਾਨਗੀ ਅਤੇ ਹੌਸਲੇ ਤੋਂ ਕੰਮ ਲੈਣਾ ਚਾਹੀਦਾ ਹੈ। ਅਸੀਂ 1947 ਵਿਚ ਵੀ ਉਜੜੇ ਸਾਂ, ਸਾਡੇ ਕਈ ਭਰਾ ਭੈਣਾਂ ਮਾਰੇ ਵੀ ਗਏ ਸਨ, ਪਰ ਅਸੀਂ ਵਰਤੇ ਭਾਣੇ ਨੂੰ ਸਤਿ ਮੰਨ ਕੇ ਆਪਣੇ ਪੈਰਾਂ 'ਤੇ ਮੁੜ ਖੜੇ ਹੋਣ ਦੀ ਕੋਸ਼ਿਸ਼ ਕੀਤੀ, ਜਿਸ ਵਿਚ ਅਸੀਂ ਸਫਲ ਹੋਏ ਅਤੇ ਪਿਛਲੇ ਦੁਖ ਤੇ ਵਿਛੋੜੇ ਸਾਨੂੰ ਆਮ ਕਰਕੇ ਭੁੱਲ ਗਏ। ਵਾਹਿਗੁਰੂ ਦੀ ਐਸੀ ਲੀਲ੍ਹਾ ਹੈ ਕਿ ਸਮਾਂ ਆਪਣੇ ਆਪ ਹੀ ਜ਼ਖ਼ਮ ਭਰ ਦਿਆ ਕਰਦਾ ਹੈ। ਸਤਿਗੁਰੂ ਮਿਹਰ ਕਰਨਗੇ ਅਤੇ ਸਾਡੇ 1984 ਵਾਲੇ ਫਟ ਵੀ ਮਿਲ ਜਾਣਗੇ। ਜੋ ਸੱਜਣ ਇਨ੍ਹਾਂ ਘਲੂਘਾਰਿਆਂ ਦੀ ਮਾਰ ਤੋਂ ਬਚੇ ਹੋਏ ਹਨ, ਉਹ ਪੰਜਾਬ ਵਿਚ ਹਨ ਜਾਂ ਪੰਜਾਬ ਤੋਂ ਬਾਹਰ, ਉਨ੍ਹਾਂ ਵਿਚੋਂ ਹਰ ਇਕ ਦਾ ਇਹ ਫ਼ਰਜ਼ ਬਣਦਾ ਹੈ ਕਿ ਆਪਣੇ ਆਪਣੇ ਵਿਤ ਅਨੁਸਾਰ ਪੀੜਤ ਭਰਾਵਾਂ ਦੀ ਮਦਦ ਕਰਨ। ਸਿਖ ਨੂੰ ਤਾਂ ਗੁੜਤੀ ਹੀ ਇਹ ਮਿਲੀ ਹੋਈ ਹੈ ਕਿ 'ਘਾਲਿ ਖਾਇ ਕਿਛੁ ਹਥਹੁ ਦੇਇ'।[2] ਪੀੜਤ ਭਰਾਵਾਂ ਦੇ ਦੁੱਖਾਂ ਨੂੰ ਜ਼ਾਤੀ ਅਤੇ ਜਮਾਤੀ ਤੌਰ 'ਤੇ ਜਿਤਨਾ ਭੀ ਹੌਲਾ ਕਰ ਸਕੀਏ, ਕਰੀਏ, ਇਹ ਸਾਡਾ ਇਨਸਾਨੀ ਫ਼ਰਜ਼ ਹੈ, ਜਿਸ ਨੂੰ ਪਛਾਣਨਾ ਤੇ ਉਸ 'ਤੇ ਅਮਲ ਕਰਨਾ ਹਰ ਇਕ ਲਈ ਬਣ ਆਉਂਦਾ ਹੈ।

ਇਸ ਤੋਂ ਇਲਾਵਾ ਸਾਡੇ ਸਾਰਿਆਂ ਦੇ ਕਈ ਧਾਰਮਿਕ ਤੇ ਪੰਥਕ ਫ਼ਰਜ਼ ਭੀ ਹਨ। ਅਸਾਂ ਵੇਖਿਆ ਹੈ ਕਿ ਸਾਡੇ ਕਈ ਭਰਾਵਾਂ ਦੇ ਕੇਸ ਦਾੜ੍ਹੀ ਜਬਰੀ ਕਤਲ ਕੀਤੇ ਗਏ ਹਨ, ਪਰ ਬਹੁਤ ਸਾਰੇ ਐਸੇ ਵੀ ਹਨ ਜਿਨ੍ਹਾਂ ਡਰ ਅਧੀਨ ਆਪਣੇ ਕੇਸ ਖ਼ੁਦ ਕੱਟ ਦਿੱਤੇ, ਜੋ ਵੱਡੀ ਕਾਇਰਤਾ ਅਤੇ ਸਿੱਖੀ ਦੀ ਵੱਡੀ ਹਾਨੀ ਦੇ ਲਖਾਇਕ ਹਨ। ਅਸੀਂ ਉਨ੍ਹਾਂ ਦੀ ਔਲਾਦ ਹਾਂ ਜਿਨ੍ਹਾਂ ਖੋਪਰੀਆਂ ਤਾਂ ਕਟਾ ਲਈਆਂ ਪ੍ਰੰਤੂ ਕੇਸਾਂ ਦਾ ਕੱਟਿਆ ਜਾਣਾ ਨਹੀਂ ਸਹਿਆ। ਅਜਿਹੀ ਗੱਲ ਸਾਡੇ ਨਾਲ ਪਾਕਿਸਤਾਨ ਛੱਡਣ

---

1. ਭੈਰਉ ਮ: ੧, ਪੰਨਾ 1125.
2. ਸਲੋਕ ਮ: ੧, ਪੰਨਾ 1245.

ਸਮੇਂ ਨਹੀਂ ਵਾਪਰੀ ਸੀ, ਨਾ ਕਿਸੇ ਪਾਕਿਸਤਾਨੀ ਨੇ ਸਾਡੇ ਕੇਸ ਕੱਟੇ ਅਤੇ ਨਾ ਉਨ੍ਹਾਂ ਦੇ ਡਰ ਕਾਰਨ ਅਸੀਂ ਕੇਸ ਕਟਾਏ।

ਕਾਂਗਰਸ, ਜੋ ਧਰਮ-ਨਿਰਪੇਖ (Secular) ਹੋਣ ਦੀ ਦਾਹਵੇਦਾਰ ਹੈ, ਨੇ ਇਨ੍ਹਾਂ ਘਟਨਾਵਾਂ ਅੰਦਰ ਆਪਣੇ ਫ਼ਿਰਕੂਪੁਣੇ ਦਾ ਨੰਗਾ ਨਾਚ ਨੱਚਿਆ ਹੈ, ਵਰਨਾ ਹਰ ਸਿਖ, ਦਾੜ੍ਹੀ ਕੇਸ ਅਤੇ ਸਿਰ 'ਤੇ ਪੱਗ ਹੋਣ ਦੇ ਨਾਤੇ ਨਾ ਮਾਰਿਆ ਜਾਂਦਾ, ਨਾ ਉਨ੍ਹਾਂ ਦੇ ਦਾੜ੍ਹੀ ਕੇਸ ਕੱਟੇ ਜਾਂਦੇ, ਨਾ ਇਹ ਗ਼ਲਤ ਅਫ਼ਵਾਹ ਫੈਲਾਈ ਜਾਂਦੀ ਕਿ ਪੰਜਾਬ ਤੋਂ ਹਿੰਦੂ ਲਾਸ਼ਾਂ ਦੀ ਭਰੀ ਹੋਈ ਗੱਡੀ ਆਈ ਸੀ। ਫਿਰ ਜੋ ਨਾਹਰੇ (Slogan) ਬਲਵਈਆਂ ਦੇ ਮੂੰਹ ਵਿਚ ਪਾਏ ਗਏ 'ਮਾਰੋ ਸਰਦਾਰੋਂ ਕੋ—ਦੇਸ਼ ਕੇ ਗ਼ਦਾਰੋਂ ਕੋ' ਜਾਂ 'ਕੰਘਾ ਕੜਾ ਕਿਰਪਾਨ—ਭੇਜ ਦੇਂਗੇ ਪਾਕਿਸਤਾਨ', ਇਹ ਹਿੰਦੂ ਫ਼ਿਰਕੂਪੁਣੇ ਦੀ ਕਿੰਨੀ ਨੰਗੀ ਤਸਵੀਰ ਪੇਸ਼ ਕਰਦੇ ਹਨ। ਫਿਰ ਪੌਣੇ ਦੋ ਸੌ ਦੇ ਕਰੀਬ ਗੁਰਦੁਆਰਿਆਂ ਦਾ ਇਕੱਲੇ ਦਿੱਲੀ ਸ਼ਹਿਰ ਵਿਚ ਸਾੜਿਆ ਜਾਣਾ ਗਜ਼ਨਵੀ ਪਠਾਣਾਂ ਦੇ ਮਜ਼ਹਬੀ ਜਨੂੰਨ ਤੋਂ ਕਿਵੇਂ ਘੱਟ ਹੈ? ਕਾਂਗਰਸ ਦੇ ਸੈਕੂਲਰ ਹੋਣ ਵਾਲੀ ਗੱਲ ਤਾਂ ਮਹਿਜ਼ ਇਕ ਪੜਦਾ ਸੀ, ਜਿਸ ਨੇ ਦੇਸ਼ ਦੀ 85 ਫ਼ੀਸਦੀ ਹਿੰਦੂ ਆਬਾਦੀ ਦੇ ਫ਼ਿਰਕੂਪੁਣੇ ਨੂੰ ਢੱਕ ਕੇ ਆਪਣੇ ਕਹੇ ਜਾਂਦੇ ਸੈਕੂਲਰਪੁਣੇ ਦੀ ਅੰਤਰ-ਰਾਸ਼ਟਰੀ ਤੌਰ 'ਤੇ (Internationally) ਵਾਹ ਵਾਹ ਲੈਣੀ ਸੀ। ਪਰ ਸੱਚ ਸੌ ਪੜਦੇ ਪਾੜ ਕੇ ਵੀ ਨੰਗਾ ਹੋ ਜਾਇਆ ਕਰਦਾ ਹੈ, ਸੋ ਕਾਂਗਰਸ ਦਾ ਫ਼ਿਰਕੂਪੁਣਾ ਛੁਪਿਆ ਨਾ ਰਹਿ ਸਕਿਆ।

ਜੋ ਆਜ਼ਾਦ ਭਾਰਤ ਅੰਦਰ ਇਸ ਪੱਖੋਂ ਸਾਡੇ ਨਾਲ ਵਾਪਰਿਆ ਹੈ, ਉਹ ਇਕ ਬੰਨੇ ਸਾਡੀ ਆਜ਼ਾਦ ਸਰਕਾਰ ਦੀ ਕਹੀ ਜਾਂਦੀ ਸੈਕੂਲਰ ਨੀਤੀ ਦੇ ਦੀਵਾਲੇ ਦਾ ਪ੍ਰਤੱਖ ਸਬੂਤ ਹੈ। ਇਸ ਬਾਰੇ ਸੇਠ ਰਾਮ ਨਾਥ ਦੇ ਇਹ ਸ਼ਬਦ ਪੜ੍ਹਨ ਯੋਗ ਹਨ: "Functioning of Congress in the country has completely vanished." ਅਰਥਾਤ, "ਕਾਂਗਰਸ ਦੀ ਦੇਸ਼ ਅੰਦਰ ਧਰਮ-ਨਿਰਪੇਖਤਾ ਵਾਲੀ ਨੀਤੀ ਦਾ ਮੁਕੰਮਲ ਤੌਰ 'ਤੇ ਅੰਤ ਹੋ ਚੁੱਕਾ ਹੈ।" (ਵੇਖੋ *ਇੰਡੀਅਨ ਐਕਸਪ੍ਰੈਸ* ਮਿਤੀ 23 ਫ਼ਰਵਰੀ 85, ਸਫ਼ਾ 4)

ਦੂਜੇ ਬੰਨੇ ਸਾਡੀਆਂ ਧਾਰਮਿਕ ਸੰਸਥਾਵਾਂ ਦੇ ਦੀਵਾਲੀਏ ਹੋਣ ਦਾ ਵੀ ਇਹ ਲਖਾਇਕ ਹੈ, ਜਿਨ੍ਹਾਂ ਦੀ ਲਾਪਰਵਾਹੀ ਕਾਰਨ ਬੀਤੇ 30-35 ਸਾਲਾਂ ਅੰਦਰ ਗੁਰਮਤਿ ਪ੍ਰਚਾਰ ਨੂੰ ਏਨੀ ਠੇਸ ਲੱਗੀ ਹੈ ਕਿ ਅੱਜ ਦਾ ਸਿਖ-ਪਰਿਵਾਰਾਂ ਅੰਦਰ ਜੰਮਿਆ ਨੌਜਵਾਨ ਸਿੱਖੀ ਨੂੰ ਤਿਲਾਂਜਲੀ ਦੇਣ ਵਿਚ ਸਭ ਤੋਂ ਮੂਹਰੇ ਬਾਜ਼ੀ ਲੈ ਜਾ ਰਿਹਾ ਹੈ। ਇਸ ਦਾ ਇਕ ਹਵਾਲਾ ਸ਼ੇਖ਼ੂਪੁਰੇ ਤੋਂ ਆਏ ਜ਼ਿਲਾ ਕਰਨਾਲ ਅੰਦਰ ਆਬਾਦ ਹੋਏ ਸਿੱਖਾਂ ਬਾਰੇ ਪਿੱਛੇ ਦਿੱਤਾ ਜਾ ਚੁੱਕਾ ਹੈ। ਕਾਸ਼ ਕਿ ਸਾਡੀਆਂ ਧਾਰਮਿਕ ਸਭਾਵਾਂ

ਤੇ ਗੁਰਦੁਆਰਾ ਕਮੇਟੀਆਂ ਕੁਰਸੀਆਂ ਦੀ ਰੋਜ਼ਮਰਾ ਦੀ ਵੰਡ ਦੀ ਥਾਵੇਂ ਸਿੱਖਾਂ ਦੀ ਧਾਰਮਿਕ ਦਸ਼ਾ ਨੂੰ ਬਹਾਲ ਕਰਨ ਬਾਰੇ ਕੁੱਝ ਸੋਚਦੀਆਂ!

ਸੰਨ 1984 ਦੇ ਦੋਹਾਂ ਘੱਲੂਘਾਰਿਆਂ ਅੰਦਰ ਵਾਪਰੀ ਤੀਜੀ ਗੱਲ ਗੁਰ-ਦੁਆਰਿਆਂ ਅਤੇ ਜਾਗਤ-ਜੋਤਿ ਗੁਰੂ ਸਰੂਪਾਂ ਦੀ ਹੋਈ ਮਹਾਨ ਵੱਡੀ ਨਿਰਾਦਰੀ ਦੀ ਹੈ। ਸੈਂਕੜੇ ਗੁਰਦੁਆਰੇ ਅਤੇ ਉਨ੍ਹਾਂ ਅੰਦਰ ਸਤਿਕਾਰੇ ਜਾਂਦੇ ਹਜ਼ਾਰਾਂ ਗੁਰੂ ਸਰੂਪ ਅਗਨੀ-ਭੇਟ ਕੀਤੇ ਗਏ ਹਨ, ਜੈਸਾ ਕਿ ਪਠਾਣ ਅਤੇ ਮੁਗ਼ਲ ਕਾਲ ਅੰਦਰ ਹਿੰਦੂ ਮੰਦਰਾਂ ਨਾਲ ਵੀ ਨਹੀਂ ਸੀ ਹੋਇਆ। ਸੰਨ 1947 ਵਿਚ ਭਾਵੇਂ ਪਾਕਿਸਤਾਨੀ ਮੁਸਲਮਾਨਾਂ ਵੱਲੋਂ ਹੋਰ ਸਭ ਕੁੱਝ ਹੋਇਆ, ਪ੍ਰੰਤੂ ਕਿਸੇ ਹਿੰਦੂ ਮੰਦਰ, ਗੁਰਦੁਆਰੇ ਜਾਂ ਗੁਰੂ ਸਰੂਪਾਂ ਦੀ ਹੇਠੀ ਨਹੀਂ ਸੀ ਹੋਈ, ਨਾ ਇਨ੍ਹਾਂ ਨੂੰ ਸਾੜਿਆ ਹੀ ਗਿਆ ਸੀ। ਐਸਾ ਕਰਨ ਦੀ ਵਡਿਆਈ ਕੇਵਲ ਤੇ ਵਾਹਿਦ ਧਰਮ-ਨਿਰਪੇਖਤਾ ਤੇ ਨਿਆਏਸ਼ੀਲ ਹੋਣ ਦੀ ਦਾਹਵੇਦਾਰ ਇੰਦਰਾ ਕਾਂਗਰਸ ਨੂੰ ਹੀ ਪ੍ਰਾਪਤ ਹੈ, ਜਿਸ ਦਾ ਸਬੂਤ ਪਿੱਛੇ ਵਰਣੀਆਂ ਰੀਪੋਰਟਾਂ ਵਿਚ ਕੀਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਈ ਲੁੱਟ-ਮਾਰ ਤੇ ਤਬਾਹੀ ਨੇ ਸੋਮਨਾਥ ਦੇ ਮੰਦਰ ਦੀ ਲੁੱਟ-ਮਾਰ ਨੂੰ ਨੀਵਾਂ ਪਾ ਦਿੱਤਾ ਹੈ। ਐਸਾ ਹੀ ਹਾਲ ਹੋਰ ਸਾੜੇ ਗਏ ਗੁਰਦੁਆਰਿਆਂ ਦਾ ਹੈ। ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰ ਸਕਣ, ਇਸ ਬਾਰੇ ਭੀ ਪੰਥ ਲਈ ਸਮੁੱਚੇ ਤੌਰ 'ਤੇ ਕੁੱਝ ਸੋਚਣਾ ਜ਼ਰੂਰੀ ਹੈ।

ਉਕਤ ਹਾਲਾਤ ਅੰਦਰ ਸ: ਕਪੂਰ ਸਿੰਘ ਦੇ ਇਹ ਸ਼ਬਦ ਸਿਖ ਹਿਰਦਿਆਂ 'ਤੇ ਕਾਰੀ ਚੋਟ ਲਾਉਣ ਵਾਲੇ ਹਨ ਕਿ "ਇਸ ਆਜ਼ਾਦ ਹਿੰਦ ਵਿਚ ਸਿੱਖਾਂ ਦੀ ਕਿਹੜੀ ਥਾਂ ਹੈ, ਕੀ ਸਿਖ ਹੁਣ ਚੁੱਪ-ਚਾਪ ਅਤੇ ਵੱਡੀ ਅਧੀਨਗੀ ਸਹਿਤ ਆਪਣੀ ਨਿਆਰੀ ਹੋਂਦ ਵੱਲੋਂ ਹੱਥ ਧੋਂਦੇ ਹੋਏ ਆਪਣੇ ਧਰਮ ਦਾ ਸਵੈ-ਘਾਤ ਹੋਇਆ ਪ੍ਰਵਾਨ ਕਰ ਕੇ ਇਸ ਦੇ ਬਚਾਉ ਹਿੱਤ ਕੁੱਝ ਕਰਨ ਦਾ ਖ਼ਿਆਲ ਛੱਡ ਦੇਣ ਅਤੇ ਆਪਣੀ ਮੌਤ ਹੋ ਗਈ ਸਮਝ ਲੈਣ ?"

ਮੈਂ ਸਮਝਦਾ ਹਾਂ ਕਿ ਸ: ਕਪੂਰ ਸਿੰਘ ਦੇ ਅਜਿਹੇ ਬੋਲ ਖ਼ਾਲਸੇ ਲਈ ਇਕ ਚੁਣੌਤੀ ਹਨ। ਭੰਗਾਣੀ ਦੇ ਜੁੱਧ ਸਮੇਂ ਗੁਰੂ ਗੋਬਿੰਦ ਸਿੰਘ ਨੇ ਰਾਜਾ ਹਰੀ ਚੰਦ ਨੂੰ ਵੰਗਾਰ ਕੇ ਕਿਹਾ ਸੀ ਕਿ 'ਤੈਨੂੰ ਵਾਰ ਕਰਨ ਦੀ ਮੈਂ ਪਹਿਲ ਦੇਂਦਾ ਹਾਂ, ਵਾਰ ਕਰ ਲੈ'। ਹਰੀ ਚੰਦ ਨੇ ਪਹਿਲਾ ਤੀਰ ਘੋੜੇ ਨੂੰ ਮਾਰਿਆ, ਦੂਜਾ ਤੀਰ ਗੁਰੂ ਜੀ ਦੇ ਕੰਨ ਲਾਗਿਓਂ ਲੰਘ ਗਿਆ ਤੇ ਤੀਜਾ ਤੀਰ ਕੋਈ ਘਾਉ ਕੀਤੇ ਬਿਨਾਂ ਪੇਟੀ ਵਿਚੋਂ ਥੋੜਾ ਜਿਹਾ ਚੁੱਭ ਗਿਆ। ਗੁਰੂ ਜੀ 'ਬਚਿਤ੍ਰ ਨਾਟਕ' ਵਿਚ ਇਸ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ :

ਜਬੈ ਬਾਣ ਲਾਗਯੋ ॥
ਤਬੈ ਰੋਸ ਜਾਗਯੋ ॥੩੧॥ *(ਬਚਿਤ੍ਰ ਨਾਟਕ, ਅਧਿਆਇ ੮)*

ਅਸੀਂ ਖ਼ਾਲਸਈ ਕਰਮ ਭੁੱਲ ਚੁੱਕੇ ਸਾਂ, ਸਤਿਗੁਰੂ ਜੀ ਨੇ ਇਨ੍ਹਾਂ ਦੋਹਾਂ ਘਲੂਘਾਰਿਆਂ ਦੁਆਰਾ ਸਾਨੂੰ ਹਲੂਣਿਆ ਹੈ ਕਿ ਅਸੀਂ ਆਪਾ ਸੰਭਾਲੀਏ। ਸਾਡੀ ਜਾਨੀ ਤੇ ਮਾਲੀ ਤਬਾਹੀ ਹੋਈ ਹੈ; ਬੇਪਤੀ ਭੀ ਰੱਜ ਕੇ ਹੋਈ ਹੈ; ਸਾਡੇ ਧਰਮ ਨੂੰ ਚੈਲੰਜ ਕੀਤਾ ਗਿਆ ਹੈ; ਪ੍ਰੰਤੂ ਕਿਸੇ ਨੇ ਸਾਡੇ ਲਈ ਆਹ ਦਾ ਨਾਹਰਾ ਨਹੀਂ ਮਾਰਿਆ। ਵਿਧਾਨਕ, ਲੋਕ ਤੇ ਰਾਜ ਸਭਾਵਾਂ ਇਕੱਤਰ ਹੋਈਆਂ ਹਨ, ਕਿਸੇ ਸਾਡੇ ਨਾਲ ਹਮਦਰਦੀ ਤਕ ਨਹੀਂ ਕੀਤੀ, ਨਾ ਕਿਸੇ ਨੈਸ਼ਨਲ ਜਾਂ ਰੀਜਨਲ ਪਾਰਟੀ ਨੇ ਇਸ ਨੂੰ ਮਾੜਾ ਕਿਹਾ ਹੈ, ਸਗੋਂ ਦੋਸ਼ ਸਾਨੂੰ ਹੀ ਦਿੱਤਾ ਹੈ। ਸੋ ਸਪੱਸ਼ਟ ਹੈ ਕਿ ਜੇ ਅਸੀਂ ਜੀਉਣਾ ਹੈ ਤਾਂ ਆਪਣੇ ਪੈਰੋਂ, ਆਪਣੀ ਹਿੰਮਤ, ਆਪਣੇ ਸਵੈ-ਮਾਣ ਦੇ ਸਿਰ ਤੇ, 'ਨਿਆਰੀ ਹੋਂਦ' ਵੱਲੋਂ ਹੱਥ ਧੋਂਦੇ ਹੋਏ ਆਪਣੇ ਧਰਮ ਦਾ ਸਵੈ-ਘਾਤ ਹੋਇਆ ਪ੍ਰਵਾਨ ਕਰ ਲੈਣਾ ਮੌਤ ਤੋਂ ਪਹਿਲੋਂ ਮਰਨਾ ਹੈ। ਕਾਇਰ ਵਾਰ ਵਾਰ ਮਰਦਾ ਹੈ ਪਰ ਸੂਰਮਾ ਇਕੋ ਵਾਰ। ਸਤਿਗੁਰੂ ਨੇ 'ਖ਼ਾਲਸਾ ਅਕਾਲ ਪੁਰਖ ਕੀ ਫ਼ਉਜ' ਬਣਾਇਆ ਸੀ, ਅੰਮ੍ਰਿਤ ਦਾ ਘੁੱਟ ਪਿਲਾ ਕੇ ਸਾਨੂੰ ਅਮਰ ਕੀਤਾ, ਚਿੜੀਉਂ ਬਾਜ ਅਤੇ ਗਿੱਦੜੋਂ ਸ਼ੇਰ ਕੀਤਾ ਸੀ, ਸਾਡੇ ਸਿਰ ਪੱਗ ਬੰਨ੍ਹਾਈ ਸੀ। ਅਸੀਂ ਅਕਾਲ ਪੁਰਖ ਦੀ ਫ਼ਉਜ ਦੇ ਮਰਜੀਉੜੇ ਸਿਪਾਹੀ ਸਾਂ, ਉਸ ਅੰਮ੍ਰਿਤ ਨੂੰ ਤਿਆਗ ਕੇ ਅਸੀਂ ਮੁੜ ਸ਼ੇਰੋਂ ਗਿੱਦੜ ਹੋ ਗਏ, ਸਾਨੂੰ ਸਿਰ ਬੰਨ੍ਹਾਈ ਪੱਗ ਲਹਿੰਦੀ ਵੇਖ ਕੇ ਵੀ ਸ਼ਰਮ ਨਾ ਆਈ। ਆਓ ਸੰਭਾਲੋ ਉਸ ਪੱਗ ਨੂੰ, ਲੜ ਲੱਗੋ ਸਤਿਗੁਰੂ ਦੇ, ਸਤਿਗੁਰੂ ਦੀ ਪਵਿੱਤਰ ਬਾਣੀ ਦੇ, 'ਪੀਵਹੁ ਪਾਹੁਲ ਖੰਡੇ ਧਾਰ' ਦੇ ਧਾਰਨੀ ਹੋ ਜਾਓ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ *(ਪੰਨਾ 646)*

ਉਠੋ ਇਸ ਨਿਸ਼ਚੇ ਨਾਲ ਕਿ :

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥ *(ਪੰਨਾ 1429)*

ਛੱਡ ਦਿਓ ਲੋਭ ਲਾਲਚ ਕੁਰਸੀਆਂ ਦੇ, ਛੱਡੋ ਗਦੇਲੀਂ ਬੈਠਣਾ, ਛੱਡੋ ਮਾਇਆ ਸੁਆਵੜੇ। ਇਹ ਮਹਿਲ-ਮਾੜੀਆਂ, ਕੁਰਸੀਆਂ, ਟੈਲੀਵਿਯਨਾਂ 'ਤੇ ਰਾਗ ਰੰਗੜੇ ਨਹੀਂ ਰਹਿਣਗੇ, ਸੁਆਦ ਮਾਣੋ ਯਾਰੜੇ ਦੇ ਸੱਥਰ ਦਾ, ਬਣ ਜਾਵੇ ਉਹ ਤੁਹਾਡਾ ਅਤੇ ਤੁਸੀਂ ਉਸ ਦੇ। ਤਾਂ ਫਿਰ :

ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥੪॥
(ਗੂਜਰੀ ਕੀ ਵਾਰ ਮ: ੫, ਪੰਨਾ 519)

(4)

ਭਾਂਤ-ਭਾਂਤ ਦੇ ਧਰਮ-ਵਿਸ਼ਵਾਸਾਂ, ਕਰਮ-ਕਾਂਡਾਂ ਅਤੇ ਉੱਚੀਆਂ-ਨੀਵੀਆਂ ਜਾਤਾਂ ਤੇ ਵਰਣਾਂ ਦੇ ਪਾਏ ਵਿਤਕਰਿਆਂ ਨੇ, ਭਾਰਤ-ਵਾਸੀਆਂ ਅੰਦਰ ਏਨੀਆਂ ਵੰਡੀਆਂ ਪਾ ਦਿੱਤੀਆਂ ਸਨ ਅਤੇ ਸਦੀਆਂ ਤੋਂ ਚਲੀ ਆ ਰਹੀ ਭਾਰਤੀਆਂ ਦੀ ਅਜਿਹੀ ਦਸ਼ਾ ਨੇ ਉਨ੍ਹਾਂ ਨੂੰ ਆਪੋ ਵਿਚ ਇਕ ਦੂਜੇ ਤੋਂ ਏਨਾ ਦੂਰ ਕਰ ਦਿੱਤਾ ਹੋਇਆ ਸੀ ਕਿ ਉਹ ਇਕ ਦੂਸਰੇ ਦਾ ਪਰਛਾਵਾਂ ਲੈਣ ਨੂੰ ਵੀ ਘੋਰ ਪਾਪ ਤੇ ਅਨਿਆਏ ਸਮਝਦੇ ਸਨ, ਜਿਸ ਕਾਰਨ ਉਨ੍ਹਾਂ ਵਿਚਾਲੇ ਪਈ ਇਕ ਦੂਸਰੇ ਤੋਂ ਨਫ਼ਰਤ ਸਿਖਰਾਂ ਛੋਂਹਦੀ ਸੀ, ਖ਼ਾਸ ਕਰ ਕਹੀਆਂ ਜਾਂਦੀਆਂ ਨੀਚ ਜਾਤੀਆਂ ਦੀ ਦਸ਼ਾ ਤਾਂ ਅਤੀਅੰਤ ਤਰਸਯੋਗ ਸੀ।

ਮਨੁੱਖੀ ਭਾਈਚਾਰੇ ਦੀ ਅਜਿਹੀ ਦਸ਼ਾ ਅੰਦਰ ਗੁਰੂ ਨਾਨਕ ਦੇਵ ਜੀ ਦਾ ਸਲੋਗਨ :

> **ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
> **ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥** *(ਪੰਨਾ 15)*

ਇਕ ਬੇ-ਮਿਸਾਲ ਇਨਕਲਾਬ ਸੀ ਅਤੇ ਇਹ ਕੁਦਰਤੀ ਸੀ ਕਿ ਕਹੇ ਜਾਂਦੇ ਨੀਚ ਜਾਤ ਤੇ ਅਛੂਤ ਲੋਕ, ਜਿਨ੍ਹਾਂ ਦੀ ਗਿਣਤੀ ਉੱਚ ਜਾਤੀ ਲੋਕਾਂ ਦੀ ਨਿਸਬਤ ਬਹੁਤ ਜ਼ਿਆਦਾ ਸੀ, ਆਪਣੇ ਆਪ ਹੀ ਗੁਰੂ ਨਾਨਕ ਦੇਵ ਜੀ ਵੱਲ ਖਿੱਚੇ ਆਉਣ। ਫਿਰ ਜਦੋਂ ਆਪਣੇ ਸਲੋਗਨ ਨੂੰ ਅਮਲੀ ਰੂਪ ਦੇਣ ਲਈ ਸਿਖ ਗੁਰੂ ਸਾਹਿਬਾਨ ਨੇ ਸਾਂਝੀਆਂ ਸੰਗਤਾਂ, ਸਾਂਝੀਆਂ ਪੰਗਤਾਂ, ਸਾਂਝੇ ਖੂਹ, ਬਾਉਲੀਆਂ ਤੇ ਸਰੋਵਰ, ਸਾਂਝੇ ਧਰਮ-ਮੰਦਰ ਅਤੇ ਸਾਂਝੇ ਧਰਮ-ਗ੍ਰੰਥ ਸਥਾਪਨ ਦੀ ਪਿਰਤ ਪਾ ਦਿੱਤੀ, ਤਾਂ ਇਹ ਸਾਰੇ ਲੋਕ ਗੁਰੂ-ਘਰ ਵੱਲ ਖਿੱਚੇ ਚਲੇ ਆਏ, ਜਿਸ ਦਾ ਕੁਦਰਤੀ ਨਤੀਜਾ ਉੱਚ ਜਾਤੀਆਂ (ਬ੍ਰਾਹਮਣ ਆਦਿ) ਦੀ ਨਿਰੀ ਮਾਨ-ਪ੍ਰਤਿਸ਼ਠਤਾ ਹੀ ਨਹੀਂ ਘਟੀ, ਸਗੋਂ ਉਨ੍ਹਾਂ ਦੀਆਂ ਆਮਦਨਾਂ, ਜੋ ਨੀਵੀਂ ਜਾਤਾਂ ਵਾਲੇ ਬ੍ਰਾਹਮਣਾਂ ਨੂੰ ਭੇਟ ਕਰਿਆ ਕਰਦੇ ਸਨ, ਘੱਟ ਗਈਆਂ, ਜਿਸ ਦੀ ਉਨ੍ਹਾਂ ਨੂੰ ਵੱਡੀ ਚਿੰਤਾ ਹੋਈ।

ਇਹ ਸੀ ਮੂਲ ਕਾਰਨ ਬ੍ਰਾਹਮਣ ਅਤੇ ਹੋਰ ਉੱਚ ਜਾਤ ਹਿੰਦੂ ਦੇ, ਗੁਰੂ-ਘਰ ਦੇ ਵਿਰੋਧ ਵਿਚ ਉੱਤਰ ਆਉਣ ਦਾ, ਜੋ ਗੁਰੂ ਅਮਰਦਾਸ ਜੀ ਦੇ ਸਮੇਂ ਹੀ ਨੰਗਾ ਹੋ ਗਿਆ ਸੀ ਅਤੇ ਜੋ ਬੀਤੇ ਚਾਰ ਸੌ ਸਾਲ ਅੰਦਰ ਸਿਖਰਾਂ ਨੂੰ ਛੋਹ ਗਿਆ ਹੈ। ਅੰਗਰੇਜ਼ ਸਰਕਾਰ ਸਮੇਂ ਇਹ ਕੁੱਝ ਦੱਬੇ ਘੁੱਟੇ ਰਹੇ, ਜਿਸ ਦਾ ਕਾਰਨ ਭਾਵੇਂ ਕੁੱਝ ਰਾਜ-ਭੈ ਵੀ ਸੀ, ਪਰ ਅਸਲ ਕਾਰਨ ਇਹ ਸਿੱਖਾਂ ਦੀ ਕੁਰਬਾਨੀ ਦੇਣ ਦੀ ਸਪਿਰਿਟ ਦਾ ਲਾਭ ਲੈਣਾ ਚਾਹੁੰਦੇ ਸੀ, ਜਿਸ ਨੂੰ ਅੰਗਰੇਜ਼ ਦੇ ਉਲਟ ਇਨ੍ਹਾਂ ਰੱਜ ਕੇ ਵਰਤਿਆ ਅਤੇ ਅੰਗਰੇਜ਼ ਸਰਕਾਰ ਦੇ ਉਲਟ ਲਗਾਏ ਹਰ ਮੋਰਚੇ ਵਿਚ ਇਨ੍ਹਾਂ ਸਿੱਖਾਂ ਨੂੰ ਬਲੀ ਦਾ ਬੱਕਰਾ ਬਣਾਇਆ, ਜਿਸ ਦਾ ਸਬੂਤ ਦੇਸ਼ ਦੀ ਆਜ਼ਾਦੀ ਹਿੱਤ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦਾ 80 ਫ਼ੀਸਦੀ ਹੋਣਾ ਹੈ। ਉਸ ਕਾਲ ਅੰਦਰ ਸਿੱਖਾਂ ਦੀਆਂ ਦੇਸ਼ ਹਿੱਤ ਦਿੱਤੀਆਂ ਕੁਰਬਾਨੀਆਂ ਦੀ ਚਰਚਾ, ਜਿਸ ਤਰ੍ਹਾਂ ਇਹ ਕਰਦੇ ਰਹੇ, ਉਨ੍ਹੀਂ ਦਿਨੀਂ ਛਾਪੇ ਇਨ੍ਹਾਂ ਦੇ ਲੇਖਾਂ ਅਤੇ ਕ੍ਰਵਿਤਾਵਾਂ ਤੋਂ ਪ੍ਰਗਟ ਹੈ। ਨਮੂਨੇ ਲਈ ਪੜ੍ਹੋ:

ਲਾਲਾ ਲਾਜਪਤ ਰਾਏ ਦੇ ਅਖ਼ਬਾਰ *ਬੰਦੇ ਮਾਤਰਮ* ਵਿਚ ਛਪਿਆ ਸੀ:

ਸ੍ਵੈਰਾਜ ਕਾ ਜੋ ਰਾਜ ਹੋ ਅਪਨੇ ਦੇਸ ਮੇਂ,
ਹੋਗਾ ਤੁਮ੍ਹਾਰੇ ਹਾਥ ਮੇਂ ਝੰਡਾ ਅਕਾਲੀਓ।...
ਭਾਰਤ ਕੇ ਹਮ ਕਪੂਤ ਹੈਂ ਔਰ ਆਪ ਹੈਂ ਸਪੂਤ,
ਘਰ ਘਰ ਮੇਂ ਹੋ ਰਹਾ ਯਿਹੀ ਚਰਚਾ ਅਕਾਲੀਓ।

ਮੁਸਲਿਮ ਅਖ਼ਬਾਰ *ਦਰਪਨ* ਨੇ ਲਿਖਿਆ ਸੀ:

ਕੌਮ ਕੇ ਹਾਥ ਲਰਜ਼ਤੇ ਥੇ, ਅਕਾਲੀ ਸ਼ਾਬਾਸ਼।
ਖ਼ੂਬ ਸ੍ਵੈਰਾਜੀਏ ਕੇ ਝੰਡੇ ਕੋ ਸੰਭਾਲਾ ਤੂ ਨੇ।

ਇਸ ਦੇ ਬਾਵਜੂਦ ਵੀ ਅੰਗਰੇਜ਼ ਰਾਜ ਸਮੇਂ ਇਨ੍ਹਾਂ ਅੰਦਰ ਸਿੱਖਾਂ ਦੇ ਵਿਰੋਧ ਦੀ ਅੱਗ ਸੁਲਗਦੀ ਰਹੀ, ਜਿਸ ਨੇ ਪੰਜਾਬ ਅੰਦਰ ਸੁਆਮੀ ਦਯਾ ਨੰਦ ਕਾਲ ਦੇ ਅਤੇ ਉਨ੍ਹਾਂ ਦੇ ਸਥਾਪੇ ਆਰੀਆ ਸਮਾਜ ਦੇ ਅਨੇਕ ਸਬੂਤ ਹਨ। ਪੰਜਾਬ ਤੋਂ ਬਾਹਰ ਜਦੋਂ ਮਹਾਰਾਸ਼ਟਰ ਅੰਦਰ ਨਵੀਂ ਨਵੀਂ ਸ਼ਿਵ ਸੈਨਾ ਸਥਾਪਤ ਹੋਈ ਤਾਂ ਉਨ੍ਹਾਂ ਵੱਲੋਂ ਬੰਬਈ ਦੀ ਸਿੰਘ ਸਭਾ ਨੂੰ ਇਕ ਪੱਤਰ ਲਿਖਿਆ ਗਿਆ ਸੀ ਕਿ ਬੰਬਈ ਅੰਦਰ ਵੱਸਦੇ ਸਿਖ ਛੇ ਮਹੀਨੇ ਦੇ ਅੰਦਰ ਏਥੋਂ ਚਲੇ ਜਾਣ, ਵਰਨਾ ਉਨ੍ਹਾਂ ਦੀ ਸੁਰੱਖਿਅਤਾ (security) ਲਈ ਬੰਬਈ ਦਾ ਹਿੰਦੂ ਜ਼ਿੰਮੇਵਾਰ ਨਹੀਂ ਹੋਵੇਗਾ। ਉਸ ਸਮੇਂ ਇਤਫ਼ਾਕਨ ਮੈਂ ਬੰਬਈ ਗਿਆ ਹੋਇਆ ਸੀ, ਜਦ ਮੈਨੂੰ ਇਹ ਚਿੱਠੀ ਦੱਸੀ ਗਈ। ਥੋੜ੍ਹਾ ਚਿਰ ਹੀ ਹੋਇਆ ਹੈ ਜਦੋਂ ਪਿੱਛੇ ਜਿਹੇ ਬੰਬਈ ਕਾਰਪੋਰੇਸ਼ਨ ਅੰਦਰ ਸ਼ਿਵ ਸੈਨਾ ਨੂੰ ਵੱਡਾ ਬਹੁ-ਮਤ ਪ੍ਰਾਪਤ ਹੋਇਆ ਤਾਂ ਉਨ੍ਹਾਂ ਉਕਤ ਕਿਸਮ ਦੇ ਵਿਚਾਰ ਮੁੜ ਪ੍ਰਗਟਾਏ ਸਨ।

ਸੰਨ 1982 ਵਿਚ ਦਿੱਲੀ ਅੰਦਰ ਹੋਈਆਂ ਏਸ਼ੀਅਨ ਖੇਡਾਂ ਸਮੇਂ ਅਤੇ ਮੁੜ 1984 ਵਿਚ ਸਿੱਖਾਂ ਨਾਲ ਹੋਏ ਵਰਤਾਓ ਵੀ ਇਸ ਪ੍ਰਥਾਏ ਅੱਖਾਂ ਖੋਲ੍ਹਣ ਵਾਲੇ ਹਨ।

ਪਰ ਇਸ ਤੋਂ ਪਹਿਲੋਂ ਕਿ ਇਸ ਬਾਰੇ ਕੁਝ ਲਿਖਿਆ ਜਾਏ, ਅਸੀਂ ਦੇਸ਼ ਦੀ ਰਾਜ-ਬਦਲੀ ਅਥਵਾ 1947 ਉਪ੍ਰੰਤ ਵਰਤੋਂ ਵਿਚ ਆਈਆਂ ਕੁੱਝ ਗੱਲਾਂ ਦਾ ਹਵਾਲਾ ਦੇਣਾ ਜ਼ਰੂਰੀ ਸਮਝਦੇ ਹਾਂ:

1947 ਦੇ ਦੇਸ਼-ਵੰਡ ਪਿੱਛੋਂ ਸਿੱਖਾਂ ਦੀ ਵਾਰਤਾ

ਜਦੋਂ ਦੇਸ਼ ਦੀ ਵੰਡ ਹੋ ਕੇ ਮੁਸਲਮਾਨਾਂ ਨੇ ਪਾਕਿਸਤਾਨ ਦੀ ਸਥਾਪਨਾ ਕਰਾ ਲਈ ਅਤੇ ਭਾਰਤ ਅੰਦਰ ਵੱਸਦੇ ਮੁਸਲਮਾਨ, ਖ਼ਾਸ ਕਰ ਪੰਜਾਬ ਅਤੇ ਬੰਗਾਲ ਵਾਸੀ, ਪਾਕਿਸਤਾਨ ਅੰਦਰ ਚਲੇ ਗਏ ਅਤੇ ਭਾਰਤ ਦੇ ਲਗਪਗ ਹਿੰਦੂ ਦੇਸ਼ ਬਣ ਜਾਣ (ਜਿਸ ਵਿਚ ਹਿੰਦੂ ਵੱਸੋਂ 82 ਫ਼ੀਸਦੀ ਹੋ ਗਈ ਸੀ) ਦਾ ਨਿਸ਼ਚਾ ਹੋ ਗਿਆ ਤਾਂ ਉਨ੍ਹਾਂ ਦੀ ਸੋਚ ਨੇ (ਜੋ ਮੁਸਲਮਾਨ ਜੈਸੀ ਜ਼ਬਰਦਸਤ ਘੱਟ-ਗਿਣਤੀ ਦੇਸ਼ ਵਿਚ ਹੋਣ ਸਮੇਂ ਹੋਰਵੇਂ ਸੋਚਦੀ ਸੀ, ਪ੍ਰੰਤੂ ਜਿਸ ਦੀ ਵੱਡੀ ਗਿਣਤੀ ਦੇ ਦੇਸ਼ ਤੋਂ ਚਲੇ ਜਾਣ ਨੇ ਉਨ੍ਹਾਂ (ਹਿੰਦੂ) ਦਾ ਰਾਹ ਮੋਕਲਾ ਕਰ ਦਿੱਤਾ ਸੀ) ਵੀ ਕਰਵਟ ਲਈ, ਅਤੇ ਸਿਖ (ਜੋ ਭਾਵੇਂ ਇਕ ਅਤਿ ਛੋਟੀ ਘੱਟ-ਗਿਣਤੀ ਸੀ ਅਤੇ ਉਹ ਵੀ ਕੇਵਲ ਇਕ ਸੂਬੇ ਪੰਜਾਬ ਵਿਚ) ਵਾਲਾ ਕੰਡਾ ਖਿੱਚ ਦੇਣ ਦੀ ਉਨ੍ਹਾਂ ਠਾਣ ਲਈ। ਜਿਸ ਸਿਖ ਦੀ ਹੋਂਦ ਨੂੰ ਉਹ ਆਜ਼ਾਦੀ ਹਾਸਲ ਕਰਨ ਲਈ ਜ਼ਰੂਰੀ ਸਮਝਦੀ ਸੀ, ਹੁਣ ਦੇਸ਼ ਆਜ਼ਾਦ ਹੋ ਜਾਣ ਪਿੱਛੋਂ ਉਸ ਨਾਲ ਫਟਾ-ਫਟ ਨਿਪਟ ਲੈਣ ਦੀ ਉਨ੍ਹਾਂ ਸੋਚੀ, ਕਿਉਂਕਿ ਇਸ ਵਿਚ ਦੇਰੀ ਉਨ੍ਹਾਂ ਨੂੰ ਹਾਨੀਕਾਰਕ ਪ੍ਰਤੀਤ ਹੁੰਦੀ ਸੀ।

(1) ਇਸ ਨਮਿਤ ਪਹਿਲਾ ਅਤੇ ਫ਼ੌਰੀ ਕੀਤੇ ਜਾਣ ਵਾਲਾ ਕੰਮ ਸੀ ਪੱਛਮੀ ਪੰਜਾਬ ਤੋਂ ਆ ਰਹੇ ਲਖੂਖਹਾ ਸਿਖ ਪਰਿਵਾਰਾਂ ਦੇ ਭਾਰਤ ਅੰਦਰ ਵੱਸਣ ਦੇ ਟਿਕਾਣੇ ਨੀਯਤ ਕਰਨੇ। ਇਸ ਦੀ ਤਹਿ ਵਿਚ (underlying) ਨੀਤੀ ਇਹ ਸੀ ਕਿ ਜਿਥੋਂ ਤਕ ਸੰਭਵ ਹੋਵੇ, ਸਿੱਖਾਂ ਨੂੰ ਇਕੱਠੇ ਨਾ ਹੋਣ ਦਿੱਤਾ ਜਾਵੇ, ਅਥਵਾ, ਜਿਨ੍ਹਾਂ ਜ਼ਿਲਿਆਂ, ਤਸੀਲਾਂ ਜਾਂ ਰਿਆਸਤਾਂ ਵਿਚ ਸਿਖ ਵੱਸੋਂ ਪਹਿਲੋਂ ਹੀ ਵਧੇਰੀ ਸੀ, ਉਥੇ ਪੱਛਮੀ ਹਿੰਦੂ ਇਲਾਕਿਆਂ ਤੋਂ ਆਏ ਲੋਕ, ਜੋ ਆਮ ਕਰਕੇ ਹਿੰਦੂ ਸਨ, ਵਸਾਏ ਜਾਣ ਅਤੇ ਸਿਖ ਸ਼ਰਨਾਰਥੀਆਂ ਨੂੰ ਹਿੰਦੂ ਬਹੁ-ਸੰਮਤੀ ਵਾਲੇ (dominated) ਇਲਾਕਿਆਂ ਵਿਚ ਭੇਜਿਆ ਜਾਵੇ। ਮਿਸਾਲ ਵਜੋਂ ਬਹਾਵਲਪੁਰੀ, ਮੁਲਤਾਨੀ, ਝਾਂਗੀ ਸ਼ਰਨਾਰਥੀਆਂ ਲਈ ਪਟਿਆਲਾ, ਰਾਜਪੁਰਾ ਆਦਿ ਸਿਖ ਵੱਸੋਂ ਵਾਲੇ ਇਲਾਕੇ ਮਿਥੇ ਗਏ; ਸ਼ੇਖ਼ੂਪੁਰਾ, ਗੁਜਰਾਂਵਾਲਾ ਆਦਿ ਜ਼ਿਲਿਆਂ ਤੋਂ ਆਏ ਜ਼ਿਮੀਂਦਾਰ, ਜੋ ਆਮ

ਕਰਕੇ ਸਿਖ ਸਨ, ਨੂੰ ਕਰਨਾਲ, ਕੁਰਖੇਤਰ, ਜੀਂਦ ਥਾਈਂ ਭੇਜਿਆ ਗਿਆ, ਜ਼ਿਲਾ ਮੁਲਤਾਨ ਦੇ ਸਿਖ ਜ਼ਿਮੀਂਦਾਰਾਂ ਲਈ ਹਿਸਾਰ ਦਾ ਜ਼ਿਲਾ ਨੀਯਤ ਹੋਇਆ।

ਇਸ ਤਰ੍ਹਾਂ ਸਿੱਖਾਂ ਨੂੰ ਗ਼ੈਰ-ਸਿੱਖਾਂ ਵਿਚ ਅਤੇ ਹਿੰਦੂਆਂ ਨੂੰ ਸਿਖ ਇਲਾਕਿਆਂ ਵਿਚ ਵਸਾਉਣ ਦਾ ਮੰਤਵ ਇਸ ਤੋਂ ਬਿਨਾਂ ਹੋਰ ਕੀ ਹੋ ਸਕਦਾ ਸੀ ਕਿ ਸਿਖ ਕਿਧਰੇ ਵੀ ਇਕੱਠੇ ਨਾ ਹੋਣ ਅਤੇ ਥੋੜੇ ਕੀਤੇ ਆਪਣੇ ਨੁਮਾਇੰਦੇ ਨਾ ਚੁਣ ਸਕਣ। ਅਜਿਹੀ ਗੱਲ ਹੀ ਵਪਾਰੀ ਅਤੇ ਸਨਅਤੀ ਲੋਕਾਂ ਨਾਲ ਹੋਈ, ਜਿਨ੍ਹਾਂ ਨੂੰ ਆਬਾਦ ਕਰਨ ਲਈ ਸਾਰਾ ਭਾਰਤ ਅਤੇ ਦਿੱਲੀ ਕਾਨਪੁਰ, ਬੰਬਈ ਜੈਸੇ ਸ਼ਹਿਰ ਖਿੱਚ ਦਾ ਕਾਰਨ ਬਣੇ ਅਤੇ ਇਉਂ ਲਖੂਖਹਾ ਸਿਖ ਪੰਜਾਬ ਤੋਂ ਬਾਹਰ ਵੱਖ ਵੱਖ ਥਾਵਾਂ 'ਤੇ ਜਾ ਵੱਸਣ ਲਈ ਮਜਬੂਰ ਹੋਏ। ਇਸੇ ਦਾ ਨਤੀਜਾ ਹੈ ਕਿ ਪੰਜਾਬ ਜੈਸਾ ਸੂਬਾ, ਜੋ ਪੱਛਮੀ ਪੰਜਾਬੋਂ ਆਏ ਸਿਖ ਸ਼ਰਨਾਰਥੀਆਂ ਦੇ ਏਥੇ ਵੱਸ ਜਾਣ ਨਾਲ ਸਿਖ ਸਟੇਟ ਬਣ ਸਕਦੀ ਸੀ, ਨਾ ਬਣ ਸਕੀ ਅਤੇ ਅੱਜ ਆਜ਼ਾਦੀ ਮਿਲਣ ਤੋਂ 38-40 ਸਾਲ ਪਿੱਛੋਂ ਵੀ ਸਿਖ ਕਿਧਰੇ ਪ੍ਰਤੀਨਿਧਤਾ ਪ੍ਰਾਪਤ ਨਹੀਂ ਕਰ ਸਕੇ।

(2) ਪੱਛਮੀ ਪੰਜਾਬ ਤੋਂ ਭਾਰਤ ਆਉਣ ਵਾਲੇ ਸਿੱਖਾਂ ਬਾਰੇ ਪੁਰਾਣੇ ਭਾਰਤੀ ਵਸਨੀਕਾਂ ਨੂੰ ਬਦਜ਼ਨ ਕਰਨ ਅਤੇ ਏਧਰ ਆ ਕੇ ਅਜਿਹੇ ਵਸੀਲੇ ਭਾਲ ਲੈਣ, ਜਿਨ੍ਹਾਂ ਦੁਆਰਾ ਉਹ ਆਪਣੇ ਪੈਰ ਏਥੇ ਜਮਾ ਸਕਣ, ਅੰਦਰ ਹੋਰ ਵਧੇਰੇ ਵਿਘਨ ਪਾਉਣ ਲਈ ਸਰਕਾਰ ਵੱਲੋਂ ਸਾਰੇ ਜ਼ਿਲਾ ਅਧਿਕਾਰੀਆਂ (ਅਫ਼ਸਰਾਂ) ਦੇ ਨਾਮ ਇਕ ਗੁਪਤ ਸਰਕੁਲਰ (ਫਿਰਤੂ ਚਿੱਠੀ) ਜਾਰੀ ਕੀਤਾ ਗਿਆ, ਜਿਸ ਵਿਚ ਦਰਜ ਸੀ ਕਿ ਪੱਛਮੀ ਪੰਜਾਬ ਤੋਂ ਆਏ ਸਿਖ ਜੁਰਮ ਕਰਨ ਦੇ ਆਦੀ ਹਨ, ਇਨ੍ਹਾਂ ਉਪਰ ਨਜ਼ਰ ਰੱਖੀ ਜਾਏ। ਅਜਿਹੇ ਸਰਕੁਲਰ ਨੇ ਥੋੜੀ ਬਹੁਤ ਹਮਦਰਦੀ, ਜੋ ਉੱਜੜ ਕੇ ਆਏ ਹੋਣ ਕਾਰਨ ਉਨ੍ਹਾਂ ਨੂੰ ਏਥੇ ਆ ਕੇ ਪ੍ਰਾਪਤ ਹੋ ਸਕਦੀ ਸੀ, ਤੋਂ ਭੀ ਉਨ੍ਹਾਂ ਨੂੰ ਵਾਂਝ ਦਿੱਤਾ ਗਿਆ ਅਤੇ ਹਰ ਸ਼ਰਨਾਰਥੀ ਸਿਖ, ਭਾਵੇਂ ਉਹ ਕਿੰਨਾ ਭੀ ਨੇਕ ਚਲਣ ਅਤੇ ਮਾਨਣੀਯ ਹਸਤੀ ਰੱਖਦਾ ਸੀ, ਭਾਰਤੀ ਸਰਕਾਰੀ ਕਾਰਿੰਦਿਆਂ ਦੀ ਨਜ਼ਰ ਵਿਚ ਸ਼ੱਕੀਆ ਦਿਸਣ ਲੱਗ ਗਿਆ।

(3) ਦੇਸ਼-ਵੰਡ ਤੋਂ ਜਲਦੀ ਪਿੱਛੋਂ ਭਾਰਤ ਸਰਕਾਰ ਨੇ ਕਹੀਆਂ ਜਾਂਦੀਆਂ ਅਛੂਤ-ਜਾਤੀਆਂ (Scheduled Castes) ਨੂੰ ਵਿਸ਼ੇਸ਼ ਰਿਆਇਤਾਂ—ਨੌਕਰੀਆਂ, ਅਸੈਂਬਲੀਆਂ ਅਤੇ ਹੋਰ ਪਬਲਿਕ ਅਦਾਰਿਆਂ ਵਿਚ ਰਾਖਵੀਆਂ ਸੀਟਾਂ ਅਤੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਆਦਿ—ਦੇਣ ਦਾ ਐਲਾਨ ਕੀਤਾ ਅਤੇ ਨਾਲ ਹੀ ਇਹ ਕਿਹਾ ਕਿ ਅਛੂਤ ਹਿੰਦੂ ਜਾਤੀਆਂ ਹਨ, ਇਸ ਲਈ ਇਹ ਰਿਆਇਤਾਂ ਕੇਵਲ ਹਿੰਦੂ ਅਛੂਤਾਂ ਨੂੰ ਦਿੱਤੀਆਂ ਜਾਣਗੀਆਂ। ਇਸ ਐਲਾਨ ਦਾ ਵਿਸ਼ੇਸ਼ ਅਸਰ ਜੋ ਸਿੱਖਾਂ ਉੱਤੇ ਹੋਇਆ, ਉਹ ਯੂ.ਪੀ. ਦੇ ਕਈ ਲੱਖ ਸਿੰਘ ਸਜ ਚੁੱਕੇ ਅਛੂਤਾਂ ਦੇ ਤਤਕਾਲ

ਕੇਸ ਕਟਾ ਕੇ ਆਪਣੇ ਆਪ ਦਾ ਹਿੰਦੂ ਹੋਣਾ ਦ੍ਰਿੜ ਕਰਾਉਣਾ ਸੀ। ਨਿਰਾ ਏਨਾ ਹੀ ਨਹੀਂ, ਗੁਰਮਤਿ ਪ੍ਰਚਾਰ ਦਾ ਜੋ ਕੰਮ ਕਈ ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਦਾ ਅਲੀਗੜ੍ਹ ਮਿਸ਼ਨ ਅਤੇ ਸ੍ਰੀ ਨਨਕਾਣਾ ਸਾਹਿਬ ਦਾ ਹਾਪੜ ਮਿਸ਼ਨ ਯੂ.ਪੀ. ਵਿਚ ਕਰ ਰਹੇ ਸਨ, ਹਮੇਸ਼ਾ ਲਈ ਠੱਪ ਹੋ ਗਿਆ।

(4) ਉਪ੍ਰੰਤ ਭਾਰਤੀ ਵਿਧਾਨ-ਘੜਨੀ ਸਭਾ (Constituent Assembly) ਦੀ ਸਥਾਪਨਾ, ਅਤੇ ਇਸ ਵੱਲੋਂ ਨਿਯੁਕਤੀ ਗਈ ਪੰਜਾਹ ਮੈਂਬਰੀ ਸਲਾਹਕਾਰ ਕਮੇਟੀ ਦੀ 8 ਅਗਸਤ 1948 ਨੂੰ ਦਿੱਤੀ ਰੀਪੋਰਟ ਦੇ ਆਧਾਰ 'ਤੇ ਇਹ ਫ਼ੈਸਲਾ ਲਿਆ ਗਿਆ ਕਿ ਲੋਕ ਅਤੇ ਵਿਧਾਨ ਸਭਾਵਾਂ ਦੀ ਚੋਣ-ਪ੍ਰਣਾਲੀ (Joint Electorate) ਦੇ ਅਸੂਲ 'ਤੇ ਹੋਵੇਗੀ ਅਤੇ ਕਿਸੇ ਘੱਟ-ਗਿਣਤੀ ਲਈ ਨਾ ਕੋਈ ਸੀਟ ਨਿਸ਼ਚਿਤ ਹੋਵੇਗੀ ਅਤੇ ਨਾ ਉਸ ਲਈ ਵੱਖਰੀ ਚੋਣ ਕਰਾਉਣ ਦਾ ਕੋਈ ਸਾਧਨ ਹੋਵੇਗਾ। ਇਸ ਪ੍ਰਥਾਏ ਸਰਦਾਰ ਪਟੇਲ ਦੇ ਇਹ ਸ਼ਬਦ ਵੱਡੇ ਭਾਵ-ਪੂਰਤ ਹਨ ਕਿ "ਜਦੋਂ ਮੁਸਲਮਾਨ ਲਈ ਪਾਕਿਸਤਾਨ ਦਾ ਵੱਖਰਾ ਦੇਸ਼ ਬਣ ਗਿਆ ਹੈ ਤਾਂ ਇਹ ਸਪੱਸ਼ਟ ਹੈ ਕਿ ਹਿੰਦੁਸਤਾਨ ਦਾ ਬਾਕੀ ਹਿੱਸਾ ਇਕੋ ਕੌਮ ਦਾ, ਯਾਨੀ ਹਿੰਦੂ ਦਾ ਦੇਸ਼ ਹੈ, ਜਿਸ ਦੀ ਵੱਸੋਂ 82 ਫ਼ੀਸਦੀ ਹੈ।" ਇਸ ਦੇ ਇਹੋ ਅਰਥ ਹਨ ਕਿ ਭਾਰਤ ਇਕ ਹਿੰਦੂ ਦੇਸ਼ ਹੈ, ਜਿਸ ਵਿਚ ਹੋਰ ਧਰਮਾਂ ਵਾਲੇ ਕੇਵਲ ਨਾਮ-ਮਾਤਰ 18 ਫ਼ੀਸਦੀ ਲੋਕ ਵੱਸਦੇ ਹਨ, ਜਿਨ੍ਹਾਂ ਵਿਚ ਸਿਖ ਕੇਵਲ 1.8 ਫ਼ੀਸਦੀ ਹਨ।

ਉਸ ਸਮੇਂ ਦੇ ਗ੍ਰਹਿ ਮੰਤਰੀ ਸ੍ਰੀ ਕਾਟਜੂ ਦੇ ਸ਼ਬਦ ਕਿ "ਹੁਣ ਸਿੱਖਾਂ ਦੀ ਭਲਾਈ ਇਸੇ ਵਿਚ ਹੈ ਕਿ ਉਹ ਆਪਣੀ ਵੱਖਰੀ ਹੋਂਦ ਨੂੰ ਭੁੱਲ ਕੇ ਦੇਸ਼ ਦੀ ਗਣਤੰਤਰੀ ਪ੍ਰਣਾਲੀ ਵਿਚ ਆਪਣੇ ਆਪ ਨੂੰ ਸਮੋ ਲੈਣ" ਵੀ ਧਿਆਨ-ਯੋਗ ਹਨ।

(5) ਇਸ ਤੋਂ ਪਿੱਛੋਂ ਬੋਲੀਆਂ ਦੇ ਆਧਾਰ 'ਤੇ ਸੂਬਿਆਂ ਦੀ ਹੱਦ-ਬੰਦੀ ਦਾ ਸਵਾਲ ਛਿੜਿਆ ਤਾਂ ਹਿੰਦੀ, ਗੁਜਰਾਤੀ, ਮਰਹੱਟੀ, ਤਾਮਿਲ, ਤੈਲਗੂ, ਬੰਗਾਲੀ, ਆਸਾਮੀ ਆਦਿ ਦੇ ਸੂਬੇ ਬਣਾ ਦਿੱਤੇ ਗਏ, ਪ੍ਰੰਤੂ ਪੰਜਾਬੀ ਬੋਲੀ ਨੂੰ ਨਾ ਮਾਨਤਾ ਦਿੱਤੀ ਗਈ ਅਤੇ ਨਾ ਇਸ ਦਾ ਵੱਖਰਾ ਸੂਬਾ ਉਲੀਕਿਆ ਗਿਆ, ਕਿਉਂਕਿ ਪਹਿਲੀ ਅਪ੍ਰੈਲ 1949 ਨੂੰ ਪੰਡਤ ਜਵਾਹਰ ਲਾਲ, ਵੱਲਭ ਭਾਈ ਅਤੇ ਪਟਾ ਭਾਈ ਸੀਤਾ ਰਾਮਈਆ ਦੀ ਇਸ ਪ੍ਰਥਾਏ ਬਣੀ ਕਮੇਟੀ ਨੇ ਫ਼ੈਸਲਾ ਦਿੱਤਾ ਹੋਇਆ ਸੀ ਕਿ ਭਾਵੇਂ ਇਸ ਦੇ ਹੱਕ ਵਿਚ ਕਿਤਨੀ ਭੀ ਦਲੀਲ ਆਧਾਰਤ ਗੱਲ (merit) ਕਿਉਂ ਨਾ ਹੋਵੇ, ਦੇਸ਼ ਦੇ ਉੱਤਰੀ ਭਾਗ ਅੰਦਰ ਸੂਬਾ-ਵੰਡ ਨਹੀਂ ਹੋਵੇਗੀ। ਦੇਸ਼ ਦੇ ਉੱਤਰ ਵਿਚ ਦੋ ਹੀ ਐਸੇ ਖਿੱਤੇ ਸਨ : ਕਸ਼ਮੀਰ ਅਤੇ ਪੰਜਾਬ, ਜਿਨ੍ਹਾਂ ਵਿਚ ਗ਼ੈਰ-ਹਿੰਦੂ ਵੱਸੋਂ ਕਾਫ਼ੀ ਗਿਣਤੀ ਵਿਚ ਸੀ, ਕਸ਼ਮੀਰ ਵਿਚ ਮੁਸਲਮਾਨ ਅਤੇ ਪੰਜਾਬ ਵਿਚ ਸਿਖ।

ਇਸ ਲੇਖ ਦਾ ਵਿਸ਼ਾ ਸਿਖ ਅਤੇ ਪੰਜਾਬ ਬਾਰੇ ਹੈ, ਇਸ ਲਈ ਅਸੀਂ ਕੇਵਲ

ਪੰਜਾਬ ਦੀ ਗੱਲ ਹੀ ਕਰਾਂਗੇ। ਪੰਜਾਬ ਦੇ ਸਿੱਖਾਂ ਦਾ ਧਰਮ-ਕਰਮ, ਰਹੁ-ਰੀਤ, ਸਰੂਪ ਆਦਿ ਇਥੇ ਵੱਸਦੇ ਹਿੰਦੂਆਂ ਤੋਂ ਨਿਆਰਾ ਹੈ। ਇਨ੍ਹਾਂ ਦਾ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਪੰਜਾਬੀ ਬੋਲੀ ਵਿਚ ਅਤੇ ਇਸ ਦੀ ਲਿੱਪੀ ਗੁਰਮੁਖੀ ਹੈ, ਜੋ ਹੋਰ ਕਿਸੇ ਬੋਲੀ ਦੀ ਲਿੱਪੀ ਨਹੀਂ। ਪੰਜਾਬੀ ਸੂਬਾ ਬਣਨ ਦਾ ਮਤਲਬ ਪੰਜਾਬ ਦੀ ਰਾਜ ਅਤੇ ਵਿਦਿਆ ਭਾਸ਼ਾ ਪੰਜਾਬੀ ਅਤੇ ਇਸ ਦੀ ਲਿੱਪੀ ਗੁਰਮੁਖੀ ਹੋਣਾ ਸੀ, ਜਿਸ ਨਾਲ ਸਿਖ ਦੇ ਧਰਮ ਪ੍ਰਚਾਰ ਨੂੰ ਬੜ੍ਹਾਵਾ ਮਿਲਣਾ ਸੀ, ਜੋ ਦੇਸ਼ ਦੀ ਹਿੰਦੂ ਜਾਤੀ, ਖ਼ਾਸ ਕਰ ਬ੍ਰਾਹਮਣ ਸ਼੍ਰੇਣੀ, ਜੋ ਆਦਿ ਕਾਲ ਤੋਂ ਹਿੰਦੂ ਉਪਰ ਛਾਈ ਹੋਈ ਹੈ ਅਤੇ ਜਿਸ ਦੇ ਹੱਥ ਵਿਚ ਆਜ਼ਾਦ ਭਾਰਤ ਦੀ ਅੱਜ ਵੀ ਵਾਗ-ਡੋਰ ਹੈ ਅਤੇ ਬੀਤੇ ਚਾਰ ਸੌ ਸਾਲਾਂ ਤੋਂ ਸਿਖ ਲਹਿਰ ਦੇ ਵਿਰੋਧ ਵਿਚ ਜਿਸ ਨੇ ਲੱਕ ਬੱਧਾ ਹੋਇਆ ਹੈ, ਉਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਕਿ ਪੰਜਾਬੀ ਅਤੇ ਗੁਰਮੁਖੀ ਵਧੇ ਫੁੱਲੇ, ਖ਼ਾਸ ਕਰਕੇ ਜਦੋਂ ਉਹ ਵੇਖਦੇ ਹਨ ਕਿ ਪੰਜਾਬੀ ਜਨਤਾ ਨੂੰ ਉਨ੍ਹਾਂ ਦੀ ਆਪਣੀ ਬੋਲੀ ਵਿਚ ਲਿਖੀ ਧਰਮ-ਬਾਣੀ, ਸੰਸਕ੍ਰਿਤ ਦੇ ਕਠਿਨ ਵੇਦ ਮੰਤਰਾਂ ਤੋਂ ਕਿਤੇ ਵਧੇਰੇ ਪ੍ਰਭਾਵਤ ਕਰਦੀ ਹੈ। ਪੰਜਾਬੀ ਨੂੰ ਉਸ ਦੀ ਜਾਇਜ਼ ਥਾਂ ਦੇਣਾ, ਹਿੰਦੂ ਦੀ ਵੇਦ ਤੇ ਸ਼ਾਸਤਰ-ਬਾਣੀ ਨੂੰ ਸੱਟ ਮਾਰਨ ਦੇ ਤੁੱਲ ਉਨ੍ਹਾਂ ਨੂੰ ਭਾਸਦੀ ਸੀ, ਇਸ ਲਈ ਪੰਜਾਬੀ ਦਾ ਵਿਰੋਧ ਜਿੰਨਾ ਭੀ ਹੋ ਸਕੇ, ਕਰ ਕੇ ਉਹ ਹਿੰਦੂ ਸ਼ਾਸਤਰ ਦੀ ਮਾਨ-ਪ੍ਰਤਿਸ਼ਠਤਾ ਵਧਾਉਂਦੇ ਸਨ। ਅਜਿਹੀ ਸੋਚ ਨੇ ਹੀ ਪੰਜਾਬ ਦੀ ਹਿੰਦੂ ਜਨਤਾ ਨੂੰ 1961 ਦੀ ਮਰਦਮ-ਸ਼ੁਮਾਰੀ ਵਿਚ ਆਪਣੀ ਭਾਸ਼ਾ ਹਿੰਦੀ ਲਿਖਵਾਉਣ ਲਈ ਮਜਬੂਰ ਕੀਤਾ, ਜਿਸ ਹਿੰਦੀ ਨੂੰ ਉਹ ਉਸ ਸਮੇਂ ਘਰਾਂ ਵਿਚ ਬੋਲ ਭੀ ਨਹੀਂ ਸਕਦੇ ਸਨ ਅਤੇ ਨਾ ਤਦੋਂ ਹਿੰਦੀ ਦਾ ਪੰਜਾਬ ਵਿਚ ਕੋਈ ਅਖ਼ਬਾਰ ਆਦਿ ਹੀ ਸੀ।

ਕਿਸੇ ਦੇਸ਼ ਜਾਂ ਕੌਮ ਦੀ ਬੋਲੀ ਦਾ ਉਸ ਦੇ ਵਧਣ ਫੁੱਲਣ ਵਿਚ ਬਹੁਤ ਵੱਡਾ ਰੋਲ ਹੋਇਆ ਕਰਦਾ ਹੈ। ਇਸਰਾਈਲ ਦੀ ਤਾਜ਼ਾ ਮਿਸਾਲ ਸਾਡੇ ਸਾਹਮਣੇ ਹੈ। ਇਹ ਲੋਕ ਆਪਣੀ ਮਾਤ-ਭੂਮੀ ਤੋਂ ਦੇਸ਼ ਨਿਕਾਲਾ ਮਿਲਣ ’ਤੇ ਕਈ ਵੱਖੋ-ਵੱਖ ਮੁਲਕਾਂ ਵਿਚ ਜਾ ਵੱਸੇ ਅਤੇ ਉਨ੍ਹਾਂ ਥਾਵਾਂ ਦੀ ਸੱਭਿਅਤਾ ਅਤੇ ਬੋਲ਼ੀ ਨੂੰ ਅਪਣਾਅ ਚੁੱਕੇ ਸਨ, ਪਰ ਜਦੋਂ ਕਈ ਪੁਸ਼ਤਾਂ ਪਿੱਛੋਂ ਉਨ੍ਹਾਂ ਨੂੰ ਇਸਰਾਈਲ ਵਿਚ ਮੁੜ ਇਕੱਠੇ ਹੋਣ ਦਾ ਅਵਸਰ ਬਣ ਗਿਆ ਅਤੇ ਉਹ ਏਥੇ ਆ ਵੱਸੇ ਤਾਂ ਉਨ੍ਹਾਂ ਸਾਰਿਆਂ ਨੇ ਇਕੋ ਬੋਲੀ ‘ਹੈਬਰੀਉ’, ਜਿਸ ਵਿਚ ਉਨ੍ਹਾਂ ਦੇ ਧਰਮ-ਗ੍ਰੰਥ ਲਿਖੇ ਹੋਏ ਸਨ, ਨੂੰ ਮੁੜ ਅਪਣਾਉਣ ਦੀ ਠਾਣ ਲਈ ਅਤੇ ਭਾਵੇਂ ਇਹ ਭਾਰਤ ਦੀ ਸੰਸਕ੍ਰਿਤ ਵਾਂਗ ਭੁੱਲੀ ਵਿਸਰੀ ਬੋਲੀ ਸੀ, ਇਸਰਾਈਲ ਦੇ ਹਰ ਮਰਦ ਔਰਤ ਬੱਚੇ ਬੁੱਢੇ ਨੇ ਇਸ ਨੂੰ ਅਪਣਾਇਆ, ਜਿਸ ਦਾ ਸਿੱਟਾ ਹੈ ਕਿ ਉਹ ਸਾਰੇ ਮੁੜ ਆਪੋ ਵਿਚ ਇਕ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਨੇ ਆਪਣੇ ਧਰਮ ਨੂੰ ਵੀ ਸੁਰਜੀਤ ਕਰ ਲਿਆ ਹੈ।

ਇਸ ਦੇ ਉਲਟ ਸਿੱਖਾਂ ਨੂੰ ਨਜ਼ਰ ਮਾਰਨੀ ਚਾਹੀਦੀ ਹੈ ਆਪਣੀ ਦਸ਼ਾ 'ਤੇ। ਸਾਨੂੰ ਪਤਾ ਹੈ ਕਿ ਸਾਡੀ ਗੁਰਬਾਣੀ (ਗੁਰੂ ਗ੍ਰੰਥ ਸਾਹਿਬ) ਪੰਜਾਬੀ ਅਤੇ ਗੁਰਮੁਖੀ ਲਿੱਪੀ ਵਿਚ ਹੈ, ਜੋ ਸਾਡੀ ਮਾਤ-ਭਾਸ਼ਾ ਅਤੇ ਸਿਖ ਦੀ ਜਨਮ-ਭੂਮੀ ਦੀ ਭਾਸ਼ਾ ਹੈ, ਪਰ ਅਸੀਂ ਆਪਣੇ ਬੱਚਿਆਂ ਨੂੰ ਹਿੰਦੀ ਬੋਲਦਾ ਵੇਖ ਕੇ ਵਧੇਰੇ ਖ਼ੁਸ਼ੀ ਮਹਿਸੂਸ ਕਰਦੇ ਹਾਂ ਅਤੇ ਦੇਸ਼ ਦੀ ਬਹੁ-ਗਿਣਤੀ ਦੇ ਪ੍ਰਭਾਵ ਹੇਠ ਅਤੇ ਉਨ੍ਹਾਂ ਦੀ ਖ਼ੁਸ਼ੀ ਲੈਣ ਲਈ ਉਨ੍ਹਾਂ ਸਾਹਮਣੇ ਹਿੰਦੀ ਬੋਲਦੇ, ਅਤੇ ਗੱਲੀਂ-ਬਾਤੀਂ ਨਿੱਜ-ਭਾਸ਼ਾ ਪੰਜਾਬੀ ਦੇ ਗਵਾਰ-ਭਾਸ਼ਾ ਕਹੇ ਜਾਣ ਨੂੰ ਭੀ ਸਵੀਕਾਰ ਕਰ ਲੈਂਦੇ ਹਾਂ। ਪਿੱਛੇ ਪੰਜਾਬ ਦੇ ਪੰਜਾਬੀ ਵਿਰੋਧੀ ਸਰਕੁਲਰ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਅਸਾਂ ਚੁੱਪ-ਚੁਪੀਤੇ ਸਹਿ ਲਈ। ਕੀ ਇਹ ਗੁਰੂ ਨਾਨਕ ਦੇਵ ਜੀ ਦੇ ਦੇਸ਼ ਦੀ ਭਾਸ਼ਾ ਫ਼ਾਰਸੀ ਹੋ ਜਾਣ ਬਾਰੇ ਕਹੇ ਹੋਏ ਸ਼ਬਦਾਂ ਦੀ ਚਿਤਾਵਨੀ ਸਾਨੂੰ ਨਹੀਂ ਦੇਂਦੇ। ਆਪ ਨੇ ਫ਼ੁਰਮਾਇਆ ਸੀ :

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ *(ਪੰਨਾ 1191)*

ਬਲਕਿ ਅਸੀਂ ਆਪਣੇ ਬੱਚਿਆਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿਚ ਨਿਪੁੰਨ ਹੋਇਆ ਵੇਖਣਾ ਚਾਹੁੰਦੇ ਹਾਂ ਅਤੇ ਪੰਜਾਬੀ ਨੂੰ ਦੂਜੀ ਤੀਜੀ ਥਾਂ ਦੇਣ ਲਈ ਵੀ ਤਿਆਰ ਨਹੀਂ ਹੁੰਦੇ। ਇਹੋ ਹਾਲ ਸਾਡੇ ਨੌਜਵਾਨਾਂ, ਖ਼ਾਸ ਕਰਕੇ ਸਰਕਾਰੀ ਮੁਲਾਜ਼ਮਤ ਕਰਦੇ ਸਿੱਖਾਂ ਦਾ ਹੈ। ਇਸ ਦੇ ਵਿਸ਼ੇਸ਼ ਕਾਰਨ ਹਕੂਮਤ ਦੀ ਨੀਤੀ ਦਾ ਪੰਜਾਬੀ-ਵਿਰੋਧੀ ਹੋਣਾ ਹੈ, ਜਿਸ ਦੇ ਅਸੀਂ ਸਹਿੰਦੜ ਬਣਦੇ ਜਾ ਰਹੇ ਹਾਂ, ਨਾ ਕਦੀ ਅਸਾਂ ਪੰਜਾਬੀ ਨੂੰ ਸਰਕਾਰੇ ਦਰਬਾਰੇ ਉਸ ਦਾ ਯੋਗ ਥਾਉਂ ਦਿਵਾਉਣ ਬਾਰੇ ਸੋਚਿਆ ਹੀ ਹੈ।

ਵੈਸੇ ਭੀ ਪੰਜਾਬੀ (ਗੁਰਮੁਖੀ) ਦੀਆਂ ਪੁਸਤਕਾਂ, ਰਸਾਲੇ ਜਾਂ ਅਖ਼ਬਾਰ ਪੜ੍ਹਨ ਵੱਲ ਸਾਡੀ ਰੁਚੀ ਬਹੁਤ ਘੱਟ ਹੈ। ਜੇ ਅਸੀਂ ਪੰਜਾਬੀ ਨਹੀਂ ਪੜ੍ਹਾਂਗੇ ਤਾਂ ਸਾਡੇ ਲੇਖਕ ਪੰਜਾਬੀ ਪੁਸਤਕਾਂ ਲਿਖਣ ਅਤੇ ਛਪਵਾਉਣ 'ਤੇ ਕਿਉਂ ਖ਼ਰਚ ਕਰਨਗੇ ਅਤੇ ਅੰਤ ਨੂੰ (ultimately) ਇਸ ਦਾ ਜੋ ਨਤੀਜਾ ਹੋਵੇਗਾ, ਇਸ ਦੀ ਸੋਚ ਹੀ ਬੜੀ ਤਸ਼ਵੀਸ਼-ਜਨਕ ਹੈ। ਇਸ ਦੀ ਜ਼ਾਹਿਰਾ ਮਿਸਾਲ ਹਰਿਆਣਾ ਦੀ ਸਾਡੇ ਸਾਹਮਣੇ ਹੈ। ਇਸ ਦੀ ਵਿਦਿਆ-ਪ੍ਰਣਾਲੀ ਵਿਚ ਪੰਜਾਬੀ (ਗੁਰਮੁਖੀ) ਦੀ ਅਣਹੋਂਦ ਨੇ ਗਿਆਰਾਂ ਲੱਖ ਸਿੱਖਾਂ ਨੂੰ ਉਨ੍ਹਾਂ ਦੀ ਮਾਂ-ਬੋਲੀ ਤੋਂ ਲਾਂਭੇ ਕਰ ਦਿੱਤਾ ਹੈ। ਹਰਿਆਣਾ ਸੂਬਾ ਬਣੇ ਨੂੰ ਹਾਲੀਂ ਵੀਹ ਸਾਲ ਭੀ ਪੂਰੇ ਨਹੀਂ ਹੋਏ, ਪੰਦਰਾਂ-ਵੀਹ ਸਾਲ ਹੋਰ ਬੀਤਣ ਤਕ ਜਦੋਂ ਅੱਜ ਦੇ ਬੱਚੇ ਜਵਾਨ ਹੋਣਗੇ, ਉਨ੍ਹਾਂ ਲਈ ਪੰਜਾਬੀ ਇਕ ਗ਼ੈਰ-ਭਾਸ਼ਾ ਹੋ ਜਾਵੇਗੀ ਅਤੇ ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦਾ ਪੜ੍ਹਨਾ ਪੜ੍ਹਾਉਣਾ ਓਪਰੀ ਭਾਸ਼ਾ ਦਾ ਗ੍ਰੰਥ ਹੋ ਜਾਵੇਗਾ। ਇਹੋ ਗੱਲ ਪੰਜਾਬ ਤੋਂ ਬਾਹਰ ਹੋਰ ਸੂਬਿਆਂ ਤਥਾ

ਮੁਲਕਾਂ ਵਿਚ ਵੱਸਦੇ ਸਿੱਖਾਂ 'ਤੇ ਲਾਗੂ ਹੁੰਦੀ ਹੈ। ਅੱਜ ਸ਼ਾਇਦ ਇਉਂ ਮਹਿਸੂਸ ਨਹੀਂ ਹੋਵੇਗਾ, ਪਰ ਜੇ ਪੰਜਾਬੋਂ ਬਾਹਰ ਜਾਂ ਵੱਸੇ ਸਿੱਖਾਂ ਦਾ ਪੰਜਾਬੀ ਵੱਲ ਅਜਿਹਾ ਵਰਤਾਉ ਜਾਰੀ ਰਿਹਾ ਤਾਂ ਇਕ ਦੋ ਪੁਸ਼ਤਾਂ ਬੀਤਣ ਤਕ ਉਨ੍ਹਾਂ ਦੇ ਅੰਦਰ ਗੁਰਬਾਣੀ ਤਥਾ ਗੁਰਸਿੱਖੀ ਦੀ ਪਕੜ ਕਿੰਨੀ ਕੁ ਹੋਵੇਗੀ, ਇਹ ਸਹਿਜੇ ਹੀ ਸਮਝ ਆ ਸਕਣ ਵਾਲੀ ਗੱਲ ਹੈ।

ਇਸ ਪਰਥਾਏ ਸਾਡਾ ਏਨੇ ਵਿਸਥਾਰ ਵਿਚ ਜਾਣ ਦਾ ਭਾਵ ਇਹ ਦ੍ਰਿੜ੍ਹ ਕਰਾਉਣਾ ਹੀ ਹੈ ਕਿ ਸਾਡੀ ਵਰਤਮਾਨ ਸਰਕਾਰ ਦੀ ਪੰਜਾਬੀ ਵੱਲ ਨੀਤੀ ਇਕ ਗਹਿਰੀ ਚਾਲ ਹੈ, ਜਿਸ ਨੇ ਅੰਤ ਨੂੰ (ultimately) ਭਾਰਤ ਦੇ ਹਿੰਦੂ ਰਾਜ ਨੂੰ ਰੜਕਦਾ ਸਿੱਖੀ ਦਾ ਕੰਡਾ ਹਮੇਸ਼ਾ ਲਈ ਖਿੱਚ ਦੇਣਾ ਹੈ। ਦੇਸ਼ ਦੇ ਆਜ਼ਾਦ ਹੋਣ ਦੇ ਫ਼ੌਰਨ ਬਾਅਦ, ਅਥਵਾ ਅਪ੍ਰੈਲ 1949 ਵਿਚ ਹੀ ਪੰਡਤ ਨਹਿਰੂ ਅਤੇ ਵੱਲਭ ਭਾਈ ਆਦਿ ਵੱਲੋਂ ਇਹ ਫ਼ੈਸਲਾ ਦੇਣਾ ਕਿ ਉੱਤਰੀ ਭਾਰਤ ਦੀ ਨਵੇਂ ਸਿਰਿਉਂ ਸੂਬਾ-ਵੰਡ ਨਾ ਕੀਤੀ ਜਾਏ, ਇਸੇ ਵਿਚਾਰ ਦਾ ਹੀ ਪੇਸ਼-ਖ਼ੈਮਾ ਸੀ।

ਸ੍ਰੀਮਤੀ ਇੰਦਰਾ ਗਾਂਧੀ ਦਾ ਆਪਣੀ ਪੁਸਤਕ *My Truth* ਵਿਚ ਲਿਖੇ ਸ਼ਬਦ ਕਿ 'ਪੰਜਾਬੀ ਸੂਬਾ ਬਣਾਏ ਜਾਣ ਦੇ ਵਿਰੋਧ ਲਈ ਮੈਂ ਅਧਿਕਾਰੀ ਲੀਡਰਾਂ ਪਾਸ ਭੱਜੀ ਫਿਰੀ' ਪਰ ਉਹ ਇਸ ਨੂੰ ਰੋਕ ਨਾ ਸਕੀ ਅਤੇ ਇਸ ਪਿੱਛੋਂ ਪੰਜਾਬੀ ਸੂਬੇ ਬਾਰੇ ਐਲਾਨ ਹੋ ਜਾਣ 'ਤੇ ਜਦੋਂ ਪੰਜਾਬ ਦੇ ਹਿੰਦੂ ਉਸ ਸਮੇਂ ਦੇ ਗ੍ਰਿਹ ਮੰਤਰੀ ਸ੍ਰੀ ਨੰਦਾ ਪਾਸ ਗਏ ਤਾਂ ਉਨ੍ਹਾਂ ਨੂੰ ਧਰਵਾਸ ਦੇਣ ਲਈ ਨੰਦਾ ਜੀ ਨੇ ਇਹ ਕਿਹਾ ਕਿ 'ਮੈਂ ਪੰਜਾਬੀ ਸੂਬੇ ਦੀ ਘਾੜਤ ਐਸੀ ਘੜਾਂਗਾ, ਜਿਸ 'ਤੇ ਸਿਖ ਹਮੇਸ਼ਾ ਰੋਂਦੇ ਰਹਿਣਗੇ," ਇਹ ਗੱਲਾਂ ਦੱਸਦੀਆਂ ਹਨ ਕਿ ਸਮੇਂ ਦੇ ਕਾਂਗਰਸੀ ਹਿੰਦੂ ਲੀਡਰ ਪੰਜਾਬੀ ਭਾਸ਼ਾ ਦਾ ਸੂਬਾ ਨਾ ਬਣਨ ਦੇਣ ਲਈ ਕਿੰਨੇ ਡਟੇ ਹੋਏ ਸਨ ਅਤੇ ਜਦੋਂ ਇਹ ਬਣ ਹੀ ਗਿਆ ਤਾਂ ਇਨ੍ਹਾਂ ਨੇ ਸ਼ਾਹ ਕਮਿਸ਼ਨ ਰਾਹੀਂ ਇਸ ਨੂੰ ਅਤਿ ਲੰਗੜਾ ਲੂਲ੍ਹਾ ਕਰਨ ਵਿਚ ਕਿੰਨਾ ਵੱਡਾ ਰੋਲ ਅਦਾ ਕੀਤਾ। ਇਸ ਦਾ ਹੀ ਸਿੱਟਾ ਹੈ ਕਿ ਪੰਜਾਬੀ ਸੂਬਾ ਬਣੇ ਕਰੀਬਨ ਵੀਹ ਸਾਲ ਬੀਤ ਜਾਣ ਉਪ੍ਰੰਤ ਅੱਜ ਭੀ ਸਿੱਖਾਂ ਨੇ ਇਸ ਦੀ ਹੱਦਬੰਦੀ ਠੀਕ ਕਰਾਉਣ ਲਈ ਮੋਰਚੇ ਲਾਏ ਹੋਏ ਹਨ, ਜਿਸ ਅੰਦਰ ਦੋ ਲੱਖ ਦੇ ਕਰੀਬ ਸਿਖ ਗ੍ਰਿਫ਼ਤਾਰੀਆਂ ਦੇ ਚੁੱਕੇ ਹਨ ਅਤੇ ਅਜੇ ਪਤਾ ਨਹੀਂ ਇਸ ਦਾ ਹਸ਼ਰ ਕੀ ਹੋਵੇਗਾ।

ਇਹ ਸਾਰਾ ਕੁੱਝ ਹਾਕਮ ਪਾਰਟੀ (ਕਾਂਗਰਸ) ਨੇ, ਜੋ ਹਿੰਦੂ ਦੇ ਕੱਟੜਪੁਣੇ ਦੀ ਪਕੜ ਵਿਚ ਹੈ, ਇਸ ਲਈ ਕੀਤਾ ਅਤੇ ਕਰ ਰਹੀ ਹੈ ਕਿ ਸਿੱਖਾਂ ਨੂੰ ਪੰਜਾਬੀ (ਗੁਰਮੁਖੀ) ਤੋਂ ਵਾਂਝੇ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਤੋਂ ਦੂਰ ਕੀਤਾ ਜਾਵੇ।

ਏਥੇ ਹੀ ਬਸ ਨਹੀਂ, ਪੰਜਾਬੀ ਸੂਬੇ ਦੀਆਂ ਸਕੂਲਾਂ ਦੀਆਂ ਪਾਠ-ਪੁਸਤਕਾਂ ਪੰਜਾਬੀ ਰੀਡਰਾਂ ਅਤੇ ਇਤਿਹਾਸ-ਪੋਥੀਆਂ ਅੰਦਰ ਅਗਰ ਸਿਖ ਇਤਿਹਾਸ ਨਾਲ

ਤਅੱਲਕ ਰੱਖਦਾ ਕੋਈ ਹਵਾਲਾ ਹੈ ਭੀ, ਤਾਂ ਉਸ ਨੂੰ ਪੇਸ਼ ਕਰਨ ਦਾ ਢੰਗ ਸਿਖ ਵਿਰੋਧੀ ਅਤੇ ਇਤਿਹਾਸਕ ਸੱਚਾਈ ਤੋਂ ਲਾਂਭੇ ਲੈ ਜਾਣ ਵਾਲਾ ਹੈ।

ਮਿਸਾਲ ਵਜੋਂ ਇਕ ਪਾਠ-ਪੁਸਤਕ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਵਾਰਤਾ ਲਿਖਦੇ ਹੋਏ ਇਸ ਗੱਲ ਦਾ ਉੱਕਾ ਹੀ ਕੋਈ ਜ਼ਿਕਰ ਆਉਣ ਨਹੀਂ ਦਿੱਤਾ ਗਿਆ ਕਿ ਇਸ ਸ਼ਹਾਦਤ ਦਾ ਕਾਰਨ ਕੀ ਸੀ ਅਤੇ ਉਨ੍ਹਾਂ ਨੇ ਕਿਸ ਤਰ੍ਹਾਂ ਹਿੰਦੂ ਧਰਮ ਦੀ ਰੱਖਿਆ (ਤਿਲਕ ਜੰਞੂ ਦੀ ਬਹਾਲੀ) ਲਈ ਆਪਣੀ ਬਲੀ ਦਿੱਤੀ ਸੀ।

(6) ਮੁਗ਼ਲ, ਪਠਾਣ ਅਤੇ ਅੰਗਰੇਜ਼, ਬਲਕਿ 1947 ਦੀ ਦੇਸ਼-ਵੰਡ ਤਕ ਹਿੰਦੂ ਨੇਤਾਵਾਂ ਦੀ ਵੀ ਇਹ ਮੰਨੀ ਹੋਈ ਗੱਲ ਸੀ ਕਿ ਸਿਖ ਮਾਰਸ਼ਲ (ਜੰਗਜੂ) ਕੌਮ ਹੈ। ਇਹੋ ਕਾਰਨ ਸੀ ਕਿ ਇਨ੍ਹਾਂ ਨੇ ਅਤਿ ਥੋੜੇ ਹੁੰਦੇ ਹੋਏ ਭੀ ਮੁਗ਼ਲ ਤੇ ਪਠਾਣ ਹਾਕਮਾਂ ਨੂੰ ਕਦੀ ਵੀ ਸੁਖ ਦੀ ਨੀਂਦੇ ਨਾ ਸੌਣ ਦਿੱਤਾ ਅਤੇ ਅੰਗਰੇਜ਼ ਕਾਲ ਵਿਚ ਦੇਸ਼ ਅੰਦਰ ਇਨ੍ਹਾਂ ਦੀ ਗਿਣਤੀ ਕੇਵਲ ਡੇਢ ਫ਼ੀਸਦੀ ਹੁੰਦੇ ਹੋਏ ਵੀ ਦੇਸ਼ ਦੀਆਂ ਫ਼ੌਜਾਂ ਵਿਚ ਇਹ ਤੀਹ ਫ਼ੀਸਦੀ ਤਕ ਭਰਤੀ ਦੇਂਦੇ ਰਹੇ। ਭਾਰਤ ਦੀ ਆਜ਼ਾਦ ਸਰਕਾਰ ਨੂੰ ਇਨ੍ਹਾਂ ਗੱਲਾਂ ਦੀ ਭੁੱਲ ਨਹੀਂ, ਅਤੇ ਉਹ ਸਮਝਦੀ ਹੈ ਕਿ ਦੇਸ਼ ਅੰਦਰ ਅਜਿਹੀ ਮਾਰਸ਼ਲ ਜਮਾਤ ਦੀ ਹੋਂਦ ਕਿਸੇ ਵੇਲੇ ਭੀ ਹਕੂਮਤ ਦੀ ਸਿਰਦਰਦੀ ਦਾ ਕਾਰਨ ਹੋ ਸਕਦੀ ਹੈ। ਸੋ ਉਸ ਨੇ ਸਿਖ ਦੀ ਮਾਰਸ਼ਲ ਸਪਿਰਿਟ ਨੂੰ ਕਮਜ਼ੋਰ ਕਰਨ ਲਈ, ਉਨ੍ਹਾਂ ਦੀ ਫ਼ੌਜਾਂ ਅੰਦਰ ਗਿਣਤੀ ਘਟਾਉਣ ਦੀ ਠਾਣੀ ਅਤੇ ਹੁਣ ਇਨ੍ਹਾਂ ਦੀ ਫ਼ੌਜਾਂ ਅੰਦਰ ਭਰਤੀ, ਇਨ੍ਹਾਂ ਦੀ ਦੇਸ਼-ਸੰਖਿਆ ਮੁਤਾਬਕ ਕਰ ਦੇਣ ਦਾ ਫ਼ੈਸਲਾ ਲਿਆ ਹੈ, ਜੋ ਘਟ ਕੇ ਹੁਣ ਪੌਣੇ ਦੋ 'ਤੇ ਆ ਗਈ ਹੈ, ਜਿਸ ਨੇ ਸਿਖ ਨੂੰ ਤੀਹਰੀ ਸੱਟ ਮਾਰੀ ਹੈ। ਐਸਾ ਕਰਨ ਨਾਲ ਇਨ੍ਹਾਂ ਦੀ ਮਾਰਸ਼ਲ ਸਪਿਰਿਟ ਦੀ ਜੋ ਹਾਨੀ ਹੋਣੀ ਸੀ ਉਹ ਤਾਂ ਹੋ ਗਈ ਸੀ, ਪਰ ਇਸ ਤੋਂ ਇਲਾਵਾ ਤੀਹਾਂ ਵਿਚੋਂ ਅਠਾਈ ਵਿਹਲੇ ਹੋ ਗਏ ਹਨ। ਫ਼ਰਜ਼ ਕਰੋ ਦੇਸ਼ ਦੀ ਫ਼ੌਜੀ ਗਿਣਤੀ 20 ਲੱਖ ਹੋਵੇ ਤਾਂ ਪਹਿਲਾਂ 6 ਲੱਖ ਸਿਖ ਫ਼ੌਜੀ ਬਣਦੇ ਸਨ, ਪਰ ਹੁਣ ਦੇ ਹਿਸਾਬ 6 ਲੱਖ ਦੀ ਥਾਂ ਸਿਰਫ਼ 40 ਹਜ਼ਾਰ ਹੀ ਰਹਿ ਗਏ ਹਨ—ਅਰਥਾਤ 5 ਲੱਖ 60 ਹਜ਼ਾਰ ਸਿਖ ਬੇਰੁਜ਼ਗਾਰ (unemployed) ਕਰ ਦਿੱਤਾ ਗਿਆ ਹੈ, ਜਿਸ ਕਾਰਨ ਕਈ ਕਰੋੜ ਰੁਪਿਆ, ਜੋ ਸਿਖ ਘਰਾਂ ਵਿਚ ਸਾਲਾਨਾ ਆਉਂਦਾ ਸੀ, ਉਹ ਬੰਦ ਹੋ ਗਿਆ ਅਤੇ ਆਰਥਿਕ ਤੌਰ 'ਤੇ ਸਿਖ ਕਮਜ਼ੋਰ ਹੋ ਗਿਆ ਹੈ। ਇਸ ਤਰ੍ਹਾਂ ਨਾ ਸਿਰਫ਼ ਸਿਖ ਦੇ ਮਾਰਸ਼ਲ ਹੋਣ ਵਿਚ ਵੱਡੀ ਹਾਨੀ ਹੋਈ, ਸਗੋਂ ਇਨ੍ਹਾਂ ਅੰਦਰ ਬੇਰੁਜ਼ਗਾਰੀ ਵੀ ਵਧੀ ਅਤੇ ਸਮੁੱਚੇ ਤੌਰ 'ਤੇ ਸਿਖ ਦੀ ਆਰਥਿਕ ਦਸ਼ਾ ਅਤਿ ਨੀਵੀਂ ਹੋਈ।

(7) ਏਥੇ ਹੀ ਬਸ ਨਹੀਂ, ਇਸ ਨੂੰ ਹੋਰ ਨੀਵਾਂ ਲੈ ਜਾਣ ਦੇ ਬਾਨ੍ਹਣੂ ਵੀ ਬੱਧੇ

ਗਏ ਹਨ। ਪੰਜਾਬ ਦਾ 80-85 ਫ਼ੀਸਦੀ ਸਿਖ ਜ਼ਮੀਨ ਤੋਂ ਆਪਣੀ ਰੋਟੀ ਪੈਦਾ ਕਰਦਾ ਹੈ ਅਤੇ ਪੰਜਾਬ ਦੀ ਉਪਜਾਊ ਧਰਤੀ ਦੀ ਵਧੇਰੀ ਮਾਲਕੀ ਵੀ ਸਿਖ ਦੀ ਸੀ, ਜਿਸ ਨੂੰ ਨੀਵਾਂ ਲਿਆਉਣ ਲਈ ਧਰਤੀ ਦੀ ਮਾਲਕੀ ਤੇ ਹੱਦਬੰਦੀ (ceiling) ਦਾ ਕਾਨੂੰਨ ਲਾਗੂ ਕੀਤਾ ਗਿਆ ਅਤੇ ਇਸ ਸੀਲਿੰਗ ਤੋਂ ਵਾਧੂ ਜ਼ਮੀਨ ਜਿਸ ਪਾਸ ਭੀ ਸੀ ਉਸ ਨੂੰ ਸਰਪਲੱਸ (ਵਾਧੂ) ਦੇ ਨਾਮ ਹੇਠ ਮਾਲਕਾਂ ਤੋਂ ਖੋਹ ਲਿਆ ਗਿਆ ਅਤੇ ਆਮ ਕਰਕੇ ਇਉਂ ਸਰਪਲੱਸ ਹੋਈ ਜ਼ਮੀਨ ਅਛੂਤ ਜਾਤ (Scheduled Castes) ਦੇ ਲੋਕਾਂ ਵਿਚ ਵੰਡੀ ਗਈ। ਜਿਸ ਨਾਲ ਸਿੱਖਾਂ ਦੀ ਮਾਲਕੀ ਵਾਲੀ ਜ਼ਮੀਨ ਖੋਹੇ ਜਾਣ ਕਾਰਨ ਕਰੜੀ ਸੱਟ ਸਿੱਖਾਂ ਨੂੰ ਵੱਜੀ। ਉਸ ਵੇਲੇ ਕਿਹਾ ਜਾਂਦਾ ਰਿਹਾ ਕਿ ਅਜਿਹੀ ਸੀਲਿੰਗ ਸ਼ਹਿਰੀ ਜਾਇਦਾਦ—ਮਕਾਨਾਂ, ਦੁਕਾਨਾਂ, ਕਾਰਖ਼ਾਨਿਆਂ ਆਦਿ 'ਤੇ ਭੀ ਲਗਾਈ ਜਾਵੇਗੀ, ਪ੍ਰੰਤੂ ਕਿਉਂਕਿ ਸ਼ਹਿਰੀ ਜਾਇਦਾਦ ਦੀ ਵਧੇਰੀ ਮਾਲਕੀ ਗ਼ੈਰ-ਸਿੱਖਾਂ ਦੀ ਸੀ, ਇਸ ਲਈ ਉਸ 'ਤੇ ਸੀਲਿੰਗ ਨਾ ਲੱਗੀ।

ਜ਼ਮੀਨ 'ਤੇ ਲੱਗੀ ਸੀਲਿੰਗ ਨੇ ਭਾਵੇਂ ਜ਼ਮੀਨ-ਮਾਲਕਾਂ ਨੂੰ ਵੀ ਕਰਾਰੀ ਸੱਟ ਲਾਈ ਸੀ, ਪ੍ਰੰਤੂ ਇਸ ਦਾ ਵਧੇਰੇ ਸ਼ਿਕਾਰ ਵੀ ਖੇਤੀ-ਬਾੜੀ ਕਰਨ ਵਾਲਾ ਮਜ਼ਦੂਰ ਕਿਸਾਨ, ਜੋ ਪੰਜਾਬ ਵਿਚ ਆਮ ਕਰਕੇ ਸਿਖ ਸੀ, ਹੀ ਹੋਇਆ ਅਤੇ ਇਉਂ ਪੇਂਡੂ ਸਿਖ ਅਕਸਰ ਘਸਿਆਰਾ ਬਣ ਕੇ ਰਹਿ ਗਿਆ।

ਫਿਰ 80-85 ਫ਼ੀਸਦੀ ਸਿਖ ਦੀ ਰੋਟੀ ਦੇ ਸਾਧਨ ਰਹਿੰਦੀ-ਖੂੰਹਦੀ ਜ਼ਮੀਨ ਨੂੰ ਹੋਰ ਨਕਾਰਾ ਕਰ ਦੇਣ ਦੇ ਜਤਨ ਕੀਤੇ ਗਏ। ਪੰਜਾਬੀ ਦਾ ਅਖਾਣ ਹੈ, 'ਜ਼ਮੀਨ ਓਹੋ ਰਾਣੀ, ਜਿਸ ਦੇ ਸਿਰ 'ਤੇ ਪਾਣੀ'। ਪਾਣੀ ਤੋਂ ਬਿਨਾਂ ਖੇਤੀ ਵਾਲੀ ਜ਼ਮੀਨ ਇਉਂ ਹੈ ਜਿਵੇਂ ਜਾਨ ਪ੍ਰਾਣ ਬਗ਼ੈਰ ਇਨਸਾਨ। ਪੰਜਾਬ ਦੀ ਧਰਤੀ ਦੀ ਵਡਿਆਈ ਇਸੇ ਵਿਚ ਹੈ ਅਤੇ ਕੁਦਰਤ ਨੇ ਇਸ ਨੂੰ ਹੋਰ ਧਰਤੀਆਂ ਦਾ ਸਰਦਾਰ ਬਣਾਉਣ ਲਈ ਇਸ ਵਿਚ ਹੱਥ ਦੇ ਪੰਜੇ ਵਾਂਙ ਪੰਜ ਦਰਿਆ ਵਗਾ ਰੱਖੇ ਹੋਏ ਹਨ, ਤਾਂ ਕਿ ਇਸ ਦਾ ਮਰਲਾ ਮਰਲਾ ਇਨ੍ਹਾਂ ਦਰਿਆਵਾਂ ਤੋਂ ਸਿੰਜਿਆ ਜਾ ਸਕੇ। 1947 ਦੀ ਦੇਸ਼-ਵੰਡ ਨੇ ਪੰਜਾਬ ਤੋਂ ਢਾਈ ਦਰਿਆ : ਜੇਹਲਮ, ਚਨਾਬ ਅਤੇ ਅੱਧਾ ਰਾਵੀ ਤਾਂ ਪਹਿਲੋਂ ਹੀ ਖੋਹ ਲਏ ਸਨ ਅਤੇ ਸਾਡੇ ਪਾਸ ਹੁਣ ਅੱਧਾ ਰਾਵੀ, ਬਿਆਸ ਅਤੇ ਸਤਲੁਜ ਹੀ ਸਨ, ਜੋ ਪੰਜਾਬ ਦੇ ਕਾਸ਼ਤਕਾਰ ਦਾ ਵਾਹਿਦ ਸਹਾਰਾ ਸਨ, ਜਿਨ੍ਹਾਂ ਦੇ ਸਿਰ 'ਤੇ ਪੇਂਡੂ ਪੰਜਾਬੀ ਰੱਜ ਕੇ ਰੋਟੀ ਖਾ ਰਿਹਾ ਸੀ। ਭਾਰਤ ਸਰਕਾਰ ਨੂੰ ਇਹ ਭੀ ਨਾ ਭਾਇਆ ਅਤੇ ਇਸ ਨੇ ਪੰਜਾਬੀਆਂ ਦਾ ਇਹ ਪਾਣੀ ਭੀ ਉਨ੍ਹਾਂ ਪਾਸੋਂ ਖੋਹ ਕੇ ਦੂਜੇ ਸੂਬਿਆਂ ਹਰਿਆਣਾ ਅਤੇ ਰਾਜਸਥਾਨ ਨੂੰ ਵੰਡ ਦੇਣ ਦੀ ਠਾਣ ਲਈ, ਹਾਲਾਂਕਿ ਹਰਿਆਣੇ ਪਾਸ ਜਮਨਾ ਨਹਿਰ ਮੌਜੂਦ ਸੀ ਅਤੇ ਰਾਜਸਥਾਨ ਨੂੰ ਪਹਿਲੋਂ ਪੰਜ ਨਦ ਤੋਂ ਇਕ ਵੱਡੀ ਨਹਿਰ ਕੱਢ ਕੇ ਕਾਫ਼ੀ ਪਾਣੀ ਦਿੱਤਾ ਜਾ ਚੁੱਕਾ ਸੀ। ਪੰਜਾਬ ਪਾਸ

ਹੁਣ ਭਾਖੜਾ ਅਤੇ ਸਰਹਿੰਦ ਦੋ ਹੀ ਵੱਡੀਆਂ ਨਹਿਰਾਂ ਸਨ, ਜਿਨ੍ਹਾਂ ਦੇ ਸਿਰ 'ਤੇ ਪੰਜਾਬੀ ਕਿਸਾਨ ਜੀਉਂਦਾ ਸੀ। ਫਿਰ ਦਰਿਆਵਾਂ ਦੇ ਪਾਣੀਆਂ ਦੀ ਵਰਤੋਂ ਸੰਬੰਧੀ ਮੰਨੇ ਗਏ ਕਾਨੂੰਨ, ਕਿ ਇਸ ਦਾ ਹੱਕ ਕੇਵਲ ਉਸ ਸਟੇਟ ਨੂੰ ਹੁੰਦਾ ਹੈ ਜਿਸ ਦੀ ਧਰਤੀ ਵਿਚ ਇਹ ਵਗਦੇ ਹੋਣ, ਨੂੰ ਛਿੱਕੇ ਧਰ ਕੇ ਇੰਦਰਾ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਵੱਡਾ ਹਿੱਸਾ ਗ਼ੈਰ-ਸੂਬਿਆਂ ਨੂੰ ਦੇਣ ਦਾ ਫ਼ੈਸਲਾ ਕੀਤਾ ਅਤੇ ਇਸ ਦੀ ਵਰਤੋਂ ਨੂੰ ਨਿਸ਼ਚੇ-ਜਨਕ ਬਣਾ ਦੇਣ ਲਈ ਇਕ ਭਾਖੜਾ ਪ੍ਰਬੰਧਕ ਬੋਰਡ ਆਪਣੇ ਵੱਲੋਂ ਨੀਯਤ ਕਰ ਕੇ, ਸਾਰਾ ਸਿਲਸਿਲਾ ਉਸ ਨੂੰ ਸੌਂਪ ਦਿੱਤਾ। ਹਾਲਾਂਕਿ Irrigation (ਧਰਤੀ ਦੀ ਸਿੰਚਾਈ) ਦੀ ਮੱਦ ਹਰ ਸੂਬੇ ਦੀ ਸਰਕਾਰ ਦੀ ਨਿੱਜੀ ਜ਼ਿੰਮੇਵਾਰੀ ਹੈ, ਜਿਸ ਵਿਚ ਕੇਂਦਰੀ ਸਰਕਾਰ ਦਾ ਕੋਈ ਹੱਥ ਨਹੀਂ ਹੁੰਦਾ, ਜੈਸਾ ਕਿ ਭਾਰਤ ਦੇ ਹੋਰ ਸਾਰੇ ਸੂਬਿਆਂ ਵਿਚ ਹੈ। ਕੇਵਲ ਪੰਜਾਬ ਹੀ ਹੈ ਜਿਸ ਦਾ ਸਿੰਚਾਈ ਬੋਰਡ ਸੈਂਟਰ ਦੇ ਹੱਥ ਵਿਚ ਹੈ ਅਤੇ ਜਿਸ ਦੇ ਦਰਿਆਵਾਂ ਦੇ ਪਾਣੀ ਦਾ ਵੱਡਾ ਹਿੱਸਾ ਪੰਜਾਬ ਤੋਂ ਬਾਹਰ ਦੇ ਸੂਬਿਆਂ ਨੂੰ ਵਰਤਣ ਦਾ ਹੱਕ ਦਿੱਤਾ ਗਿਆ ਹੈ। ਇਹ ਪੰਜਾਬੀਆਂ ਦੀ ਆਰਥਿਕ ਦਸ਼ਾ ਨੂੰ ਨੀਵਾਂ ਲੈ ਜਾਣ ਵੱਲ ਭਾਰਤ ਦੀ ਕਾਂਗਰਸ ਸਰਕਾਰ ਦਾ ਇਕ ਹੋਰ ਮਾਰੂ ਕਦਮ ਹੈ, ਜਿਸ ਦਾ ਸ਼ਿਕਾਰ ਭੀ ਵਧੇਰੇ ਸਿਖ ਹੀ ਹੈ, ਜੋ ਏਥੇ ਦਾ ਵੱਡਾ ਕਾਸ਼ਤਕਾਰ ਹੈ।

ਸਿਖ ਸੁਭਾਉ ਕਰਕੇ ਮਿਹਨਤੀ ਹੈ ਅਤੇ ਇਸ ਨੂੰ ਕੋਈ ਰੋਜ਼ਗਾਰ ਮਿਲੇ, ਇਸਨੂੰ ਕਰਨ ਤੋਂ ਸੰਕੋਚ ਨਹੀਂ ਹੁੰਦਾ। ਹੁਣ ਜਦੋਂ ਫ਼ੌਜੀ ਸਿਖ ਭੀ ਅਤੇ ਖੇਤੀ ਕਰਨ ਵਾਲਾ ਸਿਖ ਭੀ ਬੇਰੁਜ਼ਗਾਰ ਹੋ ਗਿਆ ਸੀ ਤਾਂ ਸਰਕਾਰ ਦੀ ਜ਼ਿੰਮੇਵਾਰੀ ਸੀ ਕਿ ਉਸ ਦੇ ਲਈ ਰੋਜ਼ਗਾਰ ਮੁਹੱਈਆ ਕੀਤਾ ਜਾਂਦਾ, ਜੋ ਇੰਡਸਟਰੀ ਅਥਵਾ ਕਾਰਖ਼ਾਨੇ ਲਗਾ ਕੇ ਹੀ ਕੀਤਾ ਜਾ ਸਕਦਾ ਹੈ। ਵੱਡੀਆਂ ਇੰਡਸਟਰੀਆਂ ਲਈ ਸਰਕਾਰੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ, ਜਿਸ ਕਰਕੇ ਹਰ ਕੋਈ ਆਪਣੇ ਆਪ ਕੋਈ ਇੰਡਸਟਰੀ ਨਹੀਂ ਲਗਾ ਸਕਦਾ। ਇਸ ਪ੍ਰਥਾਏ ਭਾਵੇਂ ਹੋਰ ਸੂਬਿਆਂ ਵਿਚ ਕਈ ਕਿਸਮ ਦੇ ਕਾਰਖ਼ਾਨੇ ਲਗਾਏ ਗਏ ਸਨ, ਜੋ ਉਥੋਂ ਦੇ ਲੋਕਾਂ ਲਈ ਰੋਜ਼ਗਾਰ ਮੁਹੱਈਆ ਕਰਦੇ ਹਨ, ਪਰ ਦੇਸ਼ ਦੀ ਸਰਕਾਰ ਪੰਜਾਬ ਅੰਦਰ ਐਸੇ ਕਾਰਖ਼ਾਨੇ ਲਗਾਉਣ ਤੋਂ ਆਰੀ ਹੈ, ਕਿਉਂਕਿ ਇਨ੍ਹਾਂ ਦਾ ਲਾਭ ਵਧੇਰੇ ਕਰਕੇ ਸਿਖ ਮਜ਼ਦੂਰ ਨੂੰ ਹੋਣਾ ਹੈ।

ਫਿਰ ਫ਼ੌਜੀ ਸਰਵਿਸ ਵਿਚ ਜੋ ਮਾਰ ਸਿਖ ਨੇ ਸਹੀ ਸੀ, ਉਸ ਦਾ ਕੁੱਝ ਹੱਲ ਸਿਵਲ ਸਰਵਿਸ ਸਿੱਖਾਂ ਨੂੰ ਦੇਣ ਨਾਲ ਭੀ ਹੋ ਸਕਦਾ ਸੀ, ਪਰ ਸਿੱਖਾਂ 'ਤੇ ਇਹ ਦਰਵਾਜ਼ਾ, ਜੋ ਭਾਵੇਂ ਪਹਿਲੋਂ ਭੀ ਬੰਦ ਸਮਾਨ ਸੀ, ਹੁਣ ਜਦੋਂ ਸਿੱਖਾਂ ਨੇ ਸਰਕਾਰ ਦੇ ਉਲਟ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਸੰਨ 1984 ਅੰਦਰ ਸਿੱਖਾਂ ਨਾਲ ਅਜਿਹੀਆਂ ਘਟਨਾਵਾਂ ਵਰਤ ਗਈਆਂ, ਜਿਨ੍ਹਾਂ ਨੇ ਸਰਕਾਰ ਅੰਦਰ ਸਿਖ ਦੇ ਬਣੇ

ਵਿਸਾਹ ਨੂੰ ਵੀ ਚੋਖੀ ਸੱਟ ਲਾ ਦਿੱਤੀ ਹੈ, ਤਾਂ ਸਿਖ ਦਾ ਕਿਸੇ ਸਿਵਲ ਸਰਵਿਸ ਦੀ ਆਸ ਰੱਖਣਾ ਵੀ ਬੇਮਾਇਨੇ ਹੋ ਗਿਆ ਹੈ। ਇਸ ਤਰ੍ਹਾਂ ਸਿਖ ਹਰ ਬੰਨੇ ਤੋਂ ਰੋਜ਼ਗਾਰ-ਪ੍ਰਾਪਤੀ ਵੱਲੋਂ ਨਿਰਾਸ਼ ਹੋ ਚੁੱਕਾ ਹੈ ਅਤੇ ਉਸ ਲਈ ਰੋਟੀ ਦਾ ਕੋਈ ਸਾਧਨ ਨਾ ਰਹੇ ਹੋਣ ਕਾਰਨ ਉਹ ਮਾਯੂਸ ਹੋ ਚੁੱਕਾ ਹੈ। ਐਸੀ ਹਾਲਤ ਵਿਚ ਉਸ ਦਾ ਸਮੁੱਚੇ ਤੌਰ 'ਤੇ ਸਮਾਜ-ਵਿਰੋਧੀ ਧੰਧਿਆਂ ਵੱਲ ਝੁਕਾ ਹੋ ਜਾਣਾ ਕੁਦਰਤੀ ਹੈ, ਜੋ ਸਰਕਾਰ ਨੂੰ ਸਿਖ-ਵਿਰੋਧੀ ਕਾਰਵਾਈਆਂ ਕਰਨ ਲਈ ਆਮਾਦਾ ਕਰਦਾ ਹੈ। ਸਰਕਾਰ ਇਹ ਭੁੱਲ ਜਾਂਦੀ ਹੈ ਕਿ ਸਿਖ ਦੀਆਂ ਸਮਾਜ-ਵਿਰੋਧੀ ਕਾਰਵਾਈਆਂ ਦਾ ਕਾਰਨ ਉਸ ਦੀ ਬੇਰੋਜ਼ਗਾਰੀ ਹੈ, ਜਿਸ ਦਾ ਦੋਸ਼ ਉਕਤ ਹਾਲਾਤ ਦੀ ਰੋਸ਼ਨੀ ਵਿਚ ਸਰਕਾਰ 'ਤੇ ਹੀ ਆਉਂਦਾ ਹੈ।

(8) ਮੁਗ਼ਲ ਕਾਲ ਸਮੇਂ ਖ਼ਾਸ ਕਰ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਮਾਰ ਲੈਣ ਪਿੱਛੋਂ, ਬਹਾਦਰ ਸ਼ਾਹ, ਜ਼ਕਰੀਆ ਖ਼ਾਨ ਅਤੇ ਮੀਰ ਮਨੂੰ ਦੇ ਪੰਜਾਬ ਦਾ ਗਵਰਨਰ ਲੱਗੇ ਹੋਣ ਸਮੇਂ ਕਈ ਵਾਰ ਅਜਿਹੇ ਹੁਕਮ ਜਾਰੀ ਹੋਏ ਕਿ ਸਿਖ ਨੂੰ ਜਿਥੇ ਵੇਖੋ, ਗੋਲੀ ਮਾਰ ਦਿਓ ਅਤੇ ਇਉਂ ਸਿੱਖਾਂ ਦਾ ਸ਼ਿਕਾਰ ਕੀਤਾ ਜਾਂਦਾ ਰਿਹਾ। ਅੱਜ ਕੱਲ੍ਹ ਦਾ ਜ਼ਮਾਨਾ ਵਧੇਰੇ ਮੁਹੱਜ਼ਬ ਕਿਹਾ ਜਾਂਦਾ ਹੈ ਅਤੇ ਕਿਸੇ ਹਕੂਮਤ ਲਈ ਐਲਾਨੀਆ ਅਜਿਹੇ ਹੁਕਮ ਜਾਰੀ ਕਰਨਾ ਅੰਤਰ-ਰਾਸ਼ਟਰੀ ਤੌਰ 'ਤੇ ਉਸ ਨੂੰ ਬਦਨਾਮ ਕਰਦਾ ਹੈ, ਪਰ ਜਦੋਂ ਸਿੱਖਾਂ ਜੈਸੀ ਛੋਟੀ ਜਿਹੀ ਕੌਮ ਨੂੰ ਦੇਸ਼ ਦੀ ਅਖੰਡਤਾ ਭੰਗ ਕਰਨ ਦਾ ਦੋਸ਼ੀ ਗਰਦਾਨ ਲਿਆ ਗਿਆ ਹੋਵੇ ਅਤੇ ਹੋਰ ਹਰ ਪੱਖੋਂ ਉਸ ਨੂੰ ਦੇਸ਼-ਧਰੋਹੀ ਜਾਣ ਕੇ ਉਸ ਉਪਰ ਸ਼ੱਕ ਦੀ ਨਿਗਾਹ ਰੱਖੀ ਜਾਂਦੀ ਹੋਵੇ ਤਾਂ ਹਕੂਮਤ ਲਈ ਇਸ ਦਾ ਕੋਈ ਹੱਲ ਲੱਭਣਾ ਜ਼ਰੂਰੀ ਭਾਸਣ ਲੱਗ ਜਾਂਦਾ ਹੈ। ਅਸਾਂ ਵੇਖਣਾ ਹੈ ਕਿ ਭਾਰਤ ਦੀ ਕਾਂਗਰਸ ਸਰਕਾਰ ਨੇ ਕੀ ਹੱਲ ਕੀਤੇ।

ਇਸ ਦਾ ਪਹਿਲਾ ਵੱਡਾ ਭਾਵ-ਪੂਰਤ ਹੱਲ ਸਿਖ ਨੂੰ ਦੇਸ਼ ਦੀ ਹੋਰ ਜਨਤਾ ਦੀਆਂ ਨਜ਼ਰਾਂ ਵਿਚ ਗਿਰਾਉਣਾ, ਬਦਨਾਮ ਕਰਨਾ ਅਤੇ ਦੇਸ਼ ਦਾ ਵੈਰੀ ਗਰਦਾਨਣਾ ਸੀ। ਮੁਗ਼ਲ ਤੇ ਪਠਾਣ ਕਾਲ ਅੰਦਰ ਅਜਿਹਾ ਕਰਨ ਦਾ ਸਾਧਨ ਮਜ਼ਹਬੀ ਤਫ਼ਰਕਾ ਹੋਇਆ ਕਰਦਾ ਸੀ, ਜਿਸ ਦੇ ਜਨੂੰਨ ਅਧੀਨ ਸਿੱਖਾਂ ਦਾ ਕਤਲਾਮ (genocide) ਸੰਭਵ ਬਣ ਜਾਂਦਾ ਸੀ। ਅਜਿਹਾ ਹੋਣਾ ਇਸ ਜ਼ਮਾਨੇ ਵਿਚ ਸੰਭਵ ਨਹੀਂ ਸੀ, ਇਸ ਲਈ ਫ਼ਰਜ਼ੀ (fake) ਸਿਖ ਰੂਪ ਰੱਖਦੇ ਕੁੱਝ ਸਿੱਖਾਂ ਵੱਲੋਂ ਕਈ ਜਗ੍ਹਾ ਬੇਦੋਸ਼ੇ ਹਿੰਦੂਆਂ ਦਾ ਕਤਲ ਕਰਾਇਆ ਗਿਆ ਅਤੇ ਇਉਂ ਹਿੰਦੂ ਜਜ਼ਬਾਤ ਸਿਖ ਦੇ ਵਿਰੁੱਧ ਭੜਕਾਏ ਗਏ।

ਦੇਸ਼ ਭਰ ਵਿਚ ਹਿੰਦੂ ਜਜ਼ਬਾਤ ਸਿੱਖਾਂ ਦੇ ਉਲਟ ਭੜਕਾਉਣ ਲਈ ਹੀ ਇੰਦਰਾ ਦੇ ਕਤਲ ਉਪ੍ਰੰਤ, ਦਿੱਲੀ ਅੰਦਰ ਇਹ ਢੰਡੋਰੇ ਪਿੱਟੇ ਗਏ ਸਨ ਕਿ ਪੰਜਾਬ

ਤੋਂ ਹਿੰਦੂ ਲਾਸ਼ਾਂ ਦੀ ਭਰੀ ਇਕ ਗੱਡੀ ਦਿੱਲੀ ਆਈ ਹੈ ਅਤੇ ਸਿੱਖਾਂ ਨੇ ਦਿੱਲੀ ਅੰਦਰ ਪਾਣੀ ਵਿਚ ਜ਼ਹਿਰ ਮਿਲਾਇਆ ਹੈ, ਆਦਿ। ਇਸ ਪਿੱਛੋਂ ਜਦੋਂ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਦੀ ਪਦਵੀ ਸੰਭਾਲ ਚੁੱਕਾ ਸੀ, ਉਸ ਨੇ ਦੇਸ਼ ਦੇ ਕੋਨੇ ਕੋਨੇ ਪੁੱਜ ਕੇ ਅਨੰਦਪੁਰ ਸਾਹਿਬ ਦੇ ਮਤੇ ਦੇ ਹਵਾਲੇ ਅਤੇ ਹੋਰ ਕਈ ਗੱਲਾਂ ਰਾਹੀਂ ਸਿਖ ਦਾ ਦੇਸ਼ ਦੇ ਦੁਸ਼ਮਨ ਹੋਣ ਦਾ ਖ਼ੁਦ ਪ੍ਰਚਾਰ ਕੀਤਾ ਅਤੇ ਇਹ ਸਾਰਾ ਕੁੱਝ ਦੇਸ਼ ਦੇ ਟੈਲੀਵਿਯਨ ਅਤੇ ਆਕਾਸ਼ਬਾਣੀ ਰਾਹੀਂ ਕਈ ਦਿਨ ਪਰਸਾਰਿਆ ਜਾਂਦਾ ਰਿਹਾ। ਏਥੋਂ ਤਕ ਕਿ ਦੇਸ਼ ਦੀਆਂ ਕਾਂਗਰਸ ਵਿਰੋਧੀ ਪਾਰਟੀਆਂ, ਜੋ ਕਦੀ ਅਕਾਲੀ ਮੰਗਾਂ ਦੀਆਂ ਸਮਰਥਕ·ਸਨ, ਵੀ ਸਮੁੱਚੇ ਤੌਰ 'ਤੇ ਸਿਖ ਦੇ ਉਲਟ ਬਿਆਨ-ਬਾਜ਼ੀ 'ਤੇ ਉਤਰ ਆਈਆਂ।

ਪਰ ਇਸ ਤੋਂ ਪਹਿਲੋਂ ਇੰਦਰਾ ਗਾਂਧੀ ਨੇ ਆਪਣੇ ਜੀਉਂਦੇ-ਜੀਅ ਸਿਖ ਦੇ ਸਮੁੱਚੇ ਕਤਲਾਮ ਲਈ ਜੋ ਵਿਉਂਤਾਂ ਕੀਤੀਆਂ ਸਨ, ਉਨ੍ਹਾਂ ਵਿਚ ਸ਼ਾਮਲ ਸਨ 2 ਤੋਂ 6 ਨਵੰਬਰ 1984 ਦੌਰਾਨ ਪਾਕਿਸਤਾਨ ਉੱਤੇ ਕੀਤੇ ਜਾਣ ਵਾਲਾ ਹਮਲਾ ਅਤੇ ਇਸ ਦੇ ਲਈ ਸਿਖ ਜ਼ਿਲੇ ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਰਣ-ਖੇਤਰ ਬਣਾਉਣ ਦੀ ਤਜਵੀਜ਼ (ਜੋ ਇੰਦਰਾ ਦੇ 31 ਅਕਤੂਬਰ ਨੂੰ ਕਤਲ ਹੋ ਜਾਣ ਕਾਰਨ ਅਮਲ ਵਿਚ ਨਾ ਆ ਸਕੀ) ਅਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਇੰਦਰਾ ਦੇ ਜੀਵਨ-ਕਾਲ ਵਿਚ ਬਣੀ ਸਕੀਮ, ਜੋ ਪੰਜਾਬ ਅੰਦਰ ਲਾਗੂ ਕਰਨੀ ਸੀ, ਪ੍ਰੰਤੂ ਇਸ ਲਈ ਮੁਨਾਸਬ ਅਵਸਰ ਪੈਦਾ ਨਾ ਹੋਣ ਕਾਰਨ ਏਥੇ ਉਹ ਨਾ ਵਰਤੀ ਜਾ ਸਕੀ, ਇੰਦਰਾ ਦੇ ਕਤਲ ਪਿੱਛੋਂ ਦਿੱਲੀ ਅਤੇ ਪੰਜਾਬ ਤੋਂ ਬਾਹਰ ਸਿਖ ਵੱਸੋਂ ਰੱਖਦੇ ਲਗਪਗ ਸਾਰੇ ਸ਼ਹਿਰਾਂ ਤੇ ਕਸਬਿਆਂ, ਬਲਕਿ ਗੱਡੀਆਂ ਅਤੇ ਬੱਸਾਂ ਦੇ ਸਿਖ ਮੁਸਾਫ਼ਰਾਂ ਉਤੇ ਚਾਰ ਦਿਨ ਵਰਤੀ ਜਾਂਦੀ ਰਹੀ। ਇਸ ਅਧੀਨ ਮਾਰੇ ਗਏ ਕਈ ਹਜ਼ਾਰ ਸਿੱਖਾਂ ਵਿਚ, ਵਿਸ਼ੇਸ਼ ਕਰਕੇ 20 ਤੋਂ 45 ਸਾਲ ਦੀ ਉਮਰ ਦੇ ਸਿੱਖਾਂ ਦਾ ਕਤਲ ਅਤੇ ਸਿੱਖਾਂ ਦੀ ਅਰਬਾਂ ਦੀ ਮਾਲੀਅਤ ਦੀ ਜਾਇਦਾਦ—ਮਕਾਨ, ਦੁਕਾਨਾਂ, ਕਾਰਖ਼ਾਨੇ, ਬੱਸਾਂ, ਟਰੱਕ, ਕਾਰਾਂ ਤੇ ਮੋਟਰ ਸਾਈਕਲ ਆਦਿ ਦੀ ਸਾੜ-ਫੂਕ ਸ਼ਾਮਲ ਸਨ, ਇਨ੍ਹਾਂ ਤੋਂ ਇਲਾਵਾ ਸੈਂਕੜੇ ਗੁਰਦੁਆਰੇ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਭਸਮ ਕੀਤਾ ਜਾਣਾ, ਨੌਜਵਾਨ ਸਿਖ ਔਰਤਾਂ ਤੇ ਇਆਣੀਆਂ ਬੱਚੀਆਂ ਦੇ ਸਤ ਭੰਗ ਕਰਨੇ ਅਤੇ ਸਿੱਖਾਂ ਦੇ ਕੇਸ ਤੇ ਦਾੜ੍ਹੀਆਂ ਮੁੰਨੇ ਜਾਣ ਦੀਆਂ ਅਨੇਕਾਂ ਵਾਰਦਾਤਾਂ ਸ਼ਾਮਲ ਹਨ।

ਇਸ ਤੋਂ ਪਹਿਲੋਂ ਜੂਨ 1984 ਵਿਚ ਜੋ ਤਬਾਹੀ ਅਕਾਲ ਤਖ਼ਤ ਸਾਹਿਬ ਦੀ ਹੋਈ ਅਤੇ ਸ੍ਰੀ ਹਰਿਮੰਦਰ ਸਾਹਿਬ ਜੈਸੇ ਸਿਖ ਕੇਂਦਰ ਦੀ ਬੇਹੁਰਮਤੀ ਅਤੇ ਦਰਬਾਰ ਸਾਹਿਬ ਦੀਆਂ ਸਾਰੀਆਂ ਇਮਾਰਤਾਂ ਦੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਹਜ਼ਾਰਾਂ ਸਰੂਪਾਂ ਦੀ ਸਾੜ-ਫੂਕ, ਸਿੱਖਾਂ ਦੇ ਚਾਰ ਸੌ ਸਾਲ ਤੋਂ ਸੰਭਾਲੇ ਆ ਰਹੇ ਰੈਫ਼ਰੈਂਸ ਲਾਇਬ੍ਰੇਰੀਆਂ

ਦੀਆਂ ਹੱਥ-ਲਿਖਤਾਂ ਦੇ ਰੀਕਾਰਡ, ਗੁਰੂ ਸਾਹਿਬਾਨ ਦੇ ਸ਼ਸਤਰ ਤੇ ਅਨਮੋਲ ਤੋਸ਼ਾਖ਼ਾਨਾ ਜਿਸ ਤਰ੍ਹਾਂ ਲੁੱਟੇ ਜਾਂ ਭਸਮ ਕੀਤੇ ਗਏ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਅਤੇ ਬਾਹਰ ਜਿਸ ਤਰ੍ਹਾਂ ਹਜ਼ਾਰਹਾ ਮਾਸੂਮ ਬੱਚਿਆਂ, ਇਸਤਰੀਆਂ ਅਤੇ ਯਾਤਰੂਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਇਸ ਪਿੱਛੋਂ ਫੇਰ ਪੁਲੀਸ-ਮੁਕਾਬਲਿਆਂ ਅਤੇ ਜੇਲ੍ਹਾਂ ਅੰਦਰ ਰੱਖ ਕੇ ਜੋ ਬੇਦੋਸ਼ੇ ਨੌਜਵਾਨ ਮਾਰੇ ਗਏ, ਇਹ ਸਾਰਾ ਕੁੱਝ ਅਤੇ ਅਜਿਹਾ ਹੋਰ ਕੁੱਝ ਸਿਖ ਦੇ ਸਮੁੱਚੇ ਤੌਰ 'ਤੇ ਕਤਲਾਮ (genocide) ਦਾ ਹੀ ਚਿੱਤਰ ਹਨ।

ਇਹ ਹੈ ਸੰਖੇਪ ਵਾਰਤਾ ਭਾਰਤ ਅੰਦਰ ਸਿੱਖਾਂ ਜਿਹੀ ਅਤਿ ਛੋਟੀ ਘੱਟ-ਗਿਣਤੀ ਦੀ। ਸਿਖ ਦੀ ਦੇਸ਼ ਅੰਦਰ ਵੱਸੋਂ, ਇਕ ਹਜ਼ਾਰ ਮਨੁੱਖਾਂ ਵਿਚ ਕੇਵਲ 18 ਦੀ ਹੈ ਅਤੇ ਉਹ ਵੀ ਦੇਸ਼ ਵਿਚ ਇਉਂ ਖਿੰਡੇ ਹੋਏ ਹਨ ਜਿਵੇਂ ਕਿਸਾਨ ਬੀਜ ਬਖੇਰਦਾ ਹੈ। ਏਨੀ ਵੱਡੀ ਹਕੂਮਤ ਲਈ, ਜਿਸ ਨੂੰ ਇਕ ਸੌ ਵਿਚੋਂ 82 ਬੰਦਿਆਂ ਦਾ ਬਹੁਮਤ ਪ੍ਰਾਪਤ ਹੈ, ਵਾਸਤੇ ਦੇਸ਼ ਦੀ 1.8 ਫ਼ੀਸਦੀ ਆਬਾਦੀ ਅਥਵਾ ਇਕ ਸੌ ਪਿੱਛੇ ਕੇਵਲ ਦੋ ਬੰਦਿਆਂ ਨੂੰ ਸੰਤੁਸ਼ਟ ਰੱਖਣਾ ਕੋਈ ਵੱਡੀ ਗੱਲ ਨਹੀਂ ਸੀ, ਪਰ ਬਜਾਏ ਇਉਂ ਕਰਨ ਦੇ ਦੇਸ਼ ਦੀ ਬਹੁ-ਗਿਣਤੀ ਅਤੇ ਇਸ ਦੀ ਸਥਾਪੀ ਹਕੂਮਤ ਨੂੰ ਇਹੋ ਠੀਕ ਜਾਪਿਆ ਕਿ ਜਾਂ ਤਾਂ ਇਹ 1.8 ਫ਼ੀਸਦੀ ਆਪਣਾ ਵੱਖਵਾਦ ਛੱਡ ਕੇ ਆਪਣੇ ਆਪ ਨੂੰ ਬਹੁ-ਗਿਣਤੀ ਅੰਦਰ ਸਮੋ ਲੈਣ ਅਤੇ ਉਹ 82 ਤੋਂ 84 ਫ਼ੀਸਦੀ ਹੋ ਜਾਣ। ਪਰ ਜੇ ਉਹ ਇਹ ਗੱਲ ਨਾ ਮੰਨਣ ਤਾਂ ਉਨ੍ਹਾਂ ਨੂੰ ਏਨਾ ਮਜਬੂਰ ਕਰ ਦਿੱਤਾ ਜਾਵੇ ਕਿ ਉਹ ਦੇਸ਼ ਛੱਡ ਜਾਣ ਜਾਂ ਉਨ੍ਹਾਂ ਦਾ ਮਲੀਆਮੇਟ (genocide) ਕਰ ਦਿੱਤਾ ਜਾਵੇ। ਇਸ ਦੇ ਲਈ ਉਨ੍ਹਾਂ ਸਾਹਮਣੇ ਸਪੇਨ ਜੈਸੇ ਯੂਰਪੀ ਦੇਸ਼ ਦੀ ਉਤਸ਼ਾਹ-ਜਨਕ ਮਿਸਾਲ ਸੀ।

ਸਪੇਨ ਦੀ ਵਾਰਤਾ

ਸਪੇਨ ਇਕ ਈਸਾਈ ਦੇਸ਼ ਸੀ, ਪਰ ਕਿਸੇ ਜੁਗਤ ਨਾਲ ਮੁਸਲਮਾਨ ਉਸ ਉਪਰ ਛਾ ਗਏ। ਏਥੋਂ ਤਕ ਕਿ ਮੁਸਲਮਾਨਾਂ ਨੇ ਸਪੇਨ ਦੀ ਹਕੂਮਤ ਸੰਭਾਲ ਲਈ ਅਤੇ ਲਗਾਤਾਰ 780 ਸਾਲ (712 ਸੰਨ ਈਸਵੀ ਤੋਂ 1492 ਤਕ) ਰੱਜ ਕੇ ਸਪੇਨ 'ਤੇ ਰਾਜ ਕੀਤਾ। ਪਰ ਉਸ ਮੁਲਕ ਦੀ ਆਦੀ ਈਸਾਈ ਵੱਸੋਂ ਨੂੰ ਇਹ ਗੱਲ ਰੜਕਦੀ ਰਹੀ ਕਿ ਬਾਹਰ ਤੋਂ ਆਏ ਮੁਸਲਮਾਨ ਉਨ੍ਹਾਂ ਦੇ ਮੁਲਕ ਦੇ ਮਾਲਕ ਬਣ ਗਏ ਸਨ। ਇਹ ਗੱਲ ਈਸਾਈਆਂ ਵਿਚ ਅੰਦਰੇ-ਅੰਦਰ ਸੁਲਘਦੀ ਰਹੀ ਸੀ। ਆਪਣੀ ਬਹੁਤ ਵੱਡੀ ਗਿਣਤੀ ਦੇ ਜ਼ੋਰ ਉਨ੍ਹਾਂ ਉੱਠਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਜਥੇਬੰਦ ਕੀਤਾ ਅਤੇ ਆਪਣੇ ਬਾਹੂ-ਬਲ ਦੇ ਸਿਰ 'ਤੇ ਮੁਸਲਮਾਨਾਂ ਨੂੰ ਮਾਰਨਾ ਸ਼ੁਰੂ

ਕਰ ਦਿੱਤਾ ਅਤੇ ਕਈ ਮੁਹੱਜ਼ਬ ਤਰੀਕੇ ਅਪਣਾਏ, ਜਿਨ੍ਹਾਂ ਰਾਹੀਂ ਮੁਸਲਮਾਨਾਂ ਨੂੰ ਹਾਨੀ ਪਹੁੰਚਾਈ ਜਾ ਸਕਦੀ ਸੀ।

ਉਨ੍ਹਾਂ ਦਾ ਪਹਿਲਾ ਵਾਰ ਮੁਸਲਮਾਨਾਂ ਦੀ ਮਾਤ-ਭਾਸ਼ਾ ਅਰਬੀ 'ਤੇ ਸੀ। ਅਰਬੀ ਸ਼ਬਦ, ਜੋ ਦੇਸ਼ ਦੀ ਰਾਜ-ਭਾਸ਼ਾ ਅਤੇ ਵਿਦਿਆ-ਪ੍ਰਣਾਲੀ ਵਿਚ ਆ ਘੁਸੇ ਸਨ, ਇਨ੍ਹਾਂ ਨੂੰ ਖ਼ਤਮ ਕਰ ਕੇ ਸਪੇਨ ਦੀ ਬੋਲੀ ਨੂੰ ਹਰ ਗੱਲ ਵਿਚ ਪਹਿਲ ਦਿੱਤੀ ਗਈ। ਇਤਿਹਾਸ ਦੀਆਂ ਪਾਠ-ਪੁਸਤਕਾਂ ਵਿਚੋਂ ਮੁਸਲਮਾਨੀ ਵਾਰਤਾਵਾਂ ਨੂੰ ਨਾ ਨਿਰਾ ਖ਼ਤਮ ਹੀ ਕਰ ਦਿੱਤਾ, ਸਗੋਂ ਮੁਸਲਮਾਨੀ ਰਾਜ ਨੂੰ ਅਤਿ ਜ਼ੁਲਮੀ ਅਤੇ ਦੇਸ਼-ਧਰੋਹੀ ਰੰਗਤ ਦੇ ਦਿੱਤੀ। ਮੁਸਲਮਾਨਾਂ ਦੀ ਜੇ ਕੋਈ ਚੰਗੀ ਗੱਲ ਸੀ ਤਾਂ ਉਸ ਨੂੰ ਪਾਠ-ਪੁਸਤਕਾਂ ਤੋਂ ਮੇਸ ਦਿੱਤਾ ਗਿਆ। ਮੁਸਲਮਾਨ ਘਰਾਂ ਦੀਆਂ ਤਲਾਸ਼ੀਆਂ, ਜਿਵੇਂ ਪੰਜਾਬ ਅੰਦਰ ਅੱਜ ਸਿਖ ਘਰਾਂ ਦੀਆਂ ਕੀਤੀਆਂ ਜਾਂਦੀਆਂ ਹਨ, ਇਹ ਕਹਿ ਕੇ ਕੀਤੀਆਂ ਜਾਂਦੀਆਂ ਕਿ ਉਨ੍ਹਾਂ ਅੰਦਰ ਹਥਿਆਰ, ਬੰਦੂਕਾਂ, ਬੰਬ ਆਦਿ ਛੁਪਾਏ ਹੋਏ ਸਨ ਅਤੇ ਉਹ ਮੁਸਲਮਾਨੀ ਘਰਾਂ ਤੇ ਅਸਥਾਨਾਂ 'ਤੇ ਖ਼ੁਫ਼ੀਆ ਮੀਟਿੰਗਾਂ ਕਰਦੇ ਸਨ। ਬਲਕਿ ਮੁਸਲਮਾਨਾਂ ਨੂੰ ਸਮੁੱਚੇ ਤੌਰ 'ਤੇ ਦੇਸ਼-ਧਰੋਹੀ ਅਤੇ ਈਸਾਈਆਂ ਦੇ ਦੁਸ਼ਮਨ ਕਿਹਾ ਜਾਣ ਲੱਗਾ। ਜਿਵੇਂ ਅੱਜ ਸਿਖ ਨੂੰ ਹਿੰਦੂ ਦਾ ਦੁਸ਼ਮਨ ਕਿਹਾ ਜਾਂਦਾ ਹੈ। ਜੋ ਲੋਕ ਈਸਾਈਆਂ ਤੋਂ ਮੁਸਲਮਾਨ ਬਣੇ ਸਨ, ਉਨ੍ਹਾਂ ਨੂੰ ਕਈ ਤਰੀਕਿਆਂ ਨਾਲ ਮੁਸਲਮਾਨ ਮਤ ਤਿਆਗ ਕੇ ਮੁੜ ਈਸਾਈ ਹੋ ਜਾਣ ਲਈ ਪ੍ਰੇਰ ਲਿਆ ਗਿਆ। ਮੁਸਲਮਾਨੀ ਸ਼ਰ੍ਹਾ ਨੂੰ ਪਖੰਡ ਦੱਸ ਕੇ ਇਸ ਲਈ ਨਫ਼ਰਤ ਫੈਲਾਈ ਗਈ ਸਗੋਂ ਮੁਸਲਮਾਨੀ ਸ਼ਰ੍ਹਾ ਦੇ ਮਖ਼ੌਲ ਉਡਾਏ ਅਤੇ ਇਸ ਦਾ ਮੌਜੂ ਬਣਾਇਆ ਗਿਆ। ਮੁਸਲਮਾਨੀ ਮਕਾਨਾਂ ਤੇ ਦੁਕਾਨਾਂ ਸਾੜੀਆਂ ਜਾਣ ਲੱਗੀਆਂ ਤਾਂ ਕਿ ਉਨ੍ਹਾਂ ਦੀ ਇਕਤਸਾਦੀ (ਮਾਇਕ) ਦਸ਼ਾ ਨੀਵੀਂ ਕੀਤੀ ਜਾਏ। ਇਸਲਾਮ ਦਾ ਪੜ੍ਹਾਇਆ ਜਾਣਾ ਬੰਦ ਕੀਤਾ ਗਿਆ, ਜਿਸ ਦਾ ਨਤੀਜਾ ਇਸਲਾਮ ਦੀ ਸਿਖਿਆ ਮਸੀਤਾਂ ਵਿਚ ਹੀ ਥੋੜੀ ਬਹੁਤ ਰਹਿ ਗਈ। ਜੇਕਰ ਮੁਸਲਮਾਨ ਨੇ ਕੋਈ ਗੱਲ ਇਸਲਾਮ ਦੇ ਬਚਾਉ ਜਾਂ ਵਾਧੇ ਦੀ ਕੀਤੀ ਤਾਂ ਉਸ ਨੂੰ ਫ਼ਿਰਕੂ (communal) ਕਹਿ ਕੇ ਭੰਡਿਆ ਅਤੇ ਹਰ ਤਰੀਕੇ ਨਾਲ ਬੰਦ ਕੀਤਾ ਗਿਆ। ਜੋ ਸਪੇਨ ਤੋਂ ਬਾਹਰ ਵੱਸਦੇ ਕਿਸੇ ਮੁਸਲਮਾਨੀ ਦੇਸ਼ ਦੇ ਲੋਕਾਂ ਨੇ ਸਪੇਨ ਦੇ ਮੁਸਲਮਾਨ ਦੇ ਹੱਕ ਦੀ ਕੋਈ ਗੱਲ ਕੀਤੀ ਤਾਂ ਉਸ ਨੂੰ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਕਹਿ ਕੇ ਭੰਡਿਆ ਗਿਆ, ਜਿਵੇਂ ਅੱਜ ਭਾਰਤ ਸਰਕਾਰ ਕਰ ਰਹੀ ਹੈ।

ਮੁਸਲਮਾਨ ਆਬਾਦੀ ਵਾਲੇ ਇਲਾਕਿਆਂ ਦੇ ਚੋਣ-ਹਲਕੇ ਐਸੇ ਤਰੀਕੇ ਨਾਲ ਉਲੀਕੇ ਗਏ ਕਿ ਕੋਈ ਮੁਸਲਮਾਨ ਖੜਾ ਹੋਣ ਦਾ ਹੌਸਲਾ ਹੀ ਨਾ ਕਰੇ ਅਤੇ ਅਗਰ ਕੋਈ ਖੜਾ ਹੋ ਭੀ ਜਾਵੇ ਤਾਂ ਉਹ ਕਾਮਯਾਬ ਨਾ ਹੋ ਸਕੇ।

ਫ਼ੌਜ ਅਤੇ ਪੁਲੀਸ ਦੀ ਨੌਕਰੀ ਦੇ ਦਰਵਾਜ਼ੇ ਮੁਸਲਮਾਨਾਂ ਲਈ ਬੰਦ ਕੀਤੇ ਗਏ ਅਤੇ ਸਿਵਲ ਨੌਕਰੀਆਂ ਲਈ ਚੋਣ ਦਾ ਐਸਾ ਤਰੀਕਾ ਅਪਣਾਇਆ ਗਿਆ ਜਿਸ ਨਾਲ ਘੱਟ ਤੋਂ ਘੱਟ ਮੁਸਲਮਾਨ ਮੁਲਾਜ਼ਮਤ ਵਿਚ ਲਏ ਜਾਣ।

ਮੁਸਲਮਾਨਾਂ ਨਾਲ ਕੀਤੇ ਜਾਂਦੇ ਵਰਤਾਉ ਜਿਸ ਦਾ ਸੰਖੇਪ ਵੇਰਵਾ ਉਪਰ ਦਿੱਤਾ ਗਿਆ ਹੈ, ਤੋਂ ਦੁਖੀ ਹੋ ਕੇ ਸਪੇਨ ਦੇ ਮੁਸਲਮਾਨਾਂ ਨੇ ਰੋਜ਼ਗਾਰ ਦੀ ਖ਼ਾਤਰ ਜਾਂ ਆਪਣੇ ਧਰਮ-ਰੱਖਿਆ ਪਿੱਛੇ ਸਪੇਨ ਦਾ ਮੁਲਕ ਛੱਡ ਕੇ ਹੋਰ ਮੁਸਲਮਾਨੀ ਦੇਸ਼ਾਂ, ਜਿਵੇਂ ਟਰਕੀ, ਮਿਸਰ, ਅਰਬ ਤੇ ਈਰਾਨ ਅੰਦਰ ਜਾਣਾ ਅਰੰਭ ਦਿੱਤਾ ਅਤੇ ਇਉਂ ਥੋੜੇ ਸਾਲਾਂ ਵਿਚ ਹੀ ਸਪੇਨ ਦੀ ਮੁਸਲਮਾਨ ਵੱਸੋਂ ਪਤਲੀ ਪੈਣੀ ਸ਼ੁਰੂ ਹੋ ਗਈ। ਇਹ ਸਿਲਸਿਲਾ ਇਕ ਸੌ ਸਾਲ ਤੋਂ ਭੀ ਵੱਧ ਸਮਾਂ ਜਾਰੀ ਰਿਹਾ ਅਤੇ ਅਖ਼ੀਰ ਸੰਨ 1612 ਵਿਚ ਰਹਿੰਦੇ ਖੂੰਹਦੇ ਮੁਸਲਮਾਨ, ਜੋ ਹੱਠ ਧਾਰ ਕੇ ਡਟੇ ਬੈਠੇ ਰਹੇ ਸਨ, ਉਹ ਭੀ ਹੌਸਲਾ ਹਾਰ ਬੈਠੇ ਅਤੇ ਅੰਤ ਨੂੰ ਸਪੇਨ ਵਿਚੋਂ ਮੁਸਲਮਾਨਾਂ ਦਾ ਉੱਕਾ ਹੀ ਸਫ਼ਾਇਆ ਹੋ ਗਿਆ।

ਪਰ ਇਹ ਸਾਰਾ ਕੁੱਝ ਭੀ ਸਪੇਨ ਦੇ ਮੁਸਲਮਾਨ ਇਸ ਹੌਸਲੇ ’ਤੇ ਕਰ ਸਕੇ ਕਿ ਉਨ੍ਹਾਂ ਨੂੰ ਸਪੇਨ ਤੋਂ ਬਾਹਰ ਜਾ ਵੱਸਣ ਦੇ ਮੁਸਲਮਾਨੀ ਟਿਕਾਣੇ ਨਜ਼ਰੀਂ ਪੈਂਦੇ ਸਨ, ਜਿਥੋਂ ਦੇ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਧਰਮ ਭਾਈ ਜਾਣ ਕੇ ਜੀਉ ਆਇਆਂ ਕਿਹਾ।

ਭਾਰਤ ਅੰਦਰ ਮੌਜੂਦਾ ਸਿਖ ਸਥਿਤੀ

ਹੁਣ ਆਓ ਅੱਜ ਦੇ ਭਾਰਤ ਅੰਦਰ ਸਿਖ ਸਥਿਤੀ ਦਾ ਜਾਇਜ਼ਾ ਲਈਏ (ਇਸ ਬਾਰੇ ਸੋਚੀਏ)। ਅਸੀਂ ਇਸ ਪ੍ਰਥਾਏ ਇਸ ਲੇਖ ਦੇ ਆਦਿ ਵਿਚ ਕਾਫ਼ੀ ਕੁੱਝ ਦੱਸ ਚੁੱਕੇ ਹਾਂ ਕਿ ਜਦ ਤੋਂ ਇਸ ਦੇਸ਼ ਦੀ ਹਕੂਮਤ ਦੇਸ਼ ਦੇ 82 ਫ਼ੀਸਦੀ ਇਕ ਜਾਤੀ ਦੇ ਬੰਦਿਆਂ ਦੇ ਹੱਥ ਆਈ ਹੈ, ਦੇਸ਼ ਦੀ ਹਕੂਮਤ ਨੇ ਸਿੱਖਾਂ ਦੀ ਛੋਟੀ ਜਿਹੀ ਕੌਮ ਨੂੰ ਦੇਸ਼ ਦੀ ਬਹੁ-ਗਿਣਤੀ ਅੰਦਰ ਸਮੋ ਲੈਣ ਦੇ ਗੁਪਤ ਤੇ ਪ੍ਰਗਟ ਉਹ ਸਾਰੇ ਹੀਲੇ ਕੀਤੇ ਹਨ ਜੋ ਸਪੇਨ ਦੀ ਈਸਾਈ ਬਹੁਗਿਣਤੀ ਅਤੇ ਇਸ ਦੀ ਹਕੂਮਤ ਨੇ ਮੁਸਲਮਾਨਾਂ ਦੇ ਸਪੇਨ ਤੋਂ ਦੇਸ਼-ਨਿਕਾਲਾ ਲੈਣ ਲਈ ਕੀਤੇ ਸਨ। ਸਿਖ ਦੀ ਮਾਤ-ਭਾਸ਼ਾ ਪੰਜਾਬੀ ਅਤੇ ਇਸ ਦੀ ਲਿੱਪੀ ਗੁਰਮੁਖੀ, ਜੋ ਇਸ ਦੀ ਨਿਰੀ ਮਾਤ-ਭਾਸ਼ਾ ਹੀ ਨਹੀਂ ਸਗੋਂ ਇਸ ਦੀ ਧਰਮ-ਭਾਸ਼ਾ ਭੀ ਹੈ, ਨੂੰ ਮਾਨਤਾ ਨਾ ਦੇਣਾ ਅਤੇ ਹੋਰ ਭਾਸ਼ਾਵਾਂ ਦੇ ਸੂਬਿਆਂ ਵਾਂਗ ਪੰਜਾਬੀ ਦਾ ਸੂਬਾ ਨਾ ਬਣਨ ਦੇਣਾ ਅਤੇ ਜੇ ਇਹ ਮਜਬੂਰਨ ਬਣਾਉਣਾ ਹੀ ਪਿਆ ਤਾਂ ਇਸ ਵਿਚੋਂ ਲਗਪਗ ਅੱਧੇ ਪੰਜਾਬੀ ਲੋਕਾਂ ਨੂੰ ਇਸ ਸੂਬੇ ਤੋਂ ਬਾਹਰ ਕੱਢ ਦੇਣਾ।

ਸਿੱਖਾਂ ਨੂੰ ਖ਼ਾਸ ਕਰਕੇ ਪੱਛਮੀ ਪੰਜਾਬ (ਪਾਕਿਸਤਾਨ) ਤੋਂ ਏਥੇ ਵੱਸਣ ਹਿੱਤ ਆਏ ਸਿੱਖਾਂ ਨੂੰ ਐਸੇ ਤਰੀਕੇ ਨਾਲ ਖਿੰਡਾ ਦੇਣਾ ਕਿ ਉਹ ਆਪਣਾ ਸਿਖ ਪ੍ਰਤੀਨਿਧ ਨਾ ਚੁਣ ਸਕਣ।

ਪਾਕਿਸਤਾਨੋਂ ਆਏ ਸਿੱਖਾਂ ਨੂੰ ਜੁਰਮ ਕਰਨ ਦੇ ਆਦੀ ਦੱਸ ਕੇ, ਭਾਰਤੀ ਅਣ-ਸਿੱਖ ਵਸਨੀਕਾਂ ਅਤੇ ਸਰਕਾਰਾਂ ਅੰਦਰ ਸਿਖ ਨੂੰ ਬਦਨਾਮ ਕਰਨਾ ਅਤੇ ਇਨ੍ਹਾਂ ਵਾਸਤੇ ਉਨ੍ਹਾਂ ਦੀ ਹਮਦਰਦੀ ਨਾ ਹੋਣ ਦੇਣਾ।

ਅਛੂਤ ਜਾਤੀਆਂ ਨੂੰ ਵਿਸ਼ੇਸ਼ ਰਿਆਇਤਾਂ ਦੇਣ ਸਮੇਂ ਇਨ੍ਹਾਂ ਜਾਤੀਆਂ ਵਿਚੋਂ ਬਣੇ ਸਿੱਖਾਂ ਨੂੰ ਅਜਿਹੀਆਂ ਰਿਆਇਤਾਂ ਤੋਂ ਵਾਂਝ ਦੇਣਾ।

ਭਾਰਤੀ ਵਿਧਾਨ ਨੂੰ ਸਾਂਝੀ ਚੋਣ-ਪ੍ਰਣਾਲੀ ਦੇ ਆਧਾਰ 'ਤੇ ਘੜਨਾ, ਤਾਂ ਕਿ 1.8 ਫ਼ੀਸਦੀ ਆਬਾਦੀ ਵਾਲੇ ਸਿਖ ਆਪਣਾ ਸਿਖ ਨੁਮਾਇੰਦਾ ਨਾ ਚੁਣ ਸਕਣ।

ਬੱਚਿਆਂ ਦੀਆਂ ਪਾਠ-ਪੁਸਤਕਾਂ ਵਿਚ ਸਿਖ ਦੀ ਅਸਲੀਅਤ ਨੂੰ ਨਾ ਉਘੜਨ ਦੇਣਾ ਅਤੇ ਇਉਂ ਸਿੱਖਾਂ ਵੱਲੋਂ ਦੇਸ਼ ਦੀ ਖ਼ਾਤਰ ਦਿੱਤੀਆਂ ਕੁਰਬਾਨੀਆਂ ਨੂੰ ਨਜ਼ਰ-ਅੰਦਾਜ਼ ਕਰਨਾ।

ਦੇਸ਼ ਦੀਆਂ ਫ਼ੌਜਾਂ ਅੰਦਰ ਸਿੱਖਾਂ ਦੀ ਭਰਤੀ 30 ਫ਼ੀਸਦੀ ਤੋਂ ਘਟਾ ਕੇ ਦੇਸ਼ ਦੀ ਸਿੱਖ ਵੱਸੋਂ 1.8 ਫ਼ੀਸਦੀ ਅਨੁਸਾਰ ਅਥਵਾ ਦੋ ਤੋਂ ਭੀ ਘੱਟ ਕਰ ਦੇਣਾ, ਜਿਸ ਨਾਲ ਨਾ ਸਿਰਫ਼ ਸਿਖ ਦੀ ਮਾਰਸ਼ਲ ਸਪਿਰਿਟ ਨੂੰ ਹੀਣਤਾ ਆਵੇ ਬਲਕਿ ਸਿਖ ਜਵਾਨ ਬੇਰੁਜ਼ਗਾਰ ਹੋ ਕੇ ਘਸਿਆਰਾ ਬਣ ਕੇ ਰਹੇ ਜਾਂ ਲੁੱਟ-ਮਾਰ, ਡਾਕੇ ਅਤੇ ਚੋਰੀ ਕਰਨ ਦਾ ਆਦੀ ਬਣੇ ਅਤੇ ਅਜਿਹੇ ਕੁਕਰਮਾਂ ਕਾਰਨ ਕੈਦੀ ਹੋਣ ਦੀਆਂ ਮੁਸ਼ੱਕਤਾਂ ਭੋਗੇ।

ਆਜ਼ਾਦੀ ਤੋਂ ਪਹਿਲੋਂ ਸਿੱਖਾਂ ਨੂੰ ਵਿਸ਼ੇਸ਼ ਰਿਆਇਤਾਂ (concessions) ਦੇਣ ਦੇ ਦਿੱਤੇ ਬਚਨ ਅਤੇ ਖਾਧੀਆਂ ਸੌਗੰਧਾਂ ਤੋਂ ਮੁਕਰ ਜਾਣਾ ਅਤੇ ਸਿੱਖਾਂ ਦੇ ਘੱਟ-ਗਿਣਤੀ ਹੋਣ ਦੇ ਨਾਤੇ ਉਨ੍ਹਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣ, ਬਲਕਿ ਸਿਖ ਦੀ ਹਿੰਦੂ ਤੋਂ ਨਿਆਰੀ ਹੋਂਦ ਮੰਨਣ ਤੋਂ ਹੀ ਇਨਕਾਰ ਕਰਨਾ ਅਤੇ ਜੇ ਸਿਖ ਕਹਿੰਦਾ ਹੈ ਕਿ ਅਸੀਂ ਹਿੰਦੂ ਨਹੀਂ ਤਾਂ ਉਸ ਨੂੰ ਦੇਸ਼-ਧਰੋਹੀ ਤੇ ਵੱਖਵਾਦੀ ਕਹਿਣਾ।

ਸਿਖ ਦੇ ਕਮਾਈ ਦੇ ਸਾਧਨ ਉਸ ਪਾਸੋਂ ਖੋਹਣੇ, ਧਰਤੀ ਦੀ ਮਾਲਕੀ 'ਤੇ ਸੀਲਿੰਗ ਲਗਾ ਕੇ ਅਤੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਗ਼ੈਰ ਸੂਬਿਆਂ ਵਿਚ ਵੰਡ ਕੇ ਸਿਖ ਦੀ ਮਾਲੀ ਦਸ਼ਾ ਕਮਜ਼ੋਰ ਕਰਨਾ।

ਸਿਖ ਨੂੰ ਵੱਖਵਾਦੀ ਅਤੇ ਦੇਸ਼-ਧਰੋਹੀ ਦੱਸ ਕੇ ਅਤੇ ਸਰਕਾਰੀ ਪ੍ਰਚਾਰ ਮੀਡੀਆ (ਟੈਲੀਵਿਜਨ, ਆਕਾਸ਼ਬਾਣੀ ਅਤੇ ਅਖ਼ਬਾਰੀ ਸਾਧਨਾਂ) ਰਾਹੀਂ ਦੇਸ਼ ਦੀ ਬਾਕੀ ਜਨਤਾ (ਹਿੰਦੂ) ਤੋਂ ਉਸ ਦਾ ਨਿਖੇੜਾ ਕਰਨਾ ਅਤੇ ਇਉਂ ਸਿੱਖਾਂ ਅਤੇ ਹਿੰਦੂਆਂ ਵਿਚਾਲੇ ਪਾੜਾ ਪਾਉਣਾ।

ਪੰਜਾਬ ਅੰਦਰ ਹੋਰ ਸੂਬਿਆਂ ਵਾਂਗ ਵੱਡੇ ਕਾਰਖ਼ਾਨੇ ਨਾ ਲੱਗਣ ਦੇਣੇ ਅਤੇ ਇਉਂ ਪੰਜਾਬ ਦੇ ਮਜ਼ਦੂਰ, ਜੋ ਵਧੇਰੇ ਕਰਕੇ ਸਿਖ ਹੈ, ਨੂੰ ਬੇਰੁਜ਼ਗਾਰ ਰੱਖਣਾ ਅਤੇ ਉਸ ਦੀ ਮਾਲੀ ਦਸ਼ਾ ਅਤਿ ਨੀਵੀਂ ਕਰ ਦੇਣੀ।

ਸਿੱਖਾਂ ਦੇ ਸਮੁੱਚੇ ਤੌਰ 'ਤੇ ਕਤਲਾਮ (genocide) ਦੇ ਸਾਧਨ ਕਰ ਕੇ ਅਤੇ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਤਸੀਹੇ ਦੇ ਕੇ ਮਾਰਨਾ ਅਤੇ ਜੀਉਂਦੇ ਸਾੜ ਦੇਣਾ, ਸਿਖ ਘਰ, ਦੁਕਾਨਾਂ ਤੇ ਕਾਰਖ਼ਾਨਿਆਂ ਦੀ ਕਾਂਗਰਸੀ ਮੁਖੀਆਂ ਦੀ ਜਥੇਬੰਦਕ ਅਗਵਾਈ ਹੇਠ ਲੁੱਟ-ਮਾਰ ਤੇ ਸਾੜ-ਫੂਕ, ਸੈਂਕੜੇ ਸਿਖ ਗੁਰਦੁਆਰਿਆਂ, ਧਰਮ-ਗ੍ਰੰਥਾਂ, ਸਕੂਲਾਂ ਤੇ ਹੋਰ ਆਸ਼ਰਮਾਂ ਨੂੰ ਸਾੜ ਕੇ ਸੁਆਹ ਕਰਨਾ ਅਤੇ ਸਿੱਖਾਂ ਦਾ ਇਤਿਹਾਸਕ ਭੰਡਾਰ, ਤੋਸ਼ੇਖ਼ਾਨੇ ਅਤੇ ਧਾਰਮਿਕ ਯਾਦਗਾਰੀ ਪਦਾਰਥਾਂ ਦੀ ਲੁੱਟ-ਮਾਰ ਅਤੇ ਸਾੜ-ਫੂਕ ਅਤੇ ਸਿਖ ਅਤਿਵਾਦੀਆਂ ਦੇ ਨਾਮ ਹੇਠ ਹਜ਼ਾਰਾਂ ਨੌਜਵਾਨਾਂ ਦਾ ਜੇਲ੍ਹੀਂ ਡੱਕਣਾ ਅਤੇ ਉਨ੍ਹਾਂ ਉਪਰ ਅਜਰ ਤਸ਼ੱਦਦ (torture) ਕਰ ਕੇ ਉਨ੍ਹਾਂ ਨੂੰ ਨਾਹੱਕ ਮਾਰ ਦੇਣਾ, ਬਲਕਿ ਉਨ੍ਹਾਂ ਦੇ ਨਾਮ 'ਤੇ ਉਨ੍ਹਾਂ ਦੇ ਘਰਾਂ ਦੀਆਂ ਨਿਤਾਪ੍ਰਤੀ ਤਲਾਸ਼ੀਆਂ, ਉਨ੍ਹਾਂ ਦੀਆਂ ਧੀਆਂ ਭੈਣਾਂ ਦੀਆਂ ਬੇਪਤੀਆਂ, ਨਾਬਾਲਗ਼ ਬੱਚਿਆਂ ਨੂੰ ਦੇਸ਼-ਧਰੋਹੀ ਦੱਸ ਕੇ ਕੈਦੀ ਬਣਾਉਣਾ ਤੇ ਉਨ੍ਹਾਂ ਉਪਰ ਤਸ਼ੱਦਦ ਕਰਨੇ।

ਇਹ ਸਾਰਾ ਕੁੱਝ ਅਤੇ ਸਿੱਖਾਂ ਨਾਲ ਵਰਤੀਆਂ ਅਨੇਕਾਂ ਹੋਰ ਘਟਨਾਵਾਂ ਸਪੇਨ ਦੀ ਈਸਾਈ ਸਰਕਾਰ ਵੱਲੋਂ ਮੁਸਲਮਾਨਾਂ ਉਪਰ ਢਾਹੇ ਜ਼ੁਲਮਾਂ ਨੂੰ ਭੀ ਮਾਤ ਪਾ ਦੇਣ ਵਾਲੇ ਹਨ ਅਤੇ ਇਹ ਦੇਸ਼ ਦੀ ਉਸ ਘੱਟ-ਗਿਣਤੀ ਕੌਮ 'ਤੇ ਹਨ ਜਿਨ੍ਹਾਂ ਦੀਆਂ ਹਿੰਦੁਸਤਾਨ ਨੂੰ ਆਜ਼ਾਦੀ ਦਿਵਾਉਣ ਹਿੱਤ ਦਿੱਤੀਆਂ ਕੁਰਬਾਨੀਆਂ ਹੋਰ ਸਾਰੇ ਹਿੰਦੁਸਤਾਨੀਆਂ—ਹਿੰਦੂ ਮੁਸਲਮਾਨਾਂ ਤੋਂ ਕਈ ਗੁਣਾ ਵੱਧ ਹਨ ਅਤੇ ਇਹ ਉਸ ਸਿਖ ਕੌਮ ਦੇ ਬੰਦਿਆਂ ਨਾਲ ਹਨ ਜਿਨ੍ਹਾਂ ਦੇ ਆਜ਼ਾਦੀ ਮਿਲਣ ਤੋਂ ਪਹਿਲੋਂ ਦੇਸ਼ ਦਾ ਹਰ ਹਿੰਦੂ ਮੁਸਲਮਾਨ ਸੋਹਿਲੇ ਗਾਉਂਦਾ ਸੀ ਅਤੇ ਜਿਸ ਨੂੰ ਆਜ਼ਾਦ ਹੋਣ ਉਪ੍ਰੰਤ ਵਿਸ਼ੇਸ਼ ਅਧਿਕਾਰ ਦੇਣ ਲਈ ਮਹਾਤਮਾ ਗਾਂਧੀ ਅਤੇ ਪੰਡਤ ਨਹਿਰੂ ਜੈਸੇ ਹਿੰਦੂ ਕਾਂਗਰਸੀ ਨੇਤਾ ਸਹੁੰਆਂ ਖਾਂਦੇ ਗਏ, ਜਿਨ੍ਹਾਂ ਸਹੁੰਆਂ 'ਤੇ ਭਰੋਸਾ ਕਰ ਕੇ ਸਿੱਖਾਂ ਨੇ ਕਾਂਗਰਸ ਦਾ ਸਾਥ ਦਿੱਤਾ, ਜਿਸ ਨੂੰ ਸਿੱਖਾਂ ਦਾ ਵਿਸਾਹਘਾਤ ਕਰਦਿਆਂ ਹਿੰਦੂ ਪ੍ਰਭਾਵਤ ਕਾਂਗਰਸ ਨੂੰ ਰਤਾ ਭਰ ਭੀ ਲਾਜ ਨਹੀਂ ਆਈ, ਤਾਂ ਅਗਰ ਅੱਜ ਦਾ ਸਿਖ ਆਪਣੇ ਵੱਡਿਆਂ ਨੂੰ ਇਹ ਪੁੱਛਦਾ ਹੈ ਕਿ 'ਕਿਉ ਕੀਤੋ ਵੇਸਾਹੁ' ਤਾਂ ਇਸ ਵਿਚ ਝੂਠ ਕੀ ਹੈ?

ਪਰ ਜੇ ਦੇਸ਼ ਦੀ ਕਾਂਗਰਸ ਸਰਕਾਰ ਇਹ ਸੋਚਦੀ ਹੈ ਕਿ ਉਸ ਦੀਆਂ ਇਹ ਚਾਲਾਂ ਅਤੇ ਸਿੱਖਾਂ ਉਪਰ ਇਹ ਜ਼ੁਲਮ, ਸਪੇਨ ਦੇ ਵਸਨੀਕ ਮੁਸਲਮਾਨਾਂ ਵਾਂਗ ਸਿਖ ਨੂੰ ਦੇਸ਼ ਛੱਡ ਜਾਣ 'ਤੇ ਮਜਬੂਰ ਕਰ ਦੇਣਗੇ ਤਾਂ ਉਸ ਦੀ ਇਹ ਸੋਚਣੀ ਗ਼ਲਤ

ਹੈ। ਪੜ੍ਹੋ 'ਸਿਖ ਦੀ ਅਠਾਰ੍ਹਵੀ ਸਦੀ ਦਾ ਇਤਿਹਾਸ'। ਸਿਖ ਮਰ ਤਾਂ ਸਕਦਾ ਹੈ ਪਰ ਸਿਰੜ ਨਹੀਂ ਛੱਡ ਸਕਦਾ। ਇਨ੍ਹਾਂ ਦੇ ਗੁਰੂ ਨੇ ਭੀ 'ਸੀਸੁ ਦੀਆ ਪਰ ਸਿਰਰੁ ਨ ਦੀਆ'। ਤਾਂ ਐਸੇ ਗੁਰੂ ਦਾ ਸਿਖ ਸਿਰੜ ਕਿਵੇਂ ਛੱਡ ਸਕਦਾ ਹੈ ? ਫਿਰ ਸਿਖ ਦਾ ਮਰਨਾ ਜੀਉਣਾ ਹਿੰਦੁਸਤਾਨ ਨਾਲ ਵਾਬਸਤਾ (ਬੱਝਾ ਹੋਇਆ) ਹੈ, ਸਿਖ ਕਿਵੇਂ ਪਾਸਾ ਕਰ ਸਕਦਾ ਹੈ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ? ਸਿਖ ਦੇ ਮੁਫ਼ਾਦ ਖਿੰਡੇ ਪਏ ਹਨ, ਪੂਰਬ ਵਿਚ ਪਟਨਾ ਸਾਹਿਬ ਅਤੇ ਦੱਖਣ ਵਿਚ ਸਚਖੰਡ ਸ੍ਰੀ ਹਜ਼ੂਰ ਸਾਹਿਬ ਤਕ। ਭਾਰਤ ਦਾ ਜ਼ੱਰਾ ਜ਼ੱਰਾ ਸਿਖ ਨੂੰ ਕਿਸੇ ਅਦੁੱਤੀ ਵਡਿਆਈ ਦੀ ਯਾਦ ਦਿਲਾਉਂਦਾ ਹੈ। ਸਪੇਨ ਦੇ ਮੁਸਲਮਾਨ ਸਪੇਨ ਨੂੰ ਛੱਡ ਸਕਦੇ ਸਨ, ਹੋਰ ਮੁਲਕਾਂ ਵਿਚ ਵੱਸਦੇ ਆਪਣੇ ਧਰਮ-ਭਰਾਵਾਂ ਦੇ ਬਲ-ਬੋਤੇ। ਪਰ ਸਿਖ ਜਿਸ ਦਾ ਮੱਕਾ ਕਾਬਾ ਭਾਰਤ ਵਿਚ ਹੀ ਹੈ ਅਤੇ ਜਿਸ ਨੂੰ ਇਸ ਤੋਂ ਬਾਹਰ ਸਹਾਰਾ ਦੇਣ ਵਾਲਾ ਕੋਈ ਥਾਂ ਨਹੀਂ, ਉਹ ਭਾਰਤ ਨੂੰ ਛੱਡ ਕੇ ਕਿਧਰ ਮੂੰਹ ਕਰੇਗਾ ?

ਭਾਰਤ ਸਰਕਾਰ ਜੇ ਇਉਂ ਸੋਚਦੀ ਹੈ ਕਿ ਸਿਖ ਨੂੰ ਵਿਸ਼ੇਸ਼ ਸਾਧਨਾਂ ਦੁਆਰਾ ਦੇਸ਼-ਨਿਕਾਲਾ ਲੈਣ ਲਈ ਮਜਬੂਰ ਕੀਤਾ ਜਾ ਸਕਦਾ ਹੈ ਤਾਂ ਇਹ ਉਸ ਨੂੰ ਭੁਲੇਖਾ ਹੈ। ਸਿਖ ਤਾਂ ਕਹਿੰਦਾ ਹੈ :

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥੬੧॥ *(ਪੰਨਾ 1367)*

ਸਿਖ ਨੂੰ ਦੱਸਿਆ ਗਿਆ ਹੈ :

ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥੨੯॥ *(ਪੰਨਾ 1366)*

ਪੁਨਾ :

ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥ *(ਪੰਨਾ 327)*

ਸਿਖ ਨੇ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨ ਪਰਸ ਲਏ ਤਾਂ ਉਸ ਲਈ :

ਮਰਨ ਜੀਵਨ ਕੀ ਸੰਕਾ ਨਾਸੀ ॥ *(ਪ੍ਰਭਾਤੀ ਕਬੀਰ ਜੀ, ਪੰਨਾ 1349)*

ਸੋ ਗੁਰਸਿੱਖੋ, ਮਤ ਖ਼ਿਆਲ ਕਰੋ ਕਿ ਤੁਹਾਨੂੰ ਕੋਈ ਮਾਰ ਸਕਦਾ ਹੈ। ਸਰੀਰਕ ਮੌਤ ਨੇ ਅਵੱਸ਼ ਆਉਣਾ ਹੈ, ਚਾਰ ਦਿਨ ਅੱਗੇ ਜਾਂ ਪਿੱਛੇ, ਇਸ ਤੋਂ ਕਦੀ ਕੋਈ ਬਚਿਆ ਨਹੀਂ। ਸਾਡਾ ਨਜ਼ਰੀਆ ਤੰਗ ਹੈ, ਮਹਿਦੂਦ ਹੈ ਦਿੱਸਦੇ ਤਕ; ਜੇ ਅਸੀਂ

ਦਿੱਸਦੇ ਦੀ ਸੀਮਾ ਲੰਘ ਅਣਦਿੱਸਦੇ ਦੇ ਖੇਤਰ ਅੰਦਰ ਜਾਣਾ ਸਿਖ ਲਈਏ ਤਾਂ ਅਸੀਂ ਕਬੀਰ ਜੀ ਵਾਂਗ ਕਹਵਾਂਗੇ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥੨੨॥

(ਪੰਨਾ 1365)

ਸੋ ਲੋੜ ਤਾਂ ਇਸ ਗੱਲ ਦੀ ਹੈ ਕਿ ਅਸੀਂ ਆਤਮਿਕ ਮੌਤ ਨਾ ਮਰੀਏ, ਜਿਸ ਦਾ ਸਾਧਨ ਸਤਿਗੁਰੂ 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ' (ਪੰਨਾ 142) ਵਿਚ ਦੱਸਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਵਿਆਖਿਆ ਇਉਂ ਕੀਤੀ ਹੈ :

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ, ਨ ਨਿੱਤ ਰਹੈ, ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ ॥੨੪੯੨॥

'ਜਸ ਜੀਉਣਾ ਅਪਜਸ ਮਰਨਾ' ਸਿਆਣਿਆਂ ਦਾ ਕੌਲ ਹੈ, ਐਸਾ ਜੀਵਨ ਜੀਉ ਜਿਸ 'ਤੇ ਦੁਨੀਆ ਵਾਹੁ ਵਾਹੁ ਕਹੇ।

ਸਿਖ ਦੀ ਆਪਣੇ ਅੰਮ੍ਰਿਤ-ਦਾਤੇ ਵਾਂਗ ਇਹੋ ਅਰਦਾਸ ਸਦੀਵ-ਕਾਲ ਹੁੰਦੀ ਰਹੇ, 'ਜੂਝ ਮਰਉਂ ਰਣ ਮੈ ਤਜ ਭੈ, ਪ੍ਰਭ ਤੁਮ ਤੇ ਸਯਾਮ ਇਹੈ ਬਰ ਪਾਵੈ'। ਜੋ ਮਨੁੱਖ ਆਪਣੇ ਬੀਤੇ ਸਮੇਂ ਦੇ ਝੋਰੇ ਵਿਚ ਜਾਂ ਆਉਣ ਵਾਲੇ ਸਮੇਂ ਦੇ ਫ਼ਿਕਰ ਤੇ ਅੰਦੇਸ਼ੇ ਵਿਚ ਸਮਾਂ ਗਵਾ ਲੈਂਦਾ ਹੈ, ਉਹ ਸਫਲ ਜੀਵਨ ਨਹੀਂ ਹੋ ਸਕਦਾ। ਸਫਲਤਾ ਦਾ ਮੂੰਹ ਕੇਵਲ ਉਹ ਹੀ ਵੇਖ ਸਕਦਾ ਹੁੰਦਾ ਹੈ ਜਿਸ ਨੇ ਵਰਤਮਾਨ ਸਮੇਂ ਦੀ ਸੰਭਾਲ ਕੀਤੀ ਹੈ। ਬੀਤੇ ਦਾ ਝੋਰਾ ਅਤੇ ਭਵਿੱਖ ਦਾ ਅੰਦੇਸ਼ਾ ਵਰਤਮਾਨ ਦੀ ਮੌਤ ਕਰ ਦਿਆ ਕਰਦਾ ਹੈ। ਹਾਂ, ਬੀਤੇ ਸਮੇਂ ਦੀ ਜਾਂਚ ਪੜਤਾਲ ਵਰਤਮਾਨ ਲਈ ਸੇਧ ਦੇ ਕੇ ਭਵਿੱਖ ਨੂੰ ਉਜਲਾ ਬਣਾ ਦੇਣ ਦੇ ਸਮਰੱਥ ਹੁੰਦੀ ਹੈ। 'ਕਿਉ ਕੀਤੋ ਵੇਸਾਹੁ' ਹੇਠ ਪ੍ਰਕਾਸ਼ਤ ਹੋਈ ਇਹ ਪੁਸਤਕ ਅਜਿਹੀ ਜਾਂਚ ਪੜਤਾਲ ਹਿੱਤ ਭੂਤ ਕਾਲ ਅੰਦਰ ਵਾਪਰੇ ਹਾਲਾਤ ਦਾ ਵਰਣਨ ਹੈ, ਤਾਂ ਕਿ ਇਨ੍ਹਾਂ ਤੋਂ ਸਹੀ ਸੇਧ ਲੈ ਕੇ ਅਸੀਂ ਆਪਣੇ ਭਵਿੱਖ ਨੂੰ ਉਜਲਾ ਬਣਾਉਣ ਲਈ ਜਤਨਸ਼ੀਲ ਹੋ ਸਕੀਏ।

ਇੰਡੀਅਨ ਨੈਸ਼ਨਲ ਕਾਂਗਰਸ ਨੇ ਦੇਸ਼ ਆਜ਼ਾਦ ਹੋਣ ਤਕ ਸਿੱਖਾਂ ਨਾਲ ਜੋ ਵਾਹਿਦੇ ਮੁਆਹਿਦੇ ਕੀਤੇ ਅਤੇ ਆਜ਼ਾਦੀ ਉਪ੍ਰੰਤ ਜਿਸ ਤਰ੍ਹਾਂ ਉਨ੍ਹਾਂ ਨੂੰ ਨਿਬਾਹਿਆ, ਉਨ੍ਹਾਂ ਦਾ ਨਿਰਣਾ ਦੇਣਾ ਜ਼ਰੂਰੀ ਸੀ, ਤਾਂ ਕਿ ਸਿਖ ਆਪਣੇ ਭਵਿੱਖ ਬਾਰੇ ਸੋਚ ਸਕਣ।

ਅੱਜ ਸਿਖ ਨੌਜਵਾਨ ਨੂੰ ਅਤਿਵਾਦੀ ਤੇ ਵੱਖਵਾਦੀ ਕਹਿ ਕੇ ਉਸ ਉਪਰ ਕਈ ਕਿਸਮ ਦੇ ਤਸ਼ੱਦਦ ਕੀਤੇ ਜਾ ਰਹੇ ਹਨ, ਪਰ ਇਹ ਨਹੀਂ ਸੋਚਿਆ ਜਾਂਦਾ ਕਿ ਉਸ ਦੇ ਅਤਿਵਾਦੀ ਬਣ ਜਾਣ ਦੀ ਤਹਿ ਵਿਚ ਕੀ ਗੱਲ ਹੈ। ਇਹ ਹੈ ਸਾਡੀ ਕਹੀ ਜਾਂਦੀ ਨੈਸ਼ਨਲ ਕਾਂਗਰਸ ਦਾ ਸਿੱਖਾਂ ਨੂੰ ਦਿੱਤੇ ਵਾਹਿਦਿਆਂ ਅਤੇ ਇਸ ਪ੍ਰਥਾਏ

ਕਾਂਗਰਸ ਮੁਖੀਆਂ ਦੀਆਂ ਖਾਧੀਆਂ ਸਹੁੰਆਂ ਸੌਗੰਧਾਂ ਤੋਂ ਮੁੱਕਰ ਜਾਣਾ, ਜਿਸ ਨੂੰ ਸਿਖ ਉਸ ਨਾਲ ਹੋਇਆ ਅਤਿ ਦਰਜੇ ਦਾ ਵਿਸਾਹਘਾਤ ਸਮਝਦਾ ਹੈਂ, ਜਿਸ ਦੀਆਂ ਪੀੜਾਂ ਤੋਂ ਦੁਖੀ ਹੋਇਆ ਉਹ ਅਤਿਵਾਦੀ ਬਣ ਗਿਆ ਹੈ। ਇਹ ਸਮੁੱਚੇ ਤੌਰ 'ਤੇ ਹੀ ਪੰਜਾਬੀ ਅਤੇ ਖ਼ਾਸ ਕਰ ਸਿਖ ਸੁਭਾਉ ਹੈ ਕਿ ਉਸ ਦੇ ਅੰਦਰ ਬਦਲੇ ਦੀ ਭਾਵਨਾ ਬਹੁਤ ਜ਼ਿਆਦਾ ਹੈ, ਜਿਸ ਦੀ ਖ਼ਾਤਰ ਉਹ ਮਾੜੇ ਤੋਂ ਮਾੜੇ ਫੇਅਲ ਲਈ ਭੀ ਤਤਪਰ ਹੋਇਆ ਰਹਿੰਦਾ ਹੈ ਅਤੇ ਅਜਿਹਾ ਕਰਦਾ ਹੋਇਆ ਉਸ ਦਾ ਮੌਤ ਦਾ ਡਰ ਭੀ ਚੁੱਕਿਆ ਜਾਂਦਾ ਹੈ। ਫਿਰ ਅਤਿਵਾਦ ਅੰਦੋਲਨ ਦੀ ਸ਼ਕਲ ਅਖ਼ਤਿਆਰ ਕਰ ਲਵੇ ਤਾਂ ਸ੍ਰੀ ਹਾਫ਼ਰ ਅਨੁਸਾਰ, "All mass movements generate in their adherents readiness to die." ਅਰਥਾਤ, "ਸਾਰੇ ਅੰਦੋਲਨ ਆਪਣੇ ਅੰਦੋਲਨ-ਕਾਰੀਆਂ ਨੂੰ ਮਰਨ ਲਈ ਤਤਪਰ ਕਰ ਦੇਂਦੇ ਹਨ।"

ਇਸ ਪ੍ਰਥਾਏ ਹੀਰਨਾਮੇ ਕਾਰਲੇਕਾਰ ਲਿਖਦਾ ਹੈ:

> "A major cause of their doing so is often a sense of humiliation or an unbearable affront to one's self-respect."
>
> *(Indian Express, May 26, 1985)*

ਅਰਥਾਤ, "(ਅਤਿਵਾਦੀਆਂ ਦੇ ਮਰਨ ਲਈ ਤਤਪਰ ਹੋ ਜਾਣ ਦਾ) ਵੱਡਾ ਕਾਰਨ ਉਨ੍ਹਾਂ ਅੰਦਰ ਉਨ੍ਹਾਂ ਦੀ ਹੋਈ ਹੇਠੀ ਅਤੇ ਉਨ੍ਹਾਂ ਦੇ ਸਵੈਮਾਨ ਨੂੰ ਅਸਹਿ ਸੱਟ ਵੱਜੇ ਹੋਣ ਦਾ ਜਜ਼ਬਾ ਕੰਮ ਕਰਦਾ ਹੁੰਦਾ ਹੈ।"

ਅਜਿਹਾ ਜਜ਼ਬਾ ਸਿਖ ਨੌਜਵਾਨ ਦੇ ਅੰਦਰ ਭੜਕ ਪੈਣ ਦਾ ਮੁਖ ਕਾਰਨ ਤਾਂ ਕਾਂਗਰਸ ਵੱਲੋਂ ਸਿਖ ਦਾ ਕੀਤਾ ਵਿਸਾਹਘਾਤ ਹੀ ਸੀ, ਪ੍ਰੰਤੂ ਇਸ ਸਮੇਂ ਜਦੋਂ ਇਹ ਅਤਿਵਾਦੀ ਰੂਪੋਸ਼ (underground) ਹੋ ਗਏ ਤਾਂ ਪੁਲੀਸ ਵੱਲੋਂ ਇਨ੍ਹਾਂ ਦੇ ਰਿਸ਼ਤੇਦਾਰਾਂ ਤੇ ਧੀਆਂ ਭੈਣਾਂ ਦੀ ਜੋ ਬੇਪਤੀ ਹੋਈ, ਉਸ ਨੇ ਇਨ੍ਹਾਂ ਅੰਦਰ ਬਦਲੇ ਦੀ ਅੱਗ ਨੂੰ ਹੋਰ ਭੜਕਾ ਦਿੱਤਾ। ਇਸ ਤੋਂ ਭੀ ਵੱਧ ਸਾਲ 1984 ਵਿਚ ਅੰਮ੍ਰਿਤਸਰ, ਦਿੱਲੀ, ਕਾਨਪੁਰ ਆਦਿ ਥਾਵਾਂ 'ਤੇ ਸਿੱਖਾਂ ਦੀ ਜੋ ਬੇਪਤੀ ਹੋਈ ਅਤੇ ਘਲੂਘਾਰੇ ਵਰਤਾਏ ਗਏ, ਇਸ ਨੇ ਅਤਿਵਾਦੀਆਂ ਅੰਦਰੋਂ ਮਰਨ ਜੀਉਣ ਦਾ ਸ਼ੰਕਾ ਮਿਟਾ ਦਿੱਤੀ ਅਤੇ ਉਹ ਹਰ ਕੀਮਤ 'ਤੇ ਮਰਨ ਮਾਰਨ ਲਈ ਤਿਆਰ ਹੋ ਗਏ।

ਇਸ ਵਿਚ ਸ਼ੱਕ ਨਹੀਂ ਕਿ ਦੇਸ਼ ਦੀ ਸਰਕਾਰ ਦੀ ਅਥਾਹ ਸਮਰੱਥਾ ਦੇ ਸਾਹਮਣੇ ਅਤਿਵਾਦੀ ਬਹੁਤੀ ਦੇਰ ਅੜੇ ਨਹੀਂ ਰਹਿ ਸਕਦੇ, ਪਰ ਇਕ ਛੋਟੀ ਜਿਹੀ ਸਿਖ ਕੌਮ ਨੂੰ ਇਸ ਤਰ੍ਹਾਂ ਮਲੀਆਮੇਟ ਕਰਨ ਦੇ ਜਤਨ ਕਾਂਗਰਸ ਸਰਕਾਰ ਨੂੰ ਵੀ ਕੋਈ ਵਡਿਆਈ ਨਹੀਂ ਦਿਵਾ ਸਕਦੇ, ਖ਼ਾਸ ਕਰ ਜਦੋਂ ਉਹ ਸਿੱਖਾਂ ਨੂੰ ਦਿੱਤੇ ਬਚਨਾਂ ਤੋਂ

ਮੁੱਕਰ ਜਾਣ ਕਾਰਨ ਸਰਾਸਰ ਝੂਠੀ ਹੈ ਅਤੇ ਫਿਰ 1984 ਵਿਚ ਦੋ ਘਲੂਘਾਰੇ ਵਰਤਾ ਕੇ ਸਿੱਖਾਂ ਦੀ ਅਤਿ ਘਿਣਾਉਣੀ ਹੇਠੀ ਕੀਤੀ ਹੈ। ਏਨਾ ਕੁੱਝ ਹੋਣ ਦੇ ਬਾਵਜੂਦ ਅੱਜ ਵੀ ਕਾਂਗਰਸ ਮੁਖੀ ਅਕਲ ਤੋਂ ਕੰਮ ਲੈਣ ਅਤੇ ਆਪਣੇ ਕੀਤੇ ਕੌਲ-ਕਰਾਰ ਪੂਰੇ ਕਰ ਦੇਣ ਤਾਂ ਸਿਖ ਦਾ ਭਰੋਸਾ ਬਹਾਲ ਕਰ ਸਕਦੇ ਹਨ। ਅੱਜ ਤੋਂ 50-55 ਸਾਲ ਪਹਿਲੋਂ ਸਿਖ ਬਾਰੇ ਕਹੇ ਹੋਏ ਪ੍ਰੋਫ਼ੈਸਰ ਪੂਰਨ ਸਿੰਘ ਦੇ ਸ਼ਬਦ, ਸਰਕਾਰ ਨੂੰ ਸਮਝਣੇ ਚਾਹੀਦੇ ਹਨ ਅਤੇ ਸਿਖ ਨੂੰ ਹੋਰ ਚੁਣੌਤੀ ਦੇ ਰਾਹੇ ਨਹੀਂ ਪਾਉਣਾ ਚਾਹੀਦਾ। ਪੂਰਨ ਸਿੰਘ ਨੇ ਕਿਹਾ ਸੀ :

ਪਿਆਰ ਨਾਲ ਇਹ ਕਰਨ ਗ਼ੁਲਾਮੀ,
ਪਰ ਟੈਂ ਨ ਮੰਨਣ ਕਿਸੇ ਦੀ।

ਦੂਜੇ ਬੰਨੇ ਸਾਨੂੰ ਇਹ ਕਹਿਣ ਵਿਚ ਵੀ ਸੰਕੋਚ ਨਹੀਂ ਕਿ ਸਿਖ ਕੌਮ ਨੂੰ ਜਦ ਕਦੀ ਵੀ ਹੇਠੀ ਦਾ ਮੂੰਹ ਵੇਖਣਾ ਪਿਆ, ਇਸ ਦਾ ਕਾਰਨ ਕੌਮ ਦੇ ਲੀਡਰ ਤੇ ਜਥੇਦਾਰ ਹੀ ਸਨ, ਜਿਨ੍ਹਾਂ ਵਿਚਾਲੇ ਕੁਰਸੀਆਂ ਦੀ ਵੰਡ ਨੇ, ਜਾਂ ਉਨ੍ਹਾਂ ਦੇ ਵਿਰੋਧੀ ਹੱਥਾਂ ਵਿਚ ਵਿਕ ਜਾਣ ਨੇ, ਕੌਮ ਦਾ ਭੱਠਾ ਬਹਾ ਦਿੱਤਾ। ਜਿਸ ਹਉਮੈ ਦੇ ਤਿਆਗ ਲਈ ਸਤਿਗੁਰੂ ਸਾਹਿਬਾਨ ਸਿਖ ਨੂੰ ਵਾਰ ਵਾਰ ਟੁੰਬਦੇ ਹਨ, ਉਸ ਦਾ ਸਾਡੇ ਮਨਾਂ 'ਤੇ ਏਨਾ ਪ੍ਰਭਾਵ ਹੈ ਕਿ ਸਤਿਗੁਰੂ ਬਖ਼ਸ਼ੇ। ਹਜ਼ਾਰਾਂ ਬੇਗੁਨਾਹ ਅਤੇ ਮਾਸੂਮਾਂ ਦਾ ਕਤਲਾਮ, ਸੈਂਕੜੇ ਸਿਖ ਭੈਣਾਂ ਧੀਆਂ ਦੀ ਬਲਾਤਕਾਰੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਮੁਖ ਅਸਥਾਨਾਂ ਦੀ ਬੇਹੁਰਮਤੀ, ਸਮੁੱਚੇ ਸਿਖ ਵਿਰਸੇ ਦੀ ਤਬਾਹੀ ਅਤੇ ਅਨੇਕ ਜਾਗਤ-ਜੋਤਿ ਗੁਰ-ਸਰੂਪਾਂ ਦੀ ਸਾੜ-ਫੂਕ ਦਾ ਵੀ ਸਾਨੂੰ ਹਿਰਖ ਨਹੀਂ। ਸਾਡੇ ਅੰਦਰ ਇਕੋ ਹੀ ਪਕੜ ਹੈ ਕਿ ਸਾਡੀ ਕੁਰਸੀ ਸਲਾਮਤ ਰਹੇ। ਲੱਖ ਲੱਖ ਧਿਕਾਰ ਹੈ ਐਸੀ ਕੁਰਸੀ ਨੂੰ, ਜਿਸ ਨੇ ਸਾਰੀ ਕੌਮ ਵੇਚ ਵੱਟ ਖਾਧੀ ਹੈ। ਇਹ ਕੁਰਸੀ ਵੀ ਨਹੀਂ ਰਹਿਣੀ। ਹੋਸ਼ ਕਰੋ ਲੀਡਰੋ! ਜਥੇਦਾਰੋ ਤੇ ਸਰਦਾਰੋ! ਕਿਉਂ ਕੌਮ ਦੀ ਰਤੂ ਨਹਾਉਂਦੇ ਹੋ ? ਕੌਮ ਹੈ ਤਾਂ ਤੁਹਾਡੀ ਇੱਜ਼ਤ ਹੈ, ਕੌਮ ਹੈ ਤਾਂ ਗੁਰੂ ਦਾ ਨਾਮ ਵੀ ਜ਼ਿੰਦਾ ਹੈ। ਕੁਪ ਰਹੀੜੇ ਦੇ ਘਲੂਘਾਰੇ ਪਿੱਛੋਂ ਥੋੜੇ ਸਿੱਖਾਂ, ਜੋ ਬਚੇ ਸਨ, ਨੇ ਇਹ ਅਰਦਾਸ ਕੀਤੀ ਸੀ :

ਪੰਥ ਜੇ ਰਹਾ ਤੇਰਾ ਗਰੰਥ ਭੀ ਰਹਿਗੋ ਨਾਥ।
ਪੰਥ ਨ ਰਹਾ ਤੋ ਤੇਰਾ ਗਰੰਥ ਕੌਣ ਮਾਨੇਗੋ।

ਸੋ ਉਸ ਗੁਰੂ ਗ੍ਰੰਥ ਦੀ ਖ਼ਾਤਰ ਹੀ ਕੌਮ ਨੂੰ ਜੀਉਂਦਾ ਰਹਿਣ ਦਿਓ। ਤੁਹਾਡੀ ਦਸ਼ਾ ਵੇਖ ਕੇ ਹਰ ਸੂਝਵਾਨ ਮਨੁੱਖ ਅੱਜ ਵੀ ਇਹ ਕਹਿਣ ਲਈ ਮਜਬੂਰ ਹੋਵੇਗਾ : 'Is there any such thing as a far-seeing Sikh ?' 'ਕੀ ਸਿੱਖਾਂ ਵਿਚ ਕੋਈ ਦੂਰ ਦੀ ਸੋਚਣ ਵਾਲਾ ਬੰਦਾ ਵੀ ਹੋ ਸਕਦਾ ਹੈ ?'

ਸਾਨੂੰ ਗ਼ੈਰਾਂ ਉੱਤੇ ਕਾਹਦਾ ਹਿਰਖ ਰਹਿ ਜਾਂਦਾ ਹੈ, ਜੇ ਬੀਬੀਆਂ ਦਾੜ੍ਹੀਆਂ ਅਤੇ ਘੋਟਵੀਆਂ ਦਸਤਾਰਾਂ ਵਾਲੇ ਸਾਡੇ ਆਪਣੇ ਹੀ ਕੌਮ ਦਾ ਵਿਸਾਹਘਾਤ ਕਰਦੇ ਪਏ ਹੋਣ !

ਵੱਡੇ ਦੁਖ ਨਾਲ ਇਹ ਕਹਿਣਾ ਪੈਂਦਾ ਹੈ ਕਿ ਸਿਖ ਆਮ ਕਰਕੇ ਹੀ, ਕੀ ਪਰਾਇਆਂ ਅਤੇ ਕੀ ਆਪਣਿਆਂ ਦੇ ਵਿਸਾਹਘਾਤ ਦਾ ਸ਼ਿਕਾਰ ਹੁੰਦਾ ਰਿਹਾ ਹੈ। ਅਨੰਦਗੜ੍ਹ ਅੰਦਰ ਘਿਰੇ ਸਿਖ, ਪਹਾੜੀ ਰਾਜਿਆਂ ਦੀ ਭੇਜੀ ਆਟੇ ਦੀ ਗਊ ਦੀ ਸੌਗੰਧ ਤੋਂ ਵਿਸਾਹੇ ਗਏ। ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫ਼ਤਹਿ ਸਿੰਘ ਦੀ ਸ਼ਹੀਦੀ ਗੰਗੂ ਬ੍ਰਾਹਮਣ ਦੇ ਵਿਸਾਹਘਾਤ ਦਾ ਹੀ ਸਿੱਟਾ ਸੀ। ਸਭਰਾਉਂ ਵਿਖੇ ਅੰਗਰੇਜ਼ ਵਿਰੁੱਧ ਲੜੀ ਲੜਾਈ ਵਿਚ ਬ੍ਰਾਹਮਣ ਸਿਖ ਜਰਨੈਲਾਂ ਤੇਜ ਸਿੰਘ ਅਤੇ ਲਾਲ ਸਿੰਘ ਦੇ ਵਿਸਾਹਘਾਤ ਕਾਰਨ ਸਿੱਖਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। 1947 ਦੀ ਦੇਸ਼-ਵੰਡ ਦੇ ਵਕਤ ਇਕ ਸਿਖ ਸਰਦਾਰ ਦਾ ਵਿਸਾਹਘਾਤ ਸੀ, ਜਿਸ ਨੂੰ ਭਰੋਸੇ-ਯੋਗ ਜਾਣਦੇ ਹੋਏ ਸਿਖ ਮੁਖੀਆਂ ਵੱਲੋਂ ਸਿਖ ਸਟੇਟ ਸਥਾਪੇ ਜਾਣ ਦਾ ਮਸੌਦਾ ਮੁਸਲਿਮ ਲੀਡਰ ਮੁਹੰਮਦ ਅਲੀ ਜਿਨਾਹ ਪਾਸ ਪਹੁੰਚਾਉਣ ਲਈ ਦਿੱਤਾ ਗਿਆ ਸੀ, ਪ੍ਰੰਤੂ ਉਸ ਨੇ ਜਿਨਾਹ ਨੂੰ ਦੇਣ ਦੀ ਬਜਾਏ ਇਹ ਪੰਡਤ ਜਵਾਹਰ ਲਾਲ ਨਹਿਰੂ ਨੂੰ ਜਾ ਦਿੱਤਾ, ਜਿਸ ਗੱਲ ਨੇ ਸਿੱਖਾਂ ਵੱਲੋਂ ਉਲੀਕੀ ਸਾਰੀ ਵਿਉਂਤ ਦੇ ਸਿਰ ਸੁਆਹ ਪਾ ਦਿੱਤੀ, ਜਿਸ ਦੇ ਵਿਸਾਹਘਾਤ ਨੇ ਨਹਿਰੂ ਜੀ ਨੂੰ ਚੌਕੰਨੇ ਕਰ ਦਿੱਤਾ। ਆਜ਼ਾਦ ਹਿੰਦ ਅੰਦਰ ਸਿੱਖਾਂ ਦੇ ਹੱਕ ਸੁਰੱਖਿਅਤ ਕੀਤੇ ਜਾਣ ਲਈ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਪਾਸ ਕੀਤੇ ਮਤੇ ਮਹਾਤਮਾ ਗਾਂਧੀ ਤੇ ਪੰਡਤ ਨਹਿਰੂ ਦੀਆਂ ਖਾਧੀਆਂ ਸਹੁੰਆਂ ਸੌਗੰਧਾਂ ਤੋਂ ਮੁੱਕਰ ਜਾਣ ਜੇਡਾ ਵਿਸਾਹਘਾਤ ਭੀ ਕੋਈ ਹੋਵੇਗਾ ?

ਫਿਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 2 ਜੂਨ 1984 ਨੂੰ ਇਹ ਕਹਿਣਾ ਕਿ ਸਰਕਾਰ ਦਾ ਸ੍ਰੀ ਦਰਬਾਰ ਸਾਹਿਬ ਅੰਦਰ ਫ਼ੌਜ ਭੇਜਣ ਮੁਤੱਲਕ ਕੋਈ ਖ਼ਿਆਲ ਨਹੀਂ, ਪਰ 3 ਜੂਨ ਨੂੰ ਫ਼ੌਜ ਬੁਲਾ ਲੈਣੀ ਅਤੇ ਹੋਰ ਨੁਕਸਾਨ ਤੋਂ ਇਲਾਵਾ ਹਜ਼ਾਰਾਂ ਨਿਰਦੋਸ਼ ਬੱਚਿਆਂ, ਬੁੱਢਿਆਂ, ਇਸਤਰੀਆਂ ਦਾ 5 ਤੋਂ 6 ਜੂਨ ਨੂੰ ਕਤਲਾਮ ਕਰ ਦੇਣਾ ਵਿਸਾਹਘਾਤ ਨਹੀਂ ਤਾਂ ਹੋਰ ਕੀ ਹੈ ?

ਜੂਨ 1984 ਤੋਂ ਲੈ ਕੇ ਬੀਤੇ ਸਾਲ ਭਰ ਅੰਦਰ ਸਿੱਖਾਂ ਨਾਲ ਜੋ ਬੀਤੀ ਹੈ, ਇਹ ਸਾਰਾ ਕੁੱਝ ਜਾਣਦੇ ਬੁੱਝਦੇ ਹੋਏ ਜੇ ਅੱਜ ਭੀ ਸਿਖ ਲੀਡਰ ਆਪੋ ਆਪਣੀ ਡਫ਼ਲੀ ਵਜਾਉਂਦੇ ਹਨ ਅਤੇ ਕੌਮ ਦੇ ਜਜ਼ਬਾਤ ਦੀ ਕਦਰ ਨਾ ਕਰਦੇ ਹੋਏ, ਕੌਮ ਨੂੰ ਵੇਚ ਖਾਣ ਦੇ ਰਾਹੇ ਪੈ ਗਏ ਹਨ ਤਾਂ ਸ਼ਾਹ ਮੁਹੰਮਦ ਦੇ ਕਹੇ ਹੋਏ ਇਹ ਸ਼ਬਦ ਅੱਜ ਵੀ ਓਨੇ ਹੀ ਠੀਕ ਸਾਬਤ ਹੋਣਗੇ ਜਿੰਨੇ ਇਹ ਲਿਖੇ ਜਾਣ ਸਮੇਂ ਸਨ :

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ ।

ਅੰਤਿਕਾ-1

ਸ੍ਰੀ ਹਰਿਮੰਦਰ ਸਾਹਿਬ ਦਾ ਤੋਸ਼ਾਖ਼ਾਨਾ ਦਰਸ਼ਨੀ ਡਿਉਢੀ ਦੀ ਉਪਰਲੀ ਛੱਤ ਵਾਲੇ ਕਮਰੇ ਵਿਚ ਸੀ, ਇਸ ਵਿਚ ਰੱਖੀਆਂ ਕਈ ਅਮੁੱਲ ਵਸਤਾਂ ਦਾ ਵੇਰਵਾ ਇਉਂ ਹੈ :

1. ਇਕ ਗੂੜ੍ਹੇ ਲਾਲ ਰੰਗ ਦੀ ਮਖ਼ਮਲ ਦੀ ਚਾਨਣੀ, ਜਿਹੜੀ ਤਿੱਲੇ ਨਾਲ ਕੱਢੀ ਹੋਈ ਅਤੇ ਰੰਗ ਬਰੰਗੇ ਬਹੁਮੁੱਲੇ ਮੋਤੀਆਂ ਦੀਆਂ ਝਾਲਰਾਂ ਨਾਲ ਸਜਾਈ ਹੋਈ ਸੀ। ਇਹ ਚਾਨਣੀ ਨਵਾਬ ਹੈਦਰਾਬਾਦ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਟਾ ਕੀਤੀ ਸੀ, ਜਿਨ੍ਹਾਂ ਨੇ ਇਹ ਹਰਿਮੰਦਰ ਸਾਹਿਬ 'ਤੇ ਚੜ੍ਹਾ ਦਿੱਤੀ ਸੀ। ਇਹ ਚਾਨਣੀ ਹੁਣ ਸੜ ਚੁੱਕੀ ਹੈ ਤੇ ਇਸ ਦੀ ਰਾਖ ਤੋਸ਼ਾਖ਼ਾਨੇ ਅੰਦਰ ਰੱਖੀ ਦੱਸੀ ਜਾਂਦੀ ਹੈ।
2. ਨੌਂ ਮਣ ਤੇ ਚੌਦਾਂ ਸੇਰ ਚੰਦਨ ਵਿਚੋਂ 45 ਹਜ਼ਾਰ ਤਾਰਾਂ ਵਾਲਾ ਪੰਜ ਸਾਲ ਅਤੇ ਸੱਤ ਮਹੀਨੇ ਵਿਚ ਤਿਆਰ ਕੀਤਾ ਚੌਰ, ਜੋ ਇਕ ਮੁਸਲਮਾਨ ਫ਼ਕੀਰ ਹਾਜੀ ਮੁਹੰਮਦ ਮਸਕੀਨ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ 31 ਦਸੰਬਰ 1925 ਨੂੰ ਭੇਟਾ ਕੀਤਾ ਗਿਆ ਸੀ।
3. ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਸ਼ਾਹਜ਼ਾਦਾ ਸ਼ੇਰ ਸਿੰਘ ਦੇ ਵਿਆਹ ਸਮੇਂ 108 ਸੁੱਚੇ ਮੋਤੀਆਂ ਜੜਿਆ ਸਿਹਰਾ।
4. ਕੀਮਤੀ ਹੀਰਿਆਂ ਪੰਨਿਆਂ ਨਾਲ ਮੜ੍ਹਿਆ ਮੋਰ, ਜਿਸ ਦੀ ਗਰਦਨ ਨੀਲਮ ਦੀ ਬਣੀ ਹੋਈ ਹੈ ਅਤੇ ਜਿਸ ਦੀ ਚੁੰਝ ਵਿਚ ਮੋਤੀਆਂ ਦੀ ਮਾਲਾ ਪਕੜੀ ਹੋਈ ਹੈ।
5. ਸੰਨ 1922-23 ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਲਈ ਬਣੀਆਂ ਪੰਜ ਸੋਨੇ ਦੀਆਂ ਕਹੀਆਂ, ਜਿਨ੍ਹਾਂ ਦੇ ਦਸਤੇ ਚਾਂਦੀ ਦੇ ਹਨ ਤੇ 5 ਚਾਂਦੀ ਦੇ ਬਾਟੇ। ਇਸ ਤੋਂ ਬਿਨਾਂ ਵੱਖ ਵੱਖ ਸੱਜਣਾਂ ਵੱਲੋਂ ਭੇਟ ਕੀਤੀਆਂ 3 ਹੋਰ ਸੋਨੇ ਚਾਂਦੀ ਦੀਆਂ ਕਹੀਆਂ ਤੇ 10 ਚਾਂਦੀ ਦੇ ਬਾਟੇ।

6. ਮਹਾਰਾਜਾ ਰਣਜੀਤ ਸਿੰਘ ਦੀ ਸੋਨੇ ਦੀ ਮੁੱਠ ਵਾਲੀ ਹੀਰੇ ਜੜੀ ਤਲਵਾਰ।
7. ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ਿਆਂ ਦੀਆਂ ਸੋਨੇ ਦੀਆਂ ਜੋੜੀਆਂ।
8. ਸ੍ਰੀ ਨਨਕਾਣਾ ਸਾਹਿਬ ਵਾਲੀ ਸ਼ਹੀਦੀ ਬੀੜ ਵੀ ਇਥੇ ਹੀ ਬਿਰਾਜਮਾਨ ਹੈ।
9. ਇਕ ਸੋਨੇ ਦਾ ਛਤਰ, ਮੋਰ ਜੜਾਊ ਅਤੇ ਕਈ ਮੋਤੀਆਂ ਜੜੇ ਛੱਬੇ, ਤਿੱਲੇ ਦੀ ਝਾਲਰ, ਸੋਨੇ ਦੀ ਪਾਲਕੀ, ਸੋਨੇ-ਚਾਂਦੀ ਦੇ ਦੋ ਚੌਰ, ਸੋਨੇ ਦੇ ਹਾਰ, ਸੋਨੇ-ਚਾਂਦੀ ਦੀਆਂ ਕਿਰਪਾਨਾਂ, ਸੋਨੇ ਦੇ ਬਣੇ ਚੱਕਰ-ਖੰਡੇ, ਮੋਤੀਆਂ-ਹੀਰੇ ਜੜਿਆ ਹਾਰ, ਚਾਂਦੀ ਦੀ ਤਸ਼ਤਰੀ, ਜੋ ਜਲੌ ਸਮੇਂ ਲਗਾਏ ਜਾਂਦੇ ਹਨ।

ਇਸ ਤੋਂ ਇਲਾਵਾ ਇਸੇ ਤੋਸ਼ਾਖ਼ਾਨੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਬਾ ਅਟੱਲ ਸਾਹਿਬ ਦੇ ਜਲੌ ਦਾ ਸਾਮਾਨ ਵੀ ਹੁੰਦਾ ਹੈ—ਜਿਨ੍ਹਾਂ ਵਿਚ ਕੀਮਤੀ ਚਾਨਣੀਆਂ, ਸੋਨੇ ਦੇ ਸਿਹਰੇ ਤੇ ਹਾਰ ਆਦਿ ਸ਼ਾਮਲ ਹਨ।

ਅੰਤਿਕਾ-2

ਅੰਮ੍ਰਿਤਸਰ ਦੇ ਘਲੂਘਾਰੇ ਦੀ ਹੱਡੀਂ ਵਰਤੀ ਕਹਾਣੀ, ਜੋ ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ ਨੇ ਸੁਣਾਈ, ਉਸ ਨੂੰ ਪ੍ਰੋ.ਫੈਸਰ ਲਾਭ ਸਿੰਘ, ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਨੇ ਹੇਠ ਲਿਖੇ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

ਜੂਨ 1984 ਦੇ ਪਹਿਲੇ ਹਫ਼ਤੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਜੋ ਫ਼ੌਜੀ ਕਾਰਵਾਈ ਹੋਈ, ਉਸ ਨਾਲ ਕਈ ਨਿਰਦੋਸ਼ ਸਿੰਘ, ਸਿੰਘਣੀਆਂ ਤੇ ਬੱਚਿਆਂ ਨੂੰ ਭਿਆਨਕ ਤਸੀਹੇ ਝੱਲਣੇ ਪਏ। ਦਰਬਾਰ ਸਾਹਿਬ ਦੇ ਕਈ ਮੁਲਾਜ਼ਮਾਂ ਦੀ ਰਿਹਾਇਸ਼ ਪਰਕਰਮਾ ਦੇ ਚੌਗਿਰਦੇ ਦੇ ਮਕਾਨਾਂ ਵਿਚ ਸੀ। ਉਨ੍ਹਾਂ ਮੁਲਾਜ਼ਮਾਂ ਨੂੰ ਫ਼ੌਜੀ ਐਕਸ਼ਨ ਸਮੇਂ ਉਨ੍ਹਾਂ ਦੇ ਪਰਿਵਾਰਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਕੁੱਝ ਕੁ ਮੁਲਾਜ਼ਮਾਂ ਦੀਆਂ ਜਾਨਾਂ ਗਈਆਂ। ਕਈਆਂ ਨੂੰ ਬੇਰਹਿਮੀ ਨਾਲ ਕੁੱਟਿਆ ਮਾਰਿਆ ਗਿਆ। ਉਨ੍ਹਾਂ ਦੇ ਘਰਾਂ ਦਾ ਸਾਰਾ ਸਾਮਾਨ ਲੁੱਟਿਆ-ਪੁੱਟਿਆ ਤੇ ਸਾੜਿਆ-ਫੂਕਿਆ ਗਿਆ। ਇਨ੍ਹਾਂ ਮੁਲਾਜ਼ਮਾਂ ਦੀ ਕਰੜੀ ਸਕਰੀਨਿੰਗ ਤੇ ਜਾਂਚ ਪੜਤਾਲ ਲਈ ਇਨ੍ਹਾਂ ਨੂੰ ਹਫ਼ਤਿਆਂ-ਬੱਧੀ ਕੈਂਪ-ਜੇਲ੍ਹਾਂ ਦੇ ਬੰਦ ਕਮਰਿਆਂ ਵਿਚ ਕਰੜੇ ਫ਼ੌਜੀ ਪਹਿਰੇ ਹੇਠ ਰੱਖਿਆ ਗਿਆ। ਪੁੱਛ-ਪੜਤਾਲ ਤੇ ਪੁਣ-ਛਾਣ ਤੋਂ ਬਾਅਦ ਜਦ ਇਹ ਮੁਲਾਜ਼ਮ ਫ਼ੌਜੀ ਹਿਰਾਸਤ ਵਿਚੋਂ ਰਿਹਾਅ ਹੋਏ ਤਾਂ ਇਨ੍ਹਾਂ ਦੀ ਦਸ਼ਾ ਰੀਫ਼ੀਊਜੀਆਂ ਵਾਲੀ ਸੀ। ਇਨ੍ਹਾਂ ਦੇ ਲੁੱਟੇ ਪੁੱਟੇ ਤੇ ਉਜੜੇ ਘਰ ਵੀ ਫ਼ੌਜੀ ਕਬਜ਼ੇ ਵਿਚ ਸਨ।

ਸ੍ਰੀ ਦਰਬਾਰ ਸਾਹਿਬ ਦਾ ਇਕ ਅਰਦਾਸੀਆ ਭਾਈ ਜੋਗਿੰਦਰ ਸਿੰਘ ਵੇਦਾਂਤੀ ਪਰਕਰਮਾ ਦੀ ਦੱਖਣ-ਪੱਛਮੀ ਗੁੱਠ ਵਿਚ ਸਥਿਤ ਬਾਬਾ ਸਵਾਇਆ ਸਿੰਘ ਦੀ ਛਬੀਲ ਉਪਰ ਬਣੇ ਮਕਾਨ ਵਿਚ ਰਹਿੰਦਾ ਸੀ। ਭਾਈ ਜੋਗਿੰਦਰ ਸਿੰਘ ਵੇਦਾਂਤੀ ਨੇ 6 ਜੂਨ ਨੂੰ ਸ਼ਾਮ ਦੇ ਸਵਾ ਚਾਰ ਵਜੇ ਆਪਣੇ ਪਰਿਵਾਰ ਸਮੇਤ ਆਪਣੇ ਮਕਾਨ ਵਿਚੋਂ ਪਰਕਰਮਾ ਵੱਲ ਉਤਰ ਕੇ ਫ਼ੌਜ ਦੇ ਅੱਗੇ ਆਤਮ-ਸਮਰਪਣ ਕੀਤਾ। ਇਨ੍ਹਾਂ

ਨਾਲ ਉਸ ਸਮੇਂ ਇਨ੍ਹਾਂ ਦੀ ਧਰਮ ਪਤਨੀ ਬੀਬੀ ਹਰਭਜਨ ਕੌਰ (ਉਮਰ 32 ਸਾਲ), ਇਨ੍ਹਾਂ ਦੀ ਸੱਸ ਬੀਬੀ ਪ੍ਰੀਤਮ ਕੌਰ (ਉਮਰ 50 ਸਾਲ), ਇਨ੍ਹਾਂ ਦੀ ਸਾਲੀ ਬੀਬੀ ਕਸ਼ਮੀਰ ਕੌਰ (ਉਮਰ 16 ਸਾਲ) ਅਤੇ ਇਨ੍ਹਾਂ ਦਾ ਇਕ ਭਤੀਜਾ ਸੁਖਵਿੰਦਰ ਸਿੰਘ (ਉਮਰ 10 ਸਾਲ) ਵੀ ਸਨ। ਫ਼ੌਜੀਆਂ ਨੇ 6 ਜੂਨ ਨੂੰ ਸ਼ਾਮ ਦੇ ਚਾਰ ਵੱਜ ਕੇ ਪੰਜ ਮਿੰਟ 'ਤੇ, ਮੈਗਾਫ਼ੋਨ 'ਤੇ ਅਨਾਊਂਸਮੈਂਟ ਕੀਤੀ ਸੀ ਕਿ :

> "ਦਰਬਾਰ ਸਾਹਿਬ ਕੰਪਲੈਕਸ ਅੰਦਰ ਜੋ ਵਿਅਕਤੀ ਮੌਜੂਦ ਹਨ, ਉਹ ਅੱਧੇ ਘੰਟੇ ਦੇ ਅੰਦਰ ਅੰਦਰ ਬਾਹਰ ਆ ਜਾਣ, ਵਰਨਾ ਉਨ੍ਹਾਂ ਸਾਰਿਆਂ ਨੂੰ ਕਤਲ ਕਰ ਦਿੱਤਾ ਜਾਵੇਗਾ।"

ਇਹ ਅਨਾਊਂਸਮੈਂਟ ਸੁਣ ਕੇ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਕੋਈ ਵੀਹ-ਪੰਝੀ ਸੇਵਾਦਾਰ ਤੇ ਸ਼ਰਧਾਲੂ ਬਾਹਰ ਪਰਕਰਮਾ ਵਿਚ ਆ ਗਏ। ਸਾਰਿਆਂ ਨੂੰ ਹੱਥ ਖੜੇ ਕਰ ਕੇ ਫ਼ੌਜੀਆਂ ਅੱਗੇ ਆਤਮ-ਸਮਰਪਣ ਕਰਨ ਦਾ ਹੁਕਮ ਸੀ। ਉਨ੍ਹਾਂ ਦੇ ਗਾਤਰੇ ਤੇ ਦਸਤਾਰਾਂ ਲਾਹ ਕੇ ਦਸਤਾਰਾਂ ਨਾਲ ਉਨ੍ਹਾਂ ਸਾਰੇ ਸਿੰਘਾਂ ਦੇ ਹੱਥ ਉਲਟੇ ਕਰ ਕੇ ਪਿੱਠਾਂ ਪਿੱਛੇ ਨੂੜ ਦਿੱਤੇ ਗਏ। ਉਸ ਸਮੇਂ ਕੋਈ ਦੋ ਸੌ ਦੇ ਕਰੀਬ ਸਿੰਘ, ਸਿੰਘਣੀਆਂ ਤੇ ਬੱਚੇ, ਜਿਹਨਾਂ ਵਿਚ ਦਰਬਾਰ ਸਾਹਿਬ ਦੇ ਮੁਲਾਜ਼ਮ, ਸੇਵਾਦਾਰ, ਕੁੱਝ ਦਰਬਾਰ ਸਾਹਿਬ ਦੇ ਲਾਗੇ ਦੇ ਮਕਾਨਾਂ ਵਿਚ ਰਹਿਣ ਵਾਲੇ ਸ਼ਹਿਰੀ ਸਿਖ ਅਤੇ ਕੁੱਝ ਕੁ ਅੰਦਰ ਘਿਰੇ ਯਾਤਰੀ ਤੇ ਸ਼ਰਧਾਲੂ ਵੀ ਸ਼ਾਮਲ ਸਨ, ਗ੍ਰਿਫ਼ਤਾਰੀ ਲਈ ਵੱਖ-ਵੱਖ ਕਮਰਿਆਂ ਵਿਚੋਂ ਬਾਹਰ ਆਏ। ਭਾਈ ਜੋਗਿੰਦਰ ਸਿੰਘ ਵੇਦਾਂਤੀ ਤੇ ਉਨ੍ਹਾਂ ਦਾ ਪਰਿਵਾਰ ਵੀ ਇਨ੍ਹਾਂ ਵਿਚ ਹੀ ਸ਼ਾਮਲ ਸੀ। ਉਨ੍ਹਾਂ ਦੇ ਸਿਰ 'ਤੇ ਛੋਟੀ ਦਸਤਾਰ ਸੀ। ਫ਼ੌਜੀਆਂ ਨੇ ਇਨ੍ਹਾਂ ਦਾ ਗਾਤਰਾ ਲਾਹ ਲਿਆ ਅਤੇ ਸਿਰ ਦੀ ਛੋਟੀ ਦਸਤਾਰ ਲਾਹ ਕੇ ਇਸ ਨਾਲ ਇਨ੍ਹਾਂ ਦੇ ਹੱਥ ਵੀ ਉਲਟੇ ਕਰ ਕੇ ਪਿਛਾਂਹ ਨੂੜ ਦਿੱਤੇ।

ਭਾਈ ਜੋਗਿੰਦਰ ਸਿੰਘ ਵੇਦਾਂਤੀ ਦੀ ਰਿਹਾਇਸ਼ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਹੋਣ ਕਰਕੇ ਉਨ੍ਹਾਂ ਨੂੰ 4-5-6 ਅਤੇ 7 ਜੂਨ ਸ਼ਾਮ ਤਕ ਦੀਆਂ ਬਹੁਤ ਸਾਰੀਆਂ ਘਟਨਾਵਾਂ ਦੀ ਸਹੀ ਜਾਣਕਾਰੀ ਪ੍ਰਾਪਤ ਹੈ। ਅਗਸਤ ਮਹੀਨੇ ਦੇ *ਸੁਰੀਆ* ਰਸਾਲੇ ਵਿਚ ਵੇਦਾਂਤੀ ਜੀ ਦੀ ਜੋ ਇੰਟਰਵੀਊ ਛਪੀ ਹੈ, ਉਹ ਸਾਰੀ ਠੀਕ ਨਹੀਂ ਛਪੀ। ਉਸ ਵਿਚ ਉਨ੍ਹਾਂ ਅਨੁਸਾਰ ਰਸਾਲੇ ਵਾਲਿਆਂ ਕੁੱਝ ਗੱਲਾਂ ਮਨ-ਘੜਤ ਤੇ ਤੋੜ-ਮਰੋੜ ਕੇ ਛਾਪੀਆਂ ਹਨ।

ਵੇਦਾਂਤੀ ਜੀ ਨੇ ਖ਼ਾਹਿਸ਼ ਜ਼ਾਹਰ ਕੀਤੀ ਹੈ ਕਿ ਉਨ੍ਹਾਂ ਘਟਨਾਵਾਂ ਤੇ ਤੱਥਾਂ ਨੂੰ, ਜੋ ਉਨ੍ਹਾਂ ਦੇ ਗਿਆਨ-ਗੋਚਰ ਹਨ, ਸਹੀ ਰੂਪ ਵਿਚ ਪੇਸ਼ ਕੀਤਾ ਜਾਵੇ ਤਾਂ ਕਿ ਦਰਬਾਰ ਸਾਹਿਬ ਅੰਦਰ ਵਾਪਰੇ ਇਸ ਘਲੂਘਾਰੇ ਦੇ ਤਾਜ਼ਾ ਇਤਿਹਾਸ ਨੂੰ ਸਹੀ ਤੇ ਸ਼ੁਧ ਰੂਪ ਵਿਚ ਸੰਭਾਲਿਆ ਜਾਵੇ।

4 ਜੂਨ 1984 ਦੀ ਸਵੇਰ ਤੋਂ ਆਪਣੀ ਵਿਥਿਆ ਦਾ ਅਰੰਭ ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ ਇਉਂ ਕਰਦੇ ਹਨ:

ਉਸ ਦਿਨ 4 ਜੂਨ ਨੂੰ ਸਵੇਰੇ ਮੈਂ ਤਿੰਨ ਵਜੇ ਉਠਿਆ, ਇਸ਼ਨਾਨ-ਪਾਣੀ ਤੋਂ ਵਿਹਲਾ ਹੋ ਕੇ ਠੀਕ ਚਾਰ ਵਜੇ ਆਪਣੀ ਧਰਮ-ਪਤਨੀ ਸਮੇਤ ਮੈਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਡਿਊਟੀ 'ਤੇ ਪੁੱਜਾ। ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਕੀਤਾ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਾਲਕੀ ਸਾਹਿਬ ਆਉਣ 'ਤੇ ਸਾਢੇ ਚਾਰ ਵਜੇ ਹੁਕਮਨਾਮਾ ਹੋਇਆ। ਲਗਪਗ ਪੌਣੇ ਪੰਜ ਵਜੇ ਜਦ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ ਤਾਂ ਤੋਪ ਦਾ ਇਕ ਵੱਡਾ ਗੋਲਾ ਸਿੰਧੀਆਂ ਦੀ ਧਰਮਸਾਲਾ ਵਿਚ ਆ ਕੇ ਲੱਗਾ। ਇਹ ਧਰਮਸਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤਰ ਵੱਲ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਥੜ੍ਹਾ ਸਾਹਿਬ ਦੇ ਵਿਚਕਾਰ ਸਥਿਤ ਸੀ, ਜੋ ਹੁਣ ਢਾਹ ਦਿੱਤੀ ਗਈ ਹੈ। ਤੋਪ ਦਾ ਇਹ ਗੋਲਾ ਜਲ੍ਹਿਆਂ ਵਾਲੇ ਬਾਗ਼ ਵੱਲੋਂ ਆਇਆ ਜਾਪਦਾ ਸੀ। ਇਸ ਤੋਂ ਤਿੰਨ-ਚਾਰ ਮਿੰਟ ਬਾਅਦ ਅੰਧਾ-ਧੁੰਦ ਫ਼ਾਇਰਿੰਗ ਸ਼ੁਰੂ ਹੋ ਗਈ, ਜੋ ਲਗਾਤਾਰ ਰਾਤ ਦੇ ਸਾਢੇ ਦਸ ਵਜੇ ਤਕ ਚੱਲਦੀ ਰਹੀ। ਥੋੜ੍ਹੇ ਥੋੜ੍ਹੇ ਅਰਸੇ ਬਾਅਦ ਵੱਖ-ਵੱਖ ਥਾਵਾਂ 'ਤੇ ਤੋਪਾਂ ਦੇ ਗੋਲੇ ਵੀ ਵਰ੍ਹਦੇ ਰਹੇ। ਚਾਰ ਜੂਨ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹਾਲਾਂ ਕੋਈ ਗੋਲੀ ਨਹੀਂ ਆਈ ਸੀ। ਅਸੀਂ ਇਹਤਿਆਤ ਵਜੋਂ ਹਰਿਮੰਦਰ ਸਾਹਿਬ ਦੇ ਬੂਹੇ ਤੇ ਬਾਰੀਆਂ ਅੰਦਰੋਂ ਬੰਦ ਕਰ ਲਈਆਂ ਸਨ। ਪਰਕਰਮਾ ਵਿਚ ਵੀ ਹਾਲਾਂ ਗੋਲੀਆਂ ਆਉਣੀਆਂ ਸ਼ੁਰੂ ਨਹੀਂ ਸਨ ਹੋਈਆਂ। ਮੈਂ ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਸਮੇਤ ਡਿਊਟੀ ਤੋਂ ਫ਼ਾਰਗ਼ ਹੋ ਕੇ ਸਾਢੇ 9 ਵਜੇ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਆਇਆ ਅਤੇ ਅਸੀਂ ਆਪੋ ਆਪਣੇ ਟਿਕਾਣਿਆਂ 'ਤੇ ਜਾ ਪੁੱਜੇ। ਚਾਰ ਤਾਰੀਖ਼ ਸ਼ਾਮ ਨੂੰ ਹਰਿਮੰਦਰ ਸਾਹਿਬ ਅੰਦਰ ਨਿਤਨੇਮ ਦੇ ਪ੍ਰੋਗਰਾਮ ਦੀ ਅੱਠ ਵਜੇ ਹੀ ਸਮਾਪਤੀ ਕਰ ਦਿੱਤੀ ਗਈ। ਉਸ ਰਾਤ ਪਾਲਕੀ ਸਾਹਿਬ ਤੇ ਮਹਾਰਾਜ ਦਾ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਨਹੀਂ ਲਿਜਾਇਆ ਗਿਆ, ਸਗੋਂ 'ਹਰਿ ਕੀ ਪਉੜੀ' ਉਪਰ ਜੀ ਮਹਾਰਾਜ ਦਾ ਸੁਖਾਸਨ ਕੀਤਾ ਗਿਆ ਸੀ।

ਦਸ ਵਜੇ ਰਾਤ ਨੂੰ ਸਾਰੇ ਦਰਬਾਰ ਸਾਹਿਬ ਕੰਪਲੈਕਸ ਅਤੇ ਆਸ-ਪਾਸ ਦੀਆਂ ਬਿਲਡਿੰਗਾਂ ਦੀ ਬਿਜਲੀ ਕੱਟ ਦਿੱਤੀ ਗਈ। ਰਾਤ ਦੇ ਹਨੇਰੇ ਵਿਚ ਫ਼ੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਉੱਚੀਆਂ ਬਿਲਡਿੰਗਾਂ ਵਿਚ ਮੋਰਚੇ ਸਾਂਭ ਲਏ। ਰਾਤ ਸਾਢੇ ਦਸ ਵਜੇ ਤੋਂ ਅਗਲੀ ਸਵੇਰ ਦੇ ਕੋਈ ਪੌਣੇ ਪੰਜ ਵਜੇ ਤਕ ਫ਼ਾਇਰਿੰਗ ਬੰਦ ਰਹੀ।

ਪੰਜ ਜੂਨ ਨੂੰ ਸਵੇਰੇ ਮੈਂ ਤਿਆਰ ਹੋ ਕੇ ਠੀਕ ਚਾਰ ਵਜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਡਿਊਟੀ 'ਤੇ ਪੁੱਜਾ। ਉਸ ਸਮੇਂ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਕੁੱਝ ਸੇਵਾਦਾਰਾਂ ਸਮੇਤ ਹਰਿ ਕੀ ਪਉੜੀ ਤੋਂ ਮਹਾਰਾਜ ਦਾ ਸਰੂਪ ਹੇਠਾਂ ਲਿਆ ਰਹੇ ਸਨ। ਪ੍ਰਕਾਸ਼ ਕਰਨ ਉਪ੍ਰੰਤ ਹੁਕਮਨਾਮਾ ਹੋਇਆ। ਹਾਲਾਂ ਪੰਜ ਵੱਜਣ ਵਿਚ ਪੰਜ ਮਿੰਟ ਬਾਕੀ ਸਨ ਕਿ ਅਚਾਨਕ ਫ਼ੌਜੀਆਂ ਨੇ ਤੋਪਾਂ ਦੇ ਗੋਲੇ ਚਲਾਉਣੇ ਸ਼ੁਰੂ ਕਰ ਦਿੱਤੇ। ਤੋਪ ਦੇ ਅੱਠ ਗੋਲੇ ਲਗਾਤਾਰ ਸਿੰਧੀਆਂ ਦੀ ਧਰਮਸਾਲਾ 'ਤੇ ਲੱਗੇ। ਉਨ੍ਹਾਂ ਦੇ ਖੜਾਕ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਬਿਲਡਿੰਗ ਵੀ ਕੰਬ ਰਹੀ ਸੀ। ਇਉਂ ਪੰਜ ਜੂਨ ਨੂੰ ਫੇਰ ਫਾਇਰਿੰਗ ਸ਼ੁਰੂ ਹੋ ਗਈ। ਅੱਜ ਸਾਰੇ ਪਾਸਿਆਂ ਤੋਂ ਪਰਕਰਮਾ ਅੰਦਰ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੀ ਗੋਲੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਇਸ ਲਈ ਅਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਬੂਹੇ ਬੰਦ ਕਰ ਲਏ ਸਨ। ਇਸ ਵੇਲੇ ਸ੍ਰੀ ਦਰਬਾਰ ਸਾਹਿਬ ਅੰਦਰ ਕੋਈ ਵੀ ਥਾਂ ਸੁਰੱਖਿਅਤ ਨਹੀਂ ਸੀ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਉਸ ਸਮੇਂ ਕੋਈ ਚਾਰ-ਪੰਜ ਅਖੰਡ ਪਾਠੀ ਸਿੰਘ, ਪੰਦਰਾਂ-ਵੀਹ ਸੇਵਾਦਾਰ ਅਤੇ ਦਸ ਕੁ ਹੋਰ ਸ਼ਰਧਾਲੂ ਤੇ ਪ੍ਰੇਮੀ ਸਿੰਘ ਮੌਜੂਦ ਸਨ। ਇਨ੍ਹਾਂ ਵਿਚ ਸ: ਹਰਚਰਨ ਸਿੰਘ ਹੁਡਿਆਰਾ, ਸ਼ਹੀਦ ਭਾਈ ਫ਼ੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਅਤੇ ਉਸ ਦੀ ਭੈਣ ਬੀਬੀ ਪਰਮਜੀਤ ਕੌਰ ਵੀ ਸ਼ਾਮਲ ਸਨ। ਇਹ ਬੀਬੀ ਪਰਮਜੀਤ ਕੌਰ ਪੰਜ ਜੂਨ ਦੀ ਰਾਤ ਨੂੰ ਬਾਬਾ ਸਵਾਇਆ ਸਿੰਘ ਦੀ ਛਬੀਲ ਲਾਗੇ ਸ਼ਹੀਦ ਹੋ ਗਈ ਸੀ। ਉਸ ਨਾਲ ਇਕ ਬੀਬੀ ਇੰਦਰਜੀਤ ਕੌਰ ਵੀ ਸੀ, ਜਿਸ ਨੂੰ ਜ਼ਖ਼ਮੀ ਹਾਲਤ ਵਿਚ 6 ਜੂਨ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜੋ ਹਾਲਾਂ ਤਕ ਜੇਲ੍ਹ ਵਿਚ ਬੰਦ ਦੱਸੀਦੀ ਹੈ।

ਪੰਜ ਜੂਨ ਨੂੰ ਅਸੀਂ ਸਾਢੇ ਗਿਆਰਾਂ ਵਜੇ ਤਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੀ ਰਹੇ। ਸਾਢੇ ਗਿਆਰਾਂ ਵਜੇ ਅਸੀਂ ਕੋਈ ਪੰਜ ਸਿੰਘ—ਮੈਂ, ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ ਅਤੇ ਕੋਈ ਤਿੰਨ ਕੁ ਸੇਵਾਦਾਰ ਪਿੱਤਲ ਦੇ ਜੰਗਲਿਆਂ ਵਿਚੋਂ ਦੀ ਲੰਮੇ ਪੈ ਪੈ ਕੇ ਦਰਸ਼ਨੀ ਡਿਉਢੀ ਤਕ ਅੱਪੜੇ, ਅੱਗੋਂ ਨੱਠ ਕੇ ਬਰਾਂਡੇ ਦੀ ਓਟ ਲਈ। ਇਉਂ ਲੁਕਦੇ-ਛਿਪਦੇ ਆਪਣੇ ਟਿਕਾਣਿਆਂ 'ਤੇ ਅੱਪੜੇ ਗਏ। ਉਸ ਸਮੇਂ ਬਾਬਾ ਸਵਾਇਆ ਸਿੰਘ ਦੀ ਛਬੀਲ ਲਾਗੇ ਦੋ ਕੁ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਪਈਆਂ ਹੋਈਆਂ ਸਨ। ਮੇਰੀ ਰਿਹਾਇਸ਼ ਵੀ ਉੱਤੇ ਸੁਰੱਖਿਅਤ ਨਹੀਂ ਸੀ। ਇਸ ਲਈ ਦੁਪਹਿਰ ਦੇ ਕੋਈ ਸਾਢੇ ਬਾਰਾਂ ਵਜੇ ਮੈਂ ਆਪਣੇ ਪਰਿਵਾਰ ਸਮੇਤ ਹੇਠਾਂ ਗਿੱਲੇ ਕਪੜਿਆਂ ਦੇ ਸਟੋਰ ਵਾਲੇ ਕਮਰੇ ਵਿਚ ਆ ਗਿਆ। ਇਸ ਸਟੋਰ ਦੇ ਕਮਰੇ ਵਿਚ ਪਹਿਲਾਂ ਹੀ ਸਿੰਘਾਂ ਦੀ ਕਾਫ਼ੀ ਭੀੜ ਸੀ, ਜਿਸ ਕਰਕੇ ਏਥੇ ਦਮ ਘੁੱਟਦਾ ਸੀ। ਇਸ

ਤੋਂ ਅਸੀਂ ਉਪਰ ਮਕਾਨ ਵਿਚ ਜਾਣਾ ਹੀ ਠੀਕ ਸਮਝਿਆ। ਕੋਈ ਸਵਾ ਕੁ ਘੰਟੇ ਬਾਅਦ ਹੀ ਅਸੀਂ ਫੇਰ ਉਪਰ ਚਲੇ ਆਏ।

ਗੁਰੂ ਰਾਮਦਾਸ ਸਰਾਂ ਵਾਲੀ ਪਾਣੀ ਦੀ ਵੱਡੀ ਟੈਂਕੀ ਉਸ ਦਿਨ ਕੋਈ ਡੇਢ ਵਜੇ ਤੋੜੀ ਗਈ। ਹਾਲਾਂ ਅਸੀਂ ਹੇਠਾਂ ਸਟੋਰ ਦੇ ਕਮਰੇ ਵਿਚ ਹੀ ਬੈਠੇ ਸਾਂ। ਟੈਂਕੀ ਦਾ ਪਾਣੀ ਵਗਦਾ ਸਾਨੂੰ ਦਿਖਾਈ ਦਿੰਦਾ ਸੀ। ਟੈਂਕੀ ਉਪਰ ਲਗਾਤਾਰ ਕੋਈ ਦੋ ਸੌ ਗੋਲੇ ਮਾਰੇ ਗਏ। ਸ਼ਾਮ ਦੇ ਕੋਈ ਅੱਠ ਕੁ ਵਜੇ ਫ਼ੌਜ ਨੇ ਪਾਪੜਾਂ ਵਾਲੇ ਬਾਜ਼ਾਰ ਵੱਲੋਂ ਤੰਗ ਗਲੀਆਂ ਵਿਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਘੇਰਾ ਪਾਉਣ ਦਾ ਯਤਨ ਕੀਤਾ। ਫ਼ੌਜੀਆਂ ਨੂੰ ਮਿਲ ਰਹੇ ਆਰਡਰਾਂ ਦੀ ਆਵਾਜ਼ ਸਾਨੂੰ ਸੁਣਾਈ ਦੇ ਰਹੀ ਸੀ। ਪਰ, ਸਾਡੇ ਪਾਸੇ ਦੀ ਗੁੱਠ ਉਪਰੋਂ ਸਿੰਘਾਂ ਨੇ ਪਿਛਲੀ ਗਲੀ ਵਿਚ ਦਾਖ਼ਲ ਹੋਏ ਫ਼ੌਜੀਆਂ ਉਪਰ ਅਚਾਨਕ ਕੁੱਝ ਸੁੱਟਿਆ ਅਤੇ ਫ਼ੌਜੀਆਂ ਦੀ 'ਮਾਰ ਦੀਏ, ਮਾਰ ਦੀਏ' ਕਹਿੰਦਿਆਂ ਦੀ ਆਵਾਜ਼ ਸਾਨੂੰ ਸੁਣਾਈ ਦਿੱਤੀ। ਸ਼ਾਇਦ ਉਥੇ ਸਾਰੇ ਫ਼ੌਜੀ ਹੀ ਮਾਰੇ ਗਏ। ਇਸ ਤੋਂ ਕੋਈ ਪੰਜ ਮਿੰਟ ਬਾਅਦ ਫ਼ੌਜੀਆਂ ਨੇ ਸਾਡੇ ਮਕਾਨ ਦੇ ਪਿੱਛੇ ਲੱਗਦੀ ਗਲੀ ਵਿਚ ਇਕ ਫ਼ੌਜੀ ਜੀਪ ਲਿਆ ਕੇ ਖੜੀ ਕਰਨ ਦਾ ਯਤਨ ਕੀਤਾ। ਇਸ ਜੀਪ ਉਪਰ ਇਕ ਤੋਪ ਬੀੜੀ ਹੋਈ ਸੀ ਅਤੇ ਉਸ ਵਿਚ ਫ਼ੌਜੀ ਜਵਾਨ ਸਵਾਰ ਸਨ। ਪਰ, ਉਪਰ ਕਿਸੇ ਟਿਕਾਣੇ ਬੈਠੇ ਸਿੰਘਾਂ ਨੇ ਇਨ੍ਹਾਂ ਦੇ ਅੱਗੇ ਵਧਣ 'ਤੇ ਰੋਕ ਪਾ ਦਿੱਤੀ। ਅਸੀਂ ਸੁਣਿਆ ਸੀ ਕਿ ਇਸ ਟਿਕਾਣੇ ਉੱਤੇ ਕੋਈ 12-13 ਸਿੰਘ ਸਨ, ਜਿਨ੍ਹਾਂ ਆਖ਼ਰੀ ਦਮ ਤਕ ਬਹਾਦਰੀ ਦੇ ਜੌਹਰ ਦਿਖਾਏ।

ਰਾਤ ਨੂੰ ਕੋਈ ਪੌਣੇ ਦਸ ਵਜੇ ਇਕ ਛੋਟਾ ਟੈਂਕ ਪਰਕਰਮਾ ਵਿਚ ਦਾਖ਼ਲ ਹੋਇਆ। ਇਸ ਟੈਂਕ ਦਾ ਇਕ ਗੋਲਾ ਸਾਡੇ ਗੁੱਠ ਵਾਲੇ ਕਮਰੇ ਵਿਚ ਆ ਕੇ ਲੱਗਾ। ਇਸ ਗੋਲੇ ਨਾਲ ਉਪਰੋਕਤ ਸਿੰਘਾਂ ਵਿਚੋਂ ਇਕ ਸਿੰਘ ਜ਼ਖ਼ਮੀ ਵੀ ਹੋ ਗਿਆ ਸੀ, ਜਿਸ ਨੂੰ ਉਸ ਦੇ ਸਾਥੀ ਹੇਠਾਂ ਛੱਡ ਗਏ ਸਨ। ਅਸੀਂ ਇਸ ਟੈਂਕ ਨੂੰ ਨਕਾਰਾ ਹੁੰਦਿਆਂ ਦੇਖਿਆ। ਅਗਲੇ ਦਿਨ ਇਹ ਟੈਂਕ ਬਾਬਾ ਸਵਾਇਆ ਸਿੰਘ ਦੀ ਛਬੀਲ ਪਾਸ ਗੁੱਠ ਵਿਚ ਉਸੇ ਹਾਲਤ ਵਿਚ ਖੜਾ ਸੀ। ਅਜਾਇਬ ਘਰ ਵੱਲੋਂ ਰਾਤ ਦੇ ਕੋਈ ਬਾਰਾਂ ਵਜੇ ਤਕ ਫ਼ੌਜ ਦੇ ਅੱਗੇ ਵਧਣ 'ਤੇ ਰੁਕਾਵਟ ਪਾਈ ਜਾਂਦੀ ਰਹੀ। ਉਸ ਤੋਂ ਬਾਅਦ ਇਹ ਪਾਸਾ ਫ਼ੌਜ ਨੇ ਕਬਜ਼ੇ ਵਿਚ ਕਰ ਲਿਆ।

ਰਾਤ ਦੇ ਕੋਈ ਸਾਢੇ ਕੁ ਦਸ ਵਜੇ ਕੁੱਝ ਟੈਂਕ ਲੰਗਰ ਵਾਲੇ ਰਸਤੇ ਪਰਕਰਮਾ ਵਿਚ ਦਾਖ਼ਲ ਹੋ ਗਏ ਸਨ। ਇਨ੍ਹਾਂ ਵਿਚੋਂ ਇਕ ਟੈਂਕ ਨੇ ਲਾਈਟ ਦਾ ਗੋਲਾ ਮਾਰ ਕੇ ਫਿਰ ਇਕ ਤੋਪ ਦਾ ਗੋਲਾ ਛਬੀਲ ਨਾਲ ਲੱਗਦੇ ਇਕ ਨੰਬਰ ਕਮਰੇ ਵਿਚ ਮਾਰਿਆ ਸੀ। ਅਗਲੇ ਦਿਨ ਇਕ ਟੈਂਕ ਬਾਬਾ ਦੀਪ ਸਿੰਘ ਵਾਲੀ ਛਬੀਲ ਪਾਸ, ਦੋ ਟੈਂਕ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਸਥਾਨ ਲੰਘ ਕੇ ਅੱਗੇ ਇਕ ਛੋਟਾ ਟੈਂਕ ਜੋ

ਪਹਿਲਾਂ ਦਾਖ਼ਲ ਹੋਇਆ ਸੀ, ਉਹ ਬਾਬਾ ਸਵਾਇਆ ਸਿੰਘ ਦੀ ਛਬੀਲ ਕੋਲ ਖੜਾ ਸੀ। ਪਹਿਲਾਂ ਜ਼ਹਿਰੀਲੀ ਗੈਸ ਦਾ ਇਕ ਗੋਲਾ ਅਕਾਲ ਤਖ਼ਤ ਸਾਹਿਬ 'ਤੇ ਸੁੱਟਿਆ ਗਿਆ, ਜਿਸ ਦਾ ਅਸਰ ਸਾਡੇ ਕਮਰਿਆਂ ਤਕ ਵੀ ਹੋਇਆ। ਫਿਰ ਇਨ੍ਹਾਂ ਟੈਂਕਾਂ ਨੇ ਸਾਰੀ ਰਾਤ ਗੋਲਾਬਾਰੀ ਕੀਤੀ। ਇਕ ਇਕ ਕਮਰੇ ਵਿਚ ਗੋਲੇ ਮਾਰੇ ਗਏ। ਚਾਰ ਜੂਨ ਦੀ ਸ਼ਾਮ ਤੋਂ ਬਾਅਦ ਅਸੀਂ ਆਪਣਾ ਲੰਗਰ ਤਿਆਰ ਨਹੀਂ ਕਰ ਸਕੇ, ਨਾ ਹੀ ਪੰਜ ਦੀ ਰਾਤ ਨੂੰ ਸੌਂ ਸਕੇ ਸਾਂ। ਸਾਡੇ ਮਕਾਨ ਅੰਦਰ ਵੀ ਗੋਲੀਆਂ ਆ ਰਹੀਆਂ ਸਨ।

ਛੇ ਜੂਨ ਦੀ ਸਵੇਰ ਨੂੰ ਕੋਈ ਪੌਣੇ ਨੌਂ ਵਜੇ ਤੋਂ ਸਵਾ ਨੌਂ ਵਜੇ ਦੇ ਵਿਚਕਾਰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਘਮਸਾਨ ਦਾ ਯੁੱਧ ਹੋਇਆ। ਇਸ ਤੋਂ ਬਾਅਦ ਫ਼ੌਜ ਹੋਰ ਸਾਰੇ ਪਾਸਿਆਂ 'ਤੇ ਤਾਂ ਕਾਬਜ਼ ਹੋ ਗਈ ਸੀ, ਪਰ ਅਕਾਲ ਤਖ਼ਤ ਸਾਹਿਬ ਦੇ ਆਸੇ ਪਾਸੇ ਤੇ ਸਾਡੀ ਵਾਲੀ ਗੁੱਠ ਉਪਰ ਅਤੇ ਬੁੰਗਿਆਂ 'ਤੇ ਹਾਲਾਂ ਫ਼ੌਜ ਕਾਬਜ਼ ਨਹੀਂ ਸੀ ਹੋ ਸਕੀ। ਕੋਈ ਦੋ ਵਜੇ ਤਕ ਗੋਲੀ ਚੱਲਦੀ ਰਹੀ ਅਤੇ ਫਿਰ ਕੁੱਝ ਘਟ ਗਈ। ਜਿਵੇਂ ਕਿ ਪਿੱਛੇ ਦੱਸਿਆ ਸੀ, ਛੇ ਜੂਨ ਨੂੰ ਸ਼ਾਮ ਦੇ ਚਾਰ ਵੱਜ ਕੇ ਪੰਜ ਮਿੰਟ 'ਤੇ ਫ਼ੌਜੀਆਂ ਵੱਲੋਂ ਮੈਗਾਫ਼ੋਨ 'ਤੇ ਕੰਪਲੈਕਸ ਵਿਚ ਮੌਜੂਦ ਸਾਰਿਆਂ ਨੂੰ ਅੱਧੇ ਘੰਟੇ ਵਿਚ ਬਾਹਰ ਆਉਣ ਲਈ ਅਨਾਊਂਸਮੈਂਟ ਕੀਤੀ ਗਈ ਸੀ। ਪਹਿਲਾਂ ਤਾਂ ਅਸੀਂ ਜਕੋ ਤੱਕਿਆਂ ਵਿਚ ਸਾਂ, ਪਰ ਜਦ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਆਏ ਭਾਈ ਗੁਰਦੀਪ ਸਿੰਘ ਜੀ ਅਰਦਾਸੀਏ ਅਤੇ ਹੋਰ ਸੇਵਾਦਾਰਾਂ ਨੂੰ ਦੇਖਿਆ ਤਾਂ ਅਸੀਂ ਵੀ ਝੱਟ-ਪੱਟ ਹੇਠਾਂ ਉਤਰ ਆਏ। ਕਾਹਲੀ ਵਿਚ ਅਸੀਂ ਕੇਵਲ ਬਾਹਰਲੇ ਗੇਟ ਨੂੰ ਹੀ ਤਾਲਾ ਮਾਰਿਆ, ਕਮਰਿਆਂ ਨੂੰ ਕੇਵਲ ਕੁੰਡੇ ਹੀ ਮਾਰੇ ਸਨ। ਕੁੱਝ ਕੁ ਨਕਦੀ ਤੇ ਜ਼ਰੂਰੀ ਸਾਮਾਨ ਅਸੀਂ ਥੈਲੇ ਵਿਚ ਪਾਇਆ ਸੀ। ਪੰਜ ਕੁ ਸੌ ਰੁਪਏ ਨਕਦ, ਦੋ ਘੜੀਆਂ ਅਤੇ ਕੁੱਝ ਹੋਰ ਸੋਨੇ ਦਾ ਕੀਮਤੀ ਸਾਮਾਨ ਸੀ। ਥੈਲਾ ਸਾਡੇ ਪਾਸੋਂ ਫ਼ੌਜੀਆਂ ਨੇ ਖੋਹ ਲਿਆ। ਕਿਉਂਕਿ ਮੇਰੇ ਹੱਥ ਤਾਂ ਉਨ੍ਹਾਂ ਪੌੜੀਆਂ ਉਤਰਦਿਆਂ ਹੀ ਉਪਰ ਕਰਵਾ ਦਿੱਤੇ ਸਨ। ਫਿਰ ਦੱਖਣ ਵਾਲੀ ਡਿਉਢੀ ਪਾਸ ਜਾ ਕੇ ਸਿਰ ਦੀ ਛੋਟੀ ਦਸਤਾਰ ਨਾਲ ਮੇਰੇ ਹੱਥ ਪਿੱਛੇ ਬੰਨ੍ਹ ਦਿੱਤੇ। ਉਥੇ ਕੋਈ ਦੋ ਕੁ ਸੌ ਸਿੰਘ, ਬੀਬੀਆਂ ਅਤੇ ਬੱਚੇ ਇਕੱਠੇ ਕੀਤੇ ਸਨ। ਗ੍ਰਿਫ਼ਤਾਰੀ ਦੇਣ ਸਮੇਂ ਹੇਠਾਂ ਛਬੀਲ ਦੇ ਕੋਲ ਇਕ ਵੀਹ ਕੁ ਦਿਨਾਂ ਦੇ ਬੱਚੇ ਦੀ ਲਾਸ਼ ਪਈ ਹੋਈ ਸੀ। ਲਾਸ਼ਾਂ ਸਾਹਮਣੇ ਪਰਕਰਮਾ ਵਿਚ ਪਈਆਂ ਸਨ, ਕਈ ਲਾਸ਼ਾਂ ਕਮਰਿਆਂ ਵਿਚ ਦਿੱਸਦੀਆਂ ਸਨ ਅਤੇ ਕੋਈ ਪੰਜ-ਛੇ ਲਾਸ਼ਾਂ ਬਰਾਂਡੇ ਵਿਚ ਪਈਆਂ ਦਿੱਸ ਰਹੀਆਂ ਸਨ। ਦੱਖਣੀ ਡਿਉਢੀ 'ਤੇ ਇਕੱਠੇ ਕੀਤੇ ਇਨ੍ਹਾਂ ਸਿੰਘ ਸਿੰਘਣੀਆਂ ਨੂੰ ਕੋਈ ਚਾਲ੍ਹੀ ਚਾਲ੍ਹੀ ਦੀ ਗਿਣਤੀ ਨਾਲ ਫ਼ੌਜ ਦੀਆਂ ਅੱਡ ਅੱਡ ਯੂਨਿਟਾਂ ਦੇ ਹਵਾਲੇ ਕੀਤਾ ਗਿਆ। ਮੇਰੇ ਪਰਿਵਾਰ ਦੇ ਜੀਅ

ਵੀ ਮੇਰੇ ਨਾਲ ਹੀ ਸਨ। ਉਸ ਵਕਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਨੂੰ ਅੱਗ ਲੱਗੀ ਹੋਈ ਸੀ ਅਤੇ ਦੋਵੇਂ ਬਿਲਡਿੰਗਾਂ ਸੜ ਰਹੀਆਂ ਸਨ। ਸਾਨੂੰ ਚਾਲ੍ਹੀ ਦੇ ਕਰੀਬ ਬੰਦੀਆਂ ਨੂੰ ਦੁਖ-ਭੰਜਨੀ ਬੇਰੀ ਵੱਲੋਂ ਘੰਟਾ ਘਰ ਵਾਲੀ ਡਿਉਢੀ ਤੋਂ ਬਾਹਰ ਲਿਆ ਕੇ ਗੋਲੀਆਂ ਨਾਲ ਦੀਵਾਰਾਂ ਦੇ ਕਿਰੇ ਮਲਬੇ ਦੇ ਉਪਰ ਬਿਠਾ ਦਿੱਤਾ। ਬੀਬੀਆਂ ਤੇ ਬੱਚਿਆਂ ਨੂੰ ਮਰਦਾਂ ਨਾਲੋਂ ਵੱਖ ਕਰ ਦਿੱਤਾ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਪਿਛਲੇ ਦੋ ਦਿਨਾਂ ਤੋਂ ਘਿਰੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ, ਭਾਈ ਬਲਵੰਤ ਸਿੰਘ (ਦੋਵੇਂ ਸੂਰਮੇ ਸਿੰਘ), ਸਮੇਤ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਦੇ, 6 ਜੂਨ ਨੂੰ ਸਵੇਰ ਦੀ ਵੱਡੀ ਝੜਪ ਤੋਂ ਬਾਅਦ, ਫ਼ਾਇਰਿੰਗ ਘੱਟ ਹੋਣ 'ਤੇ ਜਦ ਦਰਸ਼ਨੀ ਡਿਉਢੀ ਤੋਂ ਬਾਹਰ ਨਿਕਲੇ ਸਨ ਤਾਂ ਭਾਈ ਗੁਰਚਰਨ ਸਿੰਘ ਤੋਂ ਬਿਨਾਂ ਪਹਿਲੇ ਤਿੰਨੇ ਹੀ ਲਾਚੀ ਬੇਰੀ ਪਾਸ ਫ਼ੌਜੀਆਂ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਭਾਈ ਗੁਰਚਰਨ ਸਿੰਘ ਨੂੰ ਗੋਲੀ ਨਾ ਲੱਗੀ, ਉਹ ਲਾਸ਼ਾਂ ਵਿਚ ਲੰਮਾ ਪੈ ਕੇ ਬਚ ਗਿਆ। ਬਾਅਦ ਵਿਚ ਉਸ ਨੂੰ ਦੂਜੇ ਜ਼ਖ਼ਮੀਆਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਉਂ ਜਦ ਅਸੀਂ ਦੱਖਣੀ ਡਿਉਢੀ ਤੋਂ ਘੰਟਾ ਘਰ ਗੇਟ ਵੱਲ ਨੂੰ ਚੱਲੇ ਤਾਂ ਕੋਈ ਛੇ-ਸੱਤ ਲਾਸ਼ਾਂ ਦੁਖ-ਭੰਜਨੀ ਬੇਰੀ ਕੋਲ ਪਈਆਂ ਸਨ। ਬ੍ਰਹਮ ਬੂਟੇ ਵਾਲੀ ਛਬੀਲ ਦੇ ਨਾਲ ਦਾ ਕਮਰਾ ਦਗ-ਦਗ ਸੜ ਰਿਹਾ ਸੀ। ਇਸ ਨੂੰ ਟੈਂਕ ਦੇ ਗੋਲੇ ਨਾਲ ਅੱਗ ਲੱਗੀ ਸੀ। ਇਸ ਤੋਂ ਅੱਗੇ ਜ਼ਨਾਨਾ ਤੇ ਮਰਦਾਨਾ ਦੋਵੇਂ ਇਸ਼ਨਾਨ-ਘਰ ਲਾਸ਼ਾਂ ਨਾਲ ਭਰੇ ਪਏ ਸਨ। ਤਿੰਨ ਚਾਰ ਲਾਸ਼ਾਂ ਘੰਟਾ ਘਰ ਵਾਲੇ ਗੇਟ ਵਿਚ ਪਈਆਂ ਸਨ। ਸਾਰੀ ਪਰਕਰਮਾ ਕਾਰਤੂਸਾਂ ਦੇ ਖ਼ਾਲੀ ਖੋਲਾਂ ਨਾਲ ਭਰੀ ਹੋਈ ਸੀ। ਸਾਨੂੰ ਬਾਹਰ ਲਿਆਉਣ ਸਮੇਂ ਸਾਡੇ 'ਤੇ ਇਹ ਪਾਬੰਦੀ ਲਾਈ ਗਈ ਸੀ ਕਿ ਅਸੀਂ ਏਧਰ ਓਧਰ ਨਹੀਂ ਦੇਖਣਾ। ਜਿਨ੍ਹਾਂ ਫ਼ੌਜੀਆਂ ਦੇ ਹਵਾਲੇ ਸਾਨੂੰ ਕੀਤਾ ਗਿਆ, ਉਹ ਮਦਰਾਸੀ ਤੇ ਬਿਹਾਰੀ ਜਾਪਦੇ ਸਨ। ਜੇ ਕੋਈ ਪਾਣੀ ਮੰਗਦਾ ਜਾਂ ਪਿਸ਼ਾਬ ਕਰਨ ਲਈ ਕਹਿੰਦਾ ਤਾਂ ਉਸ ਨੂੰ ਠੁੱਡੇ ਤੇ ਬੱਟ ਵੱਜਣੇ ਸ਼ੁਰੂ ਹੋ ਜਾਂਦੇ ਸਨ। ਕਹਿੰਦੇ ਸਨ, 'ਥੋੜੀ ਦੇਰ ਠਹਿਰੋ, ਹੁਣੇ ਪਿਲਾਏਂਗੇ ਪਾਨੀ।'

ਅਸੀਂ ਏਥੇ ਸ਼ਾਮ ਨੂੰ ਕੋਈ ਸਾਢੇ ਚਾਰ ਵਜੇ ਬਿਠਾਏ ਗਏ ਸਾਂ। ਕੋਈ ਸੱਤ ਕੁ ਵਜੇ ਚਾਰ ਕਮਾਂਡੋ ਆਏ। ਉਨ੍ਹਾਂ ਕੋਲ ਕੁੱਝ ਫ਼ੋਟੋ ਸਨ, ਜਿਨ੍ਹਾਂ ਨਾਲ ਉਨ੍ਹਾਂ ਨੇ ਸਾਡੇ ਸਾਰਿਆਂ ਦੇ ਚਿਹਰੇ ਮਿਲਾ ਕੇ ਦੇਖੇ। ਉਹ ਕਹਿ ਰਹੇ ਸਨ—'ਬਤਾਓ, ਭਿੰਡਰ ਕਹਾਂ ਗਿਆ ?' ਉਹ ਆਪਣੀ ਕਾਰਵਾਈ ਕਰ ਕੇ ਚਲੇ ਗਏ।

ਅਸੀਂ ਠੁੱਡੇ ਤੇ ਬੱਟ ਖਾ ਖਾ ਕੇ ਕੋਈ ਦਸ ਕੁ ਵਜੇ ਰਾਤ ਤਕ ਤਾਂ ਤਰੇਹ ਬਰਦਾਸ਼ਤ ਕੀਤੀ, ਪਰ ਫਿਰ ਹਾਹਾਕਾਰ ਮੱਚ ਉਠੀ। ਇਸ 'ਤੇ ਫ਼ੌਜੀਆਂ ਨੇ ਕੋਈ

ਦਸ ਵਜੇ ਇਕ ਗਲਾਸ ਪਾਣੀ ਸਾਡੇ ਮੂੰਹਾਂ ਨਾਲ ਲਾ ਕੇ ਪਿਲਾ ਦਿੱਤਾ। ਸਾਡੇ ਵਿਚੋਂ ਚਾਰ ਕੁ ਨੌਜਵਾਨਾਂ ਦੀ ਰਾਤ ਨੂੰ ਬਹੁਤ ਮਾਰ-ਕੁਟਾਈ ਕੀਤੀ ਗਈ। ਸ਼ਾਮ ਨੂੰ ਜਦ ਅਸੀਂ ਉਥੇ ਆ ਕੇ ਬੈਠੇ ਸਾਂ ਤਾਂ ਪੰਜਾਬ ਐਂਡ ਸਿੰਧ ਬੈਂਕ ਦੇ ਸਾਹਮਣੇ ਕੋਈ ਚਾਰ ਲਾਸ਼ਾਂ ਪਈਆਂ ਸਨ, ਪਰ ਦਿਨ ਚੜ੍ਹਨ 'ਤੇ ਏਥੇ 13 ਲਾਸ਼ਾਂ ਹੋ ਗਈਆਂ ਸਨ। ਜਿਸ ਨੂੰ ਉਨ੍ਹਾਂ ਮਾਰਨਾ ਹੁੰਦਾ ਸੀ ਉਸ ਨੂੰ ਲਾਈਨ ਵਿਚੋਂ ਉਠਾ ਕੇ ਲਾਂਭੇ ਲੈ ਜਾਂਦੇ ਸਨ। ਅੱਧੀ ਰਾਤ ਤਕ ਅਸੀਂ ਇਸ ਤਰ੍ਹਾਂ ਪਿੱਛੇ ਹੱਥ ਬੰਨ੍ਹੇ ਅਤੇ ਅੱਗੋਂ ਸਿਰ ਨੀਵਾਂ ਕਰ ਕੇ ਬੈਠੇ ਰਹੇ। ਅੱਧੀ ਰਾਤ ਤੋਂ ਬਾਅਦ ਕਿਹਾ ਗਿਆ ਕਿ 'ਲੇਟ ਜਾਵੋ।' ਹੱਥ ਬੰਨ੍ਹੇ ਹੋਣ ਕਰਕੇ ਲੇਟਿਆ ਤਾਂ ਨਹੀਂ ਜਾਂਦਾ ਸੀ, ਪਰ ਅਸੀਂ ਵਿੰਗੇ-ਟੇਢੇ ਏਧਰ-ਓਧਰ ਰਿੜ੍ਹਦੇ ਰਹੇ।

7 ਜੂਨ ਦੀ ਸਵੇਰ ਹੋ ਗਈ। ਕੋਈ ਸੱਤ ਕੁ ਵਜੇ ਸਾਡੇ ਇੰਚਾਰਜ ਫ਼ੌਜੀ ਆਪਣੇ ਕਮਾਂਡਰਾਂ ਨੂੰ ਵਾਇਰਲੈਸ ਕਰ ਰਹੇ ਸਨ ਕਿ—"ਸੰਤ ਭਿੰਡਰਾਂਵਾਲਾ ਮਾਰਿਆ ਗਿਆ ਹੈ ਅਤੇ ਦਰਬਾਰ ਸਾਹਿਬ 'ਤੇ ਸਾਡਾ ਕਬਜ਼ਾ ਹੋ ਚੁੱਕਾ ਹੈ।" ਸਵੇਰ ਹੋਣ 'ਤੇ ਸਾਨੂੰ ਸਾਹਮਣੇ ਤੋਂ ਉਠਾ ਕੇ ਜੋੜਾ-ਸਥਾਨ ਵੱਲ ਬਿਠਾ ਦਿੱਤਾ ਗਿਆ। ਕੋਈ 8 ਵਜੇ ਵੱਡੇ ਫ਼ੌਜੀ ਅਫ਼ਸਰਾਂ ਦੀਆਂ ਕਾਰਾਂ ਦਰਬਾਰ ਸਾਹਿਬ ਵੱਲ ਆਉਣੀਆਂ ਸ਼ੁਰੂ ਹੋ ਗਈਆਂ। ਤਿੰਨ ਫ਼ੌਜੀ ਗੱਡੀਆਂ ਅਸਲੇ ਦੀਆਂ ਭਰੀਆਂ ਬਾਹਰ ਤੋਂ ਆਈਆਂ, ਜਿਨ੍ਹਾਂ ਵਿਚ ਭਾਂਤ-ਭਾਂਤ ਦੀਆਂ ਬੰਦੂਕਾਂ, ਤਲਵਾਰਾਂ ਅਤੇ ਭਾਲ਼ੇ ਆਦਿਕ ਸਨ। ਇਹ ਸਾਰੇ ਹਥਿਆਰ ਫ਼ੋਟੋ ਖਿੱਚਣ ਲਈ ਅਕਾਲ ਤਖ਼ਤ ਸਾਹਿਬ ਲਿਜਾਏ ਗਏ। ਦਰਬਾਰ ਸਾਹਿਬ ਦੇ ਅੰਦਰੋਂ ਦੋ ਫ਼ੌਜੀ ਅਫ਼ਸਰਾਂ ਦੀਆਂ ਲਾਸ਼ਾਂ, ਉਪਰ ਚਿੱਟੀਆਂ ਚਾਦਰਾਂ ਪਾ ਕੇ ਬਾਹਰ ਲਿਆਂਦੀਆਂ ਗਈਆਂ। ਇਸ ਤੋਂ ਬਾਅਦ ਇਕ ਲਾਸ਼ ਉਹ ਵੀ ਲਿਆਂਦੀ ਗਈ, ਜੋ ਸੰਤ ਭਿੰਡਰਾਂਵਾਲਿਆਂ ਦੀ ਦੱਸੀ ਜਾਂਦੀ ਸੀ। ਇਸ ਲਾਸ਼ 'ਤੇ ਪੀਲਾ ਕਪੜਾ ਪਾਇਆ ਹੋਇਆ ਸੀ ਅਤੇ ਇਸ ਨੂੰ ਘੰਟਾ ਘਰ ਵਾਲੀ ਡਿਉਢੀ ਦੇ ਵਿਚਕਾਰ ਬਰਫ਼ 'ਤੇ ਰੱਖਿਆ ਗਿਆ। ਦਰਬਾਰ ਸਾਹਿਬ ਦਾ ਇਨਫ਼ਰਮੇਸ਼ਨ ਅਫ਼ਸਰ ਸ: ਨਰਿੰਦਰਜੀਤ ਸਿੰਘ 'ਨੰਦਾ' ਵੀ ਸਾਡੇ ਨਾਲ ਬੈਠਾ ਸੀ। ਰਾਤ ਨੂੰ ਉਸ ਦੀ ਬਹੁਤ ਮਾਰ-ਕੁਟਾਈ ਹੋਈ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਦਾ ਦੂਜਾ ਸਹਾਇਕ ਸਾਥੀ ਭਾਈ ਹਰਚਰਨ ਸਿੰਘ ਸਾਡੇ ਨਾਲ ਸੀ। ਫ਼ੌਜੀ, ਸ: ਨਰਿੰਦਰਜੀਤ ਸਿੰਘ ਨੰਦਾ ਅਤੇ ਭਾਈ ਹਰਚਰਨ ਸਿੰਘ ਰਾਗੀ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਲਾਸ਼ ਦੀ ਸ਼ਨਾਖ਼ਤ ਕਰਵਾਉਣ ਲਈ ਲੈ ਗਏ। ਜਦ ਉਹ ਵਾਪਸ ਪਰਤੇ ਤਾਂ ਮੈਂ ਭਾਈ ਹਰਚਰਨ ਸਿੰਘ ਰਾਗੀ ਨੂੰ ਪੁੱਛਿਆ ਕਿ ਕੀ ਉਹ ਲਾਸ਼ ਸੰਤ ਭਿੰਡਰਾਂਵਾਲਿਆਂ ਦੀ ਸੀ ? ਤਾਂ ਉਸ ਨੇ ਦੱਸਿਆ ਕਿ :

"ਉਨ੍ਹਾਂ ਦਾ ਚੇਹਰਾ ਤਾਂ ਉਡਿਆ ਹੋਇਆ ਸੀ ਅਤੇ ਇਕ ਗੋਲੀ ਗਲੇ ਵਿਚੋਂ ਲੰਘੀ ਹੋਈ ਹੈ, ਪੂਰੀ ਪਛਾਣ ਤਾਂ ਨਹੀਂ ਹੁੰਦੀ, ਪਰ ਸ਼ਕਲ ਉਨ੍ਹਾਂ ਨਾਲ ਮਿਲਦੀ-ਜੁਲਦੀ ਹੈ। ਉਥੇ ਸਾਰੇ ਇਹ ਕਹਿ ਰਹੇ ਸਨ ਕਿ ਸੰਤ ਭਿੰਡਰਾਂਵਾਲਾ ਇਹ ਹੀ ਹੈ, ਇਸ ਲਈ ਅਸੀਂ ਵੀ ਕਹਿ ਦਿੱਤਾ ਕਿ ਹਾਂ, ਇਹ ਲਾਸ਼ ਸੰਤ ਭਿੰਡਰਾਂਵਾਲਿਆਂ ਦੀ ਹੀ ਹੈ।"

7 ਜੂਨ ਨੂੰ ਸਵੇਰੇ ਕੋਈ ਅੱਠ-ਨੌਂ ਵਜੇ ਦੇ ਵਿਚਕਾਰ ਦਾ ਸਮਾਂ ਸੀ ਕਿ ਪੰਥ ਦੇ ਪ੍ਰਸਿੱਧ ਸਵਰਗਵਾਸੀ ਰਾਗੀ ਭਾਈ ਗੋਪਾਲ ਸਿੰਘ ਜੀ ਦੇ ਭਰਾਤਾ ਰਾਗੀ ਭਾਈ ਜਾਗੀਰ ਸਿੰਘ ਦੀ ਵਹੁਟੀ ਨੂੰ ਕੁੱਝ ਫ਼ੌਜੀ ਘਸੀਟਦੇ ਉਨ੍ਹਾਂ ਦੇ ਘੰਟਾ-ਘਰ ਸਾਈਡ ਤੇ ਪੰਜਾਬ ਐਂਡ ਸਿੰਧ ਬੈਂਕ ਦੇ ਉਪਰਲੇ ਰਿਹਾਇਸ਼ੀ ਮਕਾਨ ਵਿਚੋਂ ਹੇਠਾਂ ਸਾਡੇ ਪਾਸ ਲੈ ਆਏ। ਉਹ ਰੋਂਦੀ ਪਿਟਦੀ ਵਿਰਲਾਪ ਕਰਦੀ ਕਹਿ ਰਹੀ ਸੀ ਕਿ ਇਨ੍ਹਾਂ ਫ਼ੌਜੀਆਂ ਨੇ ਮੇਰੇ ਪਤੀ ਨੂੰ ਕਮਰੇ ਵਿਚੋਂ ਬਾਹਰ ਕੱਢ ਕੇ ਮਾਰ ਦਿੱਤਾ ਹੈ। ਸਾਡੇ ਸਾਹਮਣੇ ਉਸ ਨੂੰ ਗਸ਼ ਪੈ ਗਈ। ਉਥੋਂ ਉਸ ਨੂੰ ਹਸਪਤਾਲ ਲੈ ਗਏ, ਜਿਥੇ ਸਦਮਾ ਨਾ ਸਹਾਰਦੀ ਹੋਈ ਉਹ ਆਪਣੇ ਪਤੀ ਦੇ ਪਿੱਛੇ ਪਿੱਛੇ ਹੀ ਆਪਣੇ ਪਿਆਰੇ ਦੇ ਦੇਸ਼ (ਪ੍ਰਲੋਕ) ਜਾ ਪੁੱਜੀ।

ਇਸੇ ਤਰ੍ਹਾਂ ਹੀ ਭਾਈ ਪ੍ਰੀਤਮ ਸਿੰਘ ਅਤੇ ਭਾਈ ਰਣਧੀਰ ਸਿੰਘ ਦੋ ਸਕੇ ਭਰਾ ਏਥੇ ਦਰਬਾਰ ਸਾਹਿਬ ਅੰਦਰ ਸੇਵਾਦਾਰ ਲੱਗੇ ਹੋਏ ਸਨ। ਇਹ ਪਿੱਛੋਂ ਯੂ.ਪੀ. ਦੇ ਰਹਿਣ ਵਾਲੇ ਸਨ ਅਤੇ ਏਥੇ ਕਈ ਸਾਲਾਂ ਤੋਂ ਨੌਕਰੀ ਕਰ ਰਹੇ ਸਨ। ਬ੍ਰਹਮ ਬੂਟੇ ਦੇ ਉੱਤਰ ਵੱਲ ਸੇਵਾਦਾਰਾਂ ਦੇ ਕੁਆਰਟਰਾਂ ਵਿਚ ਇਨ੍ਹਾਂ ਦੀ ਰਿਹਾਇਸ਼ ਸੀ। ਇਹਨਾਂ ਵਿਚੋਂ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਅਤੇ ਉਸ ਦੀਆਂ ਦੋ ਛੋਟੀ ਉਮਰ ਦੀਆਂ ਲੜਕੀਆਂ ਏਥੇ ਉਸ ਪਾਸ ਸਨ, ਜਦ ਕਿ ਭਾਈ ਰਣਧੀਰ ਸਿੰਘ ਦੀ ਵਹੁਟੀ ਦਿੱਲੀ ਆਪਣੇ ਪੇਕੇ ਗਈ ਹੋਈ ਸੀ। ਪੰਜ ਜੂਨ ਨੂੰ ਇਨ੍ਹਾਂ ਦੇ ਮਕਾਨ ਦੀ ਤਲਾਸ਼ੀ ਹੋਈ। ਤਲਾਸ਼ੀ ਲੈਣ ਤੋਂ ਬਾਅਦ ਫ਼ੌਜੀ ਇਨ੍ਹਾਂ ਨੂੰ ਕਹਿ ਗਏ ਕਿ ਤੁਸੀਂ ਕਿਧਰੇ ਬਾਹਰ ਨਹੀਂ ਜਾਣਾ, ਏਥੇ ਅੰਦਰ ਰਹਿਣਾ, ਤੁਹਾਨੂੰ ਕੁੱਝ ਨਹੀਂ ਕਹਾਂਗੇ। ਪਰ ਸੱਤ ਜੂਨ ਨੂੰ ਪੰਜ-ਸੱਤ ਫ਼ੌਜੀ ਆਏ। ਉਨ੍ਹਾਂ ਨੇ ਭਾਈ ਪ੍ਰੀਤਮ ਸਿੰਘ ਦਾ ਬੂਹਾ ਖੁਲ੍ਹਵਾ ਕੇ ਉਸ ਨੂੰ ਬਾਹਰ ਕੱਢ ਲਿਆ। ਉਸ ਦੀਆਂ ਬਾਹਾਂ ਉਪਰ ਖੜੀਆਂ ਕਰਵਾ ਕੇ ਉਸ ਨੂੰ ਗੁਰੂ ਰਾਮਦਾਸ ਸਰਾਂ ਵੱਲ ਡਾਕਖ਼ਾਨੇ ਦੇ ਸਾਹਮਣੇ ਲੈ ਆਏ। ਉਸ ਦਾ ਭਰਾ ਰਣਧੀਰ ਸਿੰਘ ਨੰਗੇ ਪਿੰਡੇ ਆਪਣੇ ਭਾਈ ਪ੍ਰੀਤਮ ਸਿੰਘ ਦੀ ਇਕ ਲੜਕੀ ਨੂੰ ਕੁੱਛੜ ਚੁੱਕ ਕੇ ਪਿੱਛੇ ਪਿੱਛੇ ਆ ਗਿਆ। ਨਾਲ ਹੀ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਆਪਣੀ ਦੂਜੀ ਲੜਕੀ ਨੂੰ ਚੁੱਕ ਕੇ ਉਨ੍ਹਾਂ ਦੇ ਪਿੱਛੇ ਉਥੇ ਡਾਕਖ਼ਾਨੇ ਕੋਲ ਆ ਗਈ। ਏਥੇ ਫ਼ੌਜੀਆਂ ਨੇ ਪਹਿਲਾਂ ਭਾਈ ਪ੍ਰੀਤਮ ਸਿੰਘ ਨੂੰ ਗੋਲੀਆਂ ਮਾਰ ਕੇ ਉਸ ਦੀ ਪਤਨੀ,

ਭਰਾ ਤੇ ਦੋਵੇਂ ਲੜਕੀਆਂ ਦੇ ਦੇਖਦਿਆਂ ਸ਼ਹੀਦ ਕਰ ਦਿੱਤਾ। ਆਪਣੇ ਭਰਾ ਨੂੰ ਗੋਲੀਆਂ ਲੱਗਦੀਆਂ ਦੇਖ ਕੇ ਭਾਈ ਰਣਧੀਰ ਸਿੰਘ ਅੱਗੇ ਵਧਿਆ ਤਾਂ ਫ਼ੌਜੀਆਂ ਨੇ ਉਸ ਨੂੰ ਵੀ ਸਮੇਤ ਕੁੱਛੜ ਚੁੱਕੀ ਛੋਟੀ ਲੜਕੀ ਦੇ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਤੋਂ ਬਾਅਦ ਉਹ ਭਾਈ ਪ੍ਰੀਤਮ ਸਿੰਘ ਦੀ ਵਹੁਟੀ ਨੂੰ ਉਸ ਦੀ ਦੂਜੀ ਲੜਕੀ ਸਮੇਤ ਘਸੀਟਦੇ ਹੋਏ ਸਾਡੇ ਕੋਲ ਛੱਡ ਗਏ। ਉਹ ਰੋਂਦੀ ਪਿਟਦੀ ਅਤੇ ਵਿਰਲਾਪ ਕਰਦੀ ਦੱਸ ਰਹੀ ਸੀ ਕਿ ਇਨ੍ਹਾਂ ਫ਼ੌਜੀਆਂ ਨੇ ਉਸ ਦਾ ਪਤੀ, ਤੇ ਉਸ ਦੇ ਪਤੀ ਦੇ ਭਰਾ ਨੂੰ ਸਮੇਤ ਉਸ ਦੀ ਕੁੱਛੜ ਚੁੱਕੀ ਲੜਕੀ ਦੇ ਉਸ ਦੀਆਂ ਅੱਖਾਂ ਸਾਹਮਣੇ ਗੋਲੀਆਂ ਮਾਰ ਕੇ ਭੁੰਨ ਸੁੱਟਿਆ ਹੈ।

ਪਿੰਡ ਪਲਾਸੌਰ (ਤਰਨ ਤਾਰਨ) ਦਾ ਰਹਿਣ ਵਾਲਾ ਭਾਈ ਤਰਸੇਮ ਸਿੰਘ, ਜੋ ਸ੍ਰੀ ਦਰਬਾਰ ਸਾਹਿਬ ਵਿਖੇ ਮੀਤ ਖ਼ਜ਼ਾਨਚੀ ਲੱਗਾ ਸੀ, ਉਸ ਨੂੰ ਫ਼ੌਜੀ ਸੱਤ ਜੂਨ ਨੂੰ ਕੋਈ ਨੌਂ ਵਜੇ ਸਵੇਰੇ ਜ਼ਖ਼ਮੀ ਹਾਲਤ ਵਿਚ ਦਰਬਾਰ ਸਾਹਿਬ ਵਿਚੋਂ ਬਾਹਰ ਕੱਢ ਕੇ ਸਾਡੇ ਕੋਲ ਲਿਆਏ ਸਨ। ਉਥੇ ਉਹ ਕੋਈ ਘੰਟੇ ਕੁ ਬਾਅਦ ਹੀ ਚਲਾਣਾ ਕਰ ਗਿਆ ਸੀ। ਕੋਈ ਸਾਢੇ ਕੁ ਦਸ ਵਜੇ ਫ਼ੌਜੀ ਅਫ਼ਸਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਅਰੰਭ ਕਰਵਾਇਆ। ਸਾਡੇ ਹੱਥ ਛੇ ਜੂਨ ਸ਼ਾਮੀਂ ਸਵਾ ਚਾਰ ਵਜੇ ਦੇ ਨੂੜੇ ਹੋਏ, ਸੱਤ ਜੂਨ ਨੂੰ ਦੁਪਹਿਰ ਦੇ ਕੋਈ ਸਾਢੇ ਬਾਰਾਂ ਵਜੇ ਕੁੱਝ ਸਮੇਂ ਵਾਸਤੇ ਖਾਣਾ ਖਾਣ ਲਈ ਖੋਲ੍ਹੇ ਗਏ। ਇਹ ਖਾਣਾ ਕਿਥੋਂ ਤੇ ਕਿਵੇਂ ਆਇਆ ? ਇਹ ਦੱਸਣਾ ਵੀ ਏਥੇ ਜ਼ਰੂਰੀ ਜਾਪਦਾ ਹੈ। ਇਹ ਖਾਣਾ ਉਹ ਹਿੰਦੂ ਦੁਕਾਨਦਾਰ ਵਰਤਾ ਰਹੇ ਸਨ ਜਿਹੜੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਕਾਰਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਦੇ ਮਾਰੇ ਜਾਣ 'ਤੇ ਲੋੜ ਤੋਂ ਵੀ ਵੱਧ ਖ਼ੁਸ਼ ਸਨ ਅਤੇ ਉਹ ਫ਼ੌਜੀਆਂ ਲਈ ਖੁੱਲ੍ਹੇ ਦਿਲ ਨਾਲ ਚਾਹ, ਰੋਟੀਆਂ, ਪੂੜੀਆਂ, ਸਬਜ਼ੀਆਂ ਤੇ ਦਾਲਾਂ ਤਿਆਰ ਕਰ ਕਰ ਕੇ ਭੇਜ ਰਹੇ ਸਨ। ਉਸ ਵਿਚੋਂ ਹੀ ਖਾਣਾ ਸਾਡੇ ਵੱਲ ਭੇਜਿਆ ਗਿਆ। ਸਾਡਾ ਮਨ ਉਹ ਖਾਣਾ ਲੈਣ ਨੂੰ ਉੱਕਾ ਨਹੀਂ ਕਰਦਾ ਸੀ, ਭਾਵੇਂ ਅਸੀਂ ਪਿਛਲੇ ਦੋ ਦਿਨਾਂ ਤੋਂ ਕੁੱਝ ਵੀ ਨਹੀਂ ਖਾਧਾ ਸੀ। ਪਰ ਪਿਛਲੇ ਦੋ ਦਿਨਾਂ ਤੋਂ ਭੁੱਖੇ ਤਿਹਾਏ ਬੱਚੇ ਤੇ ਬੱਚੀਆਂ ਦੀ ਦਰਦਨਾਕ ਦਸ਼ਾ ਨੂੰ ਧਿਆਨ ਵਿਚ ਲਿਆ ਕੇ ਅਤੇ ਦੂਜੇ ਇਹ ਸੋਚ ਕੇ ਕਿ ਇਹ ਖਾਣਾ ਖਾਣ ਤੋਂ ਇਨਕਾਰ, ਸਾਡੇ ਪ੍ਰਤੀ ਇਨ੍ਹਾਂ ਫ਼ੌਜੀਆਂ ਦੇ ਮਨਾਂ ਵਿਚ ਹੋਰ ਘਿਰਣਾ ਦੀ ਅੱਗ ਭੜਕਾਏਗਾ, ਅਸੀਂ ਵੀ ਥੋੜਾ ਬਹੁਤਾ ਖਾਣਾ ਲੈ ਲਿਆ। ਸਾਡੇ ਹੱਥ ਫੇਰ ਉਸੇ ਤਰ੍ਹਾਂ ਬੰਨ੍ਹ ਦਿੱਤੇ ਗਏ।

ਸ਼ਾਮ ਦੇ ਕੋਈ ਸਾਢੇ ਤਿੰਨ ਵਜੇ ਫ਼ੌਜੀ ਗੱਡੀਆਂ ਆਈਆਂ। ਸਾਨੂੰ ਉਨ੍ਹਾਂ ਵਿਚ ਚੜ੍ਹਨ ਲਈ ਕਿਹਾ ਗਿਆ। ਪਿੱਛੇ ਹੱਥ ਬੰਨ੍ਹੇ ਹੋਣ ਕਰਕੇ ਜੋ ਚੜ੍ਹਨ ਵਿਚ ਢਿੱਲ ਕਰਦਾ ਸੀ, ਉਸ ਦੀ ਬੰਦੂਕਾਂ ਦੇ ਬੱਟਾਂ ਨਾਲ ਮੁਰੰਮਤ ਸ਼ੁਰੂ ਹੋ ਜਾਂਦੀ ਸੀ।

ਬਾਬਾ ਸ਼ਾਮ ਸਿੰਘ ਦੇ ਡੇਰੇ ਵਾਲਾ ਬਾਬਾ ਸਰਦਾਰਾ ਸਿੰਘ ਗੁਰੂ-ਘਰ ਦਾ ਬੜਾ ਪ੍ਰੇਮੀ ਸੀ। ਤਿਪਹਿਰੇ ਦੀ ਚੌਂਕੀ ਵੇਲੇ ਉਹ ਹਰਿਮੰਦਰ ਸਾਹਿਬ ਹਰ ਰੋਜ਼ ਡੇਰੇ ਤੋਂ ਦੇਗ ਸਜਾ ਕੇ ਭੇਟ ਕਰਿਆ ਕਰਦਾ ਸੀ। ਬਿਰਧ ਅਵਸਥਾ ਹੋਣ ਕਰਕੇ ਟਰੱਕਾਂ ਵਿਚ ਚੜ੍ਹਨ ਉਤਰਨ ਵੇਲੇ ਉਸ ਦੀ ਇਤਨੀ ਮਾਰ ਕੁਟਾਈ ਹੋਈ ਕਿ ਉਸ ਗੁਰਮੁਖ ਬਾਬੇ ਨੇ ਕੈਂਪ ਜੇਲ੍ਹ ਵਿਚ ਜਾ ਕੇ ਪ੍ਰਾਣ ਤਿਆਗ ਦਿੱਤੇ। ਇਉਂ ਹੀ ਗਠੜੀ-ਘਰ ਦਾ ਸੇਵਾਦਾਰ ਭਾਈ ਕਿਕਰ ਸਿੰਘ ਉਰਫ਼ ਕੁਲਵੰਤ ਸਿੰਘ ਸੀ। ਉਸ ਦੀਆਂ ਲੱਤਾਂ ਠੀਕ ਕੰਮ ਨਹੀਂ ਕਰਦੀਆਂ ਸਨ। ਉਸ ਦੀ ਵੀ ਟਰੱਕ 'ਤੇ ਚੜ੍ਹਨ ਉਤਰਨ ਸਮੇਂ ਬਹੁਤ ਮਾਰ ਕੁਟਾਈ ਕੀਤੀ ਗਈ, ਜਿਸ ਕਰਕੇ ਉਹ ਵੀ ਕੈਂਪ ਵਿਚ ਪੁੱਜ ਕੇ 9 ਜੂਨ ਦੁਪਹਿਰ ਨੂੰ ਚਲਾਣਾ ਕਰ ਗਿਆ।

ਛਾਉਣੀ ਵਿਚ ਬਣੇ ਸੈਨਿਕ ਸਕੂਲ ਦੀ ਉਤਲੀ ਛੱਤ ਦੇ ਤੰਗ ਜਿਹੇ ਕਮਰੇ ਵਿਚ ਸਾਨੂੰ ਪੰਜਾਹ ਬੰਦਿਆਂ ਨੂੰ ਤਾੜ ਦਿੱਤਾ ਗਿਆ। ਪਿਆਸ ਨਾਲ ਸਾਰੇ ਵਿਆਕੁਲ ਹੋਏ ਕੁਰਲਾ ਰਹੇ ਸਨ। ਕੋਈ ਤਿੰਨ ਘੰਟਿਆਂ ਪਿੱਛੋਂ ਪਾਣੀ ਦਿੱਤਾ ਗਿਆ। ਬੀਬੀਆਂ ਬੱਚੇ ਸਾਡੇ ਨਾਲੋਂ ਵੱਖ ਕਰ ਦਿੱਤੇ ਗਏ ਸਨ। ਇਸ ਕਮਰੇ ਵਿਚ ਪਾਣੀ ਦੀ ਇਕੋ ਟੂਟੀ ਟੱਟੀ ਵਾਲੇ ਕਮਰੇ ਵਿਚ ਹੀ ਸੀ, ਜਿਥੋਂ ਸਿੰਘ ਪੀਣ ਤੇ ਇਸ਼ਨਾਨ ਕਰਨ ਲਈ ਪਾਣੀ ਵਰਤਦੇ ਰਹੇ। ਦਿਨ ਵਿਚ ਦੋ ਵੇਰਾਂ ਸੁੱਕੇ ਸੜੇ ਪ੍ਰਸ਼ਾਦੇ ਸਾਨੂੰ ਵਰਤਾਏ ਜਾਂਦੇ ਸਨ।

ਏਥੇ ਹਰ ਇਕ ਬੰਦੇ ਦੀ ਵੱਖ ਵੱਖ ਪੁੱਛ-ਦੱਸ ਕੀਤੀ ਗਈ। ਦੋ ਦੋ ਦਫ਼ਾ ਸਾਡੇ ਫ਼ੋਟੋ ਵੀ ਲਏ ਗਏ। ਪੁੱਛ-ਪੜਤਾਲ ਸਮੇਂ ਸਾਡੇ ਪਾਸੋਂ ਇਸ ਤਰ੍ਹਾਂ ਦੇ ਸੁਆਲਾਂ ਦਾ ਉੱਤਰ ਮੰਗਿਆ ਜਾਂਦਾ ਸੀ :

(ੳ) ਅਤਿਵਾਦੀ ਕਦੋਂ ਤੋਂ ਹਥਿਆਰ ਜਮ੍ਹਾ ਕਰਦੇ ਆਏ ਹਨ ?

(ਅ) ਕੀ ਉਹ ਏਥੇ ਦਰਬਾਰ ਸਾਹਿਬ ਅੰਦਰ ਲੜਕੀਆਂ ਨਾਲ ਬਦਫੈਲੀ ਵੀ ਕਰਦੇ ਰਹੇ ਹਨ।

(ੲ) ਕੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਕੋਈ ਸੁਰੰਗ ਵੀ ਹੈ ?

(ਸ) ਕੀ ਉਹ ਦਰਬਾਰ ਸਾਹਿਬ ਦੇ ਲਾਗੇ ਦੀਆਂ ਦੁਕਾਨਾਂ ਦਾ ਸਾਮਾਨ ਜ਼ਬਰਦਸਤੀ ਚੁੱਕ ਕੇ ਅੰਦਰ ਲਿਆਉਂਦੇ ਰਹੇ ਹਨ ?

(ਹ) ਅਤਿਵਾਦੀਆਂ ਕੋਲ ਹਥਿਆਰ ਕਿਥੋਂ ਤੇ ਕਿਵੇਂ ਆਉਂਦੇ ਰਹੇ ?

ਮੈਂ ਤਰਤੀਬਵਾਰ ਇਨ੍ਹਾਂ ਸੁਆਲਾਂ ਦੇ ਉੱਤਰ ਇਉਂ ਦਿੱਤੇ :

(ੳ) ਹਥਿਆਰਾਂ ਦੀ ਸਰਕਾਰ ਦੀ ਸੀ.ਆਈ.ਡੀ. ਨੂੰ ਹੀ ਸਹੀ ਜਾਣਕਾਰੀ ਹੋਵੇਗੀ। ਮੈਨੂੰ ਕੁੱਝ ਪਤਾ ਨਹੀਂ।

(ਅ) ਲੜਕੀਆਂ ਬਾਰੇ ਅਜਿਹੀ ਗੱਲ ਪਹਿਲਾਂ ਅਸੀਂ ਨਾ ਸੁਣੀ ਹੈ, ਨਾ ਵੇਖੀ ਹੈ।

(ੲ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਕੋਈ ਸੁਰੰਗ ਨਹੀਂ।

(ਸ) ਸਾਮਾਨ ਚੁੱਕ ਕੇ ਲਿਆਉਣ ਬਾਰੇ ਵੀ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਨਹੀਂ। ਮੇਰਾ ਵਾਸਤਾ ਆਪਣੀ ਡਿਊਟੀ ਨਾਲ ਹੀ ਸੀ।

(ਹ) ਹਥਿਆਰ ਉਨ੍ਹਾਂ ਪਾਸ ਕਿਥੋਂ ਤੇ ਕਿਵੇਂ ਆਉਂਦੇ ਰਹੇ, ਇਸ ਬਾਰੇ ਮੈਨੂੰ ਉੱਕਾ ਹੀ ਕੋਈ ਜਾਣਕਾਰੀ ਨਹੀਂ।

ਇਸ ਤਰ੍ਹਾਂ ਪੁੱਛ-ਪੜਤਾਲ ਅਤੇ ਛਾਣ-ਬੀਣ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ 83 ਹੋਰ ਕਰਮਚਾਰੀਆਂ ਸਮੇਤ ਮੈਨੂੰ 17 ਜੂਨ 1984 ਨੂੰ ਰਿਹਾਅ ਕੀਤਾ ਗਿਆ। ਇਉਂ ਮੌਤ ਦੇ ਮੂੰਹ ਵਿਚੋਂ ਮੇਰੀ ਖ਼ਲਾਸੀ ਹੋਈ, ਪਰ ਮੇਰੇ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਨਾ ਛੱਡਿਆ ਗਿਆ। ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ, ਜਿਥੋਂ ਮੈਂ 28 ਜੂਨ ਨੂੰ ਉਨ੍ਹਾਂ ਦੀ ਜ਼ਮਾਨਤ ਕਰਵਾ ਕੇ ਬਾਹਰ ਲਿਆਂਦਾ।

ਦਰਬਾਰ ਸਾਹਿਬ ਅੰਦਰ ਤਾਇਨਾਤ ਫ਼ੌਜੀਆਂ ਦੀ ਸਹਾਇਤਾ ਨਾਲ ਮੈਂ ਆਪਣੀ ਰਿਹਾਇਸ਼ ਵਾਲਾ ਮਕਾਨ ਦੇਖਣ ਗਿਆ। ਬਾਹਰ ਦਾ ਤਾਲਾ ਟੁੱਟਾ ਹੋਇਆ ਸੀ। ਘਰ ਦਾ ਸਾਰਾ ਸਾਮਾਨ, ਏਥੋਂ ਤਕ ਕਿ ਭਾਂਡੇ ਤੇ ਕਪੜੇ ਆਦਿ ਵੀ, ਸਭ ਚੁੱਕੇ ਗਏ ਸਨ। ਕੇਵਲ ਲੱਕੜ ਦੀਆਂ ਕੁੱਝ ਚੀਜ਼ਾਂ ਜੋ ਆਸਾਨੀ ਨਾਲ ਨਹੀਂ ਚੁੱਕੀਆਂ ਜਾ ਸਕਦੀਆਂ ਸਨ, ਰਹਿ ਗਈਆਂ ਸਨ, ਉਹ ਵੀ ਭੰਨੀਆਂ ਤੋੜੀਆਂ ਪਈਆਂ ਸਨ।

ਮੇਰੇ ਅਨੁਮਾਨ ਅਨੁਸਾਰ ਮੇਰੇ ਘਰ ਦਾ ਕੋਈ 20 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ। ਪਰ ਸ਼ੁਕਰ ਹੈ ਉਸ ਅਕਾਲ ਪੁਰਖ ਦਾ, ਜਿਸ ਨੇ ਕੁੱਝ ਹੋਰ ਸਮੇਂ ਲਈ ਸੰਗਤ ਨਾਲ ਸਾਂਝ ਬਣਾਈ ਰੱਖਣ ਦਾ ਅਵਸਰ ਦੇ ਦਿੱਤਾ। ਘੰਟਾ-ਘਰ ਗੇਟ ਅੱਗੇ ਬੰਨ੍ਹ ਕੇ ਬਿਠਾਏ ਹੋਏ ਅਸੀਂ ਜ਼ਿੰਦਗੀ ਦੀ ਆਸ ਉੱਕਾ ਲਾਹ ਬੈਠੇ ਸਾਂ।



ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਦੇ ਦਰਦਨਾਕ ਦ੍ਰਿਸ਼

ISBN 81-7205-003-8

9 788172 050030